ਐਤਵਾਰ, 28 ਅਪ੍ਰੈਲ, 2024
16 ਵਿਸਾਖ ਨਾਨਕਸ਼ਾਹੀ 556 ਬਿਕ੍ਰਮੀ 2081
ਜਿਲਦ/VOL. : 72
ਅੰਕ/NO. : 328

# ਨਵਾਂ ਜ਼ਮਾਨਾ

DAILY NAWAN ZAMANA • SUNDAY, 28 APRIL, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ 8+6=14

## ਮਨੀਪੁਰ 'ਚ ਅੱਤਵਾਦੀ ਹਮਲੇ 'ਚ 2 ਜਵਾਨ ਸ਼ਹੀਦ

**ਇੰਫਾਲ :** ਮਨੀਪੁਰ ਦੇ ਬਿਸ਼ਨੂਪੁਰ ਜ਼ਿਲ੍ਹੇ 'ਚ ਮੋਇਰਾਂਗ ਥਾਣਾ ਖੇਤਰ ਦੇ ਨਾਰਨਸੇਨਾ ਸਥਿਤ ਇੰਡੀਅਨ ਰਿਜ਼ਰਵ ਕੋਰ ਦੇ ਕੈਂਪ 'ਤੇ ਅੱਤਵਾਦੀਆਂ ਦੇ ਹਮਲੇ 'ਚ ਸੀ ਆਰ ਪੀ ਐੱਫ ਦੇ ਦੋ ਜਵਾਨ ਸ਼ਹੀਦ ਅਤੇ ਦੋ ਜ਼ਖਮੀ ਹੋ ਗਏ। ਅੱਤਵਾਦੀਆਂ ਨੇ ਪਹਾੜੀ ਚੋਟੀਆਂ ਤੋਂ ਕੈਂਪ ਨੂੰ ਨਿਸ਼ਾਨਾ ਬਣਾਉਂਦੇ ਹੋਏ ਅੰਨ੍ਹੇਵਾਹ ਗੋਲੀਬਾਰੀ ਕੀਤੀ। ਗੋਲੀਬਾਰੀ ਸ਼ੁੱਕਰਵਾਰ ਰਾਤ ਕਰੀਬ 12.30 ਵਜੇ ਸ਼ੁਰੂ ਹੋਈ ਅਤੇ ਤੜਕੇ ਕਰੀਬ 2.15 ਵਜੇ ਤੱਕ ਜਾਰੀ ਰਹੀ। ਅੱਤਵਾਦੀਆਂ ਨੇ ਬੰਬ ਵੀ ਸੁੱਟੇ, ਜਿਨ੍ਹਾਂ ਵਿੱਚੋਂ ਇੱਕ ਸੀ ਆਰ ਪੀ ਐੱਫ ਦੀ 128 ਬਟਾਲੀਅਨ ਦੀ ਚੌਕੀ 'ਚ ਫਟਿਆ।

## ਮਮਤਾ ਹੈਲੀਕਾਪਟਰ 'ਤੇ ਚੜ੍ਹਦਿਆਂ ਡਿੱਗੀ

**ਕੋਲਕਾਤਾ :** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਸ਼ਨੀਵਾਰ ਬਾਅਦ ਦੁਪਹਿਰ ਪੱਛਮੀ ਬਰਧਮਾਨ ਜ਼ਿਲ੍ਹੇ ਦੇ ਦੁਰਗਾਪੁਰ 'ਚ ਹੈਲੀਕਾਪਟਰ 'ਤੇ ਸਵਾਰ ਹੁੰਦੇ ਸਮੇਂ ਸੰਤੁਲਨ ਗੁਆ ਬੈਠੀ ਅਤੇ ਡਿੱਗ ਪਈ। ਸੱਟ ਨਹੀਂ ਲੱਗੀ ਤੇ ਉੱਥੋਂ ਕੁਲਟੀ ਜਾ ਕੇ ਆਸਨਸੋਲ ਤੋਂ ਟੀ ਐੱਮ ਸੀ ਉਮੀਦਵਾਰ ਸ਼ਤਰੂਘਨ ਸਿਨਹਾ ਦੇ ਹੱਕ 'ਚ ਰੈਲੀ ਨੂੰ ਸੰਬੋਧਨ ਕੀਤਾ।

## ਸਾਰੀਆਂ ਸਵਾਰੀਆਂ ਸਲਾਮਤ



**ਮੁੰਬਈ :** ਮਹਾਰਾਸ਼ਟਰ ਦੇ ਵਡਗਾਓਂ ਨੇੜੇ ਮੁੰਬਈ-ਪੁਣੇ ਐਕਸਪ੍ਰੈਸ ਵੇਅ 'ਤੇ ਸ਼ਨੀਵਾਰ 36 ਯਾਤਰੀਆਂ ਨੂੰ ਲੈ ਕੇ ਜਾ ਰਹੀ ਨਿੱਜੀ ਬੱਸ ਨੂੰ ਅੱਗ ਲੱਗ ਗਈ। ਬੱਸ ਪੂਰੀ ਤਰ੍ਹਾਂ ਸੜ ਗਈ, ਪਰ ਸਾਰੇ ਯਾਤਰੀਆਂ ਨੂੰ ਸਮੇਂ ਸਿਰ ਬਾਹਰ ਕੱਢ ਲਿਆ ਗਿਆ।

## ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ 6 ਮੈਂਬਰ ਭਾਜਪਾ 'ਚ

**ਨਵੀਂ ਦਿੱਲੀ :** ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਸਮੇਤ ਕਾਫੀ ਗਿਣਤੀ 'ਚ ਸਿੱਖ ਸ਼ਨੀਵਾਰ ਭਾਜਪਾ 'ਚ ਸ਼ਾਮਲ ਹੋ ਗਏ। ਇਸ ਮੌਕੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਨੇ ਕਿਹਾ ਕਿ ਜੇ ਕਿਸੇ ਨੇ ਸੱਚਮੁੱਚ ਸਿੱਖ ਭਾਈਚਾਰੇ ਲਈ ਕੰਮ ਕੀਤਾ ਹੈ ਤਾਂ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ। ਭਾਜਪਾ 'ਚ ਸ਼ਾਮਲ ਹੋਣ ਵਾਲੇ ਦਿੱਲੀ ਕਮੇਟੀ ਦੇ ਮੈਂਬਰਾਂ 'ਚ ਪਰਵਿੰਦਰ ਸਿੰਘ, ਰਮਨਦੀਪ ਸਿੰਘ ਸੋਨੂੰ, ਭੁਪਿੰਦਰ ਸਿੰਘ ਗਿੰਨੀ, ਜਸਮੈਨ ਸਿੰਘ ਨੋਨੀ, ਹਰਜੀਤ ਸਿੰਘ ਪੱਪਾ ਤੇ ਮਨਜੀਤ ਔਲਖ ਸ਼ਾਮਲ ਹਨ। ਇਸ ਮੌਕੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਮਨਜਿੰਦਰ ਸਿੰਘ ਸਿਰਸਾ ਅਤੇ ਦਿੱਲੀ ਭਾਜਪਾ ਦੇ ਪ੍ਰਧਾਨ ਵਰਿੰਦਰ ਸਚਦੇਵਾ ਵੀ ਮੌਜੂਦ ਸਨ।

## ਵਿਆਹ ਵਾਲੇ ਅੰਕਲ ਜੀ !



**ਅਹਿਮਦਾਬਾਦ :** ਪ੍ਰਿਅੰਕਾ ਗਾਂਧੀ ਨੇ ਸ਼ਨੀਵਾਰ ਗੁਜਰਾਤ ਦੇ ਵਲਸਾਡ ਲੋਕ ਸਭਾ ਹਲਕੇ ਦੇ ਧਰਮਪੁਰ ਵਿਚ ਕਾਂਗਰਸੀ ਉਮੀਦਵਾਰ ਅਨੰਤ ਪਟੇਲ ਦੇ ਹੱਕ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਲੋਕਾਂ ਨੂੰ ਕਿਹਾ ਕਿ ਵਿਆਹਾਂ ਵਿਚ ਇਕ ਅੰਕਲ ਜੀ ਅਜਿਹੇ ਹੁੰਦੇ ਹਨ, ਜਿਹੜੇ ਸਭ ਨੂੰ ਗਿਆਨ ਵੰਡਦੇ ਹਨ। ਅਜਿਹੇ ਹੀ ਅੰਕਲ ਜੀ (ਮੋਦੀ ਜੀ) ਕਹਿਣ ਕਿ ਸਾਵਧਾਨ ਹੋ ਜਾਓ, ਕਾਂਗਰਸ ਸਰਕਾਰ ਆਵੇਗੀ ਅਤੇ ਤੁਹਾਡੇ ਗਹਿਣੇ ਤੇ ਮੰਗਲਸੂਤਰ ਚੁਰਾ ਕੇ ਕਿਸੇ ਹੋਰ ਨੂੰ ਦੇ ਦੇਵੇਗੀ ਤਾਂ ਇਹ ਸੁਣ ਕੇ ਤੁਸੀਂ ਕੀ ਕਰੋਗੇ, ਹੱਸੋਗੇ ਹੀ ਨਾ। ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਅਜਿਹੀ ਬਕਵਾਸ ਹੀ ਕਰ ਰਹੇ ਹਨ।

## ਟਾਇਲਟ 'ਚ ਵੀਡੀਓ ਬਣਾਉਣ ਵਾਲੇ 'ਤੇ ਦੋਸ਼ ਆਇਦ

**ਬੋਸਟਨ :** ਅਮਰੀਕਨ ਏਅਰਲਾਈਨਜ਼ ਦੇ ਫਲਾਈਟ ਅਟੈਂਡੈਂਟ 'ਤੇ ਸ਼ਨੀਵਾਰ ਹਵਾਈ ਜਹਾਜ਼ ਦੇ ਪਖਾਨੇ ਵਿਚ 14 ਸਾਲਾ ਕੁੜੀ ਦੀ ਗੁਪਤ ਵੀਡੀਓ ਰਿਕਾਰਡ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਆਇਦ ਕੀਤਾ ਗਿਆ ਹੈ। ਪੁਲਸ ਨੇ ਦੋਸ਼ ਲਾਇਆ ਕਿ ਉੱਤਰੀ ਕੈਰੋਲੀਨਾ ਦੇ 36 ਸਾਲਾ ਐਸਟੇਸ ਕਾਰਟਰ ਥੌਮਸਨ ਕੋਲ ਚਾਰ ਹੋਰ ਕੁੜੀਆਂ ਦੇ ਵੀਡੀਓ ਮਿਲੇ ਸਨ, ਜਿਨ੍ਹਾਂ ਨੇ ਜਹਾਜ਼ ਦੇ ਪਖਾਨੇ ਦੀ ਵਰਤੋਂ ਕੀਤੀ ਸੀ। ਬੱਚਿਆਂ ਦੇ ਜਿਨਸੀ ਸ਼ੋਸ਼ਣ ਦੀ ਕੋਸ਼ਿਸ਼ ਕਰਨ ਅਤੇ ਨਾਬਾਲਗ ਦੀਆਂ ਇਤਰਾਜ਼ਯੋਗ ਤਸਵੀਰਾਂ ਰੱਖਣ ਦਾ ਦੋਸ਼ੀ ਪਾਏ ਜਾਣ 'ਤੇ ਉਸ ਨੂੰ 15 ਤੋਂ 30 ਸਾਲ ਦੀ ਕੈਦ ਹੋ ਸਕਦੀ ਹੈ।

## ਈ ਡੀ ਦੇ ਗਵਾਹ ਭਾਜਪਾ ਨਾਲ ਸੰਬੰਧਤ : ਕੇਜਰੀਵਾਲ

**ਨਵੀਂ ਦਿੱਲੀ :** ਦਿੱਲੀ ਸ਼ਰਾਬ ਘੁਟਾਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫਤਾਰ ਮੁੱਖ ਮੰਤਰੀ ਕੇਜਰੀਵਾਲ ਨੇ ਸੁਪਰੀਮ ਕੋਰਟ 'ਚ ਹਲਫਨਾਮਾ ਦਾਖਲ ਕਰਕੇ ਈ ਡੀ ਦੇ ਦੋਸ਼ਾਂ ਦਾ ਜਵਾਬ ਦੇ ਕੇ ਕਿਹਾ ਹੈ ਕਿ ਈ ਡੀ ਦੇ ਚਾਰੇ ਗਵਾਹ ਭਾਜਪਾ ਨਾਲ ਸੰਬੰਧਤ ਹਨ। ਉਨ੍ਹਾ ਕਿਹਾ ਕਿ ਹਵਾਲਾ ਏਜੰਟ ਤੋਂ ਗੁਜਰਾਤੀ 'ਚ ਲਿਖੀ ਇੱਕ ਡਾਇਰੀ ਮਿਲੀ ਹੈ, ਜਿਸ ਨੂੰ ਈ ਡੀ ਨੇ ਆਪਣੇ ਸਬੂਤ ਵਜੋਂ ਪੇਸ਼ ਕੀਤਾ ਹੈ। ਭਾਜਪਾ ਨੇ ਲੋਕ ਸਭਾ ਉਮੀਦਵਾਰ ਮਗੁੰਤਾ ਸ੍ਰੀਨਿਵਾਸਨ ਰੈਡੀ ਦਾ ਸਮਰਥਨ ਕੀਤਾ ਹੈ। ਸ਼ਰਤ ਰੈਡੀ ਨੇ ਭਾਜਪਾ ਨੂੰ 60 ਕਰੋੜ ਰੁਪਏ ਦਾਨ ਕੀਤੇ ਸਨ। ਸੱਤਿਆ ਵਿਜੇ, ਭਾਜਪਾ ਗੋਆ ਦੇ ਸੀਨੀਅਰ ਨੇਤਾ ਅਤੇ ਮੁੱਖ ਮੰਤਰੀ ਪ੍ਰਮੋਦ ਸਾਵੰਤ ਦੇ ਨਜ਼ਦੀਕੀ ਹਨ।

# ਮੋਦੀ ਦਾ ਤੀਜੀ ਵਾਰ ਜਿੱਤਣਾ ਦੇਸ਼ ਲਈ ਖਤਰਨਾਕ ਹੋਵੇਗਾ : ਪਵਾਰ



**ਮੁੰਬਈ :** ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਪ੍ਰਧਾਨ ਸ਼ਰਦ ਪਵਾਰ ਨੇ ਦੇਸ਼ ਵਾਸੀਆਂ ਨੂੰ ਖਬਰਦਾਰ ਕੀਤਾ ਹੈ ਕਿ ਨਰਿੰਦਰ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਦੇਣਾ ਖਤਰਨਾਕ ਹੋਵੇਗਾ, ਕਿਉਂਕਿ ਉਨ੍ਹਾ ਦੀ ਸਰਕਾਰ ਡਿਕਟੇਟਰਸ਼ਿਪ ਲਾਗੂ ਕਰ ਦੇਵੇਗੀ।

ਸੋਲਾਪੁਰ ਦੇ ਸੰਗੋਲਾ 'ਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪਵਾਰ ਨੇ ਕਿਹਾ—ਕੁਝ ਵਿਦੇਸ਼ੀ ਲੋਕਾਂ ਨੇ ਦੋ ਕੁ ਦਿਨ ਪਹਿਲਾਂ ਚੋਣਾਂ ਦੇਖਣ ਲਈ ਭਾਰਤ ਦਾ ਦੌਰਾ ਕੀਤਾ। ਉਹ ਮੈਨੂੰ ਵੀ ਮਿਲੇ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਭਾਰਤ ਦੀ ਦੇਖਣ ਆਏ? ਉਨ੍ਹਾਂ ਮੈਨੂੰ ਦੱਸਿਆ ਕਿ ਉਹ ਇਹ ਦੇਖਣ ਆਏ ਕਿ ਕੀ ਭਾਰਤ ਵਿਚ ਜਮਹੂਰੀਅਤ ਬਚੀ ਰਹੇਗੀ।

ਪਵਾਰ ਨੇ ਕਿਹਾ ਕਿ ਇਹ ਚੋਣਾਂ ਆਮ ਨਹੀਂ। ਮੋਦੀ ਜਿੱਤੇ ਤਾਂ ਡਿਕਟੇਟਰਸ਼ਿਪ ਆਈ ਸਮਝੋ। ਅਰਵਿੰਦ ਕੇਜਰੀਵਾਲ ਦਾ ਮਾਮਲਾ ਇਸ ਦੀ ਮਿਸਾਲ ਹੈ। ਜੋ ਵੀ ਮੋਦੀ ਦੇ ਖਿਲਾਫ ਬੋਲਦਾ ਹੈ, ਉਸ ਨੂੰ ਜੇਲ੍ਹ ਵਿਚ ਡੱਕ ਦਿੱਤਾ ਜਾਂਦਾ ਹੈ। ਉਨ੍ਹਾ ਇਹ ਵੀ ਕਿਹਾ ਕਿ ਪਿਛਲੇ ਢਾਈ ਸਾਲਾਂ ਵਿਚ ਦੇਸ਼ ਵਿਚ ਲੋਕਲ ਬਾਡੀਜ਼ ਦੀ ਇਕ ਚੋਣ ਵੀ ਨਹੀਂ ਹੋਈ। ਇਹ ਦਰਸਾਉਂਦਾ ਹੈ ਕਿ ਦੇਸ਼ ਕਿੱਧਰ ਜਾ ਰਿਹਾ ਹੈ। ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਨਹੀਂ ਕਰਾਈਆਂ ਜਾ ਰਹੀਆਂ। ਮੋਦੀ ਨੂੰ ਰੋਕਣ ਲਈ 'ਇੰਡੀਆ' ਗਠਜੋੜ ਦੇ ਉਮੀਦਵਾਰਾਂ ਨੂੰ ਜਿਤਾਉਣਾ ਜ਼ਰੂਰੀ ਹੈ।

# ਅੱਗ ਨੇ ਨੈਨੀਤਾਲ ਦੇ ਕਈ ਜੰਗਲਾਂ ਨੂੰ ਲਪੇਟ 'ਚ ਲਿਆ





ਰੁਦਰਪ੍ਰਯਾਗ ਦੇ ਜੰਗਲ ਵਿੱਚੋਂ ਉੱਠਦੀਆਂ ਲਪਟਾਂ ਤੇ ਨੈਨੀਤਾਲ ਦੀ ਭੀਮਤਾਲ 'ਚੋਂ ਪਾਣੀ ਭਰਦਾ ਹੋਇਆ ਹੈਲੀਕਾਪਟਰ।

**ਨੈਨੀਤਾਲ :** ਉੱਤਰਾਖੰਡ ਨੈਨੀਤਾਲ ਦੇ ਆਲੇ-ਦੁਆਲੇ ਦੇ ਪਹਾੜਾਂ 'ਚ ਜੰਗਲਾਂ ਨੂੰ ਲੱਗੀ ਅੱਗ ਬੁਝਾਉਣ ਲਈ ਥਲ ਤੇ ਹਵਾਈ ਸੈਨਾ ਦੇ ਜਵਾਨ ਲੱਗੇ ਹੋਏ ਹਨ। ਹਵਾਈ ਸੈਨਾ ਦੇ ਹੈਲੀਕਾਪਟਰ ਭੀਮਤਾਲ ਝੀਲ ਤੋਂ ਪਾਣੀ ਚੁੱਕ ਕੇ ਛਿੜਕਾ ਕਰ ਰਹੇ ਹਨ ਤਾਂ ਜੋ ਜੰਗਲ ਦੀ ਭਿਆਨਕ ਅੱਗ ਨੂੰ ਕਾਬੂ ਕੀਤਾ ਜਾ ਸਕੇ।

ਅੱਗ ਨੈਨੀਤਾਲ ਵਿਚ ਪਾਈਨਜ਼ ਇਲਾਕੇ ਕੋਲ ਹਾਈ ਕੋਰਟ ਕਾਲੋਨੀ ਤੇ ਹਵਾਈ ਫੌਜ ਦੇ ਟਿਕਾਣੇ ਨੇੜੇ ਪੁੱਜ ਗਈ ਸੀ।

ਨੈਨੀਤਾਲ ਦੇ ਲੜੀਆਕਾਟਾ ਏਅਰ ਫੋਰਸ, ਪਾਈਨਸ, ਗੇਠੀਆ, ਬਲਦੀਆ ਖਾਨ, ਏਰੀਜ਼, ਬਾਰਾ ਪੱਥਰ ਕੋਲ ਜੰਗਲ ਵਿਚ ਅੱਗ ਲੱਗੀ ਹੋਈ ਹੈ।

ਇਸ ਸਾਲ ਮੀਂਹ ਤੇ ਬਰਫਬਾਰੀ ਨਾ ਹੋਣ ਕਾਰਨ ਗਰਮੀ ਵਧ ਰਹੀ ਹੈ ਅਤੇ ਵਧਦੇ ਤਾਪਮਾਨ ਕਾਰਨ ਨੈਨੀਤਾਲ ਤੇ ਆਲੇ-ਦੁਆਲੇ ਦੇ ਜੰਗਲਾਂ ਵਿਚ ਭਿਆਨਕ ਅੱਗਾਂ ਲੱਗ ਰਹੀਆਂ ਹਨ। ਖੜ੍ਹੀਆਂ ਪਹਾੜੀਆਂ ਕਾਰਨ ਅੱਗ 'ਤੇ ਕਾਬੂ ਪਾਉਣ ਵਿਚ ਮੁਸ਼ਕਲਾਂ ਆ ਰਹੀਆਂ ਹਨ।

ਜੰਗਲਾਤ ਵਿਭਾਗ ਵੱਲੋਂ ਸ਼ੁੱਕਰਵਾਰ ਜਾਰੀ ਬੁਲੇਟਿਨ ਮੁਤਾਬਕ ਪਿਛਲੇ 24 ਘੰਟਿਆਂ ਵਿਚ ਕੁਮਾਓਂ ਖੇਤਰ ਵਿਚ 26 ਅਤੇ ਗੜ੍ਹਵਾਲ ਖੇਤਰ ਵਿਚ 5 ਅੱਗਾਂ ਲੱਗੀਆਂ ਹਨ। 33.34 ਹੈਕਟੇਅਰ ਜੰਗਲ ਪ੍ਰਭਾਵਤ ਹੋਇਆ ਹੈ। ਪਿਛਲੇ ਸਾਲ ਇਕ ਨਵੰਬਰ ਤੋਂ ਹੁਣ ਤੱਕ ਸੂਬੇ ਦੇ ਜੰਗਲਾਂ ਵਿਚ ਅੱਗ ਦੀਆਂ 575 ਘਟਨਾਵਾਂ ਹੋਈਆਂ ਹਨ ਤੇ 689.89 ਹੈਕਟੇਅਰ ਰਕਬਾ ਪ੍ਰਭਾਵਤ ਹੋਇਆ ਹੈ।

## ਅਮਰੀਕਾ ਦੇ ਕਹਿਣ 'ਤੇ ਹਲਦਵਾਨੀ ਤੋਂ ਪਰਵਿੰਦਰ ਸਿੰਘ ਫੜਿਆ

**ਨਵੀਂ ਦਿੱਲੀ :** ਈ ਡੀ ਨੇ 'ਡਾਰਕ ਵੈੱਬ' ਦੀ ਮਦਦ ਨਾਲ ਚੱਲ ਰਹੇ ਕੌਮਾਂਤਰੀ ਨਸ਼ਾ ਤਸਕਰੀ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਸ਼ੁੱਕਰਵਾਰ ਉੱਤਰਾਖੰਡ ਦੇ ਪਰਵਿੰਦਰ ਸਿੰਘ ਨੂੰ ਹਲਦਵਾਨੀ ਤੋਂ ਗ੍ਰਿਫਤਾਰ ਕਰ ਲਿਆ। 'ਡਾਰਕ ਵੈੱਬ' ਇੰਟਰਨੈੱਟ ਦਾ ਉਹ ਹਿੱਸਾ ਹੈ ਜੋ ਆਮ ਸਰਚ ਇੰਜਣਾਂ ਲਈ ਪਹੁੰਚਯੋਗ ਨਹੀਂ ਹੈ ਅਤੇ ਸਿਰਫ ਵਿਸ਼ੇਸ਼ 'ਵੈੱਬ ਬ੍ਰਾਊਜ਼ਰਾਂ' ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ। ਅਮਰੀਕਾ ਦੇ ਅਧਿਕਾਰੀਆਂ ਵੱਲੋਂ ਇਸ ਗਰੋਹ ਦਾ ਪਰਦਾਫਾਸ਼ ਕਰਨ ਲਈ ਭਾਰਤ ਦੀ ਮਦਦ ਮੰਗੇ ਜਾਣ ਤੋਂ ਬਾਅਦ ਈ ਡੀ ਨੇ ਇਹ ਕਾਰਵਾਈ ਕੀਤੀ ਹੈ। ਦੋਸ਼ ਹੈ ਕਿ ਮੁਲਜ਼ਮ 'ਦਿ ਸਿੰਘ ਆਰਗੇਨਾਈਜ਼ੇਸ਼ਨ' ਨਾਮਕ ਕੌਮਾਂਤਰੀ ਨਸ਼ਾ ਤਸਕਰੀ ਗਰੋਹ ਚਲਾਉਂਦਾ ਹੈ ਅਤੇ ਡਾਰਕ ਵੈੱਬ ਲਿੰਕਾਂ ਦੀ ਵਰਤੋਂ ਕਰਕੇ ਨਸ਼ੇ ਵੇਚਦਾ ਹੈ।

# ਅਮਰੀਕੀ ਪੁਲਸ ਨੇ ਧੌਣ 'ਤੇ ਗੋਡਾ ਰੱਖ ਕੇ ਇਕ ਹੋਰ ਸਿਆਹਫਾਮ ਮਾਰਿਆ



**ਵਾਸ਼ਿੰਗਟਨ :** ਅਮਰੀਕੀ ਪੁਲਸ ਨੇ ਜਾਰਜ ਫਲਾਇਡ ਕਾਂਡ ਦੁਹਰਾਇਆ ਜਦੋਂ ਓਹੀਓ ਰਾਜ ਵਿਚ ਇਕ ਸਿਆਹਫਾਮ ਦੀ ਧੌਣ 'ਤੇ ਗੋਡਾ ਰੱਖ ਕੇ ਉਸ ਦੀ ਜਾਨ ਲੈ ਲਈ। ਓਹੀਓ ਦੇ ਕੈਂਟਨ ਪੁਲਸ ਵਿਭਾਗ ਨੇ ਇਸ ਮਾਮਲੇ ਵਿਚ ਕਾਰਵਾਈ ਕਰਨ ਦੀ ਗੱਲ ਕਹੀ ਹੈ। ਗ੍ਰਿਫਤਾਰੀ ਦੌਰਾਨ 53 ਸਾਲਾ ਫਰੈਂਕ ਟਾਇਸਨ ਵਾਰ-ਵਾਰ ਕਹਿੰਦਾ ਰਿਹਾ ਕਿ ਉਸ ਨੂੰ ਸਾਹ ਨਹੀਂ ਆ ਰਿਹਾ, ਪਰ ਪੁਲਸ ਵਾਲਾ ਕਹਿੰਦਾ ਰਿਹਾ ਕਿ ਉਸ ਨੂੰ ਕੁਝ ਨਹੀਂ ਹੋਇਆ। 16 ਮਿੰਟਾਂ ਵਿਚ ਹੀ ਫਰੈਂਕ ਨੇ ਦਮ ਤੋੜ ਦਿੱਤਾ। ਸਾਰੀ ਘਟਨਾ ਪੁਲਸ ਵਾਲਿਆਂ ਦੇ ਬੌਡੀਕੈਮ ਵਿਚ ਰਿਕਾਰਡ ਹੋ ਗਈ, ਜਿਸ ਨੂੰ ਕੈਂਟਨ ਪੁਲਸ ਨੇ ਰਿਲੀਜ਼ ਵੀ ਕੀਤਾ ਹੈ। ਅਮਰੀਕੀ ਨਿਊਜ਼ ਵੈੱਬਸਾਈਟ ਅਟਲਾਂਟਾ ਬਲੈਕ ਸਟਾਰ ਮੁਤਾਬਕ ਫਰੈਂਕ 6 ਮਿੰਟ ਫਰਸ਼ 'ਤੇ ਬੇਹੋਸ਼ ਪਿਆ ਰਿਹਾ। ਇਸ ਦੌਰਾਨ ਪੁਲਸ ਵਾਲੇ ਉਸ ਦਾ ਮਜ਼ਾਕ ਉਡਾਉਂਦੇ ਰਹੇ। ਫਰੈਂਕ ਦੀ ਗੱਡੀ 18 ਅਪ੍ਰੈਲ ਨੂੰ ਇਕ ਖੰਭੇ ਨਾਲ ਟਕਰਾਅ ਗਈ ਸੀ। ਪੁਲਸ ਨੇ ਉਸ ਦਾ ਪਿੱਛਾ ਕੀਤਾ ਤਾਂ ਰਾਹ ਵਿਚ ਕਿਸੇ ਨੇ ਦੱਸਿਆ ਕਿ ਉਹ ਨੇੜਲੇ ਕਲੱਬ ਵਿਚ ਹੈ। ਪੁਲਸ ਜਦੋਂ ਉਸ ਨੂੰ ਫੜਨ ਲਈ ਅੱਗੇ ਵਧੀ ਤਾਂ ਫਰੈਂਕ ਨੇ ਕਿਹਾ ਕਿ ਸ਼ੈਰਿਫ ਨੂੰ ਸੱਦੋ, ਤੁਸੀਂ ਉਸ ਨੂੰ ਮਾਰ ਨਹੀਂ ਸਕਦੇ। ਪੁਲਸ ਨੇ ਉਸ ਨੂੰ ਫੜ ਲਿਆ। ਇਕ ਪੁਲਸ ਵਾਲੇ ਨੇ ਉਸ ਦੀ ਧੌਣ 'ਤੇ ਗੋਡਾ ਰੱਖਿਆ ਤੇ ਦੂਜਾ ਹੱਥਕੜੀ ਲਾਉਣ ਲੱਗਾ। ਨਸਲੀ ਸਲੂਕ ਲਈ ਅਲੋਚਨਾ ਦੇ ਬਾਵਜੂਦ ਅਮਰੀਕੀ ਪੁਲਸ ਕਿਸੇ ਨੂੰ ਫੜਨ ਵੇਲੇ ਧੌਣ 'ਤੇ ਗੋਡਾ ਰੱਖਣ ਤੋਂ ਬਾਜ਼ ਨਹੀਂ ਆ ਰਹੀ। 25 ਮਈ 2020 ਵਿਚ ਮਿਨੇਸੋਟਾ ਰਾਜ ਦੇ ਮਿਨੇਪੋਲਿਸ ਸ਼ਹਿਰ ਦੀ ਪੁਲਸ ਨੇ ਸਿਆਹਫਾਮ ਜਾਰਜ ਫਲਾਇਡ ਨੂੰ ਧੌਣ 'ਤੇ ਗੋਡਾ ਰੱਖ ਕੇ ਮਾਰ ਦਿੱਤਾ ਸੀ। ਉਸ 'ਤੇ ਦੋਸ਼ ਸੀ ਕਿ ਉਸ ਨੇ 20 ਡਾਲਰ ਦੇ ਨਕਲੀ ਨੋਟ ਨਾਲ ਸਿਗਰਟ ਖਰੀਦੀ ਸੀ।

## ਅਨਮੋਲ ਬਿਸ਼ਨੋਈ ਖਿਲਾਫ ਲੁੱਕਆਊਟ ਸਰਕੂਲਰ ਜਾਰੀ

**ਮੁੰਬਈ :** ਸਲਮਾਨ ਖਾਨ ਦੀ ਰਿਹਾਇਸ਼ ਦੇ ਬਾਹਰ ਗੋਲੀਬਾਰੀ ਦੇ ਮਾਮਲੇ 'ਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਖਿਲਾਫ 'ਲੁੱਕਆਊਟ ਸਰਕੂਲਰ' (ਐੱਲ ਓ ਸੀ) ਜਾਰੀ ਕੀਤਾ ਗਿਆ ਹੈ। ਅਨਮੋਲ ਅਤੇ ਲਾਰੈਂਸ ਬਿਸ਼ਨੋਈ ਨੂੰ ਇਸ ਮਾਮਲੇ 'ਚ ਲੋੜੀਂਦੇ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ। ਅਨਮੋਲ ਕੈਨੇਡਾ 'ਚ ਰਹਿੰਦਾ ਹੈ ਅਤੇ ਅਕਸਰ ਅਮਰੀਕਾ ਜਾਂਦਾ ਰਹਿੰਦਾ ਹੈ, ਪਰ ਜਿਸ ਖਾਤੇ ਤੋਂ ਉਸ ਨੇ ਫੇਸਬੁੱਕ 'ਤੇ ਪੋਸਟ ਕੀਤੀ ਸੀ ਅਤੇ ਗੋਲੀਬਾਰੀ ਦੀ ਜ਼ਿੰਮੇਵਾਰੀ ਲਈ ਸੀ, ਉਸ ਦਾ ਆਈ ਪੀ ਪਤਾ ਪੁਰਤਗਾਲ ਦਾ ਹੈ। ਪੁਲਸ ਲਾਰੈਂਸ ਬਿਸ਼ਨੋਈ ਨੂੰ ਵੀ ਹਿਰਾਸਤ ਵਿਚ ਲੈ ਸਕਦੀ ਹੈ, ਜੋ ਇਸ ਸਮੇਂ ਗੁਜਰਾਤ ਦੀ ਸਾਬਰਮਤੀ ਜੇਲ੍ਹ 'ਚ ਬੰਦ ਹੈ। ਮਾਮਲੇ 'ਚ ਉਸ 'ਤੇ ਮਹਾਰਾਸ਼ਟਰ ਕੰਟਰੋਲ ਆਫ ਆਰਗੇਨਾਈਜ਼ਡ ਕ੍ਰਾਈਮ ਐਕਟ (ਮਕੋਕਾ) ਲਾਗੂ ਕਰਨ ਬਾਰੇ ਵੀ ਵਿਚਾਰ ਚੱਲ ਰਿਹਾ ਹੈ।

# ਤੀਰਅੰਦਾਜ਼ਾਂ ਦਾ ਜ਼ਬਰਦਸਤ ਪ੍ਰਦਰਸ਼ਨ



**ਸ਼ੰਘਾਈ :** ਭਾਰਤ ਨੇ ਸ਼ਨੀਵਾਰ ਇੱਥੇ ਗੈਰ ਉਲੰਪਿਕ ਕੰਪਾਊਂਡ ਤੀਰਅੰਦਾਜ਼ੀ 'ਚ ਆਪਣਾ ਦਬਦਬਾ ਬਰਕਰਾਰ ਰੱਖਦਿਆਂ ਵਿਸ਼ਵ ਕੱਪ ਦੇ ਪਹਿਲੇ ਪੜਾਅ 'ਚ ਟੀਮ ਮੁਕਾਬਲਿਆਂ 'ਚ ਸੋਨ ਤਮਗਿਆਂ ਦੀ ਹੈਟ੍ਰਿਕ ਲਗਾਈ।

ਸੀਜ਼ਨ ਦੇ ਇਸ ਪਹਿਲੇ ਕੌਮਾਂਤਰੀ ਟੂਰਨਾਮੈਂਟ 'ਚ ਭਾਰਤ ਦੀ ਮਹਿਲਾ ਕੰਪਾਊਂਡ ਟੀਮ ਨੇ ਇਟਲੀ ਨੂੰ 236-225 ਦੇ ਫਰਕ ਨਾਲ ਹਰਾਇਆ। ਜੋਤੀ ਸੁਰੇਖਾ ਵੇਨਮ, ਅਦਿਤੀ ਸਵਾਮੀ ਅਤੇ ਪ੍ਰਨੀਤ ਕੌਰ ਦੀ ਤਿਕੜੀ ਨੇ 24 ਤੀਰਾਂ 'ਚ ਸਿਰਫ ਚਾਰ ਅੰਕ ਗੁਆ ਕੇ ਛੇਵਾਂ ਦਰਜਾ ਪ੍ਰਾਪਤ ਇਟਲੀ ਨੂੰ ਵੱਡੇ ਫਰਕ ਨਾਲ ਹਰਾ ਕੇ ਸੋਨ ਤਮਗੇ ਨਾਲ ਆਪਣਾ ਖਾਤਾ ਖੋਲ੍ਹਿਆ। ਪੁਰਸ਼ ਟੀਮ 'ਚ ਅਭਿਸ਼ੇਕ ਵਰਮਾ, ਪ੍ਰਿਯਾਂਸ਼ ਅਤੇ ਪ੍ਰਥਮੇਸ਼ ਐੱਫ ਨੇ ਨੀਦਰਲੈਂਡ ਨੂੰ 238-231 ਨਾਲ ਹਰਾਇਆ। ਇਸ ਤੋਂ ਬਾਅਦ ਭਾਰਤ ਦੀ ਮਿਕਸਡ ਟੀਮ ਨੇ ਕੰਪਾਊਂਡ ਵਰਗ 'ਚ ਤੀਜਾ ਸੋਨ ਤਮਗਾ ਜਿੱਤ ਕੇ ਹੂੰਝਾ ਫੇਰ ਜਿੱਤ ਦਰਜ ਕੀਤੀ। ਜੋਤੀ ਅਤੇ ਅਭਿਸ਼ੇਕ ਦੀ ਦੂਜਾ ਦਰਜਾ ਪ੍ਰਾਪਤ ਜੋੜੀ ਨੇ ਰੋਮਾਂਚਕ ਮੈਚ ਵਿੱਚ ਐਸਤੋਨੀਆ ਦੇ ਲੀਸੇਲ ਜਾਤਮਾ ਅਤੇ ਰੋਬਿਨ ਜਾਤਮਾ ਦੀ ਮਿਸ਼ਰਤ ਜੋੜੀ ਨੂੰ 158-157 ਨਾਲ ਹਰਾਇਆ।

## ਉਜਵਲ ਨਿਕਮ ਨੂੰ ਭਾਜਪਾ ਨੇ ਉਮੀਦਵਾਰ ਬਣਾਇਆ



**ਮੁੰਬਈ :** ਭਾਜਪਾ ਨੇ ਮੁੰਬਈ ਉੱਤਰੀ-ਕੇਂਦਰੀ ਲੋਕ ਸਭਾ ਹਲਕੇ ਵਿਚ ਸਿਟਿੰਗ ਸਾਂਸਦ ਪੂਨਮ ਮਹਾਜਨ ਦੀ ਟਿਕਟ ਕੱਟ ਕੇ ਕਾਂਗਰਸੀ ਉਮੀਦਵਾਰ ਵਰਸ਼ਾ ਗਾਇਕਵਾੜ ਦੇ ਮੁਕਾਬਲੇ ਸਾਬਕਾ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਉਜਵਲ ਨਿਕਮ ਨੂੰ ਉਮੀਦਵਾਰ ਬਣਾਇਆ ਹੈ। ਉਸ ਨੇ 1993 ਵਿਚ ਮੁੰਬਈ ਵਿਚ ਬੰਬ ਹਮਲਿਆਂ, ਗੁਲਸ਼ਨ ਕੁਮਾਰ ਕਤਲ ਕੇਸ, ਪ੍ਰਮੋਦ ਮਹਾਜਨ ਕਤਲ ਕੇਸ ਤੇ 2008 'ਚ ਮੁੰਬਈ ਹਮਲੇ ਦੇ ਕੇਸ ਲੜੇ।

ਕਸਾਬ ਨੂੰ ਫਾਂਸੀ ਦਿਵਾਉਣ ਦਾ ਕੇਸ ਵੀ ਉਸ ਨੇ ਲੜਿਆ ਸੀ। ਉਸ ਨੂੰ 2016 ਵਿਚ ਪਦਮਸ੍ਰੀ ਨਾਲ ਨਿਵਾਜਿਆ ਗਿਆ ਸੀ। ਨਿਕਮ ਦਾ ਪਿੱਛਾ ਜਲਗਾਓਂ ਦਾ ਹੈ। ਪਿਛਲੀਆਂ ਚੋਣਾਂ ਵਿਚ ਭਾਜਪਾ ਨੇ ਉਸ ਦਾ ਨਾਂਅ ਜਲਗਾਓਂ ਹਲਕੇ ਲਈ ਵਿਚਾਰਿਆ ਸੀ।

# 'ਜੈ ਸ੍ਰੀ ਰਾਮ' ਲਿਖ ਕੇ 56 ਫੀਸਦੀ ਅੰਕਾਂ ਨਾਲ ਹੋ ਗਏ ਪਾਸ

**ਜੌਨਪੁਰ :** ਯੂ ਪੀ ਦੇ ਜੌਨਪੁਰ ਜ਼ਿਲ੍ਹੇ ਦੀ ਵੀਰ ਬਹਾਦਰ ਸਿੰਘ ਪੂਰਵਾਂਚਲ ਯੂਨੀਵਰਸਿਟੀ ਦੇ ਫਾਰਮੇਸੀ ਪਹਿਲੇ ਸਾਲ ਦੇ ਚਾਰ ਵਿਦਿਆਰਥੀਆਂ ਵੱਲੋਂ ਆਪਣੀਆਂ ਪ੍ਰੀਖਿਆਵਾਂ ਦੀਆਂ ਕਾਪੀਆਂ 'ਚ ਸਿਰਫ 'ਜੈ ਸ੍ਰੀ ਰਾਮ' ਅਤੇ ਕੌਮਾਂਤਰੀ ਕ੍ਰਿਕਟ ਖਿਡਾਰੀਆਂ ਦੇ ਨਾਂ ਲਿਖਣ ਦੇ ਬਾਵਜੂਦ ਉਨ੍ਹਾਂ ਨੂੰ 56 ਫੀਸਦੀ ਅੰਕਾਂ ਨਾਲ ਪਾਸ ਕਰ ਦੇਣ ਨੇ ਸਭ ਨੂੰ ਹੈਰਾਨ ਕਰ ਦਿੱਤਾ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਜਾਣਕਾਰੀ ਮੰਗਣ ਤੋਂ ਬਾਅਦ ਇਹ ਮਾਮਲਾ ਸਾਹਮਣੇ ਆਇਆ ਹੈ। ਯੂਨੀਵਰਸਿਟੀ ਦੀ ਪ੍ਰੀਖਿਆ ਕਮੇਟੀ ਦੀ ਮੀਟਿੰਗ 'ਚ ਦੋ ਅਧਿਆਪਕਾਂ ਡਾ. ਆਸ਼ੂਤੋਸ਼ ਗੁਪਤਾ ਅਤੇ ਡਾ. ਵਿਨੈ ਵਰਮਾ ਨੂੰ ਇਸ ਲਈ ਦੋਸ਼ੀ ਠਹਿਰਾਇਆ ਗਿਆ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਦਿਵਯਾਂਸ਼ੂ ਸਿੰਘ ਨੇ ਸ਼ਨੀਵਾਰ ਦੱਸਿਆ ਕਿ ਜਦੋਂ ਉਸ ਨੂੰ ਪਤਾ ਲੱਗਾ ਕਿ ਪੂਰਵਾਂਚਲ ਯੂਨੀਵਰਸਿਟੀ ਵੱਲੋਂ ਚਲਾਏ ਜਾ ਰਹੇ ਡੀ ਫਾਰਮਾ ਕੋਰਸ ਦੇ ਪਹਿਲੇ ਅਤੇ ਦੂਜੇ ਸਮੈਸਟਰ ਦੇ ਕੁਝ ਵਿਦਿਆਰਥੀ ਸਹੀ ਉੱਤਰ ਨਾ ਦੇਣ ਦੇ ਬਾਵਜੂਦ ਪ੍ਰੀਖਿਆ 'ਚ ਪਾਸ ਹੋ ਗਏ ਹਨ ਤਾਂ ਉਸਨੇ ਆਰ ਟੀ ਆਈ ਤਹਿਤ ਜਾਣਕਾਰੀ ਮੰਗੀ। ਦਿਵਯਾਂਸ਼ੂ ਸਿੰਘ ਨੇ ਦੱਸਿਆ ਕਿ ਉਸਨੇ 3 ਅਗਸਤ 2023 ਨੂੰ ਕੁਝ ਰੋਲ ਨੰਬਰ ਦੇ ਕੇ ਉੱਤਰ ਪੱਤਰੀਆਂ ਦੇ ਮੁੜ ਮੁਲਾਂਕਣ ਦੀ ਮੰਗ ਕੀਤੀ ਸੀ।

ਜਾਂਚ ਦੌਰਾਨ ਸਾਹਮਣੇ ਆਇਆ ਕਿ ਚਾਰ ਵੱਖ-ਵੱਖ ਬਾਰ-ਕੋਡ ਵਾਲੀਆਂ ਕਾਪੀਆਂ 'ਚ ਵਿਦਿਆਰਥੀਆਂ ਨੇ ਸਿਰਫ 'ਜੈ ਸ੍ਰੀ ਰਾਮ' ਅਤੇ ਵਿਰਾਟ ਕੋਹਲੀ, ਰੋਹਿਤ ਸ਼ਰਮਾ, ਹਾਰਦਿਕ ਪਾਂਡਿਆ ਸਣੇ ਹੋਰ ਕ੍ਰਿਕਟ ਖਿਡਾਰੀਆਂ ਦੇ ਨਾਂ ਲਿਖੇ ਸਨ ਅਤੇ ਉਨ੍ਹਾਂ ਨੂੰ 75 ਵਿੱਚੋਂ 42 ਅੰਕ ਦੇ ਦਿੱਤੇ, ਜਿਸ ਨਾਲ ਵਿਦਿਆਰਥੀ 56 ਫੀਸਦ ਅੰਕਾਂ ਨਾਲ ਪਾਸ ਹੋ ਗਏ।

## ਬਲਬੀਰ ਬਾਸੀ ਪਰਵਾਰ ਨਾਲ ਸ਼ੋਕ ਦਾ ਪ੍ਰਗਟਾਵਾ



**ਜਲੰਧਰ :** ਦੇਸ਼ ਭਗਤ ਯਾਦਗਾਰ ਹਾਲ ਦੀਆਂ ਸਾਹਿਤਕ/ਸੱਭਿਆਚਾਰਕ ਅਤੇ ਸਮਾਜਿਕ ਸਰਗਰਮੀਆਂ ਖ਼ਾਸ ਕਰਕੇ ਗ਼ਦਰੀ ਬਾਬਿਆਂ ਦੇ ਮੇਲੇ ਦੀ ਸ਼ੁਰੂਆਤੀ ਟੀਮ ਨਾਲ ਜੁੜੇ ਐਡਵੋਕੇਟ ਬਲਬੀਰ ਸਿੰਘ ਬਾਸੀ ਜੋ ਕਿ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਉਹਨਾਂ ਦੇ ਸਪੁੱਤਰ ਅਜਮੇਰ ਸਿੰਘ, ਭਾਣਜਾ ਹਰਨੇਕ ਸਿੰਘ ਮਾਲੜੀ ਸ਼ਨੀਵਾਰ ਅਮਰੀਕਾ ਤੋਂ ਦੇਸ਼ ਭਗਤ ਯਾਦਗਾਰ ਹਾਲ ਆਏ ਤਾਂ ਇਸ ਮੌਕੇ ● ਬਾਕੀ ਸਫ਼ਾ 2 'ਤੇ

# ਸਿਰ ਵੱਢ ਕੇ ਲਾਸ਼ ਨਾਲੇ 'ਚ ਸੁੱਟ ਲਾਈ ਅੱਗ

**ਅਲਾਵਲਪੁਰ (ਮਦਨ ਬੰਗੜ)**

ਪੁਲਸ ਚੌਂਕੀ ਅਲਾਵਲਪੁਰ ਦੇ ਬਿਲਕੁਲ ਨੇੜੇ ਗੰਦੇ ਨਾਲੇ ਵਿੱਚੋਂ ਕੁਲਵਿੰਦਰ ਉਰਫ ਰਿੰਕਾ ਦੀ ਸਿਰਕਟੀ ਲਾਸ਼ ਮਿਲੀ। ਉਹ ਮਜ਼ਦੂਰ ਸੀ ਅਤੇ ਬਾਜ਼ਾਰ ਦੇ ਨਜ਼ਦੀਕ ਹੀ ਇੱਕ ਪੁਰਾਣੇ ਘਰ ਵਿੱਚ ਰਹਿੰਦਾ ਸੀ। ਮਾਮਲੇ 'ਚ ਸੋਨੂੰ ਵਾਸੀ ਮੁਹੱਲਾ ਜਲਾਹਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਕਤ ਸੋਨੂ ਨੇ ਸ਼ੁੱਕਰਵਾਰ ਰਾਤ ਕੁਲਵਿੰਦਰ ਦੇ ਘਰ ਜਾ ਕੇ ਉਸ ਦੀ ਧੌਣ ਸਿਰ ਤੋਂ ਅਲੱਗ ਕਰਕੇ ਲਾਸ਼ ਨੂੰ ਨਾਲੇ ਵਿੱਚ ਸੁੱਟ ਅੱਗ ਲਗਾਉਣ ਦੀ ਕੋਸ਼ਿਸ਼ ਵੀ ਕੀਤੀ।ਰਾਤ ਲੱਗਭੱਗ 3 ਵਜੇ ਦੇ ਕਰੀਬ ਪੁਲਸ ਚੌਂਕੀ ਨੇੜੇ ਉਪਰੋਕਤ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਸੋਨੂੰ ਜਦੋਂ ਲਾਸ਼ ਨੂੰ ਗੰਦੇ ਨਾਲੇ ਵਿੱਚ ਸੁੱਟ ਕੇ ਖੁਰਦ-ਬੁਰਦ ਕਰਨ ਦੀ ਕੋਸ਼ਿਸ਼ ਕਰਨ ਲੱਗਾ ਤਾਂ ਮੌਕੇ 'ਤੇ ਪੁਲਸ ਚੌਂਕੀ ਵਿੱਚ ਤਾਇਨਾਤ ਡਿਊਟੀ ਦੇ ਰਹੇ ਹੈੱਡ ਕਾਂਸਟੇਬਲ ਗੁਰਇਕਬਾਲ ਸਿੰਘ ਭੰਗੂ ਨੇ ਕਾਬੂ ਕਰ ਲਿਆ।

ਦਿਨ ਚੜ੍ਹਦੇ ਸਾਰ ਇਸ ਘਟਨਾ ਦੀ ਖਬਰ ਸ਼ਹਿਰ ਅਤੇ ਇਲਾਕੇ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਸਵੇਰੇ 8 ਵਜੇ ਦੇ ਕਰੀਬ ਫੋਰੈਂਸਿਕ ਮੋਬਾਇਲ ਫਿੰਗਰ ਪ੍ਰਿੰਟ ਐਕਸਪਰਟ ਟੀਮ ਪਹੁੰਚੀ। ਪੁਲਸ ਚੌਂਕੀ ਅਲਾਵਲਪੁਰ ਦੇ ਇੰਚਾਰਜ ਰਜਿੰਦਰ ਸ਼ਰਮਾ, ਥਾਣਾ ਆਦਮਪੁਰ ਦੇ ਐੱਸ ਐੱਚ ਓ ਰਵਿੰਦਰ ਪਾਲ ਸਿੰਘ ਵੀ ਮੌਕੇ 'ਤੇ ਪਹੁੰਚੇ ਅਤੇ ਗੰਦੇ ਨਾਲੇ ਵਿੱਚ ਸੁੱਟੀ ਹੋਈ ਅੱਧ ਸੜੀ ਬਿਨਾਂ ਸਿਰ ਦੀ ਲਾਸ਼ ਨੂੰ ਬਾਹਰ ਕਢਵਾਇਆ ਗਿਆ। ਇਸ ਤੋਂ ਪਹਿਲਾਂ ਕਿ ਪੁਲਸ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਜਲੰਧਰ ਭੇਜਦੀ, ਸਥਾਨਕ ਲੋਕਾਂ ਅਤੇ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਨੇ ਰੋਸ ਵਜੋਂ ਮ੍ਰਿਤਕ ਦੀ ਲਾਸ਼ ਨੂੰ ਘਟਨਾ ਸਥਾਨ ਤੋਂ ਪੁਲਸ ਨੂੰ ਚੁੱਕਣ ਨਹੀਂ ਦਿੱਤਾ। ਪੁਲਸ ਪ੍ਰਸ਼ਾਸਨ ਦੀ ਕੋਸ਼ਿਸ਼ ਨਾਲ ● ਬਾਕੀ ਸਫ਼ਾ 2 'ਤੇ

## ਕਾਮਰੇਡ ਜਗਰੂਪ ਸਿੰਘ ਦੀ ਸਿਧਾਂਤਕ ਪੁਸਤਕ 'ਮਾਰਕਸਵਾਦ ਸਦਾ ਰਾਹ-ਦਸੇਰਾ ਹੈ' ਲੋਕ ਅਰਪਣ



**ਮੋਗਾ (ਇਕਬਾਲ ਸਿੰਘ ਖਹਿਰਾ)**

ਬੀਤੇ ਦਿਨੀਂ ਸਥਾਨਕ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਰੂਸ ਦੇ ਮਹਾਨ ਇਨਕਲਾਬੀ ਅਤੇ ਦੁਨੀਆ ਦੀ ਕਿਰਤੀ ਧਿਰ ਦੇ ਮਹਾਨ ਆਗੂ ਅਤੇ ਅਧਿਆਪਕ ਵੀ ਆਈ ਲੈਨਿਨ ਦੇ ਜਨਮ ਦਿਨ ਮੌਕੇ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਕਰਵਾਏ ਗਏ ਬਨੇਗਾ ਵਲੰਟੀਅਰ ਸੰਮੇਲਨ ਵਿੱਚ ਮਾਰਕਸਵਾਦੀ ਚਿੰਤਕ ਅਤੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਦੀ ਨਵੀਂ ਛਪੀ ਸਿਧਾਂਤਕ ਪੁਸਤਕ 'ਮਾਰਕਸਵਾਦ ਸਦਾ ਰਾਹ ਦਸੇਰਾ ਹੈ' ਨੂੰ ਉੱਘੇ ਲੇਖਕ ਡਾਕਟਰ ਸੁਖਦੇਵ ਸਿੰਘ ਸਿਰਸਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਅਤੇ ਸਰਬ ਭਾਰਤ ਨੌਜਵਾਨ ਸਭਾ ਦੀ ਸੂਬਾਈ ਲੀਡਰਸ਼ਿਪ ਵੱਲੋਂ ਲੋਕ-ਅਰਪਣ ਕੀਤਾ ਗਿਆ। ਇਸ ਮੌਕੇ ਕਿਤਾਬ ਨੂੰ ਜਾਰੀ ਕਰਨ ਉਪਰੰਤ ਕਿਤਾਬ ਦੇ ਸੰਬੰਧ ਵਿੱਚ ਬੋਲਦਿਆਂ ਡਾ. ਸਿਰਸਾ ਨੇ ਕਿਹਾ ਕਿ ਸਰਮਾਏਦਾਰੀ ਦੇ ਅਜੋਕੇ ਦੌਰ ਵਿੱਚ ਅਜਿਹੀ ਸਿਧਾਂਤਕ ਪੁਸਤਕ ਦਾ ਛਪਣਾ ਇੱਕ ਮਹੱਤਵਪੂਰਨ ਉਪਰਾਲਾ ਹੈ ਅਤੇ ਇਹ ਪੁਸਤਕ ਕਿਰਤੀ ਧਿਰ ਦੀ ਯੋਗ ਸਿਧਾਂਤਕ ਅਗਵਾਈ ਕਰਦੀ ਹੈ। ਉਹਨਾ ਕਿਹਾ ਕਿ ਜਿੱਥੇ ਇੱਕ ਪਾਸੇ ਦੁਨੀਆ ਭਰ ਦੀ ਸਰਮਾਏਦਾਰੀ ਮਾਰਕਸਵਾਦ ਨੂੰ ਭੰਡਣ ਲਈ ਪੂਰਾ ਜ਼ੋਰ ਲਗਾ ਰਹੀ ਹੈ, ਦੂਜੇ ਪਾਸੇ ਮਾਰਕਸਵਾਦੀ ਚਿੰਤਕ ਜਗਰੂਪ ਸਿੰਘ ਦੀ ਇਹ ਪੁਸਤਕ ਮਾਰਕਸਵਾਦ ਦੇ ਝੰਡੇ ਨੂੰ ਹੋਰ ਮਜ਼ਬੂਤੀ ਨਾਲ ਬੁਲੰਦ ਕਰਦੀ ਹੈ।

ਸਰਬ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਢਾਬਾਂ, ਸੂਬਾ ਸਕੱਤਰ ਚਰਨਜੀਤ ਛਾਂਗਾ ਰਾਏ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਧਰਮੂਵਾਲਾ ਅਤੇ ਸੂਬਾ ਸਕੱਤਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸਾਥੀ ਜਗਰੂਪ ਦਾ ਪੁਸਤਕ ਦੇ ਰੂਪ ਵਿੱਚ ਕੀਤਾ ਇਹ ਉਪਰਾਲਾ ਬਹੁਤ ਸ਼ਲਾਘਾਯੋਗ ਹੈ ਅਤੇ ਸਾਥੀ ਜਗਰੂਪ ਨੇ ਹਮੇਸ਼ਾ ਹੀ ਨੌਜਵਾਨਾਂ, ਵਿਦਿਆਰਥੀਆਂ ਨੂੰ ਮਾਰਕਸਵਾਦੀ ਸਿੱਖਿਆ ਨਾਲ ਸਿਖਿਅਤ ਕੀਤਾ ਹੈ। ਅੱਜ ਜਦੋਂ ਜਵਾਨੀ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੀ ਹੈ ਤਾਂ ਇਹ ਪੁਸਤਕ ਰੁਜ਼ਗਾਰ ਪ੍ਰਾਪਤੀ ਲਈ ਵੀ ਰਾਹ-ਦਸੇਰੇ ਦਾ ਕੰਮ ਕਰਦੀ ਹੈ।

ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ, ਐਪਸੋ ਦੇ ਜ਼ਿਲ੍ਹਾ ਆਗੂ ਡਾ. ਇੰਦਰਬੀਰ ਮੋਗਾ, ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੇ ਸੂਬਾਈ ਆਗੂ ਜਗਦੀਸ਼ ਸਿੰਘ ਚਾਹਲ, ਏ ਆਈ ਵਾਈ ਐੱਫ ਦੀ ਆਗੂ ਕਰਮਵੀਰ ਬੱਧਨੀ, ਰਾਜਸਥਾਨ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸਰਦੂਲ ਸਿੰਘ ਨੇ ਸੰਬੋਧਨ ਦੌਰਾਨ ਸਾਥੀ ਜਗਰੂਪ ਨੂੰ ਵਧਾਈ ਦਿੰਦਿਆਂ ਕਿਹਾ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਆਗੂ ਦਿੱਲੀ ਦੇ ਸਿੱਖਾਂ ਦੇ ਸੱਤ ਸੀਨੀਅਰ,
ਅਕਾਲੀ ਪਾਰਟੀ ਨੂੰ ਗਏ ਆ ਛੱਡ ਮੀਆਂ।
ਸ਼ਰਣ ਪਹੁੰਚ ਗਏ ਉਹ ਸਾਰੇ ਭਾਜਪਾ ਦੀ,
ਅਕਾਲੀ ਵੇਖ ਰਹੇ ਅੱਖਾਂ ਹਨ ਟੱਡ ਮੀਆਂ।
ਕਮਲ ਫੁੱਲ ਦਾ ਪਿਆ ਫਿਰ ਜਦੋਂ ਪਰਨਾ,
ਪਹਿਲੀ ਦਿੱਖ ਤੋਂ ਅਕਸ ਆ ਅੱਡ ਮੀਆਂ।
ਝੰਡਾ ਕਾਰ ਦਾ ਦਿੱਤਾ ਫਿਰ ਬਦਲ ਝਬਦੇ,
ਕੋਠੀ ਉੱਪਰ ਹੈ ਨਵਾਂ ਲਿਆ ਗੱਡ ਮੀਆਂ।
ਜਿੱਦਾਂ ਦਾ ਸਬਕ ਸੀ ਦਿੱਤਾ ਅਕਾਲੀਆਂ ਨੇ,
ਓਸੇ ਈ ਸੋਚ ਦਾ ਫੜ ਲਿਆ ਰਾਹ ਮੀਆਂ।
ਪੰਜਾਬ ਵਿੱਚ ਵੀ ਲੀਡਰ ਕੁਝ ਸੁਣੀਂਦੇ ਨੇ,
ਜਿਹੜੇ ਇਹੋ ਜਿਹੀ ਕਰਨ ਸਲਾਹ ਮੀਆਂ।

-ਤੀਸ ਮਾਰ ਖਾਂ

# ਚੋਣ ਪ੍ਰਚਾਰ 'ਚ ਭਾਸ਼ਾ, ਸਿੱਖਿਆ ਤੇ ਸਾਹਿਤ ਵਰਗੇ ਮਸਲੇ ਅਲੋਪ




**ਲੁਧਿਆਣਾ :** ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ 'ਬਦਲਦਾ ਦ੍ਰਿਸ਼, ਸਮਕਾਲ ਅਤੇ ਪੰਜਾਬੀ ਭਾਸ਼ਾ' ਵਿਸ਼ੇ 'ਤੇ ਦੋ ਰੋਜ਼ਾ ਪੰਜਾਬੀ ਭਾਸ਼ਾ ਕਾਨਫ਼ਰੰਸ ਸ਼ਨੀਵਾਰ ਪੰਜਾਬੀ ਭਵਨ ਲੁਧਿਆਣਾ ਵਿਖੇ ਸ਼ੁਰੂ ਹੋਈ। ਅਕਾਦਮੀ ਦੇ ਪ੍ਰੈੱਸ ਸਕੱਤਰ ਜਸਵੀਰ ਝੱਜ ਨੇ ਦਸਿਆ ਕਿ ਦੋ ਰੋਜ਼ਾ ਪੰਜਾਬੀ ਭਾਸ਼ਾ ਕਾਨਫ਼ਰੰਸ ਦੇ ਪਹਿਲੇ ਦਿਨ ਉਦਘਾਟਨੀ ਸੈਸ਼ਨ ਸ਼ੁਰੂ ਕਰਨ ਸਮੇਂ ਹਾਜ਼ਰੀਨ ਦਾ ਸਵਾਗਤ ਕਰਦਿਆਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕਿਹਾ ਪਾਰਟੀਆਂ ਦੇ ਚੋਣ ਪ੍ਰਚਾਰ ਵਿਚੋਂ ਭਾਸ਼ਾ, ਸਾਹਿਤ, ਸਿੱਖਿਆ ਵਰਗੇ ਮਸਲੇ ਅਲੋਪ ਹਨ। ਇਕ ਰੰਗੇ ਭਾਰਤ ਦੀ ਗੱਲ ਕਰਦੇ ਹੋਏ ਅਸਹਿਮਤੀ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਉਨ੍ਹਾ ਕਾਨਫ਼ਰੰਸ ਦੀ ਰੂਪ-ਰੇਖਾ ਵਿਚ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਤੁਹਾਡੀ ਆਮਦ ਭਾਸ਼ਾ ਦੀ ਫ਼ਿਕਰਮੰਦੀ ਬਾਰੇ ਗਵਾਹੀ ਭਰਦੀ ਹੈ।

ਪਹਿਲੇ ਸੈਸ਼ਨ ਦੀ ਪ੍ਰਧਾਨਗੀ ਅਕਾਦਮੀ ਦੇ ਸਾਬਕਾ ਪ੍ਰਧਾਨ ਡਾ. ਸ ਸ ਜੌਹਲ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਡਾ. ਸੁਰਜੀਤ ਪਾਤਰ ਸ਼ਾਮਲ ਸਨ। ਪ੍ਰਧਾਨਗੀ ਮੰਡਲ 'ਚ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਅਤੇ ਡਾ. ਜੋਗਾ ਸਿੰਘ ਸ਼ਾਮਲ ਸਨ।

ਪ੍ਰਸਿੱਧ ਭਾਸ਼ਾ ਵਿਗਿਆਨੀ ਡਾ. ਜੋਗਾ ਸਿਘ ਨੇ ਮੁੱਖ ਸੁਰ ਭਾਸ਼ਣ 'ਚ ਭਾਸ਼ਾਈ ਵਿਕਾਸ ਦੀਆਂ ਅਵਸਥਾਵਾਂ ਦਾ ਜ਼ਿਕਰ ਕਰਦੇ ਹੋਏ ਵਿਦਿਆ, ਰਾਜਸੀ ਤੰਤਰ ਅਤੇ ਸੰਚਾਰ ਰਾਹੀਂ ਇਕ ਭਾਸ਼ਾ ਦੇ ਦੂਜੀ ਭਾਸ਼ਾ 'ਤੇ ਭਾਰੂ ਹੋਣ ਦੀਆਂ ਮਿਸਾਲਾਂ ਦਿੰਦੇ ਹੋਏ ਪੰਜਾਬੀ ਭਾਸ਼ਾ ਦੇ ਅਤੀਤ ਅਤੇ ਸਮਕਾਲ 'ਤੇ ਚਰਚਾ ਕੀਤੀ। ਉਨ੍ਹਾ ਕਿਹਾ ਕਿ ਪੰਜਾਬੀ ਦੇ ਪਾਸਾਰ ਲਈ ਇਸ ਨੂੰ ਵਿਦਿਆ ਦਾ ਮਾਧਿਅਮ, ਰੁਜ਼ਗਾਰ ਦੀ ਭਾਸ਼ਾ, ਕਾਨੂੰਨ, ਗਿਆਨ ਅਤੇ ਪੱਤਰ ਵਿਹਾਰ ਦੀ ਭਾਸ਼ਾ ਬਣਾਉਣਾ ਪਵੇਗਾ। ਉਨ੍ਹਾ ਸੌੜੀ ਰਾਜਨੀਤੀ ਤੇ ਪੰਜਾਬ ਦੀ ਵੰਡ ਵੱਲ ਇਸ਼ਾਰਾ ਕਰਕੇ ਹੋਏ ਭਾਸ਼ਾ ਦੇ ਨੁਕਸਾਨ ਬਾਰੇ ਚਰਚਾ ਕੀਤੀ। ਉਨ੍ਹਾ ਕਿਹਾ ਕਿ ਪੰਜਾਬੀ ਡਾਇਸਪੋਰੇ ਤੋਂ ਬੋਲੀ ਦੀ ਪੱਧਰ ਤੇ ਭਾਸ਼ਾ ਦੇ ਚੰਗੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ।

ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਇਹ ਬੜੀ ਨਮੋਸ਼ੀ ਦੀ ਗੱਲ ਹੈ ਕਿ ਪੰਜਾਬ ਦੇ ਸਕੂਲਾਂ ਵਿਚ ਹੀ ਬੱਚਿਆਂ ਨੂੰ ਪੰਜਾਬੀ ਬੋਲਣ ਤੋਂ ਰੋਕਿਆ ਜਾ ਰਿਹਾ ਹੈ। ਉਨ੍ਹਾ ਵਿਦਿਆਰਥੀਆਂ ਦੇ ਮਾਪਿਆਂ ਦੀ ਅੰਗਰੇਜ਼ੀ ਪ੍ਰਤੀ ਉਲਾਰ ਬਿਰਤੀ ਤੇ ਭਰਮ ਚੇਤਨਾ ਨੂੰ ਬਦਲਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾ ਕਿਹਾ ਕਿ ਮਸ਼ੀਨੀ ਬੁੱਧੀਮਾਨਤਾ ਦੇ ਸਕਾਰਾਤਮਕ ਪੱਖਾਂ ਨੂੰ ਅਪਨਾਉਣ ਦੀ ਜ਼ਰੂਰਤ ਹੈ।

ਦੂਸਰੇ ਸੈਸ਼ਨ ਦੀ ਪ੍ਰਧਾਨਗੀ ਡਾ. ਸਵਰਾਜਬੀਰ ਨੇ ਕੀਤੀ। ਡਾ. ਸੁਖਦੇਵ ਸਿੰਘ ਸਿਰਸਾ ਨੇ 'ਸਮਕਾਲ ਅਤੇ ਭਾਰਤੀ ਭਾਸ਼ਾਵਾਂ ਦੀ ਸਥਿਤੀ' ਬਾਰੇ ਆਪਣਾ ਖੋਜ-ਪੱਤਰ ਪੇਸ਼ ਕਰਦਿਆਂ ਕਿਹਾ ਕਿ ਜਨਜਾਤੀ ਅਤੇ ਕਬੀਲਾਈ ਭਾਸ਼ਾਵਾਂ ਪ੍ਰਤੀ ਸਰਕਾਰਾਂ ਦੀ ਅਵਿਗਿਆਨਕ, ਨਸਲੀ ਅਤੇ ਪ੍ਰਸ਼ਾਸਨਮੁਖ ਪਹੁੰਚ ਕਰਕੇ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਸੈਂਕੜੇ ਭਾਸ਼ਾਵਾਂ ਮਰ ਚੁੱਕੀਆਂ ਹਨ ਜਾਂ ਮਰਨ ਕਿਨਾਰੇ ਹਨ। ਭਾਸ਼ਾਵਾਂ ਦੇ ਵਿਕਾਸ ਲਈ, ਲੋਕ ਚੇਤਨਾ ਅਤੇ ਸਿੱਖਿਆ ਅਹਿਮ ਅਤੇ ● ਬਾਕੀ ਸਫ਼ਾ 2 'ਤੇ

28-APRIL-PAGE-1.qxd 4/27/2024 9:24 PM Page 2



## ਰਾਜਵਿੰਦਰ ਸਿੰਘ ਧਰਮਕੋਟ ਵੱਲੋਂ ਅਕਾਲੀ ਵਰਕਰਾਂ ਨਾਲ ਮੀਟਿੰਗਾਂ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਵੱਲੋਂ ਹਲਕਾ ਗਿੱਦੜਬਾਹਾ ਵਿਖੇ ਹਲਕੇ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਅਗਵਾਈ ਵਿੱਚ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਨਾਲ ਹਲਕੇ ਦੇ ਸਰਕਲ ਕੋਟਭਾਈ ਵਿਖੇ ਅਮਰਪਾਲ ਸਿੰਘ ਸਰਕਲ ਗੁਰੂਸਰ ਦੇ ਗੁਰਮੀਤ ਸਿੰਘ ਨੰਬਰਦਾਰ ਦੇ ਗ੍ਰਹਿ ਵਿਖੇ ਤੇ ਸਰਕਲ ਗਿੱਦੜਬਾਹਾ-1 ਮੰਡੀਵਾਲੀ ਧਰਮਸ਼ਾਲਾ ਤੇ ਸਰਕਲ ਗਿੱਦੜਬਾਹਾ-2 ਬਲਰਾਜ ਸਿੰਘ ਮਾਨ ਦੇ ਗ੍ਰਹਿ ਵਿਖੇ ਮੀਟਿੰਗਾਂ ਕੀਤੀਆਂ। ਰਾਜਵਿੰਦਰ ਸਿੰਘ ਧਰਮਕੋਟ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਹੋਣ ਕਰਕੇ ਪੰਜਾਬ ਦੇ ਹੱਕਾਂ ਦੀ ਹੀ ਗੱਲ ਕਰੇਗੀ। ਬਾਕੀ ਪਾਰਟੀਆਂ ਦਿੱਲੀ ਦੇ ਕਹਿਣੇ 'ਤੇ ਚੱਲਦੀਆਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਤੇ ਆਮ ਆਦਮੀ ਪਾਰਟੀ ਦੇ ਕੰਮਾਂ ਨੂੰ ਪੰਜਾਬ ਦੇ ਲੋਕਾਂ ਨੇ ਵੇਖ ਹੀ ਲਿਆ ਹੈ। ਅਕਾਲੀ ਦਲ ਦੀ ਸਰਕਾਰ ਵੇਲੇ ਹਰ ਵਰਗ ਲਈ ਜੋ ਸਹੂਲਤਾਂ ਤੇ ਸਕੀਮਾਂ ਚਲਾਈਆਂ ਸਨ, ਉਹ ਕਾਂਗਰਸ ਤੇ 'ਆਪ' ਦੀ ਸਰਕਾਰ ਨੇ ਬੰਦ ਕਰ ਦਿੱਤੀਆਂ ਹਨ। ਇਸ ਮੌਕੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਹਲਕਾ ਗਿੱਦੜਬਾਹਾ ਦੇ ਲੋਕਾਂ ਤੇ ਮਾਨ ਹੈ ਤੇ ਹਮੇਸ਼ਾ ਰਹੇਗਾ। ਗਿੱਦੜਬਾਹਾ ਦੇ ਲੋਕ ਮੇਰਾ ਪਰਵਾਰ ਹਨ ਤੇ ਮੈਂ ਆਪਣੇ ਪਰਵਾਰ ਦੀ ਸੇਵਾ ਲਈ ਹਰ ਸਮੇਂ ਹਾਜ਼ਰ ਹਾਂ।

## ਨਾੜ ਦੇ ਨਾਲ-ਨਾਲ ਘਰਾਂ ਨੂੰ ਵੀ ਲੱਗੀ ਅੱਗ



**ਮਲੋਟ (ਗੁਰਮੀਤ ਸਿੰਘ ਮੱਕੜ)**-ਮਲੋਟ ਦੇ ਆਲੇ ਦੁਆਲ ਦੇ ਪਿੰਡਾਂ ਵਿੱਚ ਅੱਜ ਕਣਕ ਦੇ ਨਾੜ ਨੂੰ ਅੱਗ ਲੱਗਣ ਦੀਆਂ ਖ਼ਬਰਾਂ ਮਿਲੀਆਂ ਹਨ, ਜਿਸ ਉਪਰੰਤ ਫਾਇਰ ਬਿਗ੍ਰੇਡ ਦੀ ਟੀਮ ਨੇ ਅੱਗ ਉੱਤੇ ਕਾਬੂ ਪਾਇਆ। ਇਸ ਦੇ ਚੱਲਦੇ ਪਿੰਡ ਵਿਰਕਾਂ ਵਿਖੇ ਕਣਕ ਦੇ ਨਾੜ ਨੂੰ ਅੱਗ ਲੱਗ ਗਈ, ਜਿਸ 'ਤੇ ਫਾਇਰ ਬਿਗ੍ਰੇਡ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ, ਜਿੱਥੇ ਢਾਈ ਏਕੜ ਦਾ ਨੁਕਸਾਨ ਦੱਸਿਆ ਜਾ ਰਿਹਾ ਹੈ। ਇਸੇ ਤਰ੍ਹਾਂ ਮਲੋਟ ਦੇ ਏਕਤਾ ਨਗਰ ਦੇ ਨਾਲ ਲੱਗਦੇ ਖੇਤਾਂ ਦੀ ਅੱਗ ਦਾ ਅਸਰ ਦੇ ਨਾਲ ਲੱਗਦੇ ਘਰਾਂ 'ਤੇ ਵੀ ਹੋਇਆ ਤੇ ਇੱਕ ਘਰ 'ਚ ਪਏ ਸਾਮਾਨ ਨੂੰ ਲੱਗੀ, ਜਿਸ ਨੂੰ ਆਲੇ ਦੁਆਲੇ ਦੇ ਲੋਕਾਂ ਤੇ ਫਾਇਰ ਬਿਗ੍ਰੇਡ ਦੀ ਟੀਮ ਨੇ ਕਾਬੂ ਪਾਇਆ, ਜਿਸ ਨਾਲ ਭਾਰੀ ਨੁਕਸਾਨ ਹੋਣ ਦਾ ਬਚਾਅ ਹੋ ਗਿਆ।

## ਕੇਂਦਰ ਤੇ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ : ਸਿਮਰਨਜੀਤ ਮਾਨ



**ਮੂਨਕ/ਸੰਗਰੂਰ (ਰਾਜਪਾਲ ਸਿੰਗਲਾ/ਪ੍ਰਵੀਨ ਸਿੰਘ)**
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਅੱਜ ਖਨੌਰੀ ਦੇ ਦੌਰੇ ਦੌਰਾਨ ਵੱਖ-ਵੱਖ ਵਾਰਡਾਂ ਵਿੱਚ ਸੰਗਤ ਦਰਸ਼ਨ ਕਰਕੇ ਖਨੌਰੀ ਨਿਵਾਸੀਆਂ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ। ਆਪਣੇ ਸੰਬੋਧਨ ਦੌਰਾਨ ਸ. ਮਾਨ ਨੇ ਕਿਹਾ ਕਿ ਇਹ ਚੋਣ ਸਾਡੇ ਲਈ ਬਹੁਤ ਜ਼ਰੂਰੀ ਹਨ, ਕਿਉਂਕਿ ਸੱਤਾਧਾਰੀ ਪਾਰਟੀਆਂ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਸਿਆਸਤ ਨੂੰ ਧਾਰਮਿਕ ਰੰਗ ਦੇ ਕੇ ਵੋਟਾਂ ਵਟੋਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਰਿੰਦਰ ਮੋਦੀ ਨੇ 10 ਸਾਲ ਪਹਿਲਾਂ ਕਿਹਾ ਸੀ ਕਿ ਅਸੀਂ ਗਰੀਬੀ ਨੂੰ ਦੂਰ ਕਰਾਂਗੇ, ਘਰ ਘਰ ਨੌਕਰੀ ਦੇਵਾਂਗੇ, ਪਰ ਇਹ ਵਾਅਦੇ ਬੀਜੇਪੀ ਤੇ ਆਰਐੱਸਐੱਸ ਨੇ ਪੂਰੇ ਨਹੀਂ ਕੀਤੇ। ਗਰੀਬੀ ਜਿਉਂ ਦੀ ਤਿਉਂ ਹੈ। ਪੰਜਾਬ ਵਿਚਲੀ ਆਮ ਆਦਮੀ ਪਾਰਟੀ ਨੇ ਬੀਬੀਆਂ ਨੂੰ ਇੱਕ ਹਜ਼ਾਰ ਰੁਪਏ ਹਰ ਮਹੀਨਾ, ਸੱਥਾਂ ਵਿੱਚੋਂ ਸਰਕਾਰ ਚਲਾਉਣ, ਬੇਰੁਜ਼ਗਾਰੀ ਨੂੰ ਖਤਮ ਕਰਨ ਤੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਵਾਅਦਾ ਕੀਤਾ ਸੀ, ਪਰ ਦੋ ਸਾਲ ਬੀਤ ਜਾਣ ਦੇ ਬਾਵਜੂਦ ਕੋਈ ਵਾਅਦਾ ਪੂਰਾ ਨਹੀਂ ਕੀਤਾ। ਇਸਦੇ ਉਲਟ ਹੱਕ ਮੰਗਦੇ ਲੋਕਾਂ ਉੱਪਰ ਤਸ਼ੱਦਦ ਕੀਤੇ ਗਏ ਹਨ, ਜਿਸ ਕਾਰਨ ਸੂਬੇ ਦੇ ਲੋਕਾਂ ਵਿੱਚ ਇਨ੍ਹਾਂ ਪ੍ਰਤੀ ਭਾਰੀ ਗੁੱਸਾ ਹੈ।

ਸ੍ਰ. ਮਾਨ ਨੇ ਕਿਹਾ ਕਿ ਅਸੀਂ ਲੋਕ ਸਿਆਸੀ ਪਾਰਟੀਆਂ ਵੱਲੋਂ ਕੀਤੇ ਵਾਅਦਿਆਂ ਨੂੰ ਸੱਚ ਮੰਨ ਲੈਂਦੇ ਹਾਂ, ਜਦੋਂਕਿ ਸਾਨੂੰ ਸਮਝਣਾ ਚਾਹੀਦਾ ਹੈ ਕਿ ਇਹ ਸਿਰਫ਼ ਵੋਟਾਂ ਵੇਲੇ ਗੁੰਮਰਾਹ ਕਰਨ ਲਈ ਝੂਠੇ ਵਾਅਦੇ ਤੇ ਲਾਰੇ ਸਾਡੇ ਨਾਲ ਕਰਦੇ ਹਨ। ਸ੍ਰ. ਮਾਨ ਨੇ ਕਿਹਾ ਕਿ ਬੇਰੁਜ਼ਗਾਰੀ ਦੇਸ਼ ਵਿੱਚ ਦਿਨੋਂ ਦਿਨ ਵੱਧ ਰਹੀ ਹੈ, ਵੱਡੀ ਗਿਣਤੀ ਲੋਕਾਂ ਨੂੰ ਤਾਂ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੋ ਰਹੀ। ਉਨ੍ਹਾ ਦੱਸਿਆ ਕਿ ਮੋਦੀ ਦੇ ਰਾਜ ਵਿੱਚ ਚੀਨ ਨੇ ਲੱਦਾਖ ਦੇ 8 ਹਜ਼ਾਰ ਸਕਵੇਅਰ ਕਿੱਲੋਮੀਟਰ ਥਾਂ 'ਤੇ ਕਬਜ਼ਾ ਕਰ ਲਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਲੱਦਾਖ ਸਿੱਖ ਰਾਜ ਦਾ ਇੱਕ ਹਿੱਸਾ ਸੀ। ਸਾਨੂੰ ਦੁੱਖ ਹੈ ਕਿ ਮੌਜੂਦਾ ਹਕੂਮਤ ਸਾਡੀਆਂ ਹੱਦਾਂ ਨੂੰ ਸੰਭਾਲ ਨਹੀਂ ਪਾ ਰਹੀ।

ਸ. ਮਾਨ ਨੇ ਮਜ਼ਦੂਰਾਂ ਤੇ ਕਿਸਾਨਾਂ ਦੀ ਗੱਲ ਕਰਦਿਆਂ ਕਿਹਾ ਕਿ ਬੀਜੇਪੀ ਤੇ ਆਰਐੱਸਐੱਸ ਦੇ ਇਸ਼ਾਰੇ 'ਤੇ ਆਪਣੇ ਹੱਕਾਂ ਲਈ ਬਾਰਡਰ 'ਤੇ ਬੈਠੇ ਕਿਸਾਨਾਂ ਤੇ ਮਜ਼ਦੂਰਾਂ ਉੱਪਰ ਸੈਂਟਰ ਤੇ ਹਰਿਆਣਾ ਦੀ ਪੁਲਸ ਵੱਲੋਂ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਸ੍ਰ. ਮਾਨ ਨੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਕੇ ਵੋਟ ਪਾਉਣ ਦੀ ਅਪੀਲ ਕਰਦਿਆਂ ਪੰਜਾਬ ਦੀ ਖੁਸ਼ਹਾਲੀ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਸਾਥ ਦੇਣ ਦੀ ਅਪੀਲ ਕੀਤੀ।

## ਦਲਿਤ ਲੀਡਰ ਦਰਸ਼ਨ ਕਾਂਗੜਾ ਵੱਲੋਂ ਸੁਖਪਾਲ ਖਹਿਰਾ ਨਾਲ ਮੁਲਾਕਾਤ



**ਸੰਗਰੂਰ (ਪ੍ਰਵੀਨ ਸਿੰਘ)**-ਤੇਜ਼ ਤਰਾਰ ਦਲਿਤ ਲੀਡਰ ਸ੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਨੇ ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨਾਲ ਮੁਲਾਕਾਤ ਕੀਤੀ। ਉਨ੍ਹਾਂ ਸੁਖਪਾਲ ਖਹਿਰਾ ਨੂੰ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਦਲਿਤਾਂ ਤੇ ਗਰੀਬਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਤੋਂ ਜਾਣੂ ਕਰਵਾਇਆ। ਸ੍ਰੀ ਕਾਂਗੜਾ ਨੇ ਸੁਖਪਾਲ ਖਹਿਰਾ ਨੂੰ ਕਿਹਾ ਕਿ ਸਿਆਸੀ ਪਾਰਟੀਆਂ ਵੱਲੋਂ ਦਲਿਤ ਸਮਾਜ ਨੂੰ ਸਿਰਫ ਵੋਟ ਬੈਂਕ ਵਜੋਂ ਹੀ ਵਰਤਿਆ ਜਾਂਦਾ ਹੈ। ਤਾਕਤ ਮਿਲਣ 'ਤੇ ਕੋਈ ਵੀ ਲੀਡਰ ਦਲਿਤਾਂ ਦੀ ਸਾਰ ਨਹੀਂ ਲੈਂਦਾ। ਉਨ੍ਹਾ ਕਿਹਾ ਕਿ ਪਹਿਲਾਂ ਤਾਂ ਇਸ ਪਾਰਟੀ ਵੱਲੋਂ ਆਪਣੇ ਚੋਣ ਵਾਅਦੇ ਅਨੁਸਾਰ ਸੂਬੇ ਦੇ ਕਿਸੇ ਵੀ ਦਲਿਤ ਨੂੰ ਪੰਜਾਬ ਦਾ ਡਿਪਟੀ ਮੁੱਖ ਮੰਤਰੀ ਨਹੀਂ ਬਣਾਇਆ ਗਿਆ। ਉਸ ਤੋਂ ਬਾਅਦ ਰਾਜ ਸਭਾ ਦੀ ਚੋਣ ਸਮੇਂ ਇੱਕ ਵੀ ਦਲਿਤ ਆਗੂ ਨੂੰ ਰਾਜ ਸਭਾ ਨਹੀਂ ਭੇਜਿਆ ਗਿਆ, ਐੱਸ ਸੀ ਕਮਿਸ਼ਨ ਪੰਜਾਬ ਦੇ ਮੈਂਬਰਾਂ ਦੀ ਗਿਣਤੀ 10 ਤੋਂ ਘਟਾ ਕੇ 5 ਤੇ ਟਰਮ 6 ਸਾਲ ਤੋਂ ਘਟਾ ਕੇ 3 ਸਾਲ ਕਰ ਦਿੱਤੀ ਗਈ, ਲਾਅ ਅਫਸਰਾਂ ਦੀਆਂ ਅਸਾਮੀਆਂ ਵਿੱਚ ਦਲਿਤਾਂ ਨਾਲ ਵੱਡਾ ਭੇਦਭਾਵ ਕੀਤਾ ਗਿਆ ਤੇ ਹੁਣ ਲੋਕ ਸਭਾ ਦੀਆਂ ਚੋਣਾਂ ਵਿੱਚ ਵਾਲਮੀਕਿ ਤੇ ਮਜ਼੍ਹਬੀ ਸਿੱਖ ਸਮਾਜ ਨੂੰ ਇੱਕ ਵੀ ਟਿਕਟ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਯੋਜਨਾਵਾਂ ਵਿੱਚ ਦਲਿਤਾਂ ਤੇ ਗਰੀਬਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਮੋਦੀ ਸਰਕਾਰ 'ਤੇ ਵੀ ਦਲਿਤਾਂ ਨੂੰ ਹਰ ਪੱਖੋਂ ਨਜ਼ਰ ਅੰਦਾਜ਼ ਕਰਨ ਤੇ ਸੰਵਿਧਾਨ ਨਾਲ ਵੱਡੇ ਪੱਧਰ 'ਤੇ ਛੇੜਛਾੜ ਕਰਨ ਸਬੰਧੀ ਰੋਸ ਜ਼ਾਹਰ ਕੀਤਾ। ਸੁਖਪਾਲ ਸਿੰਘ ਖਹਿਰਾ ਨੇ ਸ੍ਰੀ ਦਰਸ਼ਨ ਕਾਂਗੜਾ ਨੂੰ ਕਿਹਾ ਕਿ ਦਲਿਤ ਸਮਾਜ ਕਾਂਗਰਸ ਪਾਰਟੀ ਦੀ ਰੀੜ੍ਹ ਦੀ ਹੱਡੀ ਹੈ, ਜਿਨ੍ਹਾਂ ਦੇ ਹਿੱਤਾਂ ਲਈ ਉਹ ਪਾਰਲੀਮੈਂਟ ਵਿੱਚ ਜਾ ਕੇ ਆਵਾਜ਼ ਬੁਲੰਦ ਕਰਨਗੇ।

## 170ਵਾਂ ਪੈਨਸ਼ਨ ਵੰਡ ਸਮਾਰੋਹ ਕਰਾਇਆ



**ਜਗਰਾਉਂ (ਸੰਜੀਵ ਅਰੋੜਾ)**-ਆਲ ਇੰਡੀਆ ਹਿਊਮਨ ਰਾਈਸਟ ਐਸੋਸੀਏਸ਼ਨ ਵੱਲੋਂ ਸ਼ਿਵਾਲਿਕ ਸਕੂਲ ਵਿੱਚ 170ਵਾਂ ਪੈਨਸ਼ਨ ਵੰਡ ਸਮਾਰੋਹ ਕਰਾਇਆ ਗਿਆ, ਜਿਸ ਦੇ ਮੁੱਖ ਮਹਿਮਾਨ ਨੀਤੂ ਹਾਂਡਾ ਤੇ ਗੈਸਟ ਆਫ ਆਨਰ ਜਤਿਨ ਹਾਂਡਾ ਸਨ। ਇਸ ਮਹੀਨੇ ਦੀ ਪੈਨਸ਼ਨ ਸੰਜੀਵ ਕੁਮਾਰ ਹਾਂਡਾ ਨੇ ਆਪਣੇ ਸਵ: ਪਿਤਾ ਪ੍ਰੇਮ ਲਾਲ ਹਾਂਡਾ ਦੀ ਯਾਦ ਵਿੱਚ ਯੂਕੇ ਤੋਂ ਭੇਜੀ। ਇਸ ਮੌਕੇ ਸੈਕਟਰੀ ਫਾਈਨਾਂਸ ਰਾਜਨ ਬਾਂਸਲ ਨੇ ਸੰਸਥਾ ਦੇ ਪ੍ਰੋਜੈਕਟਾਂ 'ਤੇ ਕੰਮਾਂ ਦੇ ਬਾਰੇ ਚਾਨਣਾ ਪਾਉਂਦੇ ਹੋਏ ਬਜ਼ੁਰਗਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਪ੍ਰਧਾਨ ਮਨਜਿੰਦਰਪਾਲ ਹਨੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪੈਟਰਨ ਵਿਨੋਦ ਬਾਂਸਲ, ਪੈਟਰਨ ਡੀ. ਕੇ. ਸ਼ਰਮਾ, ਪੈਟਰਨ ਬੀ.ਕੇ. ਗੋਇਲ, ਸੈਕਟਰੀ ਰਾਕੇਸ਼ ਮੈਣੀ, ਡਾਕਟਰ ਰਜਨੀਸ਼ ਪਾਲ ਸਿੰਘ, ਜਸਪਾਲ ਸਿੰਘ ਜੁਅਇੰਟ ਸੈਕਟਰੀ, ਵਿੱਕੀ ਔਲਖ ਜੁਆਇੰਟ ਸੈਕਟਰੀ, ਸਟੇਜ ਸੈਕਟਰੀ ਦਮਨਦੀਪ ਸਿੰਘ ਤੇ ਜਗਰੂਪ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵਿਖੇ ਪਲੇਸਮੈਂਟ ਸਮਾਗਮ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ 'ਚ ਪਲੇਸਮੈਂਟ ਦਿਵਸ ਸਮਾਗਮ ਕੀਤਾ।ਇਸ ਸਮਾਗਮ ਵਿੱਚ ਪੂਰੇ ਸਾਲ ਦੌਰਾਨ ਵੱਖ-ਵੱਖ ਕੰਪਨੀਆਂ ਦੁਆਰਾ ਚੁਣੇ ਗਏ ਵਿਦਿਆਰਥੀਆਂ ਦੀ ਇੱਕ ਮਹੱਤਵਪੂਰਨ ਸ਼ਮੂਲੀਅਤ ਦੇਖਣ ਨੂੰ ਮਿਲੀ।ਪਲੇਸਮੈਂਟ ਦਿਵਸ ਸਮਾਗਮ ਦੀ ਸ਼ੁਰੂਆਤ ਟ੍ਰੇਨਿੰਗ ਤੇ ਪਲੇਸਮੈਂਟ ਦੀ ਦੇਖ-ਰੇਖ ਕਰ ਰਹੀ ਡਾ. ਕਮਲਜੀਤ ਕੌਰ ਦੇ ਸਵਾਗਤੀ ਭਾਸ਼ਣ ਨਾਲ ਹੋਈ, ਜਿੱਥੇ ਉਨ੍ਹਾਂ ਨੇ ਉਦਯੋਗ ਤੇ ਅਕਾਦਮਿਕਤਾ ਵਿਚਕਾਰ ਸਹਿਯੋਗ ਨੂੰ ਵਧਾਉਣ ਲਈ ਯੂਨੀਵਰਸਿਟੀ ਦੇ ਸਮਰਪਣ 'ਤੇ ਜ਼ੋਰ ਦਿੱਤਾ ਤੇ ਵਿਭਾਗ ਦੁਆਰਾ ਕੀਤੀਆਂ ਗਈਆਂ ਵੱਖ-ਵੱਖ ਗਤੀਵਿਧੀਆਂ ਦੀ ਰੂਪਰੇਖਾ ਦਿੱਤੀ।ਉਨ੍ਹਾਂ ਦੇ ਮਾਰਗਦਰਸ਼ਨ ਵਿੱਚ ਆਈ.ਟੀ., ਇੰਜੀਨੀਅਰਿੰਗ, ਪ੍ਰਬੰਧਨ, ਫੂਡ ਤੇ ਹੈਲਥਕੇਅਰ ਵਰਗੇ ਖੇਤਰਾਂ ਦੀਆਂ ਵੱਖ-ਵੱਖ ਕੰਪਨੀਆਂ ਨੇ ਵਿਦਿਆਰਥੀਆਂ ਨੂੰ ਕੈਰੀਅਰ ਦੇ ਕਈ ਮੌਕੇ ਪੇਸ਼ ਕੀਤੇ।ਸਾਲ ਭਰ ਵਿੱਚ ਪ੍ਰਸਿੱਧ ਭਰਤੀ ਕਰਨ ਵਾਲਿਆਂ ਵਿੱਚ ਲੈਂਸਕਾਰਟ, ਰਿਲਾਇੰਸ ਰਿਟੇਲ, ਓਪੋ ਮੋਬਾਈਲ, ਐਕਸੀਓਮ ਕੰਸਲਟਿੰਗ, ਐੱਚ ਐੱਫ ਸੁਪਰ, ਕੋਕੋ-ਕੋਲਾ, ਵਾਈਹਿਲਸ ਐਜੂਟੇਕ, ਗੀਲਿਨਸ ਇਨਫੋਟੈਕ, ਬੇਯਾਟਰੀ, ਆਈਸੀਆਈਸੀਆਈ ਬੈਂਕ, ਡੇਕੈਥਲਨ, ਮੇਚਲਿਨ ਟੈਕਨਾਲੋਜੀ, ਈ-ਕਲਰੈਕਸ ਸੇਵਾਵਾਂ, ਇਲੋਸੈਂਟ ਇਨੋਵੇਸ਼ਨ ਲੈਬਜ਼, ਜਸਟ ਡਾਇਲ, ਅਕਾਲ ਅਕੈਡਮੀ ਸ਼ਾਮਲ ਹਨ।ਇਸ ਸਾਲ ਦੇ ਕੈਰੀਅਰ ਫੇਅਰ 2024, ਅਪ੍ਰੈਲ ਦੇ ਪਹਿਲੇ ਹਫ਼ਤੇ ਵਿੱਚ 25 ਵੱਖ-ਵੱਖ ਭਾਗ ਲੈਣ ਵਾਲੀਆਂ ਕੰਪਨੀਆਂ ਦੁਆਰਾ 150 ਤੋਂ ਵੱਧ ਵਿਦਿਆਰਥੀਆਂ ਦੀ ਚੋਣ ਕੀਤੀ ਗਈ, ਜਿਨ੍ਹਾਂ ਵਿੱਚੋਂ ਹਰੇਕ ਨੂੰ ਪਲੇਸਮੈਂਟ ਦਿਵਸ 'ਤੇ ਪੇਸ਼ਕਸ਼ ਪੱਤਰ ਪ੍ਰਾਪਤ ਹੋਏ।ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਨੇ ਯੂਨੀਵਰਸਿਟੀ ਦੀ ਅਕਾਦਮਿਕ ਉੱਤਮਤਾ ਵਿੱਚ ਕੰਪਨੀਆਂ ਦੇ ਸਮਰਥਨ ਤੇ ਵਿਸ਼ਵਾਸ ਲਈ ਪੂਰੇ ਅਕਾਦਮਿਕ ਸੈਸ਼ਨ ਦੌਰਾਨ ਤੇ ਕੈਰੀਅਰ ਮੇਲੇ ਵਿੱਚ ਭਾਗ ਲੈਣ ਲਈ ਧੰਨਵਾਦ ਕੀਤਾ।ਡਾ. ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ, ਡਾ. ਤੇਜਬੀਰ ਸਿੰਘ ਰਜਿਸਟਰਾਰ ਤੇ ਡਾ. ਨਵਦੀਪ ਕੌਰ ਮੁਖੀ, ਕੰਪਿਊਟਰ ਸਾਇੰਸ ਵਿਭਾਗ ਨੇ ਇਸ ਮੌਕੇ ਹਾਜ਼ਰੀ ਭਰੀ ਤੇ ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ, ਜਿਨ੍ਹਾਂ ਨੇ ਅੱਜ ਦੇ ਦਿਨ ਆਫਰ ਲੈਟਰ ਪ੍ਰਾਪਤ ਕੀਤੇ।

## ਭਾਕਿਯੂ ਏਕਤਾ ਡਕੌਂਦਾ ਧਨੇਰ ਦੀ ਜੋਗਾ ਇਕਾਈ ਦੀ ਚੋਣ

**ਭੀਖੀ (ਧਰਮਵੀਰ ਸ਼ਰਮਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਵੱਲੋਂ ਜਸਵੀਰ ਸਿੰਘ ਰੱਲਾ ਬਲਾਕ ਪ੍ਰਧਾਨ ਭੀਖੀ ਦੀ ਹਾਜ਼ਰੀ ਵਿੱਚ ਪਿੰਡ ਜੋਗਾ ਦੀ ਨਵੀਂ ਇਕਾਈ ਦੀ ਚੋਣ ਕੀਤੀ ਗਈ, ਜਿਸ ਵਿੱਚ ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀ ਬਾਘਾ, ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਯੂਨੀਅਨ ਦੇ ਬਲਾਕ ਸਕੱਤਰ ਰਾਵਲ ਸਿੰਘ ਕੋਟੜਾ ਨੇ ਕਿਹਾ ਕਿ ਸਾਰੇ ਬਲਾਕਾਂ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਭਾਜਪਾ ਉਮੀਦਵਾਰਾਂ ਦਾ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਕੀਤੀ ਚੋਣ ਵਿੱਚ ਜਗਸੀਰ ਸਿੰਘ ਪ੍ਰਧਾਨ, ਜੀਵਨ ਸਿੰਘ ਜਰਨਲ ਸਕੱਤਰ, ਬੰਤ ਸਿੰਘ ਖਜ਼ਾਨਚੀ ਤੇ 21 ਮੈਂਬਰੀ ਕਮੇਟੀ ਚੁਣੀ ਗਈ। ਇਸ ਮੌਕੇ ਕਾਲਾ ਸਿੰਘ ਅਕਲੀਆ, ਗੁਰਚਰਨ ਸਿੰਘ ਜੋਗਾ ਤੇ ਗੁਰਮੇਲ ਸਿੰਘ ਆਦਿ ਹਾਜ਼ਰ ਸਨ।



## ਯੂਥ ਅਕਾਲੀ ਦਲ ਆਗੂ ਆਮ ਆਦਮੀ ਪਾਰਟੀ 'ਚ ਸ਼ਾਮਲ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**
ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ, ਜਦੋਂ ਅਕਾਲੀ ਦਲ ਨਾਲ ਲੰਮੇਂ ਸਮੇਂ ਤੋਂ ਮੋਹਰਲੀਆਂ ਕਤਾਰਾਂ 'ਚ ਚੱਲਦੇ ਆ ਰਹੇ ਐਡਵੋਕੇਟ ਗੁਰਪਾਲ ਸਿੰਘ ਸੰਧੂ ਸੀਨੀਅਰ ਮੀਤ ਪ੍ਰਧਾਨ ਯੂਥ ਅਕਾਲੀ ਦਲ ਪੰਜਾਬ ਸਮੂਹ ਪਰਵਾਰ, ਜੋ ਲੋਕ ਸਭਾ ਉਮੀਦਵਾਰ ਕਰਮਜੀਤ ਅਨਮੋਲ ਤੇ ਗੁਰਦਿੱਤ ਸਿੰਘ ਸੇਖੋਂ ਹਲਕਾ ਵਿਧਾਇਕ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।ਇਸ ਮੌਕੇ ਅਕਾਲੀ ਦਲ ਨੂੰ ਛੱਡ 'ਆਪ' 'ਚ ਸ਼ਾਮਲ ਹੋਏ ਆਗੂਆਂ ਨੇ ਕਿਹਾ ਕਿ ਅਸੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ, ਵਿਕਾਸ ਕਾਰਜਾਂ ਅਤੇ ਲੋਕ ਪੱਖੀ ਨੀਤੀਆਂ ਨੂੰ ਵੇਖਦਿਆਂ ਲੋਕ ਸਭਾ ਉਮੀਦਵਾਰ ਕਰਮਜੀਤ ਅਨਮੋਲ ਤੇ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਦੀ ਹਲਕੇ ਪ੍ਰਤੀ ਚੰਗੀ ਸੋਚ ਨੂੰ ਵੇਖਦਿਆਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਨਾਲ ਚੱਲਣ ਦਾ ਮਨ ਬਣਾਇਆ ਹੈ। ਉਮੀਦਵਾਰ ਕਰਮਜੀਤ ਅਨਮੋਲ ਤੇ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਵੱਲੋਂ ਕਾਰਜਕਾਲ ਵਿਚ ਪਿੰਡਾਂ ਦੇ ਲੋਕਾਂ 'ਚ ਲੜਾਈ ਝਗੜੇ ਕਰਾ ਕੇ ਪਰਚੇ ਪੁਆਉਣ ਦੀ ਰਾਜਨੀਤੀ ਕੀਤੀ ਜਾਂਦੀ ਸੀ, ਪਰ ਜਿਸ ਦਿਨ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ ਪਿੰਡਾਂ 'ਚ ਲੜਾਈ-ਝਗੜੇ ਹੀ ਘੱਟ ਗਏ ਹਨ।ਕਿਸੇ ਵੀ ਸਰਕਾਰੀ ਦਫ਼ਤਰ 'ਚ ਲੋਕਾਂ ਨਾਲ ਬੇਇਨਸਾਫ਼ੀ ਨਹੀਂ ਹੋ ਰਹੀ।'ਆਪ' ਸਰਕਾਰ ਵੱਲੋਂ ਲੋਕਾਂ ਨੂੰ ਘਰ-ਘਰ ਜਾ ਕੇ ਸਹੂਲਤਾਂ ਮੁਹੱਈਆ ਕਰਾਈਆਂ ਜਾ ਰਹੀਆਂ ਹਨ।

## ਭਾਈ ਮਹਾਂ ਸਿੰਘ ਖਾਲਸਾ ਪਬਲਿਕ ਸਕੂਲ ਨੂੰ ਮਿਲਿਆ ਐੱਲ ਸੀ ਡੀ ਪ੍ਰੋਜੈਕਟਰ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਅਧੀਨ ਚੱਲ ਰਹੇ ਭਾਈ ਮਹਾਂ ਸਿੰਘ ਖਾਲਸਾ ਪਬਲਿਕ ਸਕੂਲ ਨੂੰ ਕਮੇਟੀ ਦੇ ਵਿਦਿਅਕ ਵਿੰਗ ਦੇ ਸਕੱਤਰ ਸਰਦਾਰ ਸੁਖਮੰਦਰ ਸਿੰਘ ਤੇ ਸਹਾਇਕ ਡਾਇਰੈਕਟਰ ਬੀਬੀ ਸਤਵੰਤ ਕੌਰ ਹੋਰਾਂ ਵੱਲੋਂ ਸਕੂਲ ਦੇ ਵਿਦਿਅਕ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ 46 ਇੰਚ ਐਲ.ਸੀ.ਡੀ. (ਸੋਨੀ) ਭੇਟ ਕੀਤੀ ਗਈ। ਇਸ ਐਲ.ਸੀ.ਡੀ. ਨੂੰ ਯੂ.ਕੇ.ਜੀ. ਕਲਾਸ ਵਿਚੋਂ ਲਾ ਦਿੱਤਾ ਗਿਆ ਹੈ। ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸੰਸਥਾ ਵਿਚ ਪ੍ਰੋਜੈਕਟਰ ਨਾਲ ਸੱਜੇ ਹੋਏ ਚਾਰ ਸਮਾਰਟ ਕਲਾਸ ਰੂਮ ਹਨ। ਇਨ੍ਹਾਂ ਸਮਾਰਟ ਕਲਾਸਾਂ ਵਿਚ ਬੱਚਿਆਂ ਨੂੰ ਇੰਟਰਨੈਂਟ ਦੀ ਸਹਾਇਤਾ ਨਾਲ ਔਖੇ ਤੋਂ ਔਖੇ ਵਿਸ਼ੇ ਨੂੰ ਬਹੁਤ ਅਸਾਨ ਅਤੇ ਮਨੋਰੰਜਨ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਜਿਸ ਨਾਲ ਬੱਚਿਆਂ ਲਈ ਸਮਝ ਸਕਣਾ, ਪੜ੍ਹ ਸਕਣਾ ਅਸਾਨ ਅਤੇ ਦਿਲਚਸਪ ਹੋ ਜਾਂਦਾ ਹੈ। ਸਕੂਲ ਇੰਚਾਰਜ ਗੁਰਮੀਤ ਸਿੰਘ ਤੇ ਪੂਰੇ ਸਟਾਫ਼ ਨੇ ਵਿੱਦਿਅਕ ਸਕੱਤਰ ਸਰਦਾਰ ਸੁਖਮੰਦਰ ਸਿੰਘ ਤੇ ਬੀਬੀ ਸਤਵੰਤ ਕੌਰ ਹੋਰਾਂ ਦਾ ਹਾਰਦਿਕ ਧੰਨਵਾਦ ਕਰਦਿਆਂ ਆਖਿਆ ਕਿ ਸਾਡੀ ਸੰਸਥਾ ਨੂੰ ਸਦਾ ਹੀ ਇਨ੍ਹਾਂ ਦੋਨਾਂ ਸ਼ਖ਼ਸੀਅਤਾਂ ਤੋਂ ਭਰਪੂਰ ਸਨੇਹ ਤੇ ਸਹਿਯੋਗ ਮਿਲਿਆ ਹੈ।

## ਡਾ. ਬਲਬੀਰ ਸਿੰਘ ਤੇ ਦੇਵ ਮਾਨ ਨੇ ਕਣਕ ਦੀ ਖਰੀਦ ਸੰਬੰਧੀ ਲਿਆ ਜਾਇਜ਼ਾ



**ਨਾਭਾ (ਵਰਿੰਦਰ ਵਰਮਾ)**-ਏਸ਼ੀਆ ਦੀ ਦੂਜੀ ਸਭ ਤੋਂ ਵੱਡੀ ਅਨਾਜ ਮੰਡੀ ਵਿਖੇ ਪਟਿਆਲਾ ਲੋਕ ਸਭਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਬਲਬੀਰ ਸਿੰਘ ਤੇ ਹਲਕਾ ਵਿਧਾਇਕ ਨਾਭਾ ਗੁਰਦੇਵ ਸਿੰਘ ਦੇਵ ਮਾਨ ਨੇ ਕਣਕ ਦੀ ਖਰੀਦ ਸਬੰਧੀ ਜਾਇਜ਼ਾ ਲਿਆ। ਡਾ. ਬਲਬੀਰ ਸਿੰਘ ਨੇ ਅਨਾਜ ਮੰਡੀ ਵਿਖੇ ਪੱਲੇਦਾਰਾਂ, ਮਜ਼ਦੂਰਾਂ ਤੇ ਆੜ੍ਹਤੀਆ ਭਾਈਚਾਰੇ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਡਾਕਟਰ ਬਲਬੀਰ ਸਿੰਘ ਨੇ ਕਿਹਾ ਕਿ ਕਿਸਾਨਾਂ ਲਈ ਪੀਣ ਵਾਲੇ ਪਾਣੀ, ਬੈਠਣ ਅਤੇ ਬਾਰਦਾਨੇ, ਰਾਤ ਵੇਲੇ ਬਿਜਲੀ ਦੇ ਪ੍ਰਬੰਧ ਪੁਖਤਾ ਕੀਤੇ ਗਏ ਹਨ ਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਜਾਰੀ ਕੀਤੇ ਆਦੇਸ਼ਾਂ ਮੁਤਾਬਕ 24 ਘੰਟਿਆਂ ਵਿੱਚ ਕਿਸਾਨਾਂ ਦੀ ਫ਼ਸਲ ਦਾ ਮੁੱਲ ਉਨ੍ਹਾਂ ਦੇ ਬੈਂਕ ਖਾਤਿਆਂ 'ਚ ਭੇਜ ਦਿੱਤਾ ਜਾਵੇਗਾ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਬੇਮੌਸਮੀ ਬਰਸਾਤ ਕਾਰਨ ਖਰਾਬ ਫ਼ਸਲਾਂ ਸਬੰਧੀ ਪੰਜਾਬ ਸਰਕਾਰ ਵੱਲੋਂ ਸਪੈਸ਼ਲ ਗਿਰਦਾਵਰੀ ਕਰਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਰਿਪੋਰਟ ਪੰਜਾਬ ਸਰਕਾਰ ਕੋਲ ਪਹੁੰਚਣ 'ਤੇ 15 ਦਿਨਾਂ ਦੇ ਅੰਦਰ-ਅੰਦਰ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਮੁਆਵਜ਼ੇ ਦੀ ਰਾਸ਼ੀ ਪਾ ਦਿੱਤੀ ਜਾਵੇਗੀ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਤੇ ਲੋਕ ਸਭਾ ਪਟਿਆਲਾ ਤੋਂ ਉਮੀਦਵਾਰ ਡਾਕਟਰ ਬਲਬੀਰ ਸਿੰਘ ਨੇ ਪੰਜਾਬ ਦੀ ਜਨਤਾ ਲਈ 800 ਤੋਂ ਜ਼ਿਆਦਾ ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ।

## 20 ਗ੍ਰਾਮ ਚਿੱਟੇ ਤੇ ਇਨੋਵਾ ਸਮੇਤ ਤਿੰਨ ਕਾਬੂ



**ਭੀਖੀ (ਧਰਮਵੀਰ ਸ਼ਰਮਾ)**-ਭੀਖੀ ਪੁਲਸ ਨੇ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਦੀ ਮੁਹਿੰਮ ਤਹਿਤ ਤਿੰਨ ਨੌਜਵਾਨਾਂ ਨੂੰ ਚਿੱਟੇ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਸਹਾਇਕ ਥਣੇਦਾਰ ਨਛੱਤਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਉਨ੍ਹਾਂ ਸਥਾਨਕ ਗੁਰਦੁਆਰਾ ਰੋਡ ਤੋਂ ਸ਼ਿਵ ਮੰਦਰ ਕੋਲੋਂ ਇਨੋਵਾ ਕਾਰ ਵਿੱਚ ਸਵਾਰ ਤਿੰਨ ਨੌਜਵਾਨਾਂ ਜਗਬੀਰ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਚੀਮਾ, ਚਰਨਜੀਤ ਸਿੰਘ ਪੁੱਤਰ ਧਰਮਿੰਦਰ ਸਿੰਘ ਵਾਸੀ ਚੀਮਾ, ਵਿੱਕੀ ਸਿੰਘ ਪੁੱਤਰ ਚਮਨ ਲਾਲ ਵਾਸੀ ਭੀਖੀ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 20 ਗ੍ਰਾਮ ਚਿੱਟਾ ਹੈਰੋਇਨ ਬਰਾਮਦ ਕਰਕੇ ਉਸ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਇਨੋਵਾ ਕਾਰ ਨੂੰ ਵੀ ਕਬਜ਼ੇ ਵਿੱਚ ਲੈ ਲਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨਾਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਚਿੱਟਾ ਸੋਮਾ ਰਾਣੀ ਪਤਨੀ ਮੱਖਣ ਸਿੰਘ ਵਾਸੀ ਭੀਖੀ ਤੋਂ ਲੈ ਕੇ ਆਏ ਹਨ, ਜਿਸ ਨੂੰ ਵੀ ਇਸ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਹੈ। ਹਾਲੇ ਉਹ ਪੁਲਸ ਗ੍ਰਿਫਤ ਤੋਂ ਬਾਹਰ ਹੈ। ਉਨ੍ਹਾਂ ਦੱਸਿਆ ਕਿ ਨਾਮਜ਼ਦ ਮਹਿਲਾ ਨੂੰ ਵੀ ਜਲਦੀ ਕਾਬੂ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਮੁਹਿੰਮ ਇਸੇ ਤਰਾਂ ਜਾਰੀ ਰਹੇਗੀ।

## ਮੁਲਾਜ਼ਮ ਜਥੇਬੰਦੀਆਂ ਵੱਲੋਂ ਫਰੀਦਕੋਟ 'ਚ ਕੌਮਾਂਤਰੀ ਮਜ਼ਦੂਰ ਦਿਹਾੜਾ ਮਨਾਉਣ ਦਾ ਫੈਸਲਾ

**ਵੱਖ-ਵੱਖ ਅਦਾਰਿਆਂ ਸਾਹਮਣੇ ਲਾਲ ਝੰਡੇ ਲਹਿਰਾਏ ਜਾਣਗੇ**

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ1680 ਸੈਕਟਰ 22 ਬੀ, ਚੰਡੀਗੜ੍ਹ ਤੇ ਦੀ ਕਲਾਸ ਫੌਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੀ ਇੱਕ ਮੀਟਿੰਗ ਇੱਥੇ ਡਿਪਟੀ ਕਮਿਸ਼ਨਰ ਦੇ ਦਫਤਰ ਸਾਹਮਣੇ ਜਥੇਬੰਦੀ ਦੇ ਆਗੂ ਨਛੱਤਰ ਸਿੰਘ ਭਾਣਾ, ਕੁਲਵੰਤ ਸਿੰਘ ਚਾਨੀ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂ ਪ੍ਰੇਮ ਚਾਵਲਾ, ਅਸ਼ੋਕ ਕੌਸ਼ਲ ਤੇ ਜ਼ਿਲ੍ਹਾ ਜਨਰਲ ਸਕੱਤਰ ਬਲਕਾਰ ਸਿੰਘ ਸਹੋਤਾ ਨੇ ਦੋਸ਼ ਲਾਇਆ ਕਿ ਕੇਂਦਰ ਤੇ ਪੰਜਾਬ ਦੀਆਂ ਮੌਜੂਦਾ ਹੁਕਮਰਾਨ ਸਰਕਾਰਾਂ ਨੇ ਲਗਾਤਾਰ ਮੁਲਾਜ਼ਮ ਵਿਰੋਧੀ ਫੈਸਲੇ ਕੀਤੇ ਹਨ ਤੇ ਚੋਣਾਂ ਤੋਂ ਪਹਿਲਾਂ ਕੀਤੇ ਗਏ ਵਾਅਦੇ ਸੱਤਾ ਸੰਭਾਲਣ ਬਾਅਦ ਪੂਰੇ ਨਹੀਂ ਕੀਤੇ ਗਏ, ਜਿਸ ਕਰਕੇ ਮੁਲਾਜ਼ਮ ਤੇ ਪੈਨਸ਼ਨਰ ਵਰਗ ਵਿੱਚ ਹੁਕਮਰਾਨ ਸਰਕਾਰਾਂ ਦੇ ਢੰਗ ਤਰੀਕੇ ਪ੍ਰਤੀ ਵਿਆਪਕ ਰੋਸ ਪਾਇਆ ਜਾ ਰਿਹਾ ਹੈ।ਮੀਟਿੰਗ ਦੌਰਾਨ 1 ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਫਰੀਦਕੋਟ ਸ਼ਹਿਰ ਵਿੱਚ ਸਥਿਤ ਬ੍ਰਿਜਿੰਦਰਾ ਕਾਲਜ, ਨਹਿਰੀ ਕਲੋਨੀ, ਮੈਡੀਕਲ ਕਾਲਜ, ਡੀ ਸੀ ਦਫਤਰ ਤੇ ਬੱਸ ਅੱਡੇ ਅੱਗੇ ਲਾਲ ਝੰਡੇ ਲਹਿਰਾਏ ਜਾਣਗੇ।ਇਸ ਉਪਰੰਤ ਬੱਸ ਅੱਡਾ ਫਰੀਦਕੋਟ ਵਿਖੇ ਏਟਕ, ਸੀਟੂ, ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਸਾਂਝੀ ਰੈਲੀ ਕਰਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ ਜਾਵੇਗਾ ਅਤੇ ਮੌਜੂਦਾ ਸਮੇਂ ਦੇਸ਼ ਵਿੱਚ ਲੋਕਤੰਤਰ ਦੀ ਰਾਖੀ ਲਈ ਵਿਚਾਰ ਚਰਚਾ ਕਰਕੇ ਲੋਕਤੰਤਰ ਵਿਰੋਧੀ ਧਿਰਾਂ ਨੂੰ ਲੋਕ ਸਭਾ ਚੋਣਾਂ ਵਿੱਚ ਸਬਕ ਸਿਖਾਉਣ ਲਈ ਵੱਡੇ ਫੈਸਲੇ ਲਏ ਜਾਣਗੇ।ਮੀਟਿੰਗ ਦੌਰਾਨ ਇਹ ਫੈਸਲਾ ਵੀ ਕੀਤਾ ਗਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 5 ਮਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋ ਰਹੀ ਸੂਬਾਈ ਕਨਵੈਨਸ਼ਨ ਵਿੱਚ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਇਕਬਾਲ ਸਿੰਘ ਢੁੱਡੀ ਜ਼ਿਲ੍ਹਾ ਪ੍ਰਧਾਨ, ਰਮੇਸ਼ ਢੈਪਈ, ਕੁਲਬੀਰ ਸਿੰਘ ਸਰਾਵਾਂ ਵਿੱਤ ਸਕੱਤਰ, ਰੇਸ਼ਮ ਸਿੰਘ ਬ੍ਰਿਜਿੰਦਰਾ ਕਾਲਜ, ਵਿਸ਼ਾਲ ਮੋਗਾ, ਸ਼ਿਵ ਨਾਥ ਦਰਦੀ ਮੈਡੀਕਲ ਕਾਲਜ, ਸੁਰਿੰਦਰ ਪਾਲ, ਹਰਮਨਦੀਪ ਸਿੰਘ, ਅਸੀਸ ਕੁਮਾਰ ਤੇ ਜੋਤੀ ਪ੍ਰਕਾਸ਼ ਮੰਡੀ ਬੋਰਡ ਆਦਿ ਸ਼ਾਮਲ ਸਨ।

## ਪਾਥਵੇਜ਼ ਹੈਰੀਟੇਜ ਫੈਸਟੀਵਲ 2024 ਦੀਆਂ ਤਿਆਰੀਆਂ ਮੁਕੰਮਲ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਅਜ ਗਲੋਬਲ ਸਕੂਲ ਦਾ ਪੰਜਾਬੀ ਵਿਰਸੇ ਦੀ ਝਲਕ ਦਿਖਾਉਂਦਾ ਸਾਲਾਨਾ ਹੈਰੀਟੇਜ ਫੈਸਟੀਵਲ ਹੋਣ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। 27 ਅਪ੍ਰੈਲ ਨੂੰ ਕੋਟ ਈਸੇ ਖਾਂ ਵਿੱਚ ਪਹਿਲੀ ਵਾਰ ਇਸ ਤਰ੍ਹਾਂ ਦਾ ਫੈਸਟੀਵਲ ਹੋਣ ਜਾ ਰਿਹਾ ਹੈ।ਇਸ ਫੈਸਟੀਵਲ ਵਿੱਚ ਪੰਜਾਬੀ ਸੱਭਿਆਚਾਰ ਦਾ ਇੱਕ ਬਹੁਤ ਹੀ ਸੁੰਦਰ ਰੂਪ ਦੇਖਣ ਨੂੰ ਮਿਲੇਗਾ। ਬੱਚਿਆਂ ਦੁਆਰਾ ਬਹੁਤ ਹੀ ਦਿਲ ਖਿੱਚਵੇ ਪ੍ਰੋਗਰਾਮ ਜਿਵੇਂ ਗਿੱਧਾ, ਭੰਗੜਾ, ਕੋਰੀਓਗ੍ਰਾਫ਼ੀ, ਰਾਜਸਥਾਨੀ ਡਾਂਸ ਆਦਿ ਤੋਂ ਇਲਾਵਾ ਬਹੁਤ ਸਾਰੀਆਂ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੀਆਂ ਕਲਾਕਾਰੀਆਂ ਬਹੁਤ ਹੀ ਦੇਖਣ ਯੋਗ ਰਹਿਣਗੀਆਂ।ਪੰਜਾਬੀ ਸੱਭਿਆਚਾਰ ਦੀ ਝਲਕ ਨੂੰ ਪੇਸ਼ ਕਰਦੇ ਗੱਡੇ, ਟਰੈਕਟਰ, ਚਰਖੇ ,ਪੁਰਾਤਨ ਭਾਂਡੇ ਅਤੇ ਹੋਰ ਬਹੁਤ ਸਾਰੀਆਂ ਪੁਰਾਤਨ ਚੀਜ਼ਾਂ ਇਸ ਫੈਸਟੀਵਲ ਦੀ ਸ਼ੋਭਾ ਨੂੰ ਹੋਰ ਵੀ ਵਧਾਉਣਗੇ।ਪਾਥਵੇਅਜ ਗਲੋਬਲ ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ ਪ੍ਰਧਾਨ ਡਾ ਅਨਿਲਜੀਤ ਕੰਬੋਜ ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਚਾਹਤ ਕੰਬੋਜ, ਸਤਨਾਮ ਸਿੰਘ ਸੌਂਦ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ, ਸਿਮਰਨਜੀਤ ਸਿੰਘ ਸਿੱਧੂ ਤੇ ਪ੍ਰਿੰਸੀਪਲ ਡਾਕਟਰ ਪੰਕਜ ਧਮੀਜਾ, ਵਾਈਸ ਪ੍ਰਿੰਸੀਪਲ ਸ਼੍ਰੀ ਜਤਿੰਦਰ ਸ਼ਰਮਾ ਦੇ ਨਾਲ ਪਾਥਵੇਜ ਸਕੂਲ ਦਾ ਪੂਰਾ ਸਟਾਫ਼ ਇਸ ਫੈਸਟੀਵਲ ਨੂੰ ਚਾਰ ਚੰਦ ਲਾਉਣ ਲਈ ਦਿਨ-ਰਾਤ ਅਣਥੱਕ ਮਿਹਨਤ ਕਰ ਰਹੇ ਹਨ।

## ...ਸਫ਼ਾ 1 ਦੇ ਬਾਕੀ

### ਚੋਣ ਪ੍ਰਚਾਰ 'ਚ ਭਾਸ਼ਾ...

ਬੁਨਿਆਦੀ ਕਾਰਕ ਹਨ। ਡਾ. ਸੁਰਜੀਤ ਸਿੰਘ ਨੇ 'ਉਪਭੋਗੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ' ਬਾਰੇ ਆਪਣੇ ਖੋਜ-ਪੱਤਰ 'ਚ ਕਿਹਾ ਕਿ ਉਪਭੋਗੀ ਸੱਭਿਆਚਾਰ ਨੂੰ ਨਾਕਾਰਾਤਮਕ ਵਰਤਾਰੇ ਦੀ ਥਾਂ ਜ਼ਰੂਰੀ ਇਤਿਹਾਸਕ ਸਥਿਤੀ ਵਜੋਂ ਸਮਝਣਾ ਚਾਹੀਦਾ ਹੈ। ਇਸ ਸਮੇਂ ਵਸਤਾਂ ਹੀ ਸਮਾਜਿਕ ਰੁਤਬਾ ਅਤੇ ਪੱਧਰ ਤਹਿ ਕਰਦੀਆਂ ਹਨ। ਅਜਿਹੇ ਵਿਚ ਖੇਤਰੀ ਭਾਸ਼ਾਵਾਂ ਜਾਂ ਭਾਸ਼ਾ ਦੀ ਵਨਸੁਵੰਨਤਾ ਦਾ ਬਚਿਆ ਰਹਿਣਾ ਬੇਹੱਦ ਜ਼ਰੂਰੀ ਹੈ। ਡਾ. ਸਵਰਾਜਬੀਰ ਨੇ ਪੱਛਮੀ ਵਿਦਵਾਨਾਂ ਦੇ ਹਵਾਲੇ ਨਾਲ

ਕਿਹਾ ਕਿ ਪੰਜਾਬੀ ਭਾਸ਼ਾ ਨੂੰ ਸਿਰਫ਼ ਪੰਜਾਬੀ ਸਾਹਿਤਕਾਰ ਹੀ ਨਹੀਂ ਬਚਾ ਸਕਦੇ, ਸਗੋਂ ਇਸ ਨੂੰ ਹੋਰਨਾਂ ਖੇਤਰਾਂ ਵਿਚ ਕੰਮ ਕਰ ਰਹੇ ਵਿਗਿਆਨੀ, ਚਿੰਤਕ, ਅਰਥ ਸ਼ਾਸਤਰੀ ਹੀ ਰਲਮਿਲ ਕੇ ਇਸ ਦੇ ਵਿਕਾਸ ਦੀਆਂ ਸੰਭਾਵਨਾਵਾਂ ਤਿਆਰ ਕਰ ਸਕਦੇ ਹਨ। 'ਮਸਨੂਈ ਬੌਧਿਕਤਾ ਅਤੇ ਪੰਜਾਬੀ ਭਾਸ਼ਾ' ਬਾਰੇ ਅਮਰਜੀਤ ਸਿੰਘ ਗਰੇਵਾਲ ਨੇ ਆਪਣੇ ਖੋਜ-ਪੱਤਰ 'ਚ ਕਿਹਾ ਕਿ ਸਾਨੂੰ ਓਪਨ ਸੋਰਸ ਅਪਣਾਉਣਾ ਪਵੇਗਾ, ਤਾਂ ਜੋ ਅਸੀਂ ਸਾਫ਼ਟਵੇਅਰ ਕੰਪਨੀਆਂ ਦੀ ਨਿਰਭਰਤਾ ਤੋਂ ਬਚ ਸਕੀਏ। ਪੰਜਾਬੀ ਵਰਤਣ ਵਾਲੇ ਆਮ ਲੋਕ ਏਨੇ ਅਮੀਰ ਨਹੀਂ ਹਨ ਕਿ ਉਹ ਹਰ ਕੰਪਨੀ ਦੇ ਹਰ ਸਾਫ਼ਟਵੇਅਰ ਖ਼ਰੀਦ ਸਕਣ। ਉਨ੍ਹਾ ਕਿਹਾ ਯੂਨੀਵਰਸਲ ਭਾਸ਼ਾ ਬਣਾਉਣੀ ਤਾਂ ਔਖੀ ਹੈ, ਪਰ ਜੇ ਭਾਰਤੀ ਭਾਸ਼ਾਵਾਂ ਦੀ ਇਕ ਸਾਂਝੀ ਭਾਸ਼ਾ ਆਰਟੀਫ਼ਿਸ਼ਲ ਇੰਟੈਲੀਜੈਂਸ ਨਾਲ ਬਣਾ ਲਈ ਜਾਵੇ ਤਾਂ ਇਹ ਸੌਖੀ ਬਣ ਜਾਵੇਗੀ। ਇਕ ਭਾਸ਼ਾ ਨੂੰ ਫ਼ੈਸ਼ਨ ਬਣਾਉਣਾ ਪਵੇਗਾ। ਡਾ. ਸੁਖਵਿੰਦਰ ਸਿੰਘ ਸੰਘਾ ਨੇ 'ਵਿਸ਼ਵ-ਨੇੜਤਾ ਅਤੇ ਪੰਜਾਬੀ ਭਾਸ਼ਾ ਦੀਆਂ ਸੰਭਾਵਨਾਵਾਂ' ਬਾਰ ਬੋਲਦਿਆਂ ਦੂਜੀਆਂ ਭਾਸ਼ਾਵਾਂ ਨਾਲ ਪੰਜਾਬੀ ਭਾਸ਼ਾ ਦੇ ਆਦਾਨ-ਪ੍ਰਦਾਨ ਬਾਰੇ ਵਿਗਿਆਨਕ ਟਿੱਪਣੀਆਂ ਕੀਤੀਆਂ। 'ਤਕਨਾਲੋਜੀ ਅਤੇ ਪੰਜਾਬੀ ਭਾਸ਼ਾ' ਬਾਰੇ ਡਾ. ਧਰਮਵੀਰ ਸ਼ਰਮਾ ਨੇ ਖੋਜ-ਪੱਤਰ ਪੇਸ਼ ਕਰਦਿਆਂ ਜਾਣਕਾਰੀ ਦਿੱਤੀ ਕਿ ਉਨ੍ਹਾ ਆਪਣੇ ਪੱਧਰ 'ਤੇ ਕੁਝ ਇਸ ਤਰ੍ਹਾਂ ਦੇ ਸਾਫ਼ਟਵੇਅਰ ਤਿਆਰ ਕੀਤੇ ਹਨ, ਜਿਨ੍ਹਾਂ ਨੂੰ ਮੌਜੂਦਾ ਸਾਫ਼ਟਵੇਅਰਾਂ ਨਾਲ ਜੋੜ ਕੇ ਪੰਜਾਬੀ ਭਾਸ਼ਾ ਨੂੰ ਜ਼ਿਆਦਾ ਬਿਹਤਰ ਢੰਗ ਨਾਲ ਤਕਨੀਕ ਦੇ ਹਾਣ ਦਾ ਬਣਾਇਆ ਜਾ ਸਕਦਾ ਹੈ। 'ਡਿਜੀਟਲ ਯੁੱਗ ਅਤੇ ਪੰਜਾਬੀ ਭਾਸ਼ਾ' ਬਾਰੇ ਪੇਪਰ ਪੇਸ਼ ਕਰਦਿਆਂ ਡਾ. ਸੀ ਪੀ ਕੰਬੋਜ ਨੇ ਪੰਜਾਬੀ ਭਾਸ਼ਾ ਨਾਲ ਸੰਬੰਧਤ ਜਿੰਨੇ ਵੀ ਸਾਫ਼ਟਵੇਅਰ ਬਣ ਚੁੱਕੇ ਹਨ, ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਤੇ ਸਮੂਹ ਲੇਖਕਾਂ ਅਤੇ ਆਮ ਪੰਜਾਬੀਆਂ ਨੂੰ ਯੂਨੀਕੋਡ ਫ਼ੌਂਟ ਵਰਤਣ ਦੀ ਤਾਕੀਦ ਕੀਤੀ। ਖੋਜ-ਪੱਤਰਾਂ 'ਤੇ ਟਿੱਪਣੀ ਅਤੇ ਧੰਨਵਾਦ ਡਾ. ਹਰਵਿੰਦਰ ਸਿੰਘ ਸਿਰਸਾ ਨੇ ਕੀਤਾ। ਕਾਨਫ਼ਰੰਸ ਦੇ ਚੌਥੇ ਸੈਸ਼ਨ ਵਿਚ 'ਆਤੂ ਖੋਜੀ' ਫ਼ਿਲਮ ਜਿਸ ਦੇ ਲੇਖਕ ਗੁਰਮੀਤ ਕੜਿਆਲਵੀ ਹਨ ਤੇ ਮੁੱਖ ਕਿਰਦਾਰ ਸੈਮੂਅਲ ਜੌਹਨ, ਨਿਰਦੇਸ਼ਕ ਡਾ. ਰਾਜੀਵ ਕੁਮਾਰ ਹਨ, ਦਿਖਾਈ ਗਈ।

### ਕਾਮਰੇਡ ਜਗਰੂਪ ਸਿੰਘ...

ਕਿ ਇਹ ਕਿਤਾਬ ਨਿਰਾਸ਼ ਹੋਈਆਂ ਇਨਕਲਾਬੀ ਧਿਰਾਂ ਅਤੇ ਜਥੇਬੰਦੀਆਂ ਵਿੱਚ ਨਵੀਂ ਰੂਹ ਫ਼ੂਕਦੀ ਹੈ ਅਤੇ ਨਵੇਂ ਅਤੇ ਸੌਖੇ ਰੂਪ ਵਿੱਚ ਸਿਧਾਂਤਕ ਹਥਿਆਰਾਂ ਨਾਲ ਲੈਸ ਕਰਦੀ ਹੈ। ਇਸ ਮੌਕੇ ਆਗੂਆਂ ਨੇ ਸਮੁੱਚੇ ਰੂਪ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਮਾਰਕਸਵਾਦੀ ਸਿਧਾਂਤ ਕੌਮਾਂਤਰੀ ਪੱਧਰ 'ਤੇ ਹਮੇਸ਼ਾ ਜਿਉਂਦਾ ਹੈ ਅਤੇ ਜਿਉਂਦਾ ਰਹੇਗਾ।

ਮਾਰਕਸਵਾਦ ਦੇ ਸਿਧਾਂਤ ਨੂੰ ਲਾਗੂ ਕੀਤੇ ਤੋਂ ਬਿਨਾਂ ਸਮੁੱਚੀ ਲੁਕਾਈ ਦਾ ਭਲਾ ਨਹੀਂ ਹੋ ਸਕਦਾ।

ਹੋਰਨਾਂ ਤੋਂ ਇਲਾਵਾ ਐਪਸੋ ਆਗੂ ਸਵਰਨ ਖੋਸਾ, ਰੋਡਵੇਜ਼ ਮੁਲਾਜ਼ਮਾਂ ਦੇ ਆਗੂ ਗੁਰਜੰਟ ਸਿੰਘ ਕੋਕਰੀ, ਸੁਰਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ, ਸਾਬਕਾ ਅਧਿਆਪਕ ਆਗੂ ਬਲਬੀਰ ਸਿੰਘ ਰਾਮੂਵਾਲਾ, ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਭੁਪਿੰਦਰ ਸਿੰਘ ਸੇਖੋਂ, ਸਤਪਾਲ ਸਹਿਗਲ ਤੇ ਪੋਹਲਾ ਸਿੰਘ ਵੀ ਮੌਜੂਦ ਸਨ।

### ਸਿਰ ਵੱਢ ਕੇ ਲਾਸ਼...

ਮ੍ਰਿਤਕ ਦਾ ਸਿਰ ਵੀ ਗੰਦੇ ਨਾਲੇ ਵਿੱਚੋਂ ਬਰਾਮਦ ਕਰ ਲਿਆ ਗਿਆ। ਸੋਨੂੰ ਦੇ ਖਿਲਾਫ ਪਹਿਲਾਂ ਵੀ ਸ਼ਹਿਰ ਵਾਸੀ ਕਈ ਵਾਰ ਪੁਲਸ ਨੂੰ ਸ਼ਿਕਾਇਤਾਂ ਦੇ ਚੁੱਕੇ ਸਨ ਕਿ ਇਹ ਇੱਕ ਨਸ਼ੇੜੀ ਅਤੇ ਅਪਰਾਧਿਕ ਕਿਸਮ ਦਾ ਵਿਅਕਤੀ ਹੈ, ਜੋ ਕਿਸੇ ਸਮੇਂ ਵੱਡੀ ਘਟਨਾ ਨੂੰ ਅੰਜਾਮ ਦੇ ਸਕਦਾ ਹੈ, ਪਰ ਲੋਕਾਂ ਦੀ ਮੰਨੀਏ ਤਾਂ ਪੁਲਸ ਨੇ ਕਈ ਦਿਨ ਬੀਤ ਜਾਣ ਦੇ ਬਾਵਜੂਦ ਇਸ ਨੂੰ ਪੁੱਛਗਿੱਛ ਲਈ ਨਹੀਂ ਬੁਲਾਇਆ।

ਮ੍ਰਿਤਕ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤ ਨੇ ਕਿਸੇ ਨਾਲ ਲੜਨਾ ਤਾਂ ਦੂਰ, ਉਹ ਕਦੇ ਉੱਚਾ ਵੀ ਨਹੀਂ ਬੋਲਦਾ ਸੀ ਤੇ ਪਤਾ ਨਹੀਂ ਕਿਹੜੀ ਰੰਜਿਸ਼ ਵਿੱਚ ਕਾਤਲ ਨੇ ਮਾਰ ਦਿੱਤਾ।

ਸਿਰ ਨਾਲੇ ਵਿੱਚੋਂ ਹੀ ਮਿਲਣ 'ਤੇ ਰਿਸ਼ਤੇਦਾਰ ਭੜਕ ਉੱਠੇ ਅਤੇ ਦੋਸ਼ੀ ਨੂੰ ਉਨ੍ਹਾਂ ਹਵਾਲੇ ਕਰਨ ਦੀ ਮੰਗ ਕਰਦਿਆਂ ਚੌਂਕੀ ਦਾ ਘੇਰਾਓ ਕੀਤਾ ਅਤੇ ਇਸ ਮੌਕੇ ਪੁਲਸ ਨਾਲ ਧੱਕਾਮੁੱਕੀ ਵੀ ਹੋਈ। ਮਾਹੌਲ ਕਈ ਮੋਹਤਬਰ ਵਿਅਕਤੀਆਂ ਦੇ ਸਮਝਾਉਣ ਨਾਲ ਸ਼ਾਂਤ ਹੋਇਆ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ। ਮੌਕੇ 'ਤੇ ਪੁੱਜੇ ਸੀਨੀਅਰ ਬਸਪਾ ਆਗੂ ਮਦਨ ਲਾਲ ਮੱਦੀ ਨੇ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਨੂੰ ਨਿਸ਼ਾਨਾ ਬਣਾਉਂਦਿਆਂ ਚੌਂਕੀ ਇੰਚਾਰਜ ਵੱਲੋਂ ਸ਼ਿਕਾਇਤਾਂ ਮਿਲਣ ਦੇ ਬਾਵਜੂਦ ਕਾਰਵਾਈ ਨਾ ਕਰਨ ਤੇ ਉਸ ਖਿਲਾਫ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਤਾਂ ਇਸ ਦੌਰਾਨ ਥਾਣਾ ਮੁਖੀ ਵੱਲੋਂ ਉਨ੍ਹਾਂ ਦੀ ਵੀਡੀਓ ਬਣਾਉਣ ਨੂੰ ਲੈ ਕੇ ਆਪਣਾ ਵਿਰੋਧ ਦਰਜ ਕਰਦਿਆਂ ਕਿਹਾ ਕਿ ਥਾਣਾ ਮੁਖੀ ਵੱਲੋਂ ਬਣਾਈ ਜਾ ਰਹੀ ਵੀਡੀਓ ਦਾ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ, ਉਹ ਸੱਚ ਦੇ ਨਾਲ ਖੜ੍ਹੇ ਹਨ।

### ਬਲਬੀਰ ਬਾਸੀ ...

ਬਲਬੀਰ ਬਾਸੀ ਦੀ ਯਾਦ 'ਚ ਸ਼ੋਕ ਸਭਾ ਕੀਤੀ ਗਈ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਗੁਰਮੀਤ, ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਵਿਜੈ ਬੰਬੇਲੀ ਤੇ ਹਰਵਿੰਦਰ ਭੰਡਾਲ ਤੋਂ ਇਲਾਵਾ ਬਲਬੀਰ ਬਾਸੀ ਦੇ ਦੋਸਤ ਕੇਸਰ ਸਿੰਘ ਵੀ ਹਾਜ਼ਰ ਸਨ। ਬਲਬੀਰ ਸਿੰਘ ਦੇ ਜੀਵਨ ਸੰਬੰਧੀ ਗੰਭੀਰ ਵਿਚਾਰਾਂ ਹੋਈਆਂ। ਉਹਨਾਂ ਦੀ ਦੇਸ਼ ਭਗਤ ਯਾਦਗਾਰ ਹਾਲ, ਸਮਾਜ ਅਤੇ ਲੋਕ-ਪੱਖੀ ਜਮਹੂਰੀ ਲਹਿਰਾਂ ਪ੍ਰਤੀ ਦੇਣ ਨੂੰ ਸਿਜਦਾ ਕੀਤਾ ਗਿਆ। ਸ਼ੋਕ ਸਭਾ ਨੇ ਐਡਵੋਕੇਟ ਬਲਬੀਰ ਬਾਸੀ ਦੇ ਸੁਹਿਰਦ ਯੋਗਦਾਨ ਦੀ ਕਦਰ ਕਰਦਿਆਂ ਉਸ ਨੂੰ ਸੰਭਾਲਣ ਦਾ ਅਹਿਦ ਲਿਆ।

## ਹੋਲੀ ਹਾਰਟ ਸਕੂਲ 'ਚ ਨਵੇਂ ਆਏ ਬੱਚਿਆਂ ਦਾ ਸਵਾਗਤ




**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਜਿਹੜੇ ਬੱਚਿਆਂ ਨੇ ਨਵਾਂ ਦਾਖਲਾ ਲਿਆ ਸੀ।ਉਨ੍ਹਾਂ ਬੱਚਿਆਂ ਨੂੰ ਜੀ ਆਇਆਂ ਆਖਿਆ ਗਿਆ।ਉਨ੍ਹਾਂ ਬੱਚਿਆਂ ਲਈ ਇੱਕ ਮਨੋਰੰਜਨ ਪ੍ਰੋਗਰਾਮ ਰੱਖਿਆ ਗਿਆ, ਜਿਸ ਦੇ ਵਿੱਚ ਛੋਟੇ ਬੱਚਿਆਂ ਵੱਲੋਂ ਮਨਮੋਹਕ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਦਾ ਸਾਰੇ ਬੱਚਿਆਂ ਤੇ ਅਧਿਆਪਕਾਂ ਨੇ ਬਹੁਤ ਆਨੰਦ ਮਾਣਿਆ।ਇਸ ਦੇ ਨਾਲ ਹੀ ਜਿਹੜੇ ਸਕੂਲ ਅਧਿਆਪਕ ਨਵੇਂ ਲੱਗੇ ਸਨ, ਉਨ੍ਹਾਂ ਦਾ ਵੀ ਸਵਾਗਤ ਕੀਤਾ ਗਿਆ।ਇਸ ਸਮੇਂ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਵੱਲੋਂ ਨਵੇਂ ਬੱਚਿਆਂ ਨਾਲ ਕੁਝ ਵਿਚਾਰ ਸਾਂਝੇ ਗਏ ਕੀਤੇ ਗਏ।ਇਸ ਸਮੇਂ ਚੇਅਰਮੈਨ ਸੁਭਾਸ਼ ਪਲਤਾ ਵੱਲੋਂ ਨਵੇਂ ਬੱਚਿਆਂ ਨਾਲ ਵਿਚਾਰ ਸਾਂਝੇ ਕੀਤੇ ਗਏ।

ਉਨ੍ਹਾਂ ਬੱਚਿਆਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਬੱਚਿਆਂ ਨੂੰ ਆਪਣੀ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।ਇਸ ਮੌਕੇ ਸਕੂਲ ਸਕੂਲ ਸਟਾਫ ਹਾਜ਼ਰ ਸੀ।

## ਕੁਸ਼ਟ ਆਸ਼ਰਮ 'ਚ ਫਲ ਵੰਡ ਕੇ ਮਨਾਈ ਵਿਆਹ ਦੀ ਵਰ੍ਹੇਗੰਢ



**ਭੀਖੀ (ਧਰਮਵੀਰ ਸ਼ਰਮਾ)**-ਭਾਜਪਾ ਆਗੂ ਤੇ ਸਮਾਜ ਸੇਵੀ ਡਾ. ਗੁਰਤੇਜ ਸਿੰਘ ਚਹਿਲ ਸਾਬਕਾ ਸਰਪੰਚ ਸਮਾਉਂ ਨੇ ਆਪਣੀ 26ਵੀਂ ਵਿਆਹ ਦੀ ਵਰ੍ਹੇਗੰਢ ਪਿੰਡ ਸਮਾਉਂ ਦੇ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕਰਨ ਤੋਂ ਬਾਅਦ ਕੁਸ਼ਟ ਆਸ਼ਰਮ ਮਾਨਸਾ ਵਿਖੇ ਫਲ ਵੰਡ ਕੇ ਮਨਾਈ ਗਈ। ਇਸ ਮੌਕੇ ਡਾ. ਚਹਿਲ ਨੇ ਕਿਹਾ ਕਿ ਸਾਨੂੰ ਆਪਣੇ ਯਾਦਗਾਰੀ ਦਿਨ ਗਰੀਬ ਤੇ ਜ਼ਰੂਰਤਮੰਦ ਲੋਕਾਂ ਦੀ ਮਦਦ ਕਰਕੇ ਮਨਾਉਣੇ ਚਾਹੀਦੇ ਹਨ। ਉਨ੍ਹਾ ਕਿਹਾ ਕਿ ਉਨ੍ਹਾਂ ਵੱਲੋਂ ਅਜਿਹੇ ਸਮੇਂ ਵਿੱਚ ਕੁਸ਼ਟ ਆਸ਼ਰਮ ਮਾਨਸਾ ਵਿਖੇ ਪੁੱਜ ਕੇ ਉੱਥੇ ਰਹਿ ਰਹੇ ਲੋਕਾਂ ਦੀ ਸੇਵਾ ਕਰਕੇ ਅਜਿਹੇ ਪ੍ਰੋਗਰਾਮਾਂ ਨੂੰ ਯਾਦਗਾਰੀ ਬਣਾਇਆ ਜਾਂਦਾ ਹੈ, ਉੱਥੇ ਅਜਿਹੇ ਲੋਕਾਂ ਨਾਲ ਯਾਦਗਾਰੀ ਦਿਨ ਮਨਾਉਣੇ ਸਾਰਥਕ ਵੀ ਹੋ ਜਾਂਦੇ ਹਨ। ਇਸ ਤੋਂ ਬਾਅਦ ਉਨ੍ਹਾ ਬਾਬਾ ਸੁੱਚਾ ਸਿੰਘ ਨਰਸਿੰਗ ਕਾਲਜ ਦੇ ਸਟਾਫ ਤੇ ਵਿਦਿਆਰਥੀਆਂ ਨਾਲ ਪਰਵਾਰ ਸਮੇਤ ਇਹ ਦਿਨ ਮਨਾ ਕੇ ਖੁਸ਼ੀ ਸਾਂਝੀ ਕੀਤੀ। ਇਸ ਮੌਕੇ ਉਨ੍ਹਾ ਆਸ਼ਰਮ ਵਿਖੇ ਬਣੇ ਸ਼੍ਰੀ ਰਾਧਾ ਕ੍ਰਿਸ਼ਨ ਮੰਦਰ ਵਿਖੇ ਨਤਮਸਤਕ ਹੋ ਕੇ ਕੁਸ਼ਟ ਆਸ਼ਰਮ ਨੂੰ ਸੀਮਿੰਟ ਦੀਆਂ ਬੋਰੀਆਂ ਵੀ ਦਾਨ ਦਿੱਤੀਆਂ। ਇਸ ਮੌਕੇ ਇੰਦਰਜੀਤ ਕੌਰ ਚਹਿਲ ਇੰਦੂ, ਆਫਤਾਬ ਸਿੰਘ ਚਹਿਲ, ਮਹਿਤਾਬ ਸਿੰਘ ਚਹਿਲ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਸੀ ਜੀ ਐੱਮ ਕਾਲਜ ਮੋਹਲਾਂ 'ਚ ਵਿਦਾਇਗੀ ਪਾਰਟੀ ਕਰਵਾਈ



**ਮਲੋਟ (ਗੁਰਮੀਤ ਸਿੰਘ ਮੱਕੜ)**-ਸੀ.ਜੀ.ਐੱਮ. ਕਾਲਜ ਮੋਹਲਾਂ ਵਿਖੇ ਬੀ. ਏ. ਦੇ ਤੀਜੇ ਸਾਲ ਤੇ ਐੱਮ.ਏ. ਦੇ ਦੂਜੇ ਸਾਲ ਦੇ ਵਿਦਿਆਰਥੀਆਂ ਲਈ ਵਿਦਾਇਗੀ ਸਮਾਗਮ ਰੱਖਿਆ ਗਿਆ। ਇਸ ਪਾਰਟੀ ਦੀ ਸ਼ੁਰੂਆਤ ਸਹਾਇਕ ਪ੍ਰੋਫੈਸਰ ਗਗਨਦੀਪ ਸਿੰਘ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਸਵਾਗਤੀ ਭਾਸ਼ਣ ਨਾਲ ਕੀਤੀ। ਇਸ ਤੋਂ ਬਾਅਦ ਕਾਲਜ ਚੇਅਰਮੈਨ ਸੱਤਪਾਲ ਮੋਹਲਾਂ ਨੇ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਨੂੰ ਉੱਚ ਮੁਕਾਮ ਹਾਸਲ ਕਰਨ ਲਈ ਪ੍ਰੇਰਨਾ ਦਿੱਤੀ। ਚੇਅਰਮੈਨ ਨੇ ਆਪਣੀ ਜ਼ਿੰਦਗੀ ਦੇ ਨਿੱਜੀ ਤਜਰਬਿਆਂ ਨੂੰ ਸਾਂਝਾ ਕਰਦੇ ਹੋਏ ਵਿਦਿਆਰਥੀਆਂ ਨੂੰ ਮਿਹਨਤ ਕਰਨ ਲਈ ਉਤਸ਼ਾਹਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਸੁਨਹਿਰੀ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਕਮੇਟੀ ਮੈਂਬਰ ਜਗਤਾਰ ਬਰਾੜ ਨੇ ਕਿਹਾ ਕਿ ਕਾਲਜ ਦੀ ਪੜ੍ਹਾਈ ਦੌਰਾਨ ਚੰਗੇ ਅੰਕ ਪ੍ਰਾਪਤ ਕਰਕੇ ਤੇ ਹੋਰਨਾਂ ਗਤੀਵਿਧੀਆਂ ਵਿੱਚ ਭਾਗ ਲੈ ਕੇ ਜਿਨ੍ਹਾਂ ਵਿਦਿਆਰਥੀਆਂ ਨੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ, ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਕਾਲਜ ਮੈਨੇਜਮੈਂਟ ਨਵਜੀਤ ਮੋਹਲਾਂ ਤੇ ਰਾਜ ਕੁਮਾਰ ਵੀ ਹਾਜ਼ਰ ਸਨ। ਇਸ ਪਾਰਟੀ ਵਿੱਚ ਵਿਦਿਆਰਥੀਆਂ ਨੇ ਸੱਭਿਆਚਾਰਕ ਗਤੀਵਿਧੀਆਂ 'ਚ ਭਾਗ ਲਿਆ। ਆਪਣੀ ਕਾਬਲੀਅਤ ਦਾ ਜ਼ੋਰ ਦਿਖਾਉਂਦੇ ਹੋਏ ਮਿਸਟਰ ਫੇਅਰਵੈੱਲ ਦਾ ਖਿਤਾਬ ਲਵਪ੍ਰੀਤ ਸਿੰਘ ਤੇ ਮਿਸ. ਫੇਅਰਵੈੱਲ ਦਾ ਖਿਤਾਬ ਲਖਵੀਰ ਕੌਰ ਨੇ ਪ੍ਰਾਪਤ ਕੀਤਾ। ਇਸ ਮੌਕੇ ਪ੍ਰੋਫੈਸਰ ਗਗਨਦੀਪ ਸਿੰਘ ਤੇ ਪ੍ਰੋ. ਸਿੰਮੀਪ੍ਰੀਤ ਕੌਰ ਤੋਂ ਇਲਾਵਾ ਪ੍ਰੋ. ਸੁਮਨ ਗਾਂਧੀ, ਪ੍ਰੋ. ਜਰਮਨਬੀਰ ਸਿੰਘ, ਪ੍ਰੋ. ਨਿਰਮਲ ਕੌਰ, ਪ੍ਰੋ. ਹਰਜੀਤ ਕੌਰ, ਪ੍ਰੋ. ਪਵਨਪ੍ਰੀਤ ਸਿੰਘ, ਪ੍ਰੋ. ਸਰਬਜੀਤ ਕੌਰ, ਪ੍ਰੋ. ਮਨਦੀਪ ਕੌਰ, ਪ੍ਰੋ. ਛਿੰਦਰਪਾਲ ਕੌਰ ਆਦਿ ਹਾਜ਼ਰ ਸਨ।


**AXIS BANK LTD.**
**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮ: ਦੂਜੀ ਮੰਜ਼ਲ, ਜਾਇਦਾਦ 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : 'ਐਕਸਿਸ ਹਾਊਸ', ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : 'ਤ੍ਰਿਸ਼ੂਲ' ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਿਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੂ.) |
|---|---|---|---|---|
| ਮੈਸਰਜ਼ ਸੁਖਵਿੰਦਰ ਸਿੰਘ ਕਮਿਸ਼ਨ ਏਜੰਟ (ਰਾਹੀਂ ਇਸ ਦੇ ਮਾਲਕ) ਮਾਰਫਤ 147, ਕੋਹਰ ਸਿੰਘ ਵਾਲਾ, ਤਹਿਸੀਲ ਗੁਰੂ ਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ (ਪੰਜਾਬ) 152022, ਸ੍ਰੀ ਸੁਖਮੰਦਰ ਸਿੰਘ ਪੁੱਤਰ ਜੀਤ ਸਿੰਘ (ਮਾਲਕ) ਕੋਹਰ ਸਿੰਘ ਵਾਲਾ, ਗੁਰੂਹਰਸਹਾਏ (ਦਿਹਾਤੀ) ਤਹਿਸੀਲ ਗੁਰੂਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ (ਪੰਜਾਬ) 152022, ਸ੍ਰੀ ਲਖਵਿੰਦਰ ਸਿੰਘ ਪੁੱਤਰ ਸ੍ਰੀ ਜੀਤ ਸਿੰਘ ਕੋਹਰ ਸਿੰਘ ਵਾਲਾ, ਗੁਰੂ ਹਰਸਹਾਏ (ਦਿਹਾਤੀ) ਤਹਿਸੀਲ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ (ਪੰਜਾਬ) 152022 | ਜਾਇਦਾਦ ਨੰ. 1: ਬੈਨਾਮਾ ਨੰ. 2319 ਮਿਤੀ 01.03.2017 ਅਨੁਸਾਰ ਸੁਖਮੰਦਰ ਸਿੰਘ ਪੁੱਤਰ ਜੀਤ ਸਿੰਘ ਵਾਸੀ ਪਿੰਡ ਕੋਹਰ ਸਿੰਘ ਵਾਲਾ, ਤਹਿਸੀਲ ਗੁਰੂ ਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ ਦੇ ਨਾਂਅ ਜਾਇਦਾਦ/ਵਪਾਰਕ ਦੁਕਾਨ ਰਕਬਾ 03 ਅਪ੍ਰੈਲ 06 ਸਰਸਾਈ (15'×55 ਵਰਗ ਫੁੱਟ), 07 ਮਰਲਾ 03 ਸਰਸਾਈ ਦਾ ਅੱਧਾ ਹਿੱਸਾ, ਖਸਰਾ ਨੰ. 198 ਐੱਮ (0-7-3), ਖੇਵਟ ਨੰ. 114, ਖਤੌਨੀ ਨੰ. 127, ਜਮ੍ਹਾਂਬੰਦੀ ਸਾਲ 2010-11, ਮੰਡੀ ਗੁਰੂ ਹਰਸਹਾਏ, ਤਹਿਸੀਲ ਗੁਰੂ ਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਗਲੀ ਐੱਸ ਬੀ ਆਈ ਬੈਂਕ, ਪੱਛਮ : ਲਾਡੀ ਪੁੱਗਲ, ਉੱਤਰ : ਦੀਪਕ ਬਜਾਜ, ਦੱਖਣ : ਸੁਭਾਸ਼ ਗਲਹੋਤਰਾ। | 19 ਫਰਵਰੀ 2024 | 24 ਅਪ੍ਰੈਲ 2024 | ਰੁ. 6485125.1/- (ਚੌਹਟ ਲੱਖ ਪਚਾਸੀ ਹਜ਼ਾਰ ਇੱਕ ਸੌ ਪੰਝੀ ਰੁਪਏ ਅਤੇ ਇੱਕ ਪੈਸਾ ਕੇਵਲ) |
| | ਜਾਇਦਾਦ ਨੰ. 2. ਤਬਾਦਲਾ ਬੈਨਾਮੇ ਨੰ. 105 ਮਿਤੀ 15.04.2019 ਅਨੁਸਾਰ ਲਖਵਿੰਦਰ ਸਿੰਘ ਅਤੇ ਸੁਖਮੰਦਰ ਸਿੰਘ ਦੋਵੇਂ ਪੁੱਤਰ ਜੀਤ ਸਿੰਘ ਵਾਸੀ ਪਿੰਡ ਕੋਹਰ ਸਿੰਘ ਵਾਲਾ, ਤਹਿਸੀਲ ਗੁਰੂ ਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ ਦੇ ਨਾਂਅ ਜਾਇਦਾਦ/ਰਿਹਾਇਸ਼ੀ ਮਕਾਨ ਰਕਬਾ 03 ਕਨਾਲ 00 ਮਰਲਾ (ਪੈਮਾਇਸ਼ 16319 ਵਰਗ ਫੁੱਟ) ਜਿਸ ਦਾ ਵੇਰਵਾ ਹੇਠ ਦਿੱਤਾ ਗਿਆ ਹੈ।(1) ਜ਼ਮੀਨ 01 ਕਨਾਲ 00 ਮਰਲਾ 02 ਕਨਾਲ 00 ਮਰਲਾ ਦਾ 1/2 ਹਿੱਸਾ ਖੇਵਟ ਨੰ. 302, ਖਤੌਨੀ ਨੰ. 625, ਖਸਰਾ ਨੰ. 206 (2-0) ਅਤੇ (2) ਜ਼ਮੀਨ ਰਕਬਾ 02 ਕਨਾਲ 00 ਮਰਲਾ, ਕੁੱਲ ਖੇਵਟ ਨੰ. 304, ਖਤੌਨੀ ਨੰ. 627-630 ਦਾ 40/2042 ਹਿੱਸਾ, ਜ਼ਮੀਨ ਰਕਬਾ 102 ਕਨਾਲ 02 ਮਰਲਾ, ਪਿੰਡ ਕੋਹਰ ਸਿੰਘ ਵਾਲਾ, ਤਹਿਸੀਲ ਗੁਰੂ ਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ, ਜਮ੍ਹਾਂਬੰਦੀ ਸਾਲ 2014-15 ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਟੇਕ ਸਿੰਘ, ਪੱਛਮ : ਮੁਖਤਿਆਰ ਸਿੰਘ, ਉੱਤਰ : ਗਲੀ, ਦੱਖਣ : ਜਸਕਰਨ ਸਿੰਘ, ਹਰਚਰਨ ਸਿੰਘ। | | | |

ਮਿਤੀ : 28.04.2024, ਸਥਾਨ : ਗੁਰੂਹਰਸਹਾਏ ਸਹੀ/- (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕਾਮਰੇਡ ਗੁਰਦਿਆਲ ਦੀ ਚੋਣ ਮੁਹਿੰਮ ਸੰਬੰਧੀ ਹੰਗਾਮੀ ਮੀਟਿੰਗ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਖਡੂਰ ਸਾਹਿਬ ਦੀ ਚੋਣ ਮੁਹਿੰਮ ਨੂੰ ਸਰਗਰਮ ਕਰਨ ਲਈ ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਗੰਡੀਵਿੰਡ ਦੇ ਵਰਕਰਾਂ ਦੀ ਹੰਗਾਮੀ ਮੀਟਿੰਗ ਕਸ਼ਮੀਰ ਸਿੰਘ ਛੀਨਾ ਤੇ ਮੋਤਾ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਸਥਾਨਕ ਕਾਮਰੇਡ ਸਰਵਨ ਸਿੰਘ ਸੋਹਲ ਭਵਨ ਵਿੱਚ ਹੋਈ।ਪਾਰਟੀ ਵੱਲੋਂ ਲੋਕ ਸਭਾ ਚੋਣਾਂ ਵਿੱਚ ਉਮੀਦਵਾਰ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਦਾ ਮੀਟਿੰਗ ਵਿੱਚ ਪਹੁੰਚਣ ਦਾ ਹਾਰਦਿਕ ਸਵਾਗਤ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਮਿਊਨਿਸਟ ਪਾਰਟੀ ਦੇ ਆਗੂ ਕਾਮਰੇਡ ਸੁਖਚੈਨ ਸਿੰਘ, ਪੰਜਾਬ ਇਸਤਰੀ ਸਭਾ ਦੀ ਜਨਰਲ ਸਕੱਤਰ ਰਾਜਿੰਦਰ ਪਾਲ ਕੌਰ, ਜ਼ਿਲ੍ਹਾ ਸਕੱਤਰ ਕਾਮਰੇਡ ਦਵਿੰਦਰ ਸੋਹਲ ਤੇ ਕਿਸਾਨ ਸਭਾ ਦੇ ਆਗੂ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਅੱਜ ਲੋਕਾਂ ਨੂੰ ਦੱਸਣ ਦੀ ਲੋੜ ਹੈ ਕਿ ਇਸ ਕੁਰੱਪਟ ਰਾਜ ਪ੍ਰਬੰਧ ਤੋਂ ਛੁਟਕਾਰਾ ਪਾਉਣ ਲਈ ਕਮਿਊਨਿਸਟ ਪਾਰਟੀ ਹੀ ਗਰੰਟੀ ਕਰਦੀ ਹੈ।ਕਮਿਊਨਿਸਟ ਪਾਰਟੀ ਹੀ ਲੋਕਾਂ ਲਈ ਰੁਜ਼ਗਾਰ ਗਰੰਟੀ, ਵਿੱਦਿਆ ਗਰੰਟੀ ਤੇ ਸਿਹਤ ਦੀ ਗਰੰਟੀ ਕਰ ਸਕਦੀ ਹੈ।

ਅੱਜ ਦੇਸ਼ ਵਿੱਚ ਭਾਜਪਾ ਦਾ ਰਾਜ ਪ੍ਰਬੰਧ ਹਕੀਕਤ ਵਿੱਚ ਕਾਰਪੋਰੇਟ ਘਰਾਣਿਆਂ ਦਾ ਰਾਜ ਹੈ।ਉਨ੍ਹਾਂ ਦਾ 16 ਲੱਖ ਕਰੋੜ ਰੁਪਿਆ ਕਰਜ਼ਾ ਮੁਆਫ਼ ਕਰ ਦਿੱਤਾ ਹੈ ਜਦੋਂਕਿ ਗਰੀਬ ਕਿਸਾਨਾਂ/ਮਜ਼ਦੂਰਾਂ ਦਾ ਕਰਜ਼ਾ ਮੁਆਫ਼ ਨਹੀਂ ਕੀਤਾ ਗਿਆ।ਕਮਿਊਨਿਸਟ ਪਾਰਟੀ ਦੇ ਰਾਜ ਪ੍ਰਬੰਧ ਵਿੱਚ ਹੀ ਕਿਸਾਨਾਂ/ਮਜ਼ਦੂਰਾਂ ਤੇ ਹੋਰ ਮਿਹਨਤਕਸ਼ ਲੋਕਾਂ ਨੂੰ ਨਿਆਂ ਮਿਲੇਗਾ।ਇਸ ਮੌਕੇ ਪਾਰਟੀ ਉਮੀਦਵਾਰ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਕਿਹਾ ਕਿ ਮੈਂ ਹਮੇਸ਼ਾ ਆਮ ਲੋਕਾਂ ਦੇ ਅੰਗ-ਸੰਗ ਰਹਿੰਦਾ ਹਾਂ ਤੇ ਰਹਾਂਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਧੂੰਦਾ, ਗੁਰਬਿੰਦਰ ਸਿੰਘ ਸੋਹਲ, ਸੁਰਿੰਦਰ ਸਿੰਘ ਬਿੱਲਾ, ਪੰਜਾਬ ਸਿੰਘ ਕਸੇਲ, ਜਗਜੀਤ ਸਿੰਘ ਮੰਨਣ, ਹੀਰਾ ਸਿੰਘ ਛਿਛਰੇਵਾਲ, ਅਸ਼ੋਕ ਕੁਮਾਰ ਸੋਹਲ, ਸੁਲੱਖਣ ਸਿੰਘ ਗੰਡੀਵਿੰਡ, ਜਗਤਾਰ ਸਿੰਘ ਜੱਗਾ, ਤਰਸੇਮ ਛੀਨਾ, ਸਾਹਿਬ ਸਾਬੀ ਆਦਿ ਹਾਜ਼ਰ ਸਨ।

# ਕੇਂਦਰ ਵੱਲੋਂ ਪੰਜਾਬ ਦੀਆਂ ਮੰਡੀਆਂ ਦੇ ਵਿਕਾਸ ਲਈ ਫੰਡ ਨਹੀਂ ਦਿੱਤਾ ਜਾ ਰਿਹਾ : ਸ਼ੈਰੀ ਕਲਸੀ



**ਬਟਾਲਾ/ਫਤਿਹਗੜ੍ਹ ਚੂੜੀਆਂ (ਤਰਲੋਕ ਬੱਗਾ)**-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ਼ੈਰੀ ਕਲਸੀ ਨੇ ਵਿਧਾਨ ਸਭਾ ਹਲਕਾ ਫਤਿਹਗੜ੍ਹ ਚੂੜੀਆਂ ਦੇ ਇੰਚਾਰਜ ਬਲਬੀਰ ਸਿੰਘ ਪੰਨੂ ਦੀ ਅਗਵਾਈ ਵਿੱਚ ਆੜ੍ਹਤੀਆਂ ਵੱਲੋਂ ਕਰਵਾਈ ਗਈ ਮੀਟਿੰਗ ਵਿੱਚ ਸ਼ਿਰਕਤ ਕੀਤੀ।ਇਸ ਮੌਕੇ ਆੜ੍ਹਤੀਆਂ ਵੱਲੋਂ ਸ਼ੈਰੀ ਕਲਸੀ ਦਾ ਬੜੇ ਹੀ ਜੋਸ਼ ਨਾਲ ਸਵਾਗਤ ਕੀਤਾ ਗਿਆ।ਇਸ ਮੌਕੇ ਸ਼ੈਰੀ ਕਲਸੀ ਨੇ ਆੜ੍ਹਤੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਸਭਾ ਹਲਕੇ ਦੇ ਜਿੰਨੇ ਵੀ ਸੰਸਦ ਮੈਂਬਰ ਬਣੇ ਕਿਸੇ ਨੇ ਵੀ ਗੁਰਦਾਸਪੁਰ ਹਲਕੇ ਦੇ ਪਿੰਡਾਂ ਦਾ ਕੁਝ ਨਹੀਂ ਸੰਵਾਰਿਆ।ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਪੰਜਾਬ ਦੇ ਪਿੰਡਾਂ ਦੇ ਵਿਕਾਸ ਲਈ ਫੰਡ ਜਾਰੀ ਨਹੀਂ ਕੀਤੇ ਜਾ ਰਹੇ ਜਿਸ ਕਰਕੇ ਪਿੰਡਾਂ ਅਤੇ ਮੰਡੀਆਂ ਦੇ ਵਿਕਾਸ ਵਿੱਚ ਅੜਚਨਾਂ ਆ ਰਹੀਆ ਹਨ।ਇਸ ਲਈ ਲੋੜ ਹੈ ਕਿ ਤੁਸੀਂ ਆਪਣਾ ਨੁਮਾਇੰਦਾ ਲੋਕ ਸਭਾ ਵਿੱਚ ਭੇਜੋ, ਅਸੀਂ ਤੁਹਾਡੀ ਆਵਾਜ਼ ਬਣ ਕੇ ਲੋਕ ਸਭਾ ਵਿੱਚ ਗੂੰਜਾਂਗੇ।ਇਸ ਮੌਕੇ ਪੰਨੂ ਨੇ ਵਿਸ਼ਵਾਸ ਦੁਆਇਆ ਕਿ ਉਹ ਦਿਨ-ਰਾਤ ਮਿਹਨਤ ਕਰਕੇ ਹਲਕਾ ਵਾਸੀਆਂ ਦੀਆਂ ਦੁੱਖ ਤਕਲੀਫਾਂ ਦੂਰ ਕਰਨ ਵਿੱਚ ਕੋਈ ਕਸਰ ਨਹੀ ਛੱਡ ਰਹੇ ਜਿਸ ਕਰਕੇ ਲੋਕ ਆਮ ਆਦਮੀ ਪਾਰਟੀ ਦੇ ਨਾਲ ਹਨ ਅਤੇ ਵੱਡੀ ਲੀਡ ਨਾਲ ਜਿੱਤ ਦਿਵਾਉਣਗੇ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸਜਾਇਆ ਅਲੌਕਿਕ ਨਗਰ ਕੀਰਤਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਤੱਕ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਅਤੇ ਸਭਾ-ਸੁਸਾਇਟੀਆਂ ਦੇ ਨੁਮਾਇੰਦਿਆਂ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕਰਕੇ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਨਗਰ ਕੀਰਤਨ ਦੌਰਾਨ ਗਤਕਾ ਪਾਰਟੀਆਂ ਨੇ ਸਿੱਖ ਜੰਗਜੂ ਕਲਾ ਦਾ ਪ੍ਰਗਟਾਵਾ ਕੀਤਾ ਅਤੇ ਬੈਂਡ ਪਾਰਟੀਆਂ ਨੇ ਮਨੋਹਰ ਧੁਨਾਂ ਨਾਲ ਨਗਰ ਕੀਰਤਨ ਦੀ ਸ਼ੋਭਾ ਵਧਾਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਸੰਗਤਾਂ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਦਾ ਜੀਵਨ ਅਤੇ ਉਨ੍ਹਾਂ ਦੀ ਸ਼ਹਾਦਤ ਧਰਮ ਦੀ ਰਖਵਾਲੀ ਲਈ ਉਦਾਹਰਣ ਹੈ। ਉਨ੍ਹਾਂ ਸੰਗਤ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਸ੍ਰੀ ਅਕਾਲ ਤਖ਼ਤ ਤੋਂ ਆਰੰਭ ਹੋਇਆ ਨਗਰ ਕੀਰਤਨ ਸ੍ਰੀ ਗੁਰੂ ਰਾਮਦਾਸ ਜੀ ਨਿਵਾਸ, ਚੌਕ ਪਰਾਗਦਾਸ, ਚੌਕ ਬਾਬਾ ਸਾਹਿਬ, ਚੌਕ ਕਰੋੜੀ, ਰਾਮਸਰ ਰੋਡ, ਬਾਬਾ ਦੀਪ ਸਿੰਘ ਕਲੋਨੀ, ਚੌਕ ਮੋਨੀ, ਹਵੇਲੀ ਅੱਬਲਵਾਈਆਂ, ਚੌਕ ਜੈ ਸਿੰਘ, ਬਜ਼ਾਰ ਲੁਹਾਰਾਂ, ਚੌਕ ਲਛਮਣਸਰ, ਢਾਬ ਬਸਤੀ ਰਾਮ, ਚੌਕ ਛੱਤੀ ਖੂਹੀ, ਬਾਜ਼ਾਰ ਬਾਂਸਾਂ, ਬਾਜ਼ਾਰ ਪਾਪੜਾਂ, ਬਾਜ਼ਾਰ ਕਾਠੀਆਂ ਤੇ ਗੁਰੂ ਬਾਜ਼ਾਰ ਤੋਂ ਹੁੰਦਾ ਹੋਇਆ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਸੰਪੰਨ ਹੋਇਆ।

## ਕੁਲਦੀਪ ਸਿੰਘ ਧਾਲੀਵਾਲ ਦੇ ਹੱਕ 'ਚ ਚੋਣ ਮੀਟਿੰਗ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**-ਅਜਨਾਲਾ ਸ਼ਹਿਰ ਦੀ ਵਾਰਡ ਨੰਬਰ 14 ਵਿੱਚ ਇਕ ਚੋਣ ਮੀਟਿੰਗ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ ਦੇ ਨਿਵਾਸ ਵਿਖੇ ਹੋਈ। ਇਹ ਚੋਣ ਮੀਟਿੰਗ ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂ ਦੇ ਸਾਂਝੇ ਸਹਿਯੋਗ ਨਾਲ ਕਰਵਾਈ ਗਈ ਜਿਸ ਵਿੱਚ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਦੀ ਨੂੰਹ ਮੈਡਮ ਅਮਨਦੀਪ ਕੌਰ ਧਾਲੀਵਾਲ ਨੇ ਸ਼ਿਰਕਤ ਕੀਤੀ। ਇਸ ਮੌਕੇ ਬੋਲਦਿਆਂ ਮੈਡਮ ਧਾਲੀਵਾਲ ਨੇ ਦੋ ਸਾਲਾਂ 'ਚ 'ਆਪ' ਵੱਲੋਂ ਪੰਜਾਬ ਵਿੱਚ ਕੀਤੇ ਵਿਕਾਸ ਦੇ ਆਧਾਰ 'ਤੇ ਲੋਕਾਂ ਨੂੰ ਵੋਟਾਂ ਪਾਉਣ ਦੀ ਬੇਨਤੀ ਕੀਤੀ। ਉਨ੍ਹਾਂ ਨੇ ਕਿਹਾ ਕਿ ਅਜਨਾਲੇ ਸ਼ਹਿਰ ਵਿੱਚ ਵਿਕਾਸ ਦੀ ਹਨੇਰੀ ਲਿਆਂਦੀ ਗਈ ਹੈ ਅਤੇ ਕੁਲਦੀਪ ਸਿੰਘ ਧਾਲੀਵਾਲ ਦੀ ਜਿੱਤ ਯਕੀਨੀ ਹੈ ਅਤੇ ਲੋਕ ਉਨ੍ਹਾਂ ਦੇ ਹੱਕ ਵਿੱਚ ਫਤਵਾ ਦੇਣਗੇ। ਇਸ ਮੌਕੇ ਜਸਪਾਲ ਸਿੰਘ ਭੱਟੀ ਤੇ ਦਵਿੰਦਰ ਸਿੰਘ ਸੋਨੂ ਨੇ ਸਾਰੇ ਆਏ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਜਨਾਲਾ ਸ਼ਹਿਰ ਦੇ ਸਰਗਰਮ ਆਗੂ ਲਾਲਾ ਅਮਿਤ ਔਲ, ਰਾਜਬੀਰ ਕੌਰ ਚਾਹਲ, ਕੌਂਸਲਰ ਨੰਦ ਲਾਲ, ਕੌਂਸਲਰ ਗਿਆਨ ਕੌਰ, ਕੌਂਸਲਰ ਸ਼ਿਵਦੀਪ ਸਿੰਘ ਚਾਹਲ, ਹੈਪੀ ਗਿੱਲ ਅਤੇ ਅਜੇ ਕੁਮਾਰ ਆਦਿ ਹਾਜ਼ਰ ਸਨ।

## ਮਨੋਰੰਜਨ ਨੂੰ ਬਰਕਰਾਰ ਰੱਖਣ ਲਈ ਰੇਡੀਓ ਸਿਟੀ ਜਿਓਟੀਵੀ 'ਤੇ ਲਾਂਚ

**ਜਲੰਧਰ** : ਜੀਵੰਤ ਸੰਗੀਤ ਅਤੇ ਆਕਰਸ਼ਕ ਕੰਟੈਂਟ ਵਿੱਚ ਮੋਹਰੀ ਰੇਡੀਓ ਸਿਟੀ ਜਿਓਟੀਵੀ 'ਤੇ ਆਪਣੀ ਸ਼ੁਰੂਆਤ ਦਾ ਐਲਾਨ ਕਰਦੇ ਹੋਏ ਬਹੁਤ ਖੁਸ਼ੀ ਮਹਿਸੂਸ ਕਰ ਰਿਹਾ ਹੈ।ਰੇਡੀਓ ਸਿਟੀ ਆਰਸੀ ਸਟੂਡੀਓ ਦੇ ਬੈਨਰ ਹੇਠ 24-7 ਵੀਡੀਓ ਚੈਨਲ ਪੇਸ਼ ਕਰਨ ਵਾਲਾ ਦੇਸ਼ ਦਾ ਪਹਿਲਾ ਰੇਡੀਓ ਸਟੇਸ਼ਨ ਬਣ ਗਿਆ ਹੈ।ਆਰ. ਸੀ. ਸਟੂਡੀਓ ਜਿਓ ਟੀਵੀ ਰਾਹੀਂ ਕਨੈਕਟ ਕੀਤੇ ਟੀਵੀ ਤੇ ਵੀ ਉਪਲਬਧ ਹੋਵੇਗਾ ਜੋ ਜਿਓ ਫਾਈਬਰ ਅਤੇ ਏਅਰ ਫਾਈਬਰ ਦਾ ਹਿੱਸਾ ਹੈ।ਰੇਡੀਓ ਸਿਟੀ ਦੇ ਸੀਈਓ ਅਸ਼ਿਤ ਕੁਕੀਅਨ ਨੇ ਆਪਣੀ ਖੁਸ਼ੀ ਜ਼ਾਹਿਰ ਕਰਦੇ ਹੋਏ ਕਿਹਾ ਕਿ ਨਵੀਨਤਾ ਅਤੇ ਵਿਸਤਾਰ ਦੇ ਇਸ ਰੋਮਾਂਚਕ ਮੋੜ ਵਿੱਚ ਮੈਂ ਜਿਓ ਟੀਵੀ ਅਤੇ ਜਿਓ ਟੀਵੀ ਉਤੇ ਸਾਡੇ ਪਾਇਨੀਅਰਿੰਗ ਚੈਨਲ, ਆਰਸੀ ਸਟੂਡੀਓ ਦੇ ਲਾਂਚ ਦਾ ਐਲਾਨ ਕਰਦੇ ਹੋਏ ਬਹੁਤ ਖੁਸ਼ ਹਾਂ।

## ਬਾਬਾ ਬਿਧੀ ਚੰਦ ਸਾਹਿਬ ਦਾ ਸਾਲਾਨਾ ਜੋੜ ਮੇਲਾ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਭਾਰਤ ਅਤੇ ਪਾਕਿਸਤਾਨ ਦੀ ਹੱਦ ਤੇ ਸਥਿਤ ਇਤਿਹਾਸਕ ਗੁਰੂਆਂ ਦਾ ਵਰ ਪ੍ਰਾਪਤ ਨਗਰ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ ਵਿਖੇ ਬਾਬਾ ਬਿਧੀ ਚੰਦ ਸਾਹਿਬ ਦਾ ਸਾਲਾਨਾ ਜੋੜ ਮੇਲਾ ਦਲ ਬਾਬਾ ਬਿਧੀ ਚੰਦ ਸਾਹਿਬ ਜੀ ਦੇ ਦਲ ਪੰਥ ਦੇ ਬਾਰ੍ਹਵੇਂ ਮੌਜੂਦਾ ਮੁਖੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਦੀ ਰਹਿਨੁਮਾਈ ਹੇਠ ਨਗਰ ਇਲਾਕਾ ਅਤੇ ਦੇਸ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੀ ਸ਼ਰਧਾ ਭਾਵਨਾਂ ਨਾਲ ਮਨਾਇਆਂ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਦੀਵਾਨ ਸਜਾਏ ਗਏ ਜਸ ਵਿੱਚ ਰਾਗੀ, ਢਾਡੀ, ਕਥਾਵਾਚਕਾਂ ਨੇ ਬਹਾਦਰ ਬਾਬਾ ਬਿਧੀ ਚੰਦ ਸਾਹਿਬ ਦਾ ਜੀਵਨ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਤ ਬਾਬਾ ਅਵਤਾਰ ਸਿੰਘ ਸੁਰਸਿੰਘ, ਬਾਬਾ ਪ੍ਰੇਮ ਸਿੰਘ, ਬਾਬਾ ਚਰਨਜੀਤ ਸਿੰਘ ਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

## ਮੱਛਰਾਂ ਕਾਰਨ ਉੱਤਰ ਭਾਰਤ ਦੀ ਅੱਧੀ ਤੋਂ ਵੱਧ ਉਤਪਾਦਕਤਾ ਪ੍ਰਭਾਵਿਤ

**ਚੰਡੀਗੜ੍ਹ** : ਭਾਰਤ ਦੀ ਅੱਧੇ ਤੋਂ ਵੱਧ (58%) ਉਤਪਾਦਕਤਾ 'ਤੇ ਬੁਰਾ ਅਸਰ ਪੈ ਰਿਹਾ ਹੈ ਕਿਉਂਕਿ ਮੱਛਰਾਂ ਕਾਰਨ ਲੋਕ ਚੰਗੀ ਤਰ੍ਹਾਂ ਸੌਂ ਨਹੀਂ ਸਕਦੇ, ਤਣਾਅ ਕਾਰਨ ਥੱਕਿਆ ਮਹਿਸੂਸ ਕਰਦੇ ਹਨ। ਗੋਦਰੇਜ ਕੰਜ਼ਿਊਮਰ ਪ੍ਰੋਡਕਟਸ ਲਿਮਿਟਿਡ (ਜੀਸੀਪੀਐੱਲ) ਤੋਂ ਭਾਰਤ ਦੇ ਪ੍ਰਮੁੱਖ ਘਰੇਲੂ ਕੀਟਨਾਸ਼ਕ ਬ੍ਰਾਂਡ, ਗੁੱਡਨਾਈਟ ਦੁਆਰਾ ਪ੍ਰਕਾਸ਼ਤ ਇੱਕ ਸਰਵੇਖਣ ਰਿਪੋਰਟ ਤੋਂ ਇਹ ਮਹੱਤਵਪੂਰਨ ਖੁਲਾਸਾ ਹੋਇਆ ਹੈ। ਆਗਾਮੀ ਵਿਸ਼ਵ ਮਲੇਰੀਆ ਦਿਵਸ (25 ਅਪ੍ਰੈਲ) ਦੀ ਸ਼ੁਰੂਆਤ ਦੇ ਤੌਰ 'ਤੇ ਇਹ ਪੈਨ-ਇੰਡੀਆ ਸਰਵੇਖਣ ਕਰਵਾਇਆ ਗਿਆ।

## 78 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਦਰ ਗੁਰਦਾਸਪੁਰ ਪੁਲਸ ਨੇ ਜ਼ਿਲ੍ਹਾ ਪੁਲਸ ਮੁਖੀ ਦਯਾਮਾ ਹਰੀਸ਼ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਕੀਤੀ ਜਾਂਚ ਦੌਰਾਨ ਪਾਇਆ ਕਿ ਰਕੇਸ਼ ਕੁਮਾਰ ਪੁੱਤਰ ਬੂਟਾ ਰਾਮ ਵਾਸੀ ਬੱਬਰੀ ਜੀਵਨਵਾਲ ਜੋ ਫਾਇਨਾਂਸ ਦਾ ਕੰਮ ਕਰਦਾ ਹੈ। ਰਕੇਸ਼ ਕੁਮਾਰ ਨੇ ਹਰਦੇਵ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਬੱਬਰੀ ਜੀਵਨਵਾਲ ਪਾਸੋਂ 8 ਲੱਖ 50 ਹਜ਼ਾਰ ਰੁਪਏ, ਦਲਜੀਤ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਜਾਪੂਵਾਲ ਪਾਸੋਂ 6 ਲੱਖ ਰੁਪਏ, ਹਰਮਨਜੀਤ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਬੱਬਰੀ ਜੀਵਨਵਾਲ ਪਾਸੋਂ 12 ਲੱਖ ਰੁਪਏ ਅਤੇ ਧਰਮਿੰਦਰ ਸਿੰਘ ਪਾਸੋਂ 53 ਲੱਖ ਰੁਪਏ ਜੋ ਕੁੱਲ 78 ਲੱਖ ਰੁਪਏ ਲੈ ਕੇ ਆਪਣੀ ਫਾਇਨਾਂਸ ਕੰਪਨੀ ਵਿੱਚ ਲਾਏ ਸਨ। ਰਾਕੇਸ਼ ਕੁਮਾਰ ਨੇ ਦਰਖਾਸਤ ਕਰਤਾੜਾਂ ਦੇ 78 ਲੱਖ ਰੁਪਏ ਵਾਪਸ ਨਹੀਂ ਕੀਤੇ। ਪੀੜਤਾਂ ਵੱਲੋਂ ਆਪਣੇ ਪੈਸੇ ਮੰਗਣ 'ਤੇ ਕਥਿਤ ਦੋਸ਼ੀਆਂ ਵਲੋਂ ਧਮਕੀਆਂ ਦਿੱਤੀਆਂ ਜਾਂਦੀਆਂ। ਪੁਲਸ ਨੇ ਪੀੜਤਾਂ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ ਰਾਕੇਸ਼ ਕੁਮਾਰ ਖ਼ਿਲਾਫ਼ ਜ਼ੇਰੇ ਧਾਰਾ 420 ਅਤੇ 506 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਸੰਯੁਕਤ ਕਿਸਾਨ ਮੋਰਚੇ ਵੱਲੋਂ ਚੇਤਨਾ ਮਾਰਚ ਦੀ ਵਿਉਂਤਬੰਦੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਅੰਮ੍ਰਿਤਸਰ ਦੀ ਮੀਟਿੰਗ ਬੀਬੀ ਹਰਦੀਪ ਕੌਰ ਕੋਟਲਾ ਕਿਰਤੀ ਕਿਸਾਨ ਯੂਨੀਅਨ ਦੀ ਪ੍ਰਧਾਨਗੀ ਹੇਠ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਦਫ਼ਤਰ ਵਿਖੇ ਲਾਗੇ ਨਹਿਰ ਦਫ਼ਤਰ ਅੰਮ੍ਰਿਤਸਰ ਹੋਈ। ਮੀਟਿੰਗ ਵਿੱਚ ਤਰਸੇਮ ਸਿੰਘ ਤੇ ਜਗਤਾਰ ਸਿੰਘ ਆਜ਼ਾਦ ਕਿਸਾਨ ਸੰਘਰਸ਼ ਕਮੇਟੀ, ਅਮਰੀਕ ਸਿੰਘ ਸੰਗਤਪੁਰ ਕਿਰਤੀ ਕਿਸਾਨ ਯੂਨੀਅਨ, ਡਾਕਟਰ ਸਤਨਾਮ ਸਿੰਘ ਅਜਨਾਲਾ ਅਤੇ ਰਤਨ ਸਿੰਘ ਰੰਧਾਵਾ ਜਮਹੂਰੀ ਕਿਸਾਨ ਸਭਾ, ਬਲਦੇਵ ਸਿੰਘ ਵੇਰਕਾ ਤੇ ਬਲਵਿੰਦਰ ਸਿੰਘ ਦੁਧਾਲਾ ਕੁਲ ਹਿੰਦ ਕਿਸਾਨ ਸਭਾ, ਬਲਬੀਰ ਸਿੰਘ ਝਾਮਕਾ ਤੇ ਬਾਜ ਸਿੰਘ ਭਰਾੜੀਵਾਲ ਪੰਜਾਬ ਕਿਸਾਨ ਯੂਨੀਅਨ, ਸਵਿੰਦਰ ਸਿੰਘ ਮੀਰਾਂਕੋਟ ਕੁੱਲ ਹਿੰਦ ਕਿਸਾਨ ਸਭਾ, ਸੁਖਰਾਮ ਵੀਰ ਸਿੰਘ ਲੁਹਾਰਕਾ ਭਾਰਤੀ ਕਿਸਾਨ ਯੂਨੀਅਨ, ਸਰਵਨ ਸਿੰਘ ਵਰਪਾਲ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਮੀਟਿੰਗ ਵਿੱਚ ਹਾਜ਼ਰ ਹੋਏ। ਵਿਚਾਰ ਚਰਚਾ ਤੋਂ ਬਾਅਦ ਫੈਸਲਾ ਹੋਇਆ ਕਿ 5.5.2024 ਨੂੰ ਅਜਨਾਲਾ, 6.5.24 ਨੂੰ ਮਜੀਠਾ ਤੇ ਬਾਬਾ ਬਕਾਲਾ, 7.5.24 ਨੂੰ ਅਟਾਰੀ ਤੇ ਜੰਡਿਆਲਾ ਗੁਰੂ, 8.5.24 ਤੇ 13.5.24 ਨੂੰ ਅੰਮ੍ਰਿਤਸਰ ਸ਼ਹਿਰ ਵਿਚ ਚੇਤਨਾ ਮਾਰਚ ਕੀਤੇ ਜਾਣਗੇ।

## ਵਿਦੇਸ਼ ਭੇਜਣ ਦੇ ਨਾਂਅ 'ਤੇ ਮਾਰੀ ਠੱਗੀ

**ਗੁਰਦਾਸਪੁਰ, (ਜਨਕ ਮਹਾਜਨ)**-ਧਾਰੀਵਾਲ ਪੁਲਸ ਨੇ ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਵਾਲੇ ਝੂਠੇ ਏਜੰਟਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਜਾਂਚ ਦੌਰਾਨ ਪਾਇਆ ਕਿ ਅਮਰਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ, ਅਮਨਜੋਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀਆਂਨ ਕਾਹਨੂੰਵਾਨ ਨੇ ਇਕ ਸਲਾਹ ਹੋ ਕੇ ਹਰਭਜਨ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਆਲੋਵਾਲ ਦੇ ਲੜਕੇ ਰਾਜਦੀਪ ਸਿੰਘ ਨੂੰ ਵਿਦੇਸ਼ ਆਸਟਰੇਲੀਆ ਭੇਜਣ ਦੇ ਨਾਮ 'ਤੇ 10 ਲੱਖ ਰੁਪਏ ਦੀ ਠੱਗੀ ਮਾਰੀ ਹੈ। ਉਕਤ ਏਜੰਟਾਂ ਨੇ ਪੈਸੇ ਲੈਣ ਤੋਂ ਬਾਅਦ ਲੜਕੇ ਰਾਜਦੀਪ ਸਿੰਘ ਨੂੰ ਨਾ ਤਾਂ ਵਿਦੇਸ਼ ਭੇਜਿਆ ਅਤੇ ਨਾ ਹੀ ਉਸ ਦੇ ਪੈਸੇ ਵਾਪਸ ਕੀਤੇ ਹਨ। ਪੁਲਸ ਨੇ ਪੀੜਤ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ ਅਮਰਿੰਦਰ ਸਿੰਘ ਅਤੇ ਅਮਨਜੋਤ ਸਿੰਘ ਖ਼ਿਲਾਫ਼ ਜ਼ੇਰੇ ਧਾਰਾ 420, 120 ਬੀ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## 'ਆਓ ਸਹਿਜ ਪਾਠ ਕਰੀਏ ਤੇ ਵਿਚਾਰੀਏ' ਸੰਬੰਧੀ ਲੱਗਾ ਸੈਮੀਨਾਰ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਸ੍ਰੀ ਸਹਿਜ ਪਾਠ ਸੇਵਾ ਲਹਿਰ ਵੱਲੋਂ 'ਆਓ ਸਹਿਜ ਪਾਠ ਕਰੀਏ ਤੇ ਵਿਚਾਰੀਏ' ਸੰਬੰਧੀ ਸੈਮੀਨਾਰ ਸਤਨਾਮ ਸਿੰਘ ਸੋਲਪੁਰੀ ਵੱਲੋਂ ਲਗਾਇਆ ਗਿਆ। ਉਨ੍ਹਾਂ ਵਿਚਾਰ ਸਾਂਝੇ ਕਰਦਿਆਂ ਬੱਚਿਆਂ ਨੂੰ ਵੱਧ ਤੋਂ ਵੱਧ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਤ ਕਰਦਿਆਂ ਸਹਿਜ ਪਾਠ ਕਰਨ ਸੰਬੰਧੀ ਸਮਝਾਇਆ। ਉਨ੍ਹਾਂ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਗੁਰਬਾਣੀ ਨਾਲ ਜੁੜਿਆ ਹੀ ਮਨੁੱਖ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਨਿਕਲਦਾ ਹੈ ਅਤੇ ਜ਼ਿੰਦਗੀ ਵਿੱਚ ਉੱਚੇ ਅਹੁਦੇ ਹਾਸਲ ਕੀਤੇ ਜਾਂਦੇ ਹਨ।

ਨੌਜਵਾਨ ਪੀੜ੍ਹੀ ਜੋ ਬਾਣੀ ਵੱਲੋਂ ਬੇਮੁੱਖ ਹੋ ਰਹੀ ਹੈ ਉਸ ਵਿੱਚ ਨੈਤਿਕ ਕਦਰਾਂ ਕੀਮਤਾਂ ਭਰਨ ਲਈ ਗੁਰਬਾਣੀ ਦੇ ਲੜ ਲੱਗਣਾ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਅਸੀਂ ਗੁਰੂਆਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਆਪਣਾ ਜਨਮ ਸਫ਼ਲ ਕਰ ਸਕਦੇ ਹਾਂ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ ਅਤੇ ਸਕੂਲ ਦੇ ਪ੍ਰਿੰ. ਅਨੁਰੀਤ ਬਾਵਾ ਨੇ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ।

## ਮਲੇਰੀਏ ਦੇ ਲੱਛਣ ਤੇ ਬਚਾਅ ਬਾਰੇ ਦਿੱਤੀ ਭਰਪੂਰ ਜਾਣਕਾਰੀ



**ਚੋਹਲਾ ਸਾਹਿਬ (ਰਮਨ ਚੱਢਾ)**-ਸਿਵਲ ਸਰਜਨ ਤਰਨ ਤਾਰਨ ਡਾ. ਕਮਲਪਾਲ ਅਤੇ ਜ਼ਿਲ੍ਹਾ ਮਲੇਰੀਆ ਅਫਸਰ ਡਾ. ਸਿਮਰਨ ਕੌਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐੱਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਸਰਕਾਰੀ ਸਕੂਲ ਚੋਹਲਾ ਸਾਹਿਬ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ। ਇਸ ਸਮੇਂ ਸੁਖਦੀਪ ਸਿੰਘ ਔਲਖ ਹੈਲਥ ਵਰਕਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਆਪਣੇ ਕੂਲਰਾਂ ਦੀ ਹਫਤੇ ਵਿੱਚ ਇੱਕ ਵਾਰ ਸਫਾਈ ਕਰਨੀ ਚਾਹੀਦੀ ਹੈ ਅਤੇ ਘਰ ਦੀਆਂ ਛੱਤਾਂ ਉੱਪਰ ਪਏ ਟੁੱਟੇ ਟਾਇਰਾਂ ਅਤੇ ਗਮਲਿਆਂ ਵਿੱਚ ਪਾਣੀ ਇੱਕਠਾ ਨਹੀਂ ਹੋਣ ਦੇਣਾ ਚਾਹੀਦਾ। ਰਾਤ ਸਮੇਂ ਮੱਛਰਾਂ ਤੋਂ ਬਚਾਅ ਕਰਦੇ ਹੋਏ ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਪੂਰਾ ਸਰੀਰ ਢੱਕਣ ਵਾਲ ਕੱਪੜੇ ਪਾ ਕੇ ਸੌਣਾ ਚਾਹੀਦਾ ਹੈ। ਹੈਲਥ ਇੰਸਪੈਕਟਰ ਬਿਹਾਰੀ ਲਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜੇਕਰ ਸਾਨੂੰ ਤੇਜ਼ ਸਿਰ ਦਰਦ ਜਾਂ ਤੇਜ਼ ਬੁਖਾਰ ਹੋਵੇ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਤੋਂ ਆਪਣੀ ਜਾਂਚ ਕਰਵਾ ਕੇ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਸਮੇਂ ਪਰਮਿੰਦਰ ਸਿੰਘ ਢਿੱਲੋਂ ਹੈਲਥ ਵਰਕਰ, ਨਿਸ਼ਾਨ ਸਿੰਘ ਹੈਲਥ ਵਰਕਰ, ਗੁਰਪਵਿੱਤਰ ਸਿੰਘ ਹੈਲਥ ਵਰਕਰ, ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਹਾਜ਼ਰ ਸੀ।

## ਜੋਸ਼ੀ ਦੇ ਹੱਕ 'ਚ ਚੋਣ ਮੀਟਿੰਗਾਂ ਦਾ ਦੌਰ ਜਾਰੀ

**ਮਜੀਠਾ/ਮੱਤੇਵਾਲ (ਸੋਇਮ ਆਨੰਦ, ਦਵਿੰਦਰ ਸਿੰਘ)**-ਆੜ੍ਹਤੀ ਐਸੋਸੀਏਸ਼ਨ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਲਾਭ ਸਿੰਘ ਬੱਗਾ ਦੀ ਅਗਵਾਈ ਹੇਠ ਸੀਨੀਅਰ ਅਕਾਲੀ ਆਗੂਆਂ ਦੀ ਮੀਟਿੰਗਾਂ ਦਾ ਦੌਰ ਜਾਰੀ ਹੈ ਜਿਸ ਤਹਿਤ ਮਜੀਠਾ ਹਲਕੇ ਦੇ ਕਸਬਾ ਟਾਹਲੀ ਸਾਹਿਬ ਅਤੇ ਕਸਬਾ ਮੱਤੇਵਾਲ ਦੇ ਪਿੰਡਾਂ ਵਿੱਚੋਂ ਉਨ੍ਹਾਂ ਵੱਲੋਂ ਸੀਨੀਅਰ ਅਕਾਲੀ ਆਗੂਆਂ ਨਾਲ ਮੀਟਿੰਗਾਂ ਕਰਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਲਈ ਦਿਨ-ਰਾਤ ਇੱਕ ਕਰਨ ਲਈ ਆਗੂਆਂ ਨੂੰ ਪ੍ਰੇਰਿਆ। ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਹੇਠ ਇਲਾਕੇ ਦੇ ਪਿੰਡਾਂ ਵਿੱਚ ਘਰ-ਘਰ ਪਹੁੰਚ ਕਰਕੇ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸ਼ੀ ਦੇ ਲਈ ਵੋਟਾਂ ਮੰਗੀਆਂ ਅਤੇ ਉਨ੍ਹਾਂ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਿਆ ਜਾਵੇਗਾ।

ਇਸ ਮੌਕੇ ਸਾਬਕਾ ਸਰਪੰਚ ਮਕਤੂਲ ਸਿੰਘ ਬੱਗਾ, ਬਾਬਾ ਨਰਿੰਦਰ ਸਿੰਘ, ਚਤਰ ਸਿੰਘ ਬੱਗਾ, ਕਰਮ ਸਿੰਘ, ਕਰਮ ਸਿੰਘ, ਮਲਕੀਤ ਸਿੰਘ, ਬਾਬਾ ਜੋਗਾ ਸਿੰਘ, ਨੰਬਰਦਾਰ ਗੁਰਪ੍ਰੀਤ ਸਿੰਘ, ਗੁਰਜਿੰਦਰ ਸਿੰਘ, ਬਾਬਾ ਬਲਜੀਤ ਸਿੰਘ, ਗੁਰਜੰਤ ਸਿੰਘ ਸੀਨੀਅਰ ਅਕਾਲੀ ਆਗੂ ਵੀ ਹਾਜ਼ਰ ਸਨ।



# 20ਵੀਂ ਪੰਜਾਬ ਕੈਡੇਟ ਕਿੱਕ-ਬਾਕਸਿੰਗ ਪ੍ਰਤੀਯੋਗਿਤਾ 'ਚ ਸ਼ਾਨਦਾਰ ਮੱਲਾਂ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਗੁਰੂ ਨਾਨਕ ਦੇਵ ਅਕੈਡਮੀ, ਪਿੰਡ ਨੂਰਦੀ, ਝਬਾਲ ਰੋਡ, ਜ਼ਿਲ੍ਹਾ ਤਰਨ ਤਾਰਨ ਦੇ ਵਿਦਿਆਰਥੀਆਂ ਨੇ 20ਵੀਂ ਪੰਜਾਬ ਕੈਡੇਟ ਕਿੱਕ-ਬਾਕਸਿੰਗ ਪ੍ਰਤੀਯੋਗਿਤਾ 'ਚ ਭਾਗ ਲਿਆ ਜਿਹੜੀ ਐੱਸਬੀਐੱਸ ਨਗਰ ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ ਵਿਖੇ 19 ਅਪ੍ਰੈਲ ਤੋਂ 21 ਅਪ੍ਰੈਲ ਤੱਕ ਹੋਈ। ਡਿਸਟ੍ਰਿਕਟ ਕਿੱਕ ਬਾਕਸਿੰਗ ਐੱਸਬੀਐੱਸ ਨਗਰ ਵੱਲੋਂ ਮੈਕਸਨ ਪੰਜਾਬ ਕਿੱਕ ਬਾਕਸਿੰਗ ਐਸੋਸੀਏਸ਼ਨ ਦੀ ਨਿਗਰਾਨੀ ਹੇਠ ਇਹ ਪ੍ਰਤੀਯੋਗਿਤਾ ਕਰਵਾਈ ਗਈ। ਪੂਰੇ ਪੰਜਾਬ ਦੇ 21 ਜ਼ਿਲ੍ਹਿਆਂ ਤੋਂ 450 ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ। ਗੁਰੂ ਨਾਨਕ ਦੇਵ ਅਕੈਡਮੀ, ਤਰਨ ਤਾਰਨ ਦੇ ਖਿਡਾਰੀਆਂ ਨੇ ਜ਼ਿਲ੍ਹਾ ਤਰਨ-ਤਾਰਨ ਵੱਲੋਂ ਭਾਗ ਲਿਆ।ਇਸ ਟੂਰਨਾਮੈਂਟ ਵਿਚ ਸਕੂਲ ਦੇ ਖਿਡਾਰੀਆਂ ਅਕਾਸ਼ਦੀਪ ਸਿੰਘ, ਨਵਜੋਤ ਸਿੰਘ, ਯੁਵਰਾਜ ਸਿੰਘ, ਹਰਪ੍ਰੀਤ ਸਿੰਘ, ਮਨਮੀਤ ਸਿੰਘ, ਗਗਨਪ੍ਰੀਤ ਸਿੰਘ, ਗੁਰਮਨਜੀਤ ਸਿੰਘ, ਇੰਦਰਜੀਤ ਸਿੰਘ, ਅਭੀਜੋਤਵੀਰ ਸਿੰਘ ਨੇ ਭਾਗ ਲਿਆ।ਇਸ ਟੂਰਨਾਮੈਂਟ ਵਿੱਚ ਇੰਦਰਜੀਤ ਸਿੰਘ ਨੇ ਦੂਸਰਾ ਸਥਾਨ, ਅਭੀਜੋਤਵੀਰ ਸਿੰਘ ਨੇ ਤੀਸਰਾ ਸਥਾਨ, ਮਨਮੀਤ ਸਿੰਘ ਤੀਸਰਾ ਸਥਾਨ, ਅਕਾਸ਼ਦੀਪ ਸਿੰਘ ਤੀਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਜ਼ਿਲ੍ਹੇ ਤਰਨ-ਤਾਰਨ ਦਾ ਅਤੇ ਗੁਰੂ ਨਾਨਕ ਦੇਵ ਅਕੈਡਮੀ ਦਾ ਨਾਮ ਰੌਸ਼ਨ ਕੀਤਾ।

ਸਕੂਲ ਪਹੁੰਚਣ ਤੇ ਪ੍ਰਿੰ. ਜਸਪਾਲ ਕੌਰ ਸਿੱਧੂ ਨੇ ਖਿਡਾਰੀਆਂ ਦਾ ਸਵਾਗਤ ਕੀਤਾ।ਉਨ੍ਹਾਂ ਕਿਹਾ ਕਿ ਖਿਡਾਰੀਆਂ ਨੇ ਸਕੂਲ, ਆਪਣੇ ਮਾਤਾ-ਪਿਤਾ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।ਉਨ੍ਹਾਂ ਸਪੋਰਟਸ ਡਿਪਾਰਟਮੈਂਟ ਦੇ ਡੀ. ਪੀ. ਗੁਰਪ੍ਰੀਤ ਸਿੰਘ, ਡੀ. ਪੀ. ਗੁਰਪ੍ਰਤਾਪ ਸਿੰਘ ਅਤੇ ਕੋਚ ਰਾਜੇਸ਼ ਥਾਪਾ ਨੂੰ ਵਧਾਈ ਦਿੱਤੀ।

## ਬਾਜ਼ਾਰਾਂ 'ਚ ਬੈਰੀਕੇਡਿੰਗ ਤੋਂ ਦੁਕਾਨਦਾਰ ਪਰੇਸ਼ਾਨ

**ਬਾਬਾ ਬਕਾਲਾ (ਨਿਰਮਲ ਸਿੰਘ ਸੰਘਾ)**-ਇਤਿਹਾਸਕ ਨਗਰੀ ਬਾਬਾ ਬਕਾਲਾ ਸਾਹਿਬ ਜਿੱਥੇ ਕਿ ਨੌਵੇਂ ਪਾਤਸ਼ਾਹ ਦਾ ਤਪ ਅਸਥਾਨ ਹੈ।ਇਸ ਅਸਥਾਨ 'ਤੇ ਹਜ਼ਾਰਾਂ ਦੀ ਤਾਦਾਦ ਵਿੱਚ ਰੋਜ਼ਾਨਾ ਸ਼ਰਧਾਲੂ ਨਤਮਸਤਕ ਹੋਣ ਲਈ ਪੁੱਜਦੇ ਹਨ, ਪਰ ਬਾਬਾ ਬਕਾਲਾ ਸਾਹਿਬ ਵਿਚਲੇ ਬਾਜ਼ਾਰਾਂ 'ਚ ਅਣਅਧਿਕਾਰਤ ਪਾਰਕਿੰਗ, ਰੇੜ੍ਹੀ-ਫੜ੍ਹੀ ਵਾਲਿਆਂ ਦਾ ਜਮਾਵੜਾ ਅਤੇ ਦੁਕਾਨਦਾਰਾਂ ਵੱਲੋਂ ਨਜਾਇਜ਼ ਕਬਜ਼ੇ ਜਿੱਥੇ ਆਵਾਜਾਈ ਵਿੱਚ ਵਿਘਨ ਦਾ ਕਾਰਣ ਬਣਦੇ ਹਨ, ਉਥੇ ਨਾਲ ਹੀ ਯਾਤਰੂਆਂ ਲਈ ਵੀ ਪ੍ਰੇਸ਼ਾਨੀ ਦਾ ਸਬੱਬ ਬਣ ਰਿਹਾ ਸੀ। ਸਥਾਨਕ ਪ੍ਰਸ਼ਾਸਨ ਵੱਲੋਂ ਯਾਤਰੂਆਂ ਦੀ ਸਹੂਲਤ ਨੂੰ ਦੇਖਦੇ ਗੁਰਦੁਆਰਾ ਸਾਹਿਬ ਨੂੰ ਆਉਣ ਵਾਲੇ ਰਸਤਿਆਂ 'ਤੇ ਬੈਰੀਕੇਡਿੰਗ ਕਰਕੇ ਗੁਰਦੁਆਰਾ ਸਾਹਿਬ ਚੌਕ ਨੂੰ ਨੋ ਪਾਰਕਿੰਗ ਜ਼ੋਨ ਐਲਾਨਿਆ ਗਿਆ ਸੀ, ਪਰ ਸਥਾਨਕ ਕੁਝ ਦੁਕਾਨਦਾਰਾਂ ਦਾ ਰੋਸ ਹੈ ਕਿ ਇਸ ਦਾ ਦੁਕਾਨਦਾਰੀ 'ਤੇ ਬੁਰਾ ਅਸਰ ਪਿਆ ਹੈ। ਇਸ ਲਈ ਇਸ ਬੈਰੀਕੇਡਿੰਗ ਨੂੰ ਖਤਮ ਕੀਤਾ ਜਾਵੇ ਅਤੇ ਰਸਤਾ ਆਮ ਵਾਂਗ ਖੋਲ੍ਹਿਆ ਜਾਵੇ।ਰੋਸ ਵਜੋਂ ਬਾਜ਼ਾਰ ਵਿਚਲੇ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਰੱਖ ਕੇ ਐੱਸਡੀਐੱਮ ਦਫਤਰ ਤੱਕ ਮਾਰਚ ਕੀਤਾ ਅਤੇ ਇੱਕ ਮੰਗ ਪੱਤਰ ਵੀ ਦਿੱਤਾ।ਐੱਸਡੀਐੱਮ ਰਵਿੰਦਰ ਸਿੰਘ ਅਰੋੜਾ ਨੇ ਯਕੀਨ ਦਿਵਾਇਆ ਕਿ ਉਹ ਸਮੂਹ ਦੁਕਾਨਦਾਰਾਂ ਨਾਲ ਮੀਟਿੰਗ ਕਰਕੇ ਜੋ ਵੀ ਫੈਸਲਾ ਲਿਆ ਜਾਵੇਗਾ, ਉਸਨੂੰ ਲਾਗੂ ਕੀਤਾ ਜਾਵੇਗਾ ਤਾਂ ਕਿ ਦੁਕਾਨਦਾਰਾਂ ਦੇ ਨਾਲ-ਨਾਲ ਯਾਤਰੂਆਂ ਦੀ ਸਹੂਲਤ ਵੀ ਬਰਕਰਾਰ ਰਹੇ।

## ਐੱਸ ਐੱਚ ਸੀ ਭੀਲੋਵਾਲ 'ਚ ਵਿਸ਼ਵ ਮਲੇਰੀਆ ਦਿਵਸ ਮਨਾਇਆ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਸੀਐੱਚਸੀ ਤਰਸਿੱਕਾ ਦੇ ਐੱਸਐੱਮਓ ਡਾਕਟਰ ਮੋਨਾ ਚਤਰਥ ਦੀ ਅਗਵਾਈ ਹੇਠ ਐੱਸਐੱਚਸੀ ਭੀਲੋਵਾਲ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ ਜਿਸ ਵਿੱਚ ਮਲੇਰੀਆ ਬੁਖਾਰ ਦੇ ਲੱਛਣ ਜਿਵੇਂ ਠੰਡ ਅਤੇ ਕਾਂਬੇ ਨਾਲ ਬੁਖਾਰ, ਸਿਰ ਦਰਦ, ਥਕਾਵਟ ਆਦਿ ਬਾਰੇ ਅਤੇ ਬੁਖਾਰ ਤੋਂ ਬਚਾਅ ਦੇ ਤਰੀਕਿਆਂ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਅਤੇ ਬੱਚਿਆਂ ਨੂੰ ਸਹੀ ਖਾਣ-ਪੀਣ ਸਬੰਧੀ ਪੌਸ਼ਟਿਕ ਖੁਰਾਕ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਅੰਗਰੇਜ਼ ਸਿੰਘ ਅਬਦਾਲ, ਅਮਨਦੀਪ ਕੌਰ ਸੀਐੱਚਓ, ਸੁਖਦੀਪ ਕੌਰ ਏਐੱਨਐੱਮ ਅਤੇ ਆਸ਼ਾ ਵਰਕਰ ਵੀ ਹਾਜ਼ਰ ਸਨ।

# ਵਿਰੋਧੀ ਧਰਮ ਦੇ ਤੇ ਅਸੀਂ ਕੰਮ ਦੇ ਨਾਂਅ 'ਤੇ ਵੋਟਾਂ ਮੰਗਦੇ ਹਾਂ : ਸ਼ੈਰੀ ਕਲਸੀ



**ਕਲਾਨੌਰ (ਮਨਦੀਪ ਕੋਹਲੀ)**-ਲੋਕ ਸਭਾ ਹਲਕਾ ਗੁਰਦਾਸਪੁਰ ਦੇ ਕਸਬਾ ਕਲਾਨੌਰ ਵਿੱਖੇ ਆਪ ਪਾਰਟੀ ਦੇ ਉਮੀਦਵਾਰ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਦੇ ਹੱਕ ਵਿੱਚ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਵੱਲੋਂ ਆੜ੍ਹਤੀਆਂ ਅਤੇ ਮਜ਼ਦੂਰਾਂ ਨਾਲ ਮੀਟਿੰਗ ਕਾਰਵਾਈ ਗਈ।ਇਸ ਮੌਕੇ ਸ਼ੈਰੀ ਕਲਸੀ ਨੇ ਸੰਬੋਧਨ ਕਰਦਿਆਂ ਆਖਿਆ ਕਿ ਪੰਜਾਬ ਵਿੱਚ ਜਿਹੜੀਆਂ ਵੀ ਪਿਛਲੀਆਂ ਸਰਕਾਰਾਂ ਰਹੀਆਂ ਹਨ, ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦਾ ਬੁਰਾ ਹੀ ਤੱਕਿਆ ਹੈ।ਸਿਆਸੀ ਪਾਰਟੀਆਂ ਤਾਂ ਧਰਮ ਦੇ ਨਾਮ 'ਤੇ ਵੋਟਾ ਮੰਗਦੀਆ ਹਨ ਪਰ ਅਸੀਂ ਕੰਮ ਦੇ ਅਧਾਰ ਤੇ ਵੋਟਾਂ ਮੰਗਦੇ ਹਾਂ।ਉਨ੍ਹਾਂ ਆਖਿਆ ਕਿ ਪਹਿਲਾਂ ਜਦ ਕੋਈ ਵੀ ਜਵਾਨ ਸ਼ਹੀਦ ਹੁੰਦਾ ਸੀ ਤਾਂ ਪਹਿਲੀਆਂ ਸਰਕਾਰਾਂ ਮੁਆਵਜ਼ੇ ਦੇ ਨਾਮ 'ਤੇ ਖ਼ਾਨਾਪੂਰਤੀ ਕਰਦੀਆਂ ਸਨ ਪਰ ਪੰਜਾਬ ਸਰਕਾਰ ਸ਼ਹੀਦ ਦੇ ਘਰ ਇੱਕ ਇੱਕ ਕਰੋੜ ਰੁਪਏ ਦੇ ਰਹੀ ਹੈ।ਉਨ੍ਹਾਂ ਆਖਿਆ ਕਿ ਕੇਜਰੀਵਾਲ ਨੂੰ ਜੇਲ ਵਿੱਚ ਬੰਦ ਕੀਤਾ ਹੋਇਆ ਹੈ ਤਾਂ ਕਿ ਉਹ ਚੋਣਾਂ ਵਿੱਚ ਪ੍ਰਚਾਰ ਨਾ ਕਰ ਸਕਣ। ਜੇਕਰ ਉਹ ਅੱਜ ਜੇਲ ਤੋਂ ਬਾਹਰ ਹੁੰਦੇ ਤਾਂ ਚੋਣਾਂ ਦੀ ਤਸਵੀਰ ਕੁਝ ਹੋ ਰਹੀ ਹੋਣੀ ਸੀ।ਕਲਸੀ ਨੇ ਕਿਹਾ ਕਿ ਭਾਜਪਾ ਕਿਸਾਨ ਵਿਰੋਧੀ ਹੈ ਅਤੇ ਆਮ ਆਦਮੀ ਪਾਰਟੀ ਕਿਸਾਨਾਂ ਦੀ ਗੱਲ ਕਰਦੀ ਹੈ। ਸੋ ਇਨ੍ਹਾਂ ਚੋਣਾਂ ਵਿੱਚ ਪੰਜਾਬ ਦੇ ਲੋਕ ਭਾਜਪਾ, ਕਾਂਗਰਸ, ਅਕਾਲੀ ਦਲ ਨੂੰ ਮੂੰਹ ਨਹੀਂ ਲਾਉਣਗੇ।ਇਸ ਮੌਕੇ ਮੀਟਿੰਗ ਵਿੱਚ ਹਲਕਾ ਡੇਰਾ ਬਾਬਾ ਨਾਨਕ ਦੇ ਇੰਚਾਰਜ ਗੁਰਦੀਪ ਸਿੰਘ ਰੰਧਾਵਾ, ਰਜੀਵ ਸ਼ਰਮਾ, ਰਣਜੇਤ ਸਿੰਘ ਬਾਠ ਚੇਅਰਮੈਨ ਮਾਰਕੀਟ ਕਮੇਟੀ ਕਲਾਨੌਰ, ਕਸ਼ਮੀਰ ਸਿੰਘ ਵਾਹਲਾ, ਚੰਨਣ ਸਿੰਘ ਖਾਲਸਾ, ਹਰਭਜਨ ਸਿੰਘ ਠੇਕੇਦਾਰ, ਜਗਮੋਹਨ ਸਿੰਘ ਸੋਹਲ, ਜਸਬੀਰ ਸਿੰਘ ਵਡਾਲਾ ਬਾਂਗਰ, ਨਵਪ੍ਰੀਤ ਸਿੰਘ ਪਵਾਰ, ਇੰਦਰਜੀਤ ਭਾਰਲ, ਦਲਜੀਤ ਸਿੰਘ ਮੌੜ, ਸਾਹਿਲਪ੍ਰੀਤ ਸਿੰਘ ਭੰਗਵਾਂ, ਜਸਵਿੰਦਰ ਸਿੰਘ ਫੌਜੀ, ਦਿਲਰਾਜ ਸਿੰਘ ਅਲਾਵਲਪੁਰ, ਹਰਦੇਵ ਸਿੰਘ, ਜੋਰਾਵਰ ਸਿੰਘ ਮੀਰ ਕਚਾਣਾ, ਕਰਮਜੀਤ ਸਿੰਘ, ਜਰਨੈਲ ਸਿੰਘ ਸਰਪੰਚ, ਗੁਰਪ੍ਰੀਤ ਸਿੰਘ ਯੂਥ ਆਗੂ ਸਰਜੇ ਚੱਕ, ਸ਼ੇਰਾ ਪਹਿਲਵਾਨ ਸ਼ਾਹਪੁਰ ਗਰਾਇਆ, ਸਤਨਾਮ ਸਿੰਘ ਦਿਓਲ, ਸੁਰਜੀਤ ਸਿੰਘ, ਸਤਨਾਮ ਸਿੰਘ, ਮੰਡੀ ਦੇ ਆੜ੍ਹਤੀ ਆਦਿ ਵੀ ਹਾਜ਼ਰ ਸਨ।

## ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਵਿਦਾਇਗੀ ਸਮਾਰੋਹ




**ਗੁਰਦਾਸਪੁਰ, (ਜਨਕ ਮਹਾਜਨ)**-ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਪ੍ਰਿੰਸੀਪਲ ਡਾ. ਰੁਪਿੰਦਰ ਕੌਰ ਦੀ ਅਗਵਾਈ ਹੇਠ ਬੀ.ਐੱਡ. 2022-24 ਸੈਸ਼ਨ ਦਾ ਵਿਦਾਇਗੀ ਸਮਾਰੋਹ ਕਰਵਾਇਆ ਗਿਆ। ਸਮਾਰੋਹ ਵਿਚ ਬੀ.ਐੱਡ. ਦੇ ਜੂਨੀਅਰ ਅਤੇ ਸੀਨੀਅਰ ਦੋਵਾਂ ਜਮਾਤਾਂ ਦੇ ਬੱਚਿਆਂ ਨੇ ਹਿੱਸਾ ਲਿਆ। ਇਸ ਮੌਕੇ ਇੰਦਰੇਸ਼ ਬਾਲਾ ਅਤੇ ਨਮੀਤ ਮਹਾਜਨ ਮੁੱਖ ਮਹਿਮਾਨ ਵਜੋਂ ਅਤੇ ਮੈਨੇਜਮੈਂਟ ਦੇ ਮੈਂਬਰ ਡਾ. ਵਿਨੋਦ ਮਹਾਜਨ ਤੇ ਪ੍ਰੋ. ਰਵਿ ਸ਼ੰਕਰ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ ਸਾਰਿਆਂ ਦਾ ਮਨ ਮੋਹ ਲਿਆ। ਇਸ ਮੌਕੇ ਜੂਨੀਅਰ ਵਿਦਿਆਰਥੀਆਂ ਨੇ ਆਪਣੇ ਸੀਨੀਅਰ ਵਿਦਿਆਰਥੀ ਨੂੰ ਤੋਹਫੇ ਭੇਟ ਕੀਤੇ।

ਸਮਰੋਹ ਵਿਚ ਮਿਸ ਫੇਅਰਵੈੱਲ ਮਿਸ ਅੰਜਲੀ ਅਤੇ ਮਿਸਟਰ ਫੇਅਰਵੈੱਲ ਗੌਰਵ ਸ਼ਰਮਾ ਰਹੇ। ਡਾ. ਵਿਨੋਦ ਮਹਾਜਨ ਨੇ ਆਪਣੇ ਸੰਬੋਧਨ ਵਿਚ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਵਿਚ ਅੱਗੇ ਵਧਣ ਅਤੇ ਹਰ ਖੇਤਰ ਵਿਚ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਇੰਦਰੇਸ਼ ਬਾਲਾ ਨੇ ਬੱਚਿਆਂ ਨੂੰ ਮਿਹਨਤ ਕਰਨ ਅਤੇ ਹਮੇਸ਼ੇ ਚੰਗੇ ਗੁਣਾਂ ਨੂੰ ਆਪਣੇ ਅੰਦਰ ਪੈਦਾ ਕਰਨ ਲਈ ਕਿਹਾ। ਪ੍ਰਿੰ. ਡਾ. ਰੁਪਿੰਦਰ ਕੌਰ ਨੇ ਸਮਾਰੋਹ ਵਿਚ ਪਹੁੰਚੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਊਮਾ ਸ਼ਰਮਾ, ਰਜਨੀਸ਼ ਬਾਲਾ, ਅਤੁਲ ਅਗਰਵਾਲ, ਨਿਧੀ, ਪੂਜਾ, ਸੁਮਨ ਆਦਿ ਹਾਜ਼ਰ ਸਨ।

# ਮਾਨ ਦੇ ਪੰਜਾਬ ਮਾਰੂ ਬਿਆਨ ਕਾਰਨ ਕਿਸਾਨਾਂ ਤੇ ਖੇਤ ਮਜ਼ਦੂਰਾਂ 'ਚ ਗੁੱਸੇ ਦੀ ਲਹਿਰ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਬਿਆਨ ਕਿ ਸੂਬੇ ਦੀ ਸਰਕਾਰ ਕਿਸਾਨਾਂ ਨੂੰ ਡਾ. ਸਵਾਮੀਨਾਥਨ ਦੇ ਫਾਰਮੂਲੇ ਅਨੁਸਾਰ ਸੀ 2+50% ਦੇ ਵਾਧੇ ਅਨੁਸਾਰ ਫ਼ਸਲਾਂ ਦੇ ਭਾਅ ਨਹੀਂ ਦੇ ਸਕਦੀ, ਨੂੰ ਸੁਣ ਕੇ ਪੰਜਾਬ ਦੇ ਕਿਸਾਨਾਂ-ਖੇਤ ਮਜ਼ਦੂਰਾਂ ਤੇ ਆਮ ਲੋਕਾਂ ਵਿੱਚ ਗੁਸੇ ਦੀ ਲਹਿਰ ਛਾ ਗਈ ਹੈ! ਇਸ ਬਿਆਨ ਦੀ ਹਰ ਥਾਂ ਨਖੇਧੀ ਹੋ ਰਹੀ ਹੈ! ਸੰਯੁਕਤ ਕਿਸਾਨ ਮੋਰਚੇ ਦੇ ਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਦੇ ਆਗੂ ਅਤੇ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਮੁੱਖ ਮੰਤਰੀ ਮਾਨ ਨੂੰ ਯਾਦ ਦਿਵਾਇਆ ਕਿ ਉਨ੍ਹਾਂ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਵਾਅਦਾ ਕੀਤਾ ਸੀ ਕਿ ਅਸੀਂ ਜੇ ਸੱਤਾ ਵਿੱਚ ਆਏ ਤਾਂ ਸਾਰੀਆਂ ਫ਼ਸਲਾਂ ਦੇ ਭਾਅ ਡਾ. ਸਵਾਮੀਨਾਥਨ ਦੇ ਫਾਰਮੂਲੇ ਅਨੁਸਾਰ ਦਿਆਂਗੇ! ਡਾ. ਅਜਨਾਲਾ ਨੇ ਦੱਸਿਆ ਕਿ ਐੱਸਕੇਐੱਮ ਦੇ ਪੰਜਾਬ ਚੈਪਟਰ ਨਾਲ ਸਰਕਾਰ ਨਾਲ ਹੋਈਆਂ ਮੀਟਿੰਗਾਂ ਵਿਚ ਵੀ ਅਜਿਹਾ ਵਾਅਦਾ ਕੀਤਾ ਜਾਂਦਾ ਰਿਹਾ ਹੈ। ਡਾ. ਅਜਨਾਲਾ ਜੋ ਖੇਤੀ ਮਾਹਰ ਵੀ ਹਨ, ਨੇ ਕੇਰਲਾ ਤੇ ਕੁੱਝ ਹੋਰ ਸੂਬਿਆਂ ਦੀ ਮੀਟਿੰਗਾਂ ਦੀ ਮਿਸਾਲ ਦਿੱਤੀ ਕਿ ਉਹ ਆਪਣੇ ਸੂਬੇ ਦੀਆਂ ਸਾਰੀਆਂ ਫ਼ਸਲਾਂ ਐੱਮਐੱਸਪੀ ਤੇ ਖਰੀਦ ਕਰਦੇ ਹਨ ਤੇ ਖੇਤੀ ਪ੍ਰਧਾਨ ਪੰਜਾਬ ਸੂਬਾ ਅਜਿਹਾ ਕਿਉਂ ਨਹੀਂ ਕਰ ਸਕਦਾ? ਡਾ. ਅਜਨਾਲਾ ਨੇ ਅੱਗੇ ਦੱਸਿਆ ਕਿ ਪੰਜਾਬ ਵਿਚ ਪਿਛਲੇ ਸਾਲ 31. 68. ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਬਿਜਾਈ ਹੋਈ ਸੀ। ਇਸ ਵਿੱਚੋਂ 4.95 ਲੱਖ ਹੈਕਟੇਅਰ ਵਿੱਚ ਬਾਸਮਤੀ ਲਗਾਈ ਗਈ ਸੀ। ਜੇਕਰ ਬਾਸਮਤੀ ਦੀ ਖਰੀਦ ਐੱਮਐੱਸਪੀ ਤੇ ਪੰਜਾਬ ਸਰਕਾਰ ਕਰੇ ਤਾਂ ਇਸ ਥੱਲੇ ਰਕਬਾ 15 ਲੱਖ ਹੈਕਟੇਅਰ 2 ਸਾਲਾਂ ਵਿੱਚ ਹੀ ਵਧਾਇਆ ਜਾ ਸਕਦਾ ਹੈ। ਇਸ ਨਾਲ 75 ਲੱਖ ਟਨ ਬਾਸਮਤੀ ਦੀ ਪੈਦਾਵਾਰ ਹੋਵੇਗੀ ਜਿਸ ਨੂੰ ਵਿਦੇਸ਼ਾਂ ਵਿੱਚ ਬਰਾਮਦ ਕਰਕੇ ਲੱਗਭੱਗ ਸਵਾ ਲੱਖ ਕਰੋੜ ਰੁਪਏ ਦੀ ਪੰਜਾਬ ਸਰਕਾਰ ਨੂੰ ਆਮਦਨ ਹੋ ਸਕਦੀ ਹੈ! ਇਸੇ ਤਰ੍ਹਾਂ ਪੰਜਾਬ ਦੀਆਂ ਬਾਕੀ ਫ਼ਸਲਾਂ ਵਿੱਚ ਵੀ ਸਰਕਾਰ ਪਹਿਲ ਕਦਮੀ ਕਰੇ ਤਾਂ 5 ਸਾਲਾਂ ਵਿੱਚ ਪੰਜਾਬ ਨੂੰ ਹਕੀਕਤ ਵਿੱਚ ਸੋਨੇ ਦੀ ਚਿੜੀ ਬਣਾਇਆ ਜਾ ਸਕਦਾ ਹੈ।

## ਮਾਮੂਲੀ ਝਗੜੇ ਪਿੱਛੋਂ ਕੁੱਟਮਾਰ ਕਰਨ 'ਤੇ ਵਿਅਕਤੀ ਦੀ ਮੌਤ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਤਿੱਬੜ ਪੁਲਸ ਨੇ ਕੁਟਮਾਰ ਕਰਨ ਤੋਂ ਬਾਅਦ ਇਕ ਵਿਅਕਤੀ ਦੀ ਮੌਤ ਹੋਣ 'ਤੇ ਕੁਝ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅਮਰੀਕ ਸਿੰਘ ਪੁਤਰ ਜਗੀਰ ਸਿੰਘ ਵਾਸੀ ਤਿੱਬੜ ਨੇ ਦੱਸਿਆ ਕਿ 24 ਅਪ੍ਰੈਲ ਨੂੰ ਸ਼ਾਮ 7.30 ਵਜੇ ਦੇ ਕਰੀਬ ਮੇਰਾ ਭਰਾ ਕੁਲਦੀਪ ਸਿੰਘ ਉਮਰ 46 ਸਾਲ ਆਪਣੀ ਕੰਬਾਇਨ 'ਤੇ ਆਪਣੀ ਜ਼ਮੀਨ ਵੱਲ ਕਣਕ ਵੱਢਣ ਲਈ ਗਿਆ ਸੀ। ਕੁਝ ਸਮੇਂ ਬਾਅਦ ਮੈਂ ਵੀ ਆਪਣਾ ਟਰੈਕਟਰ ਲੈ ਕੇ ਆਪਣੇ ਭਰਾ ਵੱਲ ਜਾ ਰਿਹਾ ਸੀ। ਜਦ ਉਹ ਹਾਈਵੇ ਨੇੜੇ ਪੁੱਜੇ ਤਾਂ ਵੇਖਿਆ ਕਿ ਸਾਧੂ ਸਿੰਘ ਪੁੱਤਰ ਕਪੂਰ ਸਿੰਘ, ਦਵਿੰਦਰ ਸਿੰਘ ਪੁੱਤਰ ਸਾਧੂ ਸਿੰਘ, ਲਖਵਿੰਦਰ ਸਿੰਘ ਪੁੱਤਰ ਸਾਧੂ ਸਿੰਘ ਵਾਸੀਆਂਨ ਤਿੱਬੜ ਮੇਰੇ ਭਰਾ ਦੀ ਕੰਬਾਇਨ ਰੋਕ ਕੇ ਖੜ੍ਹੇ ਸਨ। ਜਦੋਂ ਮੇਰਾ ਭਰਾ ਕੰਬਾਇਨ ਤੋਂ ਥੱਲੇ ਆਇਆ ਤਾਂ ਕਥਿਤ ਦੋਸ਼ੀਆਂ ਨੇ ਮੇਰੇ ਭਰਾ ਕੁਲਦੀਪ ਸਿੰਘ ਦੀ ਛਾਤੀ ਵਿੱਚ ਘਸੁੰਨ ਮਾਰੇ ਜਿਸ ਨਾਲ ਉਹ ਜ਼ਮੀਨ 'ਤੇ ਡਿੱਗ ਪਿਆ। ਇਸ ਤੋਂ ਬਾਅਦ ਮੈਂ ਆਪਣੇ ਭਰਾ ਨੂੰ ਅਬਰੋਲ ਹਸਤਪਾਲ ਗੁਰਦਾਸਪੁਰ ਲੈ ਕੇ ਗਿਆ ਜਿਥੇ ਡਾਕਟਰਾਂ ਨੇ ਚੈੱਕ ਕਰਕੇ ਕੁਲਦੀਪ ਸਿੰਘ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਥਾਣਾ ਤਿੱਬੜ ਪੁਲਸ ਨੇ ਕਥਿਤ ਦੋਸ਼ੀਆਂ ਖ਼ਿਲਾਫ਼ ਜ਼ੇਰੇ ਧਾਰਾ 302 ਅਤੇ 34 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਭੁਲੱਥ, ਹਰਿਗੋਬਿੰਦਪੁਰ ਸਾਹਿਬ ਤੇ ਫਗਵਾੜਾ ਵਿਖੇ ਹੋਣਗੀਆਂ ਬਸਪਾ ਦੀਆਂ ਭਰਵੀਆਂ ਮੀਟਿੰਗਾਂ : ਚੌਧਰੀ ਗੁਰਨਾਮ ਸਿੰਘ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )** ਬਹੁਜਨ ਸਮਾਜ ਪਾਰਟੀ ਵੱਲੋਂ ਲੋਕ ਸਭਾ ਹੁਸ਼ਿਆਰਪੁਰ ਦੇ ਵਿਧਾਨ ਸਭਾ ਹਲਕਾ ਭੁਲੱਥ, ਹਰਿਗੋਬਿੰਦਪੁਰ ਸਾਹਿਬ ਅਤੇ ਫਗਵਾੜਾ ਵਿਖੇ ਬਸਪਾ ਦੀਆਂ ਭਰਵੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ।ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਚੌਧਰੀ ਗੁਰਨਾਮ ਸਿੰਘ ਜਨਰਲ ਸਕੱਤਰ ਬਸਪਾ ਪੰਜਾਬ ਨੇ ਦੱਸਿਆ ਕਿ 29 ਅਪ੍ਰੈਲ ਨੂੰ ਹਰਗੋਬਿੰਦਪੁਰ ਸਾਹਿਬ ਵਿਖੇ ਇੱਕ, 1 ਮਈ ਨੂੰ ਵਿਧਾਨ ਸਭਾ ਹਲਕਾ ਭੁਲੱਥ ਵਿਖੇ 10 ਮੀਟਿੰਗਾਂ ਅਤੇ 3 ਮਈ ਨੂੰ ਫਗਵਾੜਾ ਵਿਖੇ ਬਸਪਾ ਦੀਆਂ 5 ਭਰਵੀਆਂ ਮੀਟਿੰਗਾਂ ਹੋਣਗੀਆਂ।ਉਨ੍ਹਾਂ ਦੱਸਿਆ ਕਿ ਇਨ੍ਹਾਂ ਮੀਟਿੰਗਾਂ ਨੂੰ ਬਸਪਾ ਉਮੀਦਵਾਰ ਰਾਕੇਸ਼ ਸੁੰਮਨ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਨਗੇ।ਇਸ ਮੌਕੇ ਗੁਰਨਾਮ ਚੌਧਰੀ ਨੇ ਕਿਹਾ ਕਿ ਸੰਵਿਧਾਨ ਨੂੰ ਬਚਾਉਣ ਅਤੇ ਮਜ਼ਦੂਰਾਂ, ਕਿਸਾਨਾਂ, ਵਪਾਰੀਆਂ ਅਤੇ ਬੇਰੁਜ਼ਗਾਰ ਨੌਜਵਾਨਾਂ ਦੇ ਹੱਕ 'ਚ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਵਲੋਂ ਬੁਲੰਦ ਕੀਤੀ ਅਵਾਜ ਅਤੇ ਉਲੀਕੇ ਗਏ ਪ੍ਰੋਗਰਾਮਾਂ ਸੰਬੰਧੀ ਵੋਟਰਾਂ ਨਾਲ ਜਾਣਕਾਰੀ ਸਾਂਝੀ ਕੀਤੀ ਜਾਵੇਗੀ।ਓਨਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਮਹਿੰਗਾਈ, ਬੇਰੁਜ਼ਗਾਰੀ ਨੂੰ ਖਤਮ ਕਰਨ, ਸਸਤੀ ਤੇ ਚੰਗੀ ਸਿੱਖਿਆ, ਸਿਹਤ ਸਹੂਲਤਾਂ, ਅਮਨ ਸ਼ਾਂਤੀ ਕਾਇਮ ਕਰਨ ਲਈ ਸਖਤ ਸੁਰੱਖਿਆ ਪ੍ਰਬੰਧ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਬਹੁਜਨ ਸਮਾਜ ਪਾਰਟੀ ਨੂੰ ਸਫਲ ਬਣਾਉ।

## ਜਵਾਈ ਵੱਲੋਂ ਚਾਚੇ ਸਹੁਰੇ ਦਾ ਕਿਰਚਾਂ ਮਾਰ ਕੇ ਕਤਲ



**ਮਜੀਠਾ (ਸੋਇਮ ਆਨੰਦ)**-ਮਜੀਠਾ ਵਿਖੇ ਘਰ ਦੀ ਜਗ੍ਹਾ ਦੀ ਵੰਡ ਦੇ ਝਗੜੇ ਨੂੰ ਲੈ ਕੇ ਜਵਾਈ ਵੱਲੋਂ ਚਾਚੇ ਸਹੁਰੇ ਦਾ ਕਿਰਚਾਂ ਮਾਰ ਕੇ ਕਤਲ ਕਰਨ ਦਾ ਸਮਾਚਾਰ ਹੈ।ਬਲਜੀਤ ਕੌਰ ਪਤਨੀ ਜਰਨੈਲ ਸਿੰਘ ਉਰਫ ਜੈਲਾ ਵਾਸੀ ਵਾਰਡ ਨੰਬਰ 3 ਖਾਸਾ ਪੱਤੀ ਮਜੀਠਾ ਨੇ ਥਾਣਾ ਮਜੀਠਾ ਵਿਖੇ ਲਿਖਤੀ ਦਰਖਾਸਤ ਦਿੱਤੀ ਹੈ ਕਿ ਉਸ ਦਾ ਪਤੀ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਹੈ। ਮੇਰੇ ਪਤੀ ਦਾ ਵੱਡਾ ਭਰਾ ਰਵੇਲ ਸਿੰਘ ਮਰ ਚੁੱਕਾ ਹੈ ਜਿਸ ਦੀ ਬੇਟੀ ਕਵਿਤਾ ਹਰਬੰਸ ਸਿੰਘ ਵਾਸੀ ਪਿੰਡ ਨਾਗ ਕਲਾਂ ਨਾਲ ਵਿਆਹੀ ਹੈ। ਰਵੇਲ ਸਿੰਘ ਦੀ ਮੌਤ ਤੋਂ ਬਾਅਦ ਉਸਦਾ ਜਵਾਈ ਹਰਬੰਸ ਸਹੁਰੇ ਦੇ ਹਿੱਸੇ ਵਿਚ ਆਉਂਦੀ ਜਗ੍ਹਾ ਵਾਲੇ ਮਕਾਨ ਮਜੀਠਾ ਵਿਖੇ ਰਹਿ ਰਿਹਾ। ਦਰਖਾਸਤ ਕਰਤਾ ਅਨੁਸਾਰ ਉਸ ਦੇ ਪਤੀ ਅਤੇ ਸਹੁਰੇ ਦੇ ਘਰ ਦੀ ਵੰਡ ਨੂੰ ਲੈ ਕੇ ਅਕਸਰ ਝਗੜਾ ਹੁੰਦਾ ਰਹਿੰਦਾ ਸੀ।ਬਲਜੀਤ ਕੌਰ ਨੇ ਦੱਸਿਆ ਕਿ ਬੀਤੀ ਦੇਰ ਸ਼ਾਮ ਉਸ ਦਾ ਪਤੀ ਮਿਹਨਤ ਮਜ਼ਦੂਰੀ ਕਰਕੇ ਘਰ ਵਾਪਸ ਆ ਰਿਹਾ ਸੀ ਕਿ ਘਰ ਦੇ ਬਾਹਰ ਹਰਬੰਸ, ਛੱਬਾ, ਭਤੀਜਾ ਅਰਸ਼, ਭਣਵੱਈਆ ਦੇਬੀ ਅਤੇ ਇੱਕ ਅਣਪਛਾਤਾ ਵਿਅਕਤੀ ਖੜ੍ਹੇ ਸਨ। ਇਨ੍ਹਾਂ ਨੇ ਮੇਰੇ ਪਤੀ 'ਤੇ ਕਿਰਚ ਦੇ ਕਈ ਵਾਰ ਕੀਤੇ ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਿਆ। ਜਰਨੈਲ ਸਿੰਘ ਉਰਫ ਜੈਲਾ ਨੂੰ ਜ਼ਖ਼ਮੀ ਹਾਲਤ ਵਿਚ ਮਜੀਠਾ ਦੇ ਸਰਕਾਰੀ ਹਸਪਤਾਲ ਵਿਚ ਲਿਆਂਦਾ ਜਿਥੇ ਉਸ ਦੀ ਗੰਭੀਰ ਹਾਲਤ ਵੇਖ ਕੇ ਉਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਰੈਫਰ ਕਰ ਦਿੱਤਾ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।ਦਰਖਾਸਤ ਕਰਤਾ ਨੇ ਪੁਲਸ ਪਾਸੋਂ ਉਸ ਦੇ ਪਤੀ ਨੂੰ ਕਤਲ ਕਰਨ ਵਾਲੇ ਵਿਅਕਤੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ। ਥਾਣਾ ਮਜੀਠਾ ਦੀ ਪੁਲਿਸ ਨੇ ਦਰਖਾਸਤ ਦੇ ਆਧਾਰ ਤੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਹੈ।

# ਨਕਸਲੀਆਂ ਦੇ ਮੁਕਾਬਲੇ ਮਾਓਵਾਦੀ ਸਮੱਸਿਆ ਦਾ ਹੱਲ ਨਹੀਂ : ਤਾਰਾ ਸਿੰਘ, ਸੁਖਮੰਦਰ ਸਿੰਘ

**ਮੋਗਾ (ਇਕਬਾਲ ਸਿੰਘ ਖਹਿਰਾ)**-ਅਸੀਂ ਮੀਡੀਆ ਵਿੱਚ ਵੇਖ ਰਹੇ ਹਾਂ ਕਿ ਖਣਿਜ ਭਰਪੂਰ ਜੰਗਲੀ ਪਹਾੜੀ ਆਦਿਵਾਸੀ ਖੇਤਰਾਂ ਅੰਦਰ ਅੰਦੋਲਨ ਕਰ ਰਹੇ ਮਾਓਵਾਦੀਆਂ ਨੂੰ ਸਰਕਾਰਾਂ ਦਹਿਸ਼ਤਗਰਦ, ਅੱਤਵਾਦੀ ਜਾਂ ਵੱਖਵਾਦੀ ਨਹੀਂ ਕਹਿੰਦੀਆਂ। ਦੂਸਰੀ ਤਰਫ ਮਾਓਵਾਦੀ ਕਹਿੰਦੇ ਹਨ ਕਿ ਉਨ੍ਹਾਂ ਨਾਲ ਸ਼ੁਰੂ ਹੋਏ ਖੂੰਨੀ ਕਾਂਡਾਂ ਦਾ ਮੁੱਖ ਕਾਰਨ ਸਰਕਾਰਾਂ ਵੱਲੋਂ ਆਦਿਵਾਸੀ ਖੇਤਰਾਂ ਅੰਦਰ ਲੋਕਾਂ ਦਾ ਉਜਾੜਾ ਤੇ ਜਲ-ਜੰਗਲ-ਜ਼ਮੀਨ ਦੀ ਅੰਨ੍ਹੀਂ ਲੁੱਟ ਦਾ ਆਦਿਵਾਸੀਆਂ ਵੱਲੋਂ ਕੀਤਾ ਜਾ ਰਿਹਾ ਵਿਰੋਧ ਬਣਿਆ ਹੈ। ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਤੇ ਜਨਰਲ ਸਕੱਤਰ ਸੁਖਮੰਦਰ ਸਿੰਘ ਬਠਿੰਡਾ ਨੇ ਛੱਤੀਸਗੜ੍ਹ ਦੇ ਕਾਂਕੇਰ ਵਿੱਚ 29 ਮਾਓਵਾਦੀਆਂ ਦੇ ਮੁਕਾਬਲੇ ਵਿੱਚ ਮਾਰੇ ਜਾਣ ਦੇ ਅਸਲ ਤੱਥਾਂ ਦੀ ਪੁਣ-ਛਾਣ ਕਰਦਿਆਂ ਇਸ ਨੂੰ ਮਨੁੱਖੀ ਹੱਕਾਂ ਦੇ ਘਾਣ ਦਾ ਨਾਂਅ ਦਿੱਤਾ ਹੈ। ਜਨਚੌਕ ਡਾਟ ਕਾਮ ਦੀ ਰਿਪੋਰਟ ਮੁਤਾਬਿਕ ਮੌਕੇ 'ਤੇ ਸਿਰਫ 12 ਮਾਓਵਾਦੀ ਮਾਰੇ ਗਏ, ਜਦਕਿ 17 ਮਾਓਵਾਦੀ ਜ਼ਖਮੀ ਹਾਲਤ ਵਿੱਚ ਗ੍ਰਿਫਤਾਰ ਕਰ ਲਏ ਗਏ, ਜਿਨ੍ਹਾਂ ਵਿੱਚੋਂ ਛੱਤੀਸਗੜ੍ਹ ਦੇ 'ਆਦਿਵਾਸੀ' ਮੁੱਖ ਮੰਤਰੀ ਵਿਸ਼ਨੂ ਦੇਵ, ਉੱਪ ਮੁੱਖ ਮੰਤਰੀ ਵਿਜੈ ਸ਼ਰਮਾ ਤੇ ਉੱਚ ਪੁਲਸ ਅਧਿਕਾਰੀਆਂ ਨਾਲ ਰਾਇ ਮਸ਼ਵਰਾ ਕਰਨ ਤੋਂ ਬਾਅਦ 8 'ਤੇ ਵਹਿਸ਼ੀ ਜਬਰ ਕਰਨ ਤੋਂ ਬਾਅਦ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਅਤੇ ਬਾਕੀ ਦੇ 11 ਮਾਓਵਾਦੀਆਂ ਨੂੰ ਘੜੀਸ-ਘੜੀਸ ਕੇ ਗੋਲੀਆਂ ਮਾਰੀਆਂ ਗਈਆਂ। ਛੱਤੀਸਗੜ੍ਹ ਭਾਰਤ ਦਾ ਉਹ ਹਿੱਸਾ ਹੈ, ਜਿੱਥੇ ਧਰਤੀ ਅੰਦਰ ਅਨੇਕਾਂ ਕੀਮਤੀ ਧਾਤਾਂ, ਲੋਹੇ-ਕੋਲੇ ਆਦਿ ਦੇ ਭੰਡਾਰ ਹਨ, ਜੋ ਕਿ ਸੂਬੇ ਤੇ ਕੇਂਦਰ ਦੀਆਂ ਸਰਕਾਰਾਂ ਵੱਲੋਂ ਵਿਕਾਸ ਦੇ ਨਾਂਅ 'ਤੇ ਫੌਜ, ਨੀਮ ਫੌਜੀ ਬਲਾਂ ਤੇ ਪੁਲਸ ਦੇ ਵਹਿਸ਼ੀ ਜਬਰ ਰਾਹੀਂ ਆਦਿਵਾਸੀਆਂ ਨੂੰ ਉਜਾੜ ਕੇ ਕਾਰਪੋਰੇਟ ਘਰਾਣਿਆਂ ਦੀਆਂ ਦੇਸੀ-ਵਿਦੇਸ਼ੀ ਕੰਪਨੀਆਂ ਨੂੰ ਲੁਟਾਏ ਜਾ ਰਹੇ ਹਨ। ਅਜਿਹੀ ਹਾਲਤ ਅੰਦਰ ਆਦਿਵਾਸੀ ਲੋਕਾਂ ਦੀ ਵੱਡੀ ਗਿਣਤੀ ਅੱਜ ਹਥਿਆਰਬੰਦ ਸੰਘਰਸ਼ ਦੇ ਰਾਹ ਪੈ ਗਈ ਹੈ। ਸਰਕਾਰਾਂ ਦੀ ਇਸ ਵਹਿਸ਼ੀ ਜਾਬਰ ਨੀਤੀ ਖਿਲਾਫ ਉੱਠਣ ਵਾਲੀਆਂ ਜਨਤਕ ਤੇ ਜਮਹੂਰੀ ਅਵਾਜ਼ਾਂ ਨੂੰ ਅਮਨ-ਕਾਨੂੰਨ ਬਣਾਈ ਰੱਖਣ ਦੇ ਬਹਾਨੇ ਦਬਾਇਆ ਤੇ ਲਤਾੜਿਆ ਜਾ ਰਿਹਾ ਹੈ। ਇਸ ਸਮੱਸਿਆ ਦੇ ਹੱਲ ਲਈ ਸੰਘਰਸ਼ ਕਰਨ ਵਾਲੇ ਬੁੱਧੀਜੀਵੀ ਪ੍ਰੋਫੈਸਰਾਂ, ਵਕੀਲਾਂ, ਡਾਕਟਰਾਂ ਆਦਿ ਨੂੰ ਸ਼ਹਿਰੀ ਨਕਸਲੀ ਕਹਿ ਦੇ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ। ਲੋਕ ਸੰਗਰਾਮ ਮੋਰਚਾ ਪੰਜਾਬ ਲੋਕਾਂ 'ਤੇ ਹਕੂਮਤਾਂ ਦੇ ਅਜਿਹੇ ਵਹਿਸ਼ੀ ਜਬਰ ਦੀ ਸਖਤ ਨਿੰਦਾ ਕਰਦਾ ਹੈ। ਮਾਓਵਾਦ ਦੀ ਇਹ ਰਾਜਨੀਤਕ, ਆਰਥਿਕ, ਸਮਾਜਿਕ, ਨਿਆਂ ਦੀ ਸਮੱਸਿਆ ਝੂਠੇ-ਸੱਚੇ ਪੁਲਸ ਮੁਕਾਲਿਆਂ ਨਾਲ ਹੱਲ ਨਹੀਂ ਹੋਣੀ। ਇਹ ਦੇਸ਼ ਦੇ ਕੁਦਰਤੀ ਤੇ ਪੈਦਾਵਾਰ ਦੇ ਵਸੀਲਿਆਂ ਦੀ ਲੁੱਟ-ਖਸੁੱਟ ਕਰਨ ਲਈ ਜਬਰ ਕਰਨ ਨਾਲ ਹੱਲ ਨਹੀਂ ਹੋਣੀ, ਸਗੋਂ ਆਦਿਵਾਸੀਆਂ ਸਮੇਤ ਸਮੁੱਚੇ ਮੁਲਕ ਦੀ ਜਲ, ਜੰਗਲ ਤੇ ਜਮੀਨ ਦੀ ਸਾਮਰਾਜੀਆਂ ਦੀ ਲੁੱਟ-ਖਸੁੱਟ ਤੋਂ ਰਾਖੀ ਕਰਨ ਨਾਲ ਹੋਣੀ ਹੈ। ਆਦਿਵਾਸੀ ਖੇਤਰਾਂ ਅੰਦਰ ਸੂਬਾ ਤੇ ਕੇਂਦਰੀ ਸਰਕਾਰਾਂ ਵੱਲੋਂ ਆਪ ਦੀਆਂ ਲੋਕ ਮਾਰੂ ਨੀਤੀਆਂ ਰੱਦ ਕਰਨ ਦੀ ਬਜਾਏ, ਜਬਰ ਤਿੱਖਾ ਕੀਤਾ ਜਾ ਰਿਹਾ ਹੈ, ਜਿਹੜਾ ਕਿ ਮੋੜਵੇਂ ਰੂਪ 'ਚ ਲੋਕਾਂ ਨੂੰ ਬਗਾਵਤ ਵੱਲ ਧੱਕ ਰਿਹਾ ਹੈ। ਆਗੂਆਂ ਨੇ ਲੋਕਾਂ ਨੂੰ ਸੱਦ ਦਿੱਤਾ ਕਿ ਸਾਡੀ ਮਾਤ ਭੂਮੀ ਦੀ ਰਾਖੀ ਭਾਵ ਜਲ, ਜੰਗਲ ਤੇ ਜਮੀਨ ਅਤੇ ਇਸ ਦੇ ਜਾਏ ਲੋਕਾਂ ਦੀ ਰਾਖੀ ਲਈ ਹਕੂਮਤਾਂ ਖਿਲਾਫ ਸੰਘਰਸ਼ ਦੇ ਮੈਦਾਨਾਂ ਵਿੱਚ ਨਿਤਰੀਏ।


ਤਾਰਾ ਸਿੰਘ ਤੇ ਸੁਖਮੰਦਰ ਸਿੰਘ

## ਸਾਡਾ ਪੁੱਤ ਚੀਨ ਦੇ ਬਾਰਡਰ 'ਤੇ ਦੇਸ਼ ਦੀ ਰਾਖੀ ਕਰ ਰਿਹੈ ਤੇ ਦੁਸ਼ਮਣ ਮੇਰੇ ਘਰ ਨੂੰ ਪੈ ਗਏ : ਬਜ਼ੁਰਗ ਜੋੜਾ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਾਡਾ ਪੁੱਤ ਚੀਨ ਦੇ ਬਾਰਡਰ 'ਤੇ ਦੇਸ਼ ਦੀ ਰਾਖੀ ਕਰ ਰਿਹਾ ਹੈ, ਪਰ ਪਿੰਡ ਵਿੱਚ ਕੁਝ ਦੁਸ਼ਮਣਾਂ ਨੇ ਮੇਰੇ ਘਰ 'ਤੇ ਹਮਲਾ ਬੋਲ ਕੇ ਚਾਰਦੀਵਾਰੀ ਤੋੜ ਦਿੱਤੀ। ਇਹ ਦੁੱਖੜਾ ਪਿੰਡ ਕਡਿਆਣਾ ਦੇ ਨਿਵਾਸੀ ਬਜ਼ੁਰਗ ਮਨਜੀਤ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਜਸਵੰਤ ਕੌਰ ਨੇ ਪੱਤਰਕਾਰਾਂ ਨੂੰ ਸੁਣਾਇਆ। ਬਜ਼ੁਰਗ ਜੋੜੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਪਿਤਾ ਗੁਰਚਰਨ ਸਿੰਘ ਤੋਂ ਪੁਸ਼ਤੈਨੀ ਥਾਂ ਮਿਲੀ ਹੋਈ ਹੈ, ਜਿਸ ਵਿੱਚ ਉਨ੍ਹਾਂ ਨੇ ਰਹਿਣ ਲਈ ਘਰ ਦੀ ਉਸਾਰੀ ਕੀਤੀ ਸੀ। ਪਿੰਡ ਦੇ ਕੁਝ ਲੋਕਾਂ ਨੇ ਬਹੁਤ ਸਾਲ ਪਹਿਲਾਂ ਇੱਕ ਕੇਸ ਅਦਾਲਤ ਵਿੱਚ ਲਗਾ ਦਿੱਤਾ, ਜਿਸ ਵਿੱਚ ਦਾਅਵਾ ਕੀਤਾ ਗਿਆ ਕਿ ਉਨ੍ਹਾਂ ਦੇ ਇਸ ਪਲਾਟ ਵਿੱਚੋਂ ਸਰਕਾਰੀ ਰਾਸਤਾ ਨਿੱਕਲਦਾ ਹੈ। ਇਸ ਸਬੰਧੀ ਮਾਨਯੋਗ ਅਦਾਲਤ ਨੇ ਕਈ ਸਾਲ ਪਹਿਲਾਂ ਸਾਡੇ ਹੱਕ ਵਿੱਚ ਫੈਸਲਾ ਸੁਣਾ ਦਿੱਤਾ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਘਰ ਦੀ ਚਾਰਦੀਵਾਰੀ ਕਰ ਲਈ ਸੀ। ਬਜ਼ੁਰਗ ਜੋੜੇ ਨੇ ਦੋਸ਼ ਲਗਾਇਆ ਕਿ ਹੁਣ ਫਿਰ ਪਿੰਡ ਦੇ ਕੁਝ ਲੋਕਾਂ ਨੇ ਸਰਕਾਰੀ ਤੰਤਰ ਤੇ ਪ੍ਰਸ਼ਾਸਨ ਨਾਲ ਮਿਲ ਕੇ ਧੱਕੇ ਨਾਲ ਚਾਰਦੀਵਾਰੀ ਤੋੜ ਦਿੱਤੀ, ਜਿਸ ਤੋਂ ਬਾਅਦ ਉਨ੍ਹਾ ਨੇ ਮੁੜ ਅਦਾਲਤ ਦਾ ਦਰਵਾਜ਼ਾ ਖੜਕਾਇਆ। ਬਜ਼ੁਰਗ ਜੋੜੇ ਨੇ ਦਾਅਵਾ ਕੀਤਾ ਕਿ ਅਦਾਲਤ ਵਿੱਚ ਵੀ ਫੈਸਲਾ ਉਨ੍ਹਾਂ ਦੇ ਹੱਕ ਵਿੱਚ ਆ ਗਿਆ ਤੇ ਹੁਣ ਉਹ ਜਦੋਂ ਘਰ ਦੀ ਚਾਰਦੀਵਾਰੀ ਕਰਨ ਲੱਗੇ ਤਾਂ ਵਿਰੋਧੀ ਧਿਰ ਨੇ ਉਨ੍ਹਾਂ ਦੀ ਇਹ ਕੰਧ ਤੋੜ ਦਿੱਤੀ। ਬਜ਼ੁਰਗ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਸ ਸਬੰਧੀ ਪੁਲਸ ਨੂੰ ਵੀ ਸ਼ਿਕਾਇਤ ਦਿੱਤੀ ਹੋਈ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪੁੱਤਰ ਫੌਜ ਵਿੱਚ ਹੈ ਤੇ ਚੀਨ ਦੇ ਬਾਰਡਰ 'ਤੇ ਦੇਸ਼ ਦੀ ਸੇਵਾ ਕਰ ਰਿਹਾ ਹੈ ਤੇ ਉਹ ਆਪਣੀ ਨੂੰਹ ਨਾਲ ਇਸ ਘਰ ਵਿੱਚ ਰਹਿੰਦੇ ਹਨ, ਪਰ ਨਾ ਹੋਣ ਕਾਰਨ ਉਨ੍ਹਾਂ ਨੂੰ ਜਾਨ-ਮਾਲ ਦਾ ਖ਼ਤਰਾ ਬਣਿਆ ਰਹਿੰਦਾ ਹੈ। ਬਜ਼ੁਰਗ ਜੋੜੇ ਨੇ ਸਰਕਾਰ ਤੇ ਪ੍ਰਸ਼ਾਸਨ ਤੋਂ ਗੁਹਾਰ ਲਗਾਈ ਕਿ ਉਨ੍ਹਾਂ ਨੂੰ ਇਨਸਾਫ ਦਿਵਾਇਆ ਜਾਵੇ। ਇਸ ਸਬੰਧੀ ਜਦੋਂ ਦੂਜੀ ਧਿਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਸਰਕਾਰੀ ਰਾਸਤਾ ਹੈ, ਜਿਸ ਉਪਰ ਚਾਰਦੀਵਾਰੀ ਕੀਤੀ ਜਾ ਰਹੀ ਹੈ, ਜਿਸ ਨੂੰ ਪ੍ਰਸ਼ਾਸਨ ਨੇ ਹੀ ਖਾਲੀ ਕਰਵਾਇਆ ਹੈ।

## ਰਾਜੇਸ਼ ਰਿਖੀ ਡਾ. ਅੰਬੇਡਕਰ ਸਟੇਟ ਐਵਾਰਡ ਨਾਲ ਸਨਮਾਨਤ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪਿਛਲੇ ਦੋ ਦਹਾਕਿਆਂ ਤੋਂ ਹਜ਼ਾਰਾਂ ਰੁੱਖ ਲਗਾ ਕੇ ਉਨ੍ਹਾਂ ਨੂੰ ਪਾਲ ਰਹੇ, ਵਾਤਾਵਰਣ ਤੇ ਪੰਛੀਆਂ ਦੀ ਸੇਵਾ ਸੰਭਾਲ ਲਈ ਕੰਮ ਕਰਨ ਵਾਲੀ ਮੁਹਿੰਮ ਪੰਛੀ ਪਿਆਰੇ ਤੇ ਲੋੜਵੰਦ ਵਿਦਿਆਰਥੀਆਂ ਤੇ ਝੁੱਗੀਆਂ ਝੌਂਪੜੀਆਂ 'ਚ ਵਸਦੀ ਇਨਸਾਨੀਅਤ ਦੀ ਸੇਵਾ ਲਈ ਚੱਲ ਰਹੀ ਮੁਹਿੰਮ ਰੌਸ਼ਨੀ ਦੇ ਮੁੱਖ ਸੰਚਾਲਕ ਸਮਾਜ ਸੇਵੀ, ਲੇਖਕ ਰਾਜੇਸ਼ ਰਿਖੀ ਪੰਜਗਰਾਈਆਂ ਨੂੰ ਭਾਰਤੀ ਅੰਬੇਡਕਰ ਮਿਸ਼ਨ (ਰਜਿ.) ਭਾਰਤ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਸੰਗਰੂਰ ਵਿਖੇ ਵੱਡੇ ਪੱਧਰ ਤੇ ਕਰਵਾਏ ਗਏ ਸੂਬਾਈ ਸਮਾਗਮ ਦੌਰਾਨ ਡਾ. ਅੰਬੇਡਕਰ ਸਟੇਟ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਸ਼੍ਰੀ ਰਾਜੇਸ਼ ਰਿਖੀ ਨੇ ਮਿਸ਼ਨ ਦੇ ਮੁੱਖ ਸਰਪ੍ਰਸਤ ਸ਼੍ਰੀਮਤੀ ਪੂਨਮ ਕਾਂਗੜਾ ਤੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਦਾ ਸਮਾਜ ਸੇਵੀਆਂ ਦਾ ਹੌਸਲਾ ਵਧਾਉਣ ਲਈ ਧੰਨਵਾਦ ਕੀਤਾ। ਉਨ੍ਹਾ ਕਿਹਾ ਕਿ ਐਵਾਰਡ ਪੂਰੀ ਟੀਮ ਦਾ ਐਵਾਰਡ ਹੈ ਤੇ ਐਵਾਰਡ ਜਿੱਥੇ ਨਿਰਸੁਆਰਥ ਕੰਮ ਕਰਨ ਵਾਲਿਆਂ ਦਾ ਹੌਸਲਾ ਵਧਾਉਂਦੇ ਹਨ, ਉੱਥੇ ਹੋਰ ਵਧ ਚੜ੍ਹ ਕੇ ਕੰਮ ਕਰਨ ਦੀ ਜ਼ਿੰਮੇਵਾਰੀ ਵੀ ਵਧਾਉਂਦੇ ਹਨ। ਜ਼ਿਕਰਯੋਗ ਹੈ ਕਿ ਸ਼੍ਰੀ ਰਿਖੀ ਨੂੰ ਪਹਿਲਾਂ ਵੀ ਕਈ ਵਾਰ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਪੱਧਰੀ ਸਮਾਗਮ ਤੇ ਦਰਜਨਾਂ ਸੰਸਥਾਵਾਂ ਵੱਲੋਂ ਵੱਖ ਵੱਖ ਐਵਾਰਡਾਂ ਨਾਲ ਸਨਮਾਨਤ ਕੀਤਾ ਜਾ ਚੁੱਕਿਆ ਹੈ ਅਤੇ ਉਹ ਹੁਣ ਤੱਕ ਮਿੰਨੀ ਜੰਗਲ, ਹਜ਼ਾਰਾਂ ਦਰੱਖਤ, ਪੰਛੀਆਂ ਲਈ ਆਲ੍ਹਣੇ, ਪਾਣੀ ਦੇ ਕਟੋਰੇ ਵੰਡਣ ਸਮੇਤ ਟੀਮ ਰੌਸ਼ਨੀ ਵੱਲੋਂ ਬਲਵੀਰ ਸਿੰਘ ਸੰਧੂ ਦੀ ਅਗਵਾਈ ਹੇਠ 51 ਬਿਨਾਂ ਮਾਂ ਬਾਪ ਦੇ ਬੱਚਿਆਂ ਨੂੰ ਪੜ੍ਹਾਈ ਲਈ ਗੋਦ ਲੈ ਚੁੱਕੀ ਹੈ ਤੇ ਝੁੱਗੀ ਝੌਂਪੜੀ ਵਾਲੇ ਬੱਚਿਆਂ ਨੂੰ ਪੜ੍ਹਾ ਰਹੀ ਹੈ।

## ਸਪਰਿੰਗ ਡਿਊ ਸਕੂਲ ਨਾਨਕਸਰ 'ਚ ਟੀਚਰ ਟ੍ਰੇਨਿੰਗ ਵਰਕਸ਼ਾਪ



**ਜਗਰਾਉਂ (ਸੰਜੀਵ ਅਰੋੜਾ)**-ਸਪਰਿੰਗ ਡਿਊ ਸਕੂਲ ਨਾਨਕਸਰ ਵਿਖੇ ਸੀ.ਬੀ.ਐਸ.ਈ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਦੀ ਅਗਵਾਈ ਅਨੁਸਾਰ ਪ੍ਰਸਿੱਧ ਮੈਨਟੋਰ ਮੋਟੀਵੇਸ਼ਨਲ ਸਪੀਕਰ ਤੇ ਪ੍ਰੋਜੈਕਟ ਆਫੀਸਰ ਮਿਸ ਸ਼ਿਲਪਾ ਮਿਗਲਾਨੀ ਦੁਆਰਾ ਇਕਰੋਜ਼ਾ ਟੀਚਰ ਟ੍ਰੇਨਿੰਗ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੈਡਮ ਸ਼ਿਲਪਾ ਨੇ ਸਿੱਖਿਆ ਤੇ ਅਧਿਆਪਨ ਪ੍ਰਕਿਰਿਆ ਨੂੰ ਦਿਲਚਸਪ ਤੇ ਰੌਚਕ ਬਣਾਉਣ ਲਈ ਵੱਖ-ਵੱਖ ਨੁਕਤਿਆਂ ਰਾਹੀਂ ਸਮਝਾਉਂਦਿਆਂ ਨਵੀਨਤਮ ਅਧਿਆਪਨ ਵਿਧੀਆਂ ਉੱਪਰ ਚਾਨਣਾ ਪਾਇਆ। ਉਨ੍ਹਾਂ ਦੇ ਮੁੱਖ ਵਿਸ਼ੇ ਕਲਾਸ ਰੂਮ ਮੈਨੇਜਮੈਂਟ, ਟਾਇਮ ਮੈਨੇਜਮੈਂਟ ਅਤੇ ਕਮਿਊਨੀਕੇਸ਼ ਰਹੇ। ਉਨ੍ਹਾਂ ਕਮਿਊਨੀਕੇਸ਼ ਬਾਰੇ ਦੱਸਦਿਆਂ ਕਿਹਾ ਕਿ ਬੱਚਿਆਂ ਨੂੰ ਸਮਝਾਉਂਦੇ ਸਮੇਂ ਮੌਖਿਕ ਭਾਸ਼ਾ ਜਿੰਨੀ ਕਾਰਗਰ ਹੁੰਦੀ ਹੈ, ਉਸ ਤੋਂ ਜ਼ਿਆਦਾ ਟੀਚਰ ਦੀ ਬਾਡੀ ਲੈਂਗੂਏਜ ਵੀ ਜਿਆਦਾ ਮਹੱਤਵਪੂਰਨ ਰੱਖਦੀ ਹੈ। ਇਸ ਵਰਕਸ਼ਾਪ ਤੇ ਸਕੂਲ ਟੀਚਰ ਮੈਡਮ ਅੰਜੂ ਬਾਲਾ ਨੇ ਮੈਡਮ ਸ਼ਿਲਪਾ ਮਿਗਲਾਨੀ ਅਤੇ ਸਾਰੇ ਟੀਚਰ ਸਾਹਿਬਾਨ ਨੂੰ ਜੀ ਆਇਆਂ ਆਖਿਆ। ਇਸ ਸਮੇਂ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਨੇ ਉਚੇਚੇ ਤੌਰ 'ਤੇ ਮੋਹਿਤ ਸ਼ਰਮਾ ਤੇ ਸ਼ਿਲਪਾ ਮਿਗਲਾਨੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਤਰ੍ਹਾਂ ਦੀਆਂ ਵਰਕਸ਼ਾਪਾਂ ਅਤੇ ਸੈਮੀਨਾਰ ਕਰਵਾਏ ਜਾਣਗੇ ਤਾਂ ਜੁ ਅਧਿਆਪਕਾਂ ਨੂੰ ਵਿਦਿਆਰਥੀਆਂ ਦਾ ਭਵਿੱਖ ਸੰਵਾਰਨ ਲਈ ਬੇਹਤਰ ਤਰੀਕੇ ਨਾਲ ਤਿਆਰ ਕੀਤਾ ਜਾਵੇ।

## ਦਿੱਲੀ ਅਧਾਰਤ ਪਾਰਟੀਆਂ ਈਸਟ ਇੰਡੀਆ ਕੰਪਨੀ ਵਾਂਗੂ ਪੰਜਾਬ 'ਤੇ ਕਬਜ਼ਾ ਕਰਨਾ ਚਾਹੁੰਦੀਆਂ : ਸੁਖਬੀਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਿੱਲੀ ਅਧਾਰਤ ਪਾਰਟੀਆਂ, ਉਸੇ ਤਰੀਕੇ ਪੰਜਾਬ 'ਤੇ ਕਬਜਾ ਕਰਨਾ ਚਾਹੁੰਦੀਆਂ ਹਨ ਜਿਵੇਂ ਈਸਟ ਇੰਡੀਆ ਕੰਪਨੀ ਨੇ ਕੀਤਾ ਸੀ ਅਤੇ ਉਨ੍ਹਾਂ ਨੇ ਅਪੀਲ ਕੀਤੀ ਕਿ ਲੋਕ ਪੰਜਾਬ ਵਿੱਚ ਸ਼ਾਂਤੀ ਤੇ ਫਿਰਕੂ ਸਦਭਾਵਨਾ ਅਤੇ ਤਰੱਕੀ ਵਾਸਤੇ ਅਕਾਲੀ ਦਲ ਨੂੰ ਵੋਟਾਂ ਪਾਉਣ।

ਅਕਾਲੀ ਦਲ ਦੇ ਪ੍ਰਧਾਨ ਜਿਨ੍ਹਾਂ ਨੇ ਇਥੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਮੈਂਬਰਾਂ ਤੇ ਟੈਕਸੇਸ਼ਨ ਵਕੀਲਾਂ ਨਾਲ ਬਾਰ ਐਸੋਸੀਏਸ਼ਨ ਮਿੰਨੀ ਸਕੱਤਰੇਤ ਅਤੇ ਜ਼ਿਲ੍ਹਾ ਕਚਹਿਰੀਆਂ ਵਿੱਚ ਮੁਲਾਕਾਤ ਕੀਤੀ ਤੇ ਨਾਲ ਹੀ ਨਾਰਦਰਨ ਕੂਲਰ ਐਂਡ ਫੈਨ ਮੈਨੂਫੈਕਚਰਿੰਗ ਐਸੋਸੀਏਸ਼ਨ, ਹੋਟਲਜ਼ ਤੇ ਰੈਸਟੋਰੈਂਟ ਐਸੋਸੀਏਸ਼ਨ ਤੇ ਇਸਾਈ ਭਾਈਚਾਰੇ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ, ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਸਭ ਤੋਂ ਸੰਵੇਦਨਸ਼ੀਲ ਸਮਾਂ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਜ਼ਰੂਰੀ ਹੈ ਕਿ ਪੰਜਾਬ, ਪੰਜਾਬ ਨੂੰ ਦਿੱਲੀ ਆਧਾਰਿਤ ਪਾਰਟੀਆਂ ਤੋਂ ਬਚਾਉਣ ਜੋ ਸਿਰਫ ਸੀਟਾਂ ਜਿੱਤਣੀਆਂ ਚਾਹੁੰਦੀਆਂ ਹਨ ਤੇ ਉਹਨਾਂ ਨੂੰ ਪੰਜਾਬੀਆਂ ਜਾਂ ਉਨ੍ਹਾਂ ਦੀਆਂ ਮੁਸ਼ਕਲਾਂ ਨਾਲ ਕੋਈ ਸਰੋਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਿਲਾਂ ਵੀ ਕੌਮੀ ਪਾਰਟੀਆਂ ਦੇ ਹੱਥਾਂ ਵਿਚ ਸੰਤਾਪ ਹੰਢਾਇਆ ਹੈ ਤੇ ਹੁਣ ਵੀ ਪੰਜਾਬ ਵਿੱਚ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ ਤੇ ਫਿਰਕੂ ਤਣਾਅ ਵਧ ਰਿਹਾ ਹੈ ਤੇ ਇਹ ਸਭ ਸਮੇਂ ਕਾਂਗਰਸ ਤੇ ਮੌਜੂਦਾ ਆਪ ਸਰਕਾਰ ਦੇ ਸਮੇਂ ਵਿਚ ਹੋਇਆ ਹੈ। ਉਨ੍ਹਾ ਕਿਹਾ ਕਿ ਹਾਲਾਤ ਅਜਿਹੇ ਹਨ ਕਿ ਸਮਾਜ ਦਾ ਹਰ ਵਰਗ ਸੰਤਾਪ ਹੰਢਾ ਰਿਹੈ।

ਇਸ ਤੋਂ ਪਹਿਲਾਂ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਮੈਂਬਰਾਂ ਨਾਲ ਮੀਟਿੰਗ ਵਿੱਚ ਸ੍ਰ. ਬਾਦਲ ਨੇ ਦੱਸਿਆ ਕਿ ਕਿਵੇਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਪਿਛਲੀਆਂ ਅਕਾਲੀ ਦਲ ਦੀਆਂ ਸਰਕਾਰਾਂ ਨੇ ਸੂਬੇ ਭਰ ਵਿੱਚ ਜੁਡੀਸ਼ੀਅਨ ਕੰਪਲੈਕਸ ਤੇ ਵਕੀਲਾਂ ਦੇ ਚੈਂਬਰ ਬਣਾਏ। ਉਨ੍ਹਾ ਦੱਸਿਆ ਕਿ ਕਿਵੇਂ ਅਕਾਲੀ ਦਲ ਦੀ ਸਰਕਾਰ ਵੇਲੇ ਇਸਾਈ ਭਾਈਚਾਰੇ ਸਮੇਤ ਸਾਰੇ ਭਾਈਚਾਰਿਆਂ ਨੂੰ ਵਿਕਾਸ ਦੇ ਰਾਹ 'ਤੇ ਇਕੱਠਿਆਂ ਲੈ ਕੇ ਤੁਰਿਆ ਜਾਂਦਾ ਸੀ। ਇਸਾਈ ਭਾਈਚਾਰੇ ਦੇ ਲੋਕਾਂ ਨੇ ਵੀ ਅਕਾਲੀ ਦਲ ਨੂੰ ਫਿਰਕੂ ਸਦਭਾਵਨਾ ਦਾ ਪ੍ਰਤੀਕ ਕਰਾਰ ਦਿੰਦਿਆਂ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਫਿਰਕੂ ਭਾਸ਼ਣਾਂ ਰਾਹੀਂ ਵੋਟਾਂ ਦਾ ਧਰੁਵੀਕਰਨ ਕਰਨ ਵਿਰੁੱਧ ਸਖਤ ਸਟੈਂਡ ਲੈਣ ਦੀ ਸ਼ਲਾਘਾ ਕੀਤੀ। ਇਸ ਮੌਕੇ ਸੀਨੀਅਰ ਆਗੂ ਇਕਬਾਲ ਸਿੰਘ ਬਬਲੀ ਢਿੱਲੋਂ, ਮੋਹਿਤ ਗੁਪਤਾ, ਬਲਜੀਤ ਸਿੰਘ ਬੀੜਬਹਿਮਣ, ਰਾਜਵਿੰਦਰ ਸਿੰਘ ਤੇ ਸਨੀ ਬਰਾੜ ਵੀ ਹਾਜ਼ਰ ਸਨ।

## ਕਾਂਗਰਸ ਐੱਸ ਸੀ ਵਿੰਗ ਦੇ ਨਵੇਂ ਅਹੁਦੇਦਾਰ ਨਿਯੁਕਤ


ਕਾਂਗਰਸ ਦੇ ਨਵਨਿਯੁਕਤ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਦਿੰਦੇ ਹੋਏ ਰੁਪਿੰਦਰ ਸਿੰਘ ਰਾਜਾ ਗਿੱਲ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਕਾਂਗਰਸ ਐੱਸ.ਸੀ. ਵਿੰਗ ਦੇ ਚੇਅਰਮੈਨ ਕੁਲਦੀਪ ਸਿੰਘ ਵੈਦ ਵੱਲੋਂ ਦਿੱਤੇ ਨਿਰਦੇਸ਼ਾਂ ਤਹਿਤ ਨਵੇਂ ਅਹੁਦੇਦਾਰਾਂ ਦੀ ਨਿਯੁਕਤੀ ਕੀਤੀ ਗਈ। ਅੱਜ ਹਲਕਾ ਸਮਰਾਲਾ ਤੋਂ ਕਾਂਗਰਸ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਤੇ ਜ਼ਿਲ੍ਹਾ ਚੇਅਰਮੈਨ ਬਲਵਿੰਦਰ ਸਿੰਘ ਬੰਬ ਵੱਲੋਂ ਇਨ੍ਹਾਂ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ, ਜਿਨ੍ਹਾਂ ਵਿੱਚ ਗੁਰਜੀਤ ਸਿੰਘ ਭੌਰਲਾ ਨੂੰ ਪ੍ਰਦੇਸ਼ ਕੋਆਰਡੀਨੇਟਰ, ਸਾਬਕਾ ਕੌਂਸਲਰ ਪਰਮਜੀਤ ਪੰਮੀ, ਸੁਰਮੁੱਖ ਸਿੰਘ ਹਰਬੰਸਪੁਰ, ਸਾਬਕਾ ਸਰਪੰਚ ਗੁਰਨਾਮ ਸਿੰਘ ਡੱਲਾ, ਗੁਰਪ੍ਰੀਤ ਸਿੰਘ ਗੌਂਸਲਾ, ਬਿਕਰਮਜੀਤ ਸਿੰਘ ਅਕਾਲਗੜ੍ਹ ਤੇ ਗੁਰਚਰਨ ਸਿੰਘ ਚਕਲੀ ਆਦਲ ਨੂੰ ਜ਼ਿਲ੍ਹਾ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਨਵਰੂਪ ਸਿੰਘ ਧਾਲੀਵਾਲ ਸਮਰਾਲਾ, ਸਤਵਿੰਦਰ ਸਿੰਘ ਖਾਨਪੁਰ, ਰਾਮ ਕਰਨ ਢਿੱਲਵਾਂ, ਭੀਮ ਸਿੰਘ ਗਗੜਾ, ਰਾਜਵਿੰਦਰਪਾਲ ਲੋਹਾਰੀਆਂ, ਜਗਰੂਪ ਸਿੰਘ ਪੂਰਬਾ, ਸੁਖਦੀਪ ਸਿੰਘ ਜਲਣਪੁਰ ਤੇ ਕੁਲਵੀਰ ਸਿੰਘ ਗੌਂਸਲਾ ਨੂੰ ਜ਼ਿਲ੍ਹਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਪਲਵਿੰਦਰ ਸਿੰਘ ਬਗਲੀ ਕਲਾਂ, ਹਰਪਾਲ ਸਿੰਘ ਮੰਡ, ਸਵਰਨਜੀਤ ਸਿੰਘ ਕੋਟਲਾ ਸਮਸ਼ਪੁਰ, ਕੇਸਰ ਸਿੰਘ ਹਰਬੰਸਪੁਰ, ਦਵਿੰਦਰ ਸਿੰਘ ਘਰਖਣਾ, ਜਤਿੰਦਰ ਸਿੰਘ ਜੋਤੀ ਨੂੰ ਜ਼ਿਲ੍ਹਾ ਕਨਵੀਨਰ ਨਿਯੁਕਤ ਕੀਤਾ ਗਿਆ ਤੇ ਜਸਵਿੰਦਰ ਸਿੰਘ ਗੋਗੀ ਨੂੰ ਬਲਾਕ ਚੇਅਰਮੈਨ ਸਮਰਾਲਾ, ਸੋਮ ਨਾਥ ਸਿਕੰਦਰਪੁਰ ਨੂੰ ਬਲਾਕ ਚੇਅਰਮੈਨ ਮਾਛੀਵਾੜਾ ਨਿਯੁਕਤ ਕੀਤਾ ਗਿਆ। ਇਸ ਮੌਕੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਮਿਹਨਤੀ ਤੇ ਕੰਮ ਕਰਨ ਵਾਲੇ ਵਰਕਰਾਂ ਨੂੰ ਵੱਡਾ ਸਨਮਾਨ ਦੇ ਕੇ ਨਿਵਾਜਿਆ ਹੈ, ਇਸ ਲਈ ਨਿਯੁਕਤ ਕੀਤੇ ਗਏ ਨਵੇਂ ਅਹੁਦੇਦਾਰ ਪਾਰਟੀ ਦੀ ਮਜ਼ਬੂਤੀ ਲਈ ਤਨਦੇਹੀ ਨਾਲ ਕੰਮ ਕਰਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਚੰਦ ਸਿੰਘ, ਗੁਰਮੁੱਖ ਸਿੰਘ ਤੇ ਚੇਅਰਮੈਨ ਮਹਿੰਦਰ ਸਿੰਘ ਦਿਆਲਪੁਰਾ ਮੌਜੂਦ ਸਨ।

## ਸਪਰਿੰਗ ਡਿਊ ਪਬਲਿਕ ਸਕੂਲ 'ਚ ਮਨਾਇਆ ਐਕਟੀਵਿਟੀ ਵੀਕ



**ਜਗਰਾਉਂ (ਅਮਿਤ ਖੰਨਾ/ਸੰਜੀਵ ਅਰੋੜਾ)**-ਇਲਾਕੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਵਿਖੇ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਦੀ ਅਗਵਾਈ ਹੇਠ ਪ੍ਰਾਇਮਰੀ ਵਿੰਗ ਦੇ ਬੱਚਿਆਂ ਦਾ ਐਕਟੀਵਿਟੀ ਵੀਕ ਮਨਾਇਆ ਗਿਆ। ਐੱਲ.ਕੇ.ਜੀ. ਕਲਾਸ ਦੇ ਵਿਦਿਆਰਥੀਆਂ ਵਿੱਚ ਫੈਮਲੀ ਟਰੀ ਦੀ ਐਕਟੀਵਿਟੀ ਕਰਵਾਈ ਗਏ, ਜਿਸ ਵਿੱਚ ਹਰੇਕ ਵਿਦਿਆਰਥੀ ਨੇ ਆਪਣੇ ਫੈਮਿਲੀ ਮੈਂਬਰ ਦੀ ਫੋਟੋ ਨਾਲ ਫੈਮਲੀ ਟਰੀ ਬਣਾ ਕੇ ਪੇਸ਼ ਕੀਤ। ਇਸੇ ਤਰ੍ਹਾਂ ਯੂ.ਕੇ.ਜੀ. ਕਲਾਸ 'ਚ ਫਿੰਗਰ ਪ੍ਰਿੰਟ ਐਕਟੀਵਿਟੀ ਕਰਵਾਈ ਗਈ, ਜਿਸ ਵਿੱਚ ਬੱਚਿਆਂ ਨੇ ਫਿੰਗਰ ਤੇ ਰੰਗਾਂ ਨਾਲ ਅਲੱਗ ਅਲੱਗ ਚਿੱਤਰਾਂ ਨੂੰ ਪ੍ਰਭਾਵਿਤ ਕਰਦੀਆਂ ਪੇਂਟਿੰਗ ਬਣਾਈਆਂ। ਇਸੇ ਤਰ੍ਹਾਂ ਫਸਟ ਤੇ ਸੈਕਿੰਡ ਕਲਾਸ ਦੇ ਵਿਦਿਆਰਥੀਆਂ ਵਿੱਚ ਪੰਜਾਬੀ ਕੈਲੀਗ੍ਰਾਫੀ ਦਾ ਮੁਕਾਬਲਾ ਕਰਵਾਇਆ ਗਿਆ। ਤੀਜੀ ਤੇ ਚੌਥੀ ਕਲਾਸ ਦੇ ਵਿਦਿਆਰਥੀਆਂ 'ਚ ਹਿੰਦੀ ਕੈਲੀਗ੍ਰਾਫੀ ਦਾ ਮੁਕਾਬਲਾ ਕਰਵਾਇਆ ਗਿਆ। ਇਸ ਮੌਕੇ ਵਾਇਸ ਪ੍ਰਿੰਸੀਪਲ ਨੇ ਕਿਹਾ ਕਿ ਪ੍ਰਾਇਮਰੀ ਵਿੰਗ ਦੇ ਬੱਚਿਆਂ ਵਿੱਚ ਪੜ੍ਹਾਈ ਦੇ ਨਾਲ-ਨਾਲ ਇਸ ਤਰ੍ਹਾਂ ਦੀਆਂ ਐਕਟੀਵਿਟੀਆਂ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਬੱਚੇ ਦੇ ਦਿਮਾਗ ਦਾ ਸਰਵਪੱਖੀ ਵਿਕਾਸ ਹੋ ਸਕੇ। ਇਸ ਮੌਕੇ ਸਕੂਲ ਪ੍ਰਬੰਧਕੀ ਕਮੇਟੀ ਵੱਲੋਂ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੋਤ ਕੁਮਾਰ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਤੇ ਮੈਨੇਜਰ ਮਨਦੀਪ ਚੌਹਾਨ ਆਦਿ ਹਾਜ਼ਰ ਸਨ।

## ਅਕਾਲੀ ਦਲ ਵੱਲੋਂ ਜਵੰਧਾ, ਧਲੇਵਾਂ ਤੇ ਕਲੀਪੁਰ ਸਲਾਹਕਾਰ ਨਿਯੁਕਤ



**ਬਰੇਟਾ (ਰੀਤਵਾਲ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ਾਮ ਲਾਲ ਧਲੇਵਾ, ਹਰਮੇਲ ਸਿੰਘ ਕਲੀਪੁਰ ਅਤੇ ਦਲਵੀਰ ਸਿੰਘ ਕਾਲਾ ਜਵੰਧਾ ਨੂੰ ਪਾਰਟੀ ਦਾ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ 'ਤੇ ਸਵਾਗਤ ਕਰਦਿਆਂ ਕੋਰ ਕਮੇਟੀ ਮੈਂਬਰ ਠੇਕੇਦਾਰ ਗੁਰਪਾਲ ਸਿੰਘ, ਬਰੇਟਾ ਸ਼ਹਿਰੀ ਦੇ ਪ੍ਰਧਾਨ ਰਾਜੇਸ਼ ਸਿੰਗਲਾ ਨੇ ਨਿਯੁਕਤੀ ਦਾ ਸਵਾਗਤ ਕੀਤਾ। ਉਨ੍ਹਾ ਕਿਹਾ ਕਿ ਇਨ੍ਹਾਂ ਦੀ ਨਿਯੁਕਤੀ ਨਾਲ ਪਾਰਟੀ ਵਰਕਰਾਂ ਦੇ ਹੌਸਲੇ ਹੋਰ ਬੁਲੰਦ ਹੋਏ ਹਨ। ਠੇਕੇਦਾਰ ਗੁਰਪਾਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇੱਕ ਅਜਿਹੀ ਪਾਰਟੀ ਹੈ, ਜੋ ਵਰਕਰਾਂ ਨੂੰ ਸਮੇਂ ਸਮੇਂ ਸਿਰ ਜ਼ਿੰਮੇਵਾਰੀ ਸੌਂਪ ਕੇ ਮਾਣ ਸਤਿਕਾਰ ਦਿੰਦੀ ਹੈ। ਇਸ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਯੂਥ ਅਕਾਲੀ ਦਲ ਦਿਹਾਤੀ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਦਵਿੰਦਰ ਸਿੰਘ ਚੱਕ ਅਲੀਸ਼ੇਰ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਮੈਂਬਰ ਪਾਰਲੀਮੈਂਟ ਬੀਬਾ ਹਰਸਿਮਰਤ ਕੌਰ ਬਾਦਲ ਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੀ ਨਿਯੁਕਤੀ ਨਾਲ ਪਾਰਟੀ ਨੂੰ ਭਾਰੀ ਮਜ਼ਬੂਤੀ ਮਿਲੇਗੀ।

ਇਸ ਮੌਕੇ ਸਰਕਲ ਪ੍ਰਧਾਨ ਅਮਰਜੀਤ ਸਿੰਘ ਕੁਲਾਣਾ, ਬਲਵੀਰ ਸਿੰਘ ਬੀਰੋਕੇ ਕਲਾਂ, ਨਛੱਤਰ ਸਿੰਘ ਸੰਧੂ, ਬਿੱਕਰ ਸਿੰਘ ਬੋੜਾਵਾਲ, ਤਾਰਾ ਸਿੰਘ ਵਿਰਦੀ, ਜਸਵੀਰ ਸਿੰਘ ਜੱਸੀ, ਹਲਕਾ ਸ਼ਹਿਰੀ ਕੁਆਰਡੀਨੇਟਰ ਰਜਿੰਦਰ ਸੈਣੀ ਝੰਡਾ, ਯਾਦਵਿੰਦਰ ਸਿੰਘ ਯਾਦੀ, ਕੌਂਸਲਰ ਤਾਰੀ ਫੌਜੀ, ਬਿੰਦਰੀ ਮੈਂਬਰ ਤੇ ਬਰੇਟਾ ਯੂਥ ਅਕਾਲੀ ਦਲ ਦੇ ਪ੍ਰਧਾਨ ਪਰਵੇਸ਼ ਗੁਪਤਾ, ਰਾਜ ਕੁਮਾਰ ਸਿਧਾਨੀ, ਸਾਬਕਾ ਕੌਂਸਲਰ ਊਸ਼ਾ ਰਾਣੀ, ਰਾਜੀਵ ਗੋਇਲ, ਸੁਭਾਸ਼ ਚੰਦ ਗੋਇਲ, ਭੋਜ ਰਾਜ, ਮਹਿੰਦਰ ਪਾਲ, ਰਾਕੇਸ਼ ਸ਼ਰਮਾ, ਈਸ਼ਵਰ ਮਿੱਤਲ, ਕੌਂਸਲਰ ਵਿਨੋਦ ਸਿੰਗਲਾ, ਕਮਲ ਜੈਨ, ਵਿਨੋਦ ਕੁਮਾਰ, ਤਰਸੇਮ ਜਿੰਦਲ, ਕੁਲਵੀਰ ਸਿੰਘ ਜੁਗਲਾਨ, ਹੈਪੀ ਜੁਗਲਾਨ, ਸ਼੍ਰਮੇਸ਼ ਬਾਲੀ, ਪਵਨ ਕੁਮਾਰ ਮੌਜੂਦ ਸਨ।

## 'ਐਕਸਪਰਟ' ਨੇ ਹਫਤੇ 'ਚ ਵਿਜ਼ਟਰ ਵੀਜ਼ਾ ਲਵਾਇਆ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਦੀ ਮਸ਼ਹੂਰ ਸੰਸਥਾ ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਵੱਲੋਂ ਸਟਡੀ ਵੀਜ਼ਾ, ਵਿਜ਼ਟਰ ਵੀਜ਼ਾ, ਓਪਨ ਵਰਕ ਪਰਮਿਟ ਵੀਜ਼ਾ ਤੇ ਸੁਪਰ ਵੀਜ਼ਾ ਲਗਵਾਇਆ ਜਾ ਰਿਹਾ ਹੈ, ਜੇਕਰ ਤੁਸੀਂ ਵੀ ਅਪਲਾਈ ਕਰਨਾ ਚਾਹੁੰਦੇ ਹੋ ਤਾਂ ਇੱਕ ਵਾਰ ਐਕਸਪਰਟ ਇਮੀਗ੍ਰੇਸ਼ਨ ਵਿੱਚ ਜ਼ਰੂਰ ਆਉਣਾ।ਇਸ ਸੰਸਥਾ ਦੇ ਹੈੱਡ ਦੇਵਾਸ਼ ਗੋਇਲ ਨੇ ਆਪਣੇ ਲੰਮੇ ਤਜਰਬੇ ਤਹਿਤ ਲੋਕਾਂ ਦੇ ਬਾਹਰ ਜਾਣ ਦੇ ਸੁਪਨਿਆਂ ਨੂੰ ਸਕਾਰ ਕੀਤਾ ਹੈ ਤੇ ਉਨ੍ਹਾਂ ਨੇ ਅੱਜ ਇੱਕ ਹੋਰ ਸਫਲਤਾ ਪ੍ਰਾਪਤ ਕੀਤੀ, ਜਦੋਂ ਹਰਜਿੰਦਰ ਕੌਰ ਪਤਨੀ ਅਮਰਜੀਤ ਸਿੰਘ ਵਾਸੀ ਮਡੀਰਾਵਾਲਾ ਪੁਰਾਣਾ ਮੋਗਾ ਦਾ ਵਿਜ਼ਟਰ ਵੀਜ਼ਾ ਇੱਕ ਹਫਤੇ ਵਿੱਚ ਲਗਵਾ ਕੇ ਦਿੱਤਾ, ਉਸ ਖੁਸ਼ੀ ਦੇ ਮੌਕੇ 'ਤੇ ਹਰਜਿੰਦਰ ਕੌਰ ਨੇ ਸੰਸਥਾ ਦੇ ਹੈੱਡ ਦੇਵਾਸ਼ ਗੋਇਲ ਤੇ ਉਨ੍ਹਾਂ ਦੇ ਮਿਹਨਤੀ ਸਟਾਫ ਦੀ ਤਾਰੀਫ ਕੀਤੀ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ।

## ਸੰਕਲਪ ਸੁਸਾਇਟੀ ਨੇ ਲੋੜਵੰਦ ਪਰਵਾਰ ਦੇ ਬੱਚਿਆਂ ਦੀ ਫੀਸ ਭਰ ਕੇ ਕੀਤੀ ਮਦਦ



**ਕੋਟਕਪੂਰਾ (ਰਛਪਾਲ ਭੁੱਲਰ)**-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿੱਚ ਸਮਾਜ ਸੇਵੀ ਸੰਸਥਾ ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਵੱਲੋਂ ਪਿੰਡ ਰੋੜੀਕਪੂਰਾ ਦੇ ਇੱਕ ਲੋੜਵੰਦ ਪਰਵਾਰ ਦੇ ਬੱਚਿਆਂ ਦੀ ਪੜ੍ਹਾਈ ਵਿੱਚ ਫੀਸ ਭਰ ਕੇ ਮਦਦ ਕੀਤੀ ਜਾ ਰਹੀ ਹੈ।ਜਾਣਕਾਰੀ ਦਿੰਦਿਆਂ ਸੰਸਥਾ ਦੇ ਚੇਅਰਪਰਸਨ ਕੁਲਵਿੰਦਰ ਕੌਰ ਬਰਾੜ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵਾਤਾਵਰਨ ਦੀ ਸੰਭਾਲ, ਸੜਕ ਸੁਰੱਖਿਆ ਤੇ ਸਿਹਤ ਸੇਵਾਵਾਂ ਦੇ ਨਾਲ ਨਾਲ ਅਨੇਕਾਂ ਸਮਾਜਿਕ ਸੁਧਾਰਕ ਕਾਰਗੁਜ਼ਾਰੀਆਂ ਕਰਦੀ ਆ ਰਹੀ ਹੈ।ਉਨ੍ਹਾਂ ਆਖਿਆ ਕਿ ਤੰਦਰੁਸਤ ਸਮਾਜ ਦੀ ਸਿਰਜਣਾ ਨੂੰ ਲੈ ਕੇ ਸਿਹਤ ਤੇ ਸਿੱਖਿਆ ਉੱਪਰ ਸੰਸਥਾ ਵੱਲੋਂ ਪੂਰਨ ਤੌਰ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ।ਇਸੇ ਲੜੀ ਤਹਿਤ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਹਰੀ ਨੌਂ ਵਿਖੇ ਇਨ੍ਹਾਂ ਲੋੜਵੰਦ ਪਰਵਾਰ ਦੇ ਬੱਚਿਆਂ ਦੀ ਪੜ੍ਹਾਈ ਵਿੱਚ ਬਣਦੀ ਮਦਦ ਸਾਲਾਨਾ ਫੀਸ ਭਰ ਕੇ ਕੀਤੀ ਗਈ।ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਉਨ੍ਹਾਂ ਦਾ ਮਕਸਦ ਅਜਿਹੇ ਬੱਚਿਆਂ ਨੂੰ ਆਰਥਿਕ, ਸਮਾਜਿਕ ਤੇ ਹਰ ਪੱਖੋਂ ਪ੍ਰਪੱਕ ਬਣਾ ਕੇ ਉਨ੍ਹਾਂ ਦੇ ਭਵਿੱਖ ਨੂੰ ਪੂਰਨ ਤੌਰ 'ਤੇ ਸਫਲ ਬਣਾਉਣਾ ਮੰਨਿਆ ਜਾ ਸਕਦਾ ਹੈ। ਸਕੂਲ ਪ੍ਰਿੰਸੀਪਲ ਮੈਡਮ ਸੁਰਿੰਦਰ ਕੌਰ ਨੇ ਸੰਸਥਾ ਦੇ ਇਸ ਨਿਸ਼ਕਾਮ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਤੇ ਆਪਣੇ ਵੱਲੋਂ ਬਣਦਾ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਪਰਸਨ ਕੁਲਵਿੰਦਰ ਕੌਰ ਬਰਾੜ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਪੰਮਾ ਸੰਧੂ, ਪ੍ਰਿੰਸੀਪਲ ਮੈਡਮ ਸੁਰਿੰਦਰ ਕੌਰ ਤੇ ਸਕੂਲ ਸਟਾਫ ਮੌਜੂਦ ਸੀ।

## ਡਾ. ਅੰਬੇਡਕਰ ਵੈੱਲਫੇਅਰ ਸੁਸਾਇਟੀ ਵੱਲੋਂ ਜਸਪ੍ਰੀਤ ਕੌਰ ਦਾ ਸਨਮਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕੰਗਣਵਾਲ ਦੀ ਮੈਰਿਟ 'ਚ ਆਈ ਵਿਦਿਆਰਥਣ ਜਸਪ੍ਰੀਤ ਕੌਰ ਪੁੱਤਰੀ ਬਲਜੀਤ ਸਿੰਘ ਦਾ "ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੈੱਲਫੇਅਰ ਸੁਸਾਇਟੀ ਕੁੱਪ ਕਲਾਂ" ਦੇ ਅਹੁਦੇਦਾਰਾਂ ਵੱਲੋਂ ਸਕੂਲ ਪਹੁੰਚ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਵੈੱਲਫੇਅਰ ਸੁਸਾਇਟੀ ਦੇ ਆਗੂ ਗੁਰਪ੍ਰੀਤ ਸਿੰਘ ਜੋਤੀ ਨੇ ਕਿਹਾ ਕਿ ਇਸ ਹੋਣਹਾਰ ਵਿਦਿਆਰਥਣ ਜਸਪ੍ਰੀਤ ਕੌਰ ਤੋਂ ਹੋਰਨਾਂ ਵਿਦਿਆਰਥੀਆਂ ਨੂੰ ਵੀ ਪ੍ਰੇਰਨਾ ਲੈ ਕੇ ਸਿੱਖਿਆ ਦੇ ਖੇਤਰ 'ਚ ਮੱਲਾਂ ਮਾਰਨੀਆਂ ਚਾਹੀਦੀਆਂ ਹਨ। ਇਸ ਮੌਕੇ ਵਾਈਸ ਪ੍ਰਿੰਸੀਪਲ ਨਵਪ੍ਰੀਤ ਕੌਰ, ਮੈਡਮ ਨੀਲਮ ਦੇਵੀ, ਮਾਸਟਰ ਸੰਤੋਖ ਸਿੰਘ, ਮਾਸਟਰ ਸੁਖਵਿੰਦਰ ਸਿੰਘ ਭੋਗੀਵਾਲ, ਮਾਸਟਰ ਪ੍ਰਿਤਪਾਲ ਸਿੰਘ, ਰਾਜਵਿੰਦਰ ਸਿੰਘ ਸੋਹੀਆਂ, ਦਵਿੰਦਰ ਸਿੰਘ, ਮਾਸਟਰ ਮੱਖਣ ਸਿੰਘ, ਕੇਵਲ ਸਿੰਘ, ਗੁਰਪ੍ਰੀਤ ਸਿੰਘ ਚੋਪੜਾ ਤੇ ਹੋਰ ਪਤਵੰਤਿਆਂ ਨੇ ਜਸਪ੍ਰੀਤ ਕੌਰ ਨੂੰ ਵਧਾਈ ਦਿੱਤੀ।

## ਵਿਵੇਕਾਨੰਦ ਵਰਲਡ ਸਕੂਲ 'ਚ ਵਿਦਿਆਰਥੀ ਕੌਂਸਲ ਚੋਣ ਸਮਾਰੋਹ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਕੂਲ ਦੇ ਡਾਇਰੈਕਟਰ ਡਾ: ਐੱਸ. ਐੱਨ. ਰੁਦਰਾ ਨੇ ਦੱਸਿਆ ਕਿ ਵਿਵੇਕਾਨੰਦ ਵਰਲਡ ਸਕੂਲ ਵਿੱਚ ਵਿਦਿਆਰਥੀ ਕੌਂਸਲ ਚੋਣ ਸਮਾਰੋਹ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਉਤਸ਼ਾਹ ਨਾਲ ਕੀਤੀ ਗਈ, ਜਿਸ ਵਿੱਚ ਵਿਸ਼ੇਸ਼ ਮਹਿਮਾਨ ਵਿਵੇਕਾਨੰਦ ਵਰਲਡ ਸਕੂਲ ਦੇ ਚੇਅਰਮੈਨ ਡਾ: ਗੌਰਵ ਸਾਗਰ ਭਾਸਕਰ, ਵਿਵੇਕਾਨੰਦ ਵਰਲਡ ਸਕੂਲ ਦੇ ਡਾਇਰੈਕਟਰ ਡਾ: ਰੁਦਰਾ, ਮੁੱਖ ਪ੍ਰਸ਼ਾਸਕ ਪਰਮਵੀਰ ਸ਼ਰਮਾ, ਵੀ ਪੀ ਐਡਮਿਨ ਮਹਿਮਾ ਕਪੂਰ, ਵੀ ਪੀ ਅਕਾਦਮਿਕ ਸ਼ਿਪਰਾ ਨਰੂਲਾ ਤੇ ਅਕਾਦਮਿਕ ਕੋਆਰਡੀਨੇਟਰ ਅਮਨਦੀਪ ਕੌਰ ਸਨ।ਸਕੂਲ ਦੇ ਮੁੱਖ ਪ੍ਰਸ਼ਾਸਕ ਪਰਮਵੀਰ ਸ਼ਰਮਾ ਨੇ ਕਿਹਾ ਕਿ ਇਹ ਸਮਾਗਮ ਵਿਵੇਕਾਨੰਦ ਵਰਲਡ ਸਕੂਲ ਦੇ ਵਿਦਿਆਰਥੀਆਂ ਦੀ ਉੱਤਮਤਾ ਤੇ ਅਗਵਾਈ ਗੁਣਾਂ ਨੂੰ ਸਮਰਪਤ ਹੈ, ਜੋ ਉਨ੍ਹਾਂ ਨੂੰ ਸਫਲ ਤੇ ਸਕਾਰਾਤਮਕ ਨਾਗਰਿਕ ਵਜੋਂ ਤਿਆਰ ਕਰਦਾ ਹੈ।ਸਮਾਗਮ ਵਿੱਚ ਵਿਦਿਆਰਥੀਆਂ ਨੂੰ ਆਪਣੇ ਅਹੁਦੇ ਦੀ ਅਹਿਮ ਭੂਮਿਕਾ ਬਾਰੇ ਚਾਨਣਾ ਪਾਇਆ ਗਿਆ ਤੇ ਉਨ੍ਹਾਂ ਨੂੰ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਰਹਿਣ ਤੇ ਤਨਦੇਹੀ ਨਾਲ ਆਪਣਾ ਫਰਜ਼ ਨਿਭਾਉਣ ਲਈ ਪ੍ਰੇਰਿਤ ਕੀਤਾ।

ਸਮਾਗਮ ਦੌਰਾਨ ਵਿਵੇਕਾਨੰਦ ਵਰਲਡ ਸਕੂਲ ਦੇ ਚੇਅਰਮੈਨ ਡਾ. ਗੌਰਵ ਸਾਗਰ ਭਾਸਕਰ ਨੇ ਵਿਦਿਆਰਥੀਆਂ ਨੂੰ ਵਿਦਿਆਰਥੀ ਕੌਂਸਲ ਚੋਣ ਵਿੱਚ ਚੁਣੇ ਜਾਣ 'ਤੇ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਸੌਂਪੇ ਗਏ ਅਹੁਦੇ ਨੂੰ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।ਇਸ ਕੌਂਸਲ ਵਿੱਚ ਹੈੱਡ ਬੁਆਏ ਸ਼ੁਭਜੀਤ, ਹੈੱਡ ਗਰਲ ਸਿਮਰ, ਵਾਈਸ ਹੈੱਡ ਬੁਆਏ ਗਰਵ ਖੁਰਾਣਾ, ਵਾਈਸ ਹੈੱਡ ਗਰਲ ਅਨੁਰੀਤ, ਐਕਟੀਵਿਟੀ ਹੈੱਡ ਅਨੀਸ਼, ਵਾਈਸ ਐਕਟੀਵਿਟੀ ਹੈੱਡ ਅਰੁਣਦੀਪ, ਅਨੁਸ਼ਾਸਨ ਹੈੱਡ ਦਾਨਿਸ਼, ਵਾਈਸ ਅਨੁਸ਼ਾਸਨ ਹੈੱਡ ਨਵਜੋਤ, ਸਪੋਰਟਸ ਕੈਪਟਨ ਧੀਰਜ ਤੇ ਅਫ਼ਸ਼ਾ, ਸਪੋਰਟਸ ਕੈਪਟਨ ਰਮਨ ਤੇ ਪਰਮੀਤ ਸ਼ਾਮਲ ਹਨ।ਹਾਊਸ ਕੈਪਟਨ ਸ਼ਹੀਦ ਭਗਤ ਸਿੰਘ ਕਨਿਕਾ, ਹਾਊਸ ਕੈਪਟਨ ਚੰਦਰਸ਼ੇਖਰ ਆਜ਼ਾਦ ਤਰਿੰਦਰਪਾਲ ਸਿੰਘ, ਹਾਊਸ ਕੈਪਟਨ ਸੁਭਾਸ਼ ਚੰਦਰ ਬੋਸ ਏਕਮਦੀਪ, ਹਾਊਸ ਕੈਪਟਨ ਰਾਜਗੁਰੂ ਹਾਊਸ ਸਾਨਵੀ ਕਾਲੜਾ, ਵਾਈਸ ਹਾਊਸ ਕੈਪਟਨ ਸ਼ਹੀਦ ਭਗਤ ਸਿੰਘ ਆਯੂਸ਼ੀ, ਵਾਈਸ ਹਾਊਸ ਕੈਪਟਨ ਚੰਦਰਸ਼ੇਖਰ ਆਜ਼ਾਦ ਸਰਮਨ, ਵਾਈਸ ਹਾਊਸ ਕੈਪਟਨ ਸੁਭਾਸ਼ ਚੰਦਰ ਬੋਸ ਚੈਤੰਨਿਆ, ਵਾਈਸ ਹਾਊਸ ਕੈਪਟਨ ਰਾਜਗੁਰੂ ਤੀਕਸ਼ਿਤ, ਈਕੋ ਵਾਰੀਅਰਜ਼ ਖੁਸ਼ਪ੍ਰੀਤ ਤੇ ਮਨੀਸ਼ ਨੂੰ ਬੈਜਸ ਤੇ ਸ਼ੈਸ਼ਸ ਵੀ ਦਿੱਤੇ ਗਏ।ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।

## ਸਹਾਇਕ ਕਮਿਸ਼ਨਰ (ਜ) ਦੀ ਸੁਤੰਤਰਤਾ ਸੰਗਰਾਮੀ ਪਰਵਾਰਾਂ ਨਾਲ ਮੀਟਿੰਗ

### ਐਸੋਸੀਏਸ਼ਨ ਨੇ ਪਰਵਾਰਾਂ ਨੂੰ ਸਨਮਾਨ ਸਹੂਲਤਾਂ ਦੇਣ ਦੀ ਮੰਗ ਉਠਾਈ



**ਨਾਭਾ/ਸਮਾਣਾ (ਵਰਿੰਦਰ ਵਰਮਾ/ਇਕਬਾਲ ਸਿੰਘ, ਗੁਰਪਿਆਰ ਸਿੰਘ)**-ਦੇਸ਼ ਦੀ ਆਜ਼ਾਦੀ ਲਈ ਅਹਿਮ ਭੂਮਿਕਾ ਨਿਭਾਉਣ ਵਾਲੇ ਦੇਸ਼ ਭਗਤਾਂ ਸੁਤੰਤਰਤਾ ਸੰਗਰਾਮੀ ਤੇ ਉਨ੍ਹਾਂ ਦੇ ਪਰਵਾਰਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸੁਤੰਤਰਤਾ ਸੰਗਰਾਮੀ ਉੱਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਦੇ ਸੱਦੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਿੰਨੀ ਸਕੱਤਰੇਤ ਵਿਖੇ ਸਹਾਇਕ ਕਮਿਸ਼ਨਰ ਜਨਰਲ ਮਨਜੀਤ ਕੌਰ ਪੀ ਸੀ ਐੱਸ ਦੀ ਪ੍ਰਧਾਨਗੀ ਹੇਠ ਮਹੀਨੇਵਾਰ ਮੀਟਿੰਗ ਦਾ ਆਯੋਜਨ ਕੀਤਾ ਗਿਆ।ਮੀਟਿੰਗ ਵਿੱਚ ਜ਼ਿਲ੍ਹਾ ਪਟਿਆਲਾ ਦੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਸਹਾਇਕ ਕਮਿਸ਼ਨਰ ਵੱਲੋਂ ਪਿਛਲੀ ਮੀਟਿੰਗ ਦੇ ਏਜੰਡੇ ਨੂੰ ਪੜ੍ਹਿਆ ਤੇ ਸਬੰਧਤ ਅਧਿਕਾਰੀਆਂ ਨੂੰ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਦੌਰਾਨ ਪਰਵਾਰਾਂ ਦੀਆਂ ਸਮੱਸਿਆਵਾਂ ਨੂੰ ਜਾਣੂ ਕਰਵਾਉਂਦਿਆਂ ਜ਼ਿਲ੍ਹਾ ਪ੍ਰਧਾਨ ਅਮਰਪ੍ਰੀਤ ਸਿੰਘ ਬੌਬੀ ਤੇ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਨੇ ਕਿਹਾ ਕਿ ਜੀਰਕਪੁਰ ਟੋਲ ਪਲਾਜਾ ਕਰਮਚਾਰੀਆਂ ਖਿਲਾਫ ਸੁਤੰਤਰਤਾ ਸੰਗਰਾਮੀ ਪਰਵਾਰਾਂ ਦੀ ਪਰਚੀ ਵਸੂਲਣ ਖਿਲਾਫ ਕਾਰਵਾਈ ਕੀਤੀ ਜਾਵੇ। ਆਗੂਆਂ ਨੇ ਕਿਹਾ ਕਿ ਜ਼ਿਲ੍ਹਾ ਪਟਿਆਲਾ ਅਧੀਨ ਆਉਂਦੇ ਸਰਕਾਰੀ ਦਫਤਰਾਂ ਵਿੱਚ ਸੁਤੰਤਰਤਾ ਸੰਗਰਾਮੀ ਪਰਵਾਰਾਂ ਦੇ ਕੰਮਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਰਵਾਉਣ ਦੀ ਹਦਾਇਤ ਕੀਤੀ ਜਾਵੇ। ਮੀਟਿੰਗ ਵਿੱਚ ਹਾਜ਼ਰ ਜ਼ਿਲ੍ਹਾ ਪਟਿਆਲਾ ਦੇ ਵੱਖ ਵੱਖ ਬਲਾਕਾਂ ਵਿੱਚੋਂ ਪਹੁੰਚੇ ਸੁਤੰਤਰਤਾ ਸੰਗਰਾਮੀ ਪਰਵਾਰਾਂ ਨੇ ਆਪਣੀਆਂ ਸਮੱਸਿਆਵਾਂ ਤੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਾਣੂ ਕਰਵਾਇਆ ਗਿਆ। ਇਸ ਮੌਕੇ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ, ਜ਼ਿਲ੍ਹਾ ਪ੍ਰਧਾਨ ਅਮਰਪ੍ਰੀਤ ਸਿੰਘ ਬੌਬੀ, ਕਮਲਦੀਪ ਸਿੰਘ ਗਿੱਲ ਦਫਤਰ ਇੰਚਾਰਜ, ਅਜੇ ਖੰਨਾ ਸੀਨੀਅਰ ਮੀਤ ਪ੍ਰਧਾਨ, ਗੁਰਇਕਬਾਲ ਸਿੰਘ ਸੰਧੂ, ਬਲਜੀਤ ਕੌਰ ਗਰੇਵਾਲ ਮੀਤ ਪ੍ਰਧਾਨ, ਪ੍ਰਦੁਮਨ ਸਿੰਘ ਢੀਂਡਸਾ, ਗੁਰਚਰਨ ਸਿੰਘ, ਗੁਰਦੀਪ ਸਿੰਘ, ਸੰਜੀਵ ਸੂਦ, ਹਰਨੇਕ ਸਿੰਘ ਭੁੱਲਰ ਬਚਿੱਤਰ ਸਿੰਘ, ਸੁਰਿੰਦਰ ਕੌਰ ਆਦਿ ਸ਼ਾਮਲ ਸਨ।

## ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਦਾ ਨਤੀਜਾ ਸ਼ਾਨਦਾਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਘੋਸ਼ਿਤ ਬੀ. ਐੱਡ ਸਾਲ ਦੂਜਾ ਸਮੈਸਟਰ ਤੀਸਰਾ ਦੇ ਨਤੀਜਿਆਂ ਵਿੱਚ ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਨੇ ਦੱਸਿਆ ਕਿ ਪਹਿਲੇ ਤਿੰਨ ਸਥਾਨਾਂ ਵਿੱਚੋਂ ਵਿਦਿਆਰਥਣ ਸਿਮਰਨਪ੍ਰੀਤ ਕੌਰ, ਗੁਰਵਿੰਦਰ ਕੌਰ ਤੇ ਹਿਮਾਂਸ਼ੂ ਗੋਇਲ ਨੇ 284 ਅੰਕ ਪ੍ਰਾਪਤ ਕਰ ਕੇ ਪਹਿਲਾ ਸਥਾਨ, ਵਰਿੰਦਰ ਕੌਰ, ਪਰਮਿੰਦਰ ਕੌਰ, ਲਖਵਿੰਦਰ ਕੌਰ, ਹਰਪ੍ਰੀਤ ਕੌਰ, ਬੀਰਪਾਲ ਕੌਰ ਤੇ ਵੀਰਪਾਲ ਕੌਰ ਨੇ 283 ਅੰਕ ਲੈ ਕੇ ਦੂਜਾ ਸਥਾਨ ਤੇ ਮਨਿੰਦਰਪਾਲ ਕੌਰ, ਗੁਰਪ੍ਰੀਤ ਕੌਰ ਤੇ ਨਵਦੀਪ ਸਿੰਘ ਨੇ 282 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਾਪਤੀ 'ਤੇ ਸੰਸਥਾ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਕਾਮਨਾ ਕੀਤੀ।

## ਅਰਜੁਨ ਸ਼ਰਮਾ ਨੇ ਟੇਬਲ ਟੈਨਿਸ 'ਚ ਕਾਂਸੀ ਤਮਗਾ ਜਿੱਤਿਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹਿਰ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਦਿ ਲਰਨਿੰਗ ਫੀਲਡ ਏ ਗਲੋਬਲ ਸਕੂਲ ਦੇ ਗ੍ਰੇਡ-5 ਏ ਦੇ ਵਿਦਿਆਰਥੀ ਅਰਜੁਨ ਸ਼ਰਮਾ ਨੇ ਏ. ਐੱਸ. ਸਕੂਲ 'ਚ ਸਪੋਰਟਸ ਅਕੈਡਮੀ ਵੱਲੋਂ ਕਰਵਾਏ ਗਏ ਟੇਬਲ ਟੈਨਿਸ ਟੂਰਨਾਮੈਂਟ ਵਿੱਚ ਕਾਂਸੀ ਦਾ ਤਮਗਾ ਜਿੱਤ ਕੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੀ ਪ੍ਰਿੰਸੀਪਲ ਸੋਨੀਆ ਵਰਮਾ ਨੇ ਦੱਸਿਆ ਕਿ ਗ੍ਰੇਡ 5 ਏ ਦੇ ਵਿਦਿਆਰਥੀ ਅਰਜੁਨ ਸ਼ਰਮਾ ਨੇ ਕਿਹਾ ਕਿ ਟੀ.ਐੱਲ.ਐੱਫ. ਸਕੂਲ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵੱਲ ਧਿਆਨ ਦੇਣਾ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ, ਤਾਂ ਜੋ ਉਹ ਆਪਣੀ ਪ੍ਰਤਿਭਾ ਦਾ ਵਧੀਆ ਪ੍ਰਦਰਸ਼ਨ ਕਰਕੇ ਸਕੂਲ, ਆਪਣੇ ਮਾਪਿਆਂ ਤੇ ਮੋਗਾ ਸ਼ਹਿਰ ਦਾ ਨਾਂ ਰੌਸ਼ਨ ਕਰ ਸਕਣ। ਇਸ ਮੌਕੇ ਸਕੂਲ ਦੇ ਚੇਅਰਮੈਨ ਇੰਜੀ. ਜਨੇਸ਼ ਗਰਗ ਤੇ ਡਾਇਰੈਕਟਰ ਡਾ. ਮੁਸਕਾਨ ਗਰਗ ਨੇ ਵਿਦਿਆਰਥੀ ਅਰਜੁਨ ਸ਼ਰਮਾ ਨੂੰ ਉਸ ਦੀ ਪ੍ਰਾਪਤੀ 'ਤੇ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸਕੂਲ ਦੇ ਕਈ ਵਿਦਿਆਰਥੀ ਕਈ ਖੇਡਾਂ ਵਿੱਚ ਸੋਨ, ਚਾਂਦੀ ਤੇ ਕਾਂਸੀ ਦੇ ਤਮਗੇ ਜਿੱਤ ਕੇ ਸਕੂਲ ਦਾ ਨਾਂ ਰੌਸ਼ਨ ਕਰ ਚੁੱਕੇ ਹਨ।

## ਜਸਵਿੰਦਰ ਸਿੱਧੂ ਦੇ ਗ੍ਰਹਿ ਆਪ ਉਮੀਦਵਾਰ ਦੇ ਹੱਕ 'ਚ ਚੋਣ ਜਲਸਾ

### ਐੱਮ ਪੀ ਬਣਨ 'ਤੇ ਹਲਕਾ ਧਰਮਕੋਟ ਨੂੰ ਗ੍ਰਾਂਟ ਦੇ ਗੱਫੇ ਆਉਣਗੇ : ਕਰਮਜੀਤ, ਢੋਸ



**ਕੋਟ ਈਸੇ ਖਾਂ (ਅਰੋੜਾ)**-ਹਲਕਾ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਗਮਾਡਾ ਦੇ ਪੰਜਾਬ ਸਰਕਾਰ ਦੇ ਡਾਇਰੈਕਟਰ ਸ੍ਰ. ਜਸਵਿੰਦਰ ਸਿੰਘ ਸਿੱਧੂ ਦੇ ਘਰ ਕੋਟ ਈਸੇ ਖਾਂ 'ਚ ਚੋਣ ਜਲਸਾ ਕਰਨ ਉਪਰੰਤ ਰੱਖਿਆ ਚਾਹ ਦਾ ਪ੍ਰੋਗਰਾਮ ਰੈਲੀ ਦਾ ਰੂਪ ਧਾਰਨ ਕਰ ਗਿਆ। ਇਸ ਮੌਕੇ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਬੋਲਦਿਆ ਕਿਹਾ ਕਿ ਸਿੱਧੂ ਪਰਵਾਰ ਆਮ ਆਦਮੀ ਪਾਰਟੀ ਨਾਲ ਡੱਟ ਕੇ ਖੜਿਆ, ਮਾੜੇ ਸਮੇਂ 'ਚ ਸਿੱਧੂ ਪਰਿਵਾਰ ਨੇ ਝਾੜੂ ਦੇ ਨਿਸ਼ਾਨ 'ਤੇ ਗੁਰਪ੍ਰੀਤ ਸਿੰਘ ਸਿੱਧੂ ਨੂੰ ਆਮ ਆਦਮੀ ਪਾਰਟੀ ਦਾ ਕੌਂਸਲਰ ਜਿਤਾ ਕੇ ਹਲਕਾ ਧਰਮਕੋਟ 'ਚ ਪਾਰਟੀ ਦਾ ਮੁੱਢ ਬੰਨ੍ਹਿਆ ਸੀ।ਉਨ੍ਹਾ ਕਿਹਾ ਕਿ ਹਲਕਾ ਫਰੀਦਕੋਟ ਤੋਂ ਲੋਕ ਸਭਾ ਦੇ ਉਮੀਦਵਾਰ ਨੂੰ ਆਪਾਂ ਵੱਡੀ ਲੀਡ ਨਾਲ ਜਿਤਾ ਕੇ ਧਰਮਕੋਟ ਤੋਂ ਭੇਜਣਾ ਹੈ।ਕਰਮਜੀਤ ਸਿੰਘ ਅਨਮੋਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੁਣਿਆ ਸੀ ਜਸਵਿੰਦਰ ਸਿੰਘ ਸਿੱਧੂ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਬਚਾਉਣ ਦੀ ਲੜਾਈ ਲੜੀ, ਹਜ਼ਾਰਾਂ ਅਧਿਆਪਕ ਭਰਤੀ ਕਰਵਾਏ ਹਨ।ਅੱਜ ਉਨ੍ਹਾ ਦਾ ਇਲਾਕੇ 'ਚ ਪਿਆਰ ਅੱਖੀਂ ਦੇਖ ਲਿਆ। ਉਹ ਕੈਨੇਡਾ ਸਰੀ ਤੋਂ ਸਪੈਸ਼ਲ ਚੱਲ ਕੇ ਆਏ ਹਨ।ਉਨ੍ਹਾ ਕਿਹਾ ਕਿ ਜੇਕਰ ਤੁਸੀਂ ਮੈਨੂੰ ਜਿਤਾਉਂਦੇ ਹੋ ਤਾਂ ਹਲਕਾ ਧਰਮਕੋਟ ਨੂੰ ਗ੍ਰਾਂਟਾਂ ਦੇ ਗੱਫੇ ਦਿੱਤੇ ਜਾਣਗੇ।ਜਸਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਧਰਮਕੋਟ ਤੋਂ ਇਲਾਵਾ ਸਾਰੇ ਹਲਕਿਆਂ 'ਚ ਜਿੱਥੇ ਜਿੱਥੇ ਵੀ ਮੇਰੇ ਸਾਥੀ ਬੈਠੇ ਹਨ, ਦਿਨ-ਰਾਤ ਇਕ ਕਰਕੇ ਚੋਣ ਪ੍ਰਚਾਰ ਕਰਾਂਗੇ ਤਾਂ ਜੋ ਵੱਡੀ ਪੱਧਰ 'ਤੇ ਹਲਕਾ ਫਰੀਦਕੋਟ ਤੋਂ ਲੀਡ ਦਿਵਾਈ ਜਾ ਸਕੇ।ਇਸ ਮੌਕੇ ਨੰਬਰਦਾਰ ਸੁਰਜੀਤ ਸਿੰਘ ਸਿੱਧੂ, ਕੌਂਸਲਰ ਗੁਰਪ੍ਰੀਤ ਸਿੰਘ ਸਿੱਧੂ, ਵਿਧਾਨ ਸਭਾ ਕਮੇਟੀ ਮੈਂਬਰ ਹਰਬਖਸ਼ ਸਿੰਘ ਸਿੱਧੂ, ਪ੍ਰਧਾਨ ਪ੍ਰਕਾਸ਼ ਸਿੰਘ ਰਾਜਪੂਤ, ਸਾਬਕਾ ਚੇਅਰਮੈਨ ਵਿਜੇ ਧੀਰ, ਡਾ. ਅਨਿਲਜੀਤ ਕੰਬੋਜ, ਚੇਅਰਮੈਨ ਅਮਨ ਪੰਡੋਰੀ, ਬਲਦੇਵ ਸਿੰਘ ਬਲਖੰਡੀ ਮੈਂਬਰ ਲੇਬਰ ਕਮਿਸ਼ਨ ਪੰਜਾਬ, ਆਪ ਦੇ ਸੀਨੀਅਰ ਲੀਡਰ ਸੁਰਜੀਤ ਸਿੰਘ ਲੋਹਾਰਾ, ਬਲਵਿੰਦਰ, ਕੌਂਸਲਰ ਸਤਵੰਤ ਸਿੰਘ ਸਿੱਧੂ, ਅਮਰਜੀਤ ਸਿੰਘ ਸਿੱਧੂ, ਕੌਂਸਲਰ ਸੁੱਚਾ ਸਿੰਘ ਪੁਰਬਾ, ਜੱਸ ਦਾਤੇਵਾਲ, ਪ੍ਰਮੋਦ ਕੁਮਾਰ ਬੱਬੂ, ਸੁਰਿੰਦਰ ਕੁਮਾਰ ਗਗੜੇ ਵਾਲੇ, ਗੁਰਵੰਤ ਸਿੰਘ ਵਿਰਕ, ਮਨਪ੍ਰੀਤ ਸਿੰਘ ਵਿਰਕ, ਡਾ. ਵਰਿੰਦਰ ਸਿੰਘ ਭੁੱਲਰ, ਕਮਲਜੀਤ ਸਿੰਘ ਖਹਿਰਾ, ਬਾਬਾ ਲਖਵਿੰਦਰ ਸਿੰਘ, ਲਖਵੀਰ ਸਿੰਘ ਦਾਤੇਵਾਲ ਵਿੱਕੀ ਅਰੋੜਾ, ਕਾਕਾ ਟੈਲੀਕਾਮ ਸੋਨੂੰ ਦੋਲੇਵਾਲ, ਡਾ. ਹਰਭਜਨ ਅਰੋੜਾ, ਮਨਪ੍ਰੀਤ ਸਿੰਘ ਤੇ ਬਹੁਤ ਸਾਰੇ ਸੀਨੀਅਰ ਲੀਡਰ ਹਾਜ਼ਰ ਸਨ।

## ਮਾਤਾ ਗੁਜਰੀ ਕਾਲਜ ਦਾ ਵੇਟ ਲਿਫਟਿੰਗ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਫ਼ਤਹਿਗੜ੍ਹ ਸਾਹਿਬ ਜ਼ਿਲ੍ਹਾ ਵੇਟ ਲਿਫਟਿੰਗ ਐਸੋਸੀਏਸ਼ਨ ਵੱਲੋਂ ਮਾਤਾ ਗੁਜਰੀ ਕਾਲਜ ਵਿਖੇ ਕਰਵਾਏ ਗਏ ਲੜਕੇ ਤੇ ਲੜਕੀਆਂ ਦੇ ਜ਼ਿਲ੍ਹਾ ਪੱਧਰ ਦੇ ਵੇਟ ਲਿਫਟਿੰਗ ਮੁਕਾਬਲਿਆਂ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਉਨ੍ਹਾਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਦੁਆਰਾ ਕਾਲਜ ਦਾ ਨਾਮ ਰੋਸ਼ਨ ਕੀਤਾ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਤੇ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਕਾਲਜ ਵਿੱਦਿਅਕ, ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਦੇ ਨਾਲ-ਨਾਲ ਖੇਡ ਸਰਗਰਮੀਆਂ ਵਿੱਚ ਵੀ ਨਿੱਤ ਨਵੇਂ ਕੀਰਤੀਮਾਨ ਸਥਾਪਤ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵੇਟ ਲਿਫਟਿੰਗ ਐਸੋਸੀਏਸ਼ਨ ਨੇ ਨੌਜਵਾਨਾਂ ਨੂੰ ਸਮਾਜਿਕ ਅਲਾਮਤਾਂ ਤੋਂ ਬਚਾਉਣ ਤੇ ਉਨ੍ਹਾਂ ਨੂੰ ਖੇਡਾਂ ਨਾਲ ਜੋੜਨ ਲਈ ਸ਼ਲਾਘਾਯੋਗ ਉਪਰਾਲਾ ਕੀਤਾ ਹੈ।ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਭਵਿੱਖ ਵਿੱਚ ਵੀ ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਕਾਲਜ ਦਾ ਨਾਮ ਰੁਸ਼ਨਾਉਂਦੇ ਰਹਿਣ।ਕਾਲਜ ਦੇ ਡੀਨ ਸਪੋਰਟਸ ਡਾ. ਦਵਿੰਦਰ ਸਿੰਘ ਨੇ ਕਿਹਾ ਕਿ ਵੇਟ ਲਿਫਟਿੰਗ ਮੁਕਾਬਲਾ ਨਾ ਕੇਵਲ ਵਿਦਿਆਰਥੀਆਂ ਦੀ ਸਰੀਰਕ ਸ਼ਕਤੀ ਦਾ ਪ੍ਰਦਰਸ਼ਨ ਕਰਦਾ ਹੈ, ਸਗੋਂ ਉਨ੍ਹਾਂ ਦੀ ਮਾਨਸਿਕ ਮਜ਼ਬੂਤੀ ਤੇ ਟੀਮ ਵਰਕ ਦੀ ਵੀ ਵਧੀਆ ਪੇਸ਼ਕਾਰੀ ਕਰਦਾ ਹੈ।ਕਾਲਜ ਦੇ ਖੇਡ ਵਿਭਾਗ ਦੇ ਮੁਖੀ ਡਾ. ਹਰਜੀਤ ਕੌਰ ਨੇ ਦੱਸਿਆ ਕਿ ਜੇਤੂ ਰਹਿਣ ਵਾਲੀਆਂ ਟੀਮਾਂ ਵਿੱਚੋਂ ਹੀ ਰਾਜ ਪੱਧਰ 'ਤੇ ਹੋਣ ਵਾਲੇ ਵੇਟ ਲਿਫਟਿੰਗ ਮੁਕਾਬਲਿਆਂ ਵਿੱਚ ਖਿਡਾਰੀਆਂ ਦੀ ਚੋਣ ਕੀਤੀ ਜਾਵੇਗੀ। ਇਨ੍ਹਾਂ ਮੁਕਾਬਲਿਆਂ ਵਿੱਚ ਬੀ.ਏ. ਭਾਗ-ਪਹਿਲਾ ਦੇ ਆਜ਼ਾਦ ਦਿਵਾਕਰ, ਅਨਮੋਲ ਕੁਮਾਰ, ਤਜਿੰਦਰ ਸਿੰਘ, ਗੁਰਿੰਦਰ ਸਿੰਘ, ਅਨਮੋਲਦੀਪ ਸਿੰਘ, ਪਰਮਿੰਦਰ ਸਿੰਘ, ਬੀ. ਵੋਕ. ਰਿਟੇਲ ਮੈਨੇਜਮੈਂਟ ਭਾਗ-ਪਹਿਲਾ ਦੇ ਹੁਸਨਪ੍ਰੀਤ ਸਿੰਘ ਤੇ ਬੀ.ਏ. ਭਾਗ-ਤੀਸਰਾ ਦੇ ਮਨਕਰਨ ਸਿੰਘ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਦੁਆਰਾ ਪਹਿਲੀਆਂ-ਦੂਸਰੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ।ਇਸ ਮੌਕੇ ਕੋਚ ਬਹਾਦਰ ਸਿੰਘ, ਸਟਾਫ਼ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

## ਕੁੱਟਮਾਰ ਕਰਨ ਦੇ ਦੋਸ਼ 'ਚ 4 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੁੱਲਗੜ੍ਹੀ ਅਧੀਨ ਆਉਂਦੇ ਪਿੰਡ ਵਲੂਰ ਵਿਖੇ ਔਰਤ ਸਮੇਤ ਦੋ ਨੌਜਵਾਨਾਂ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਪੁਲਸ ਨੇ 4 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਨਜੀਤ ਕੌਰ ਪਤਨੀ ਮੋਹਨ ਸਿੰਘ ਵਾਸੀ ਪਿੰਡ ਵਲੂਰ ਨੇ ਦੱਸਿਆ ਕਿ ਉਸ ਦੀ ਪੋਤਰੀ ਨੇਹਾ ਪੁੱਤਰੀ ਲਖਵਿੰਦਰ ਸਿੰਘ, ਜੋ 11ਵੀਂ ਜਮਾਤ ਵਿੱਚ ਪਿੰਡ ਵਲੂਰ ਵਿਖੇ ਸਕੂਲ ਵਿੱਚ ਪੜ੍ਹਦੀ ਹੈ, ਜੋ ਇਸੇ ਹੀ ਸਕੂਲ ਵਿੱਚ 12 ਕਲਾਸ ਵਿੱਚ ਨਤਾਸ਼ ਉਰਫ ਸਾਗਰ ਵੀ ਪੜ੍ਹਦਾ ਹੈ, ਜੋ ਨੇਹਾ ਨੂੰ ਸਕੂਲ ਦਾ ਕੰਮ ਕਰਨ ਲਈ ਕਾਪੀ ਦੇ ਕੇ ਜਾਂਦਾ ਹੈ। ਮਨਜੀਤ ਕੌਰ ਨੇ ਦੱਸਿਆ ਕਿ ਉਸ ਦੇ ਪੋਤਰੇ ਨੇ ਕਿਹਾ ਕਿ ਇਹ ਕਾਪੀ ਕਿਉਂ ਦੇ ਕੇ ਜਾਂਦਾ ਹੈ। ਇਸੇ ਗੱਲ 'ਤੇ ਉਸ ਦੇ ਪੋਤਰੇ ਦੀ ਕੁੱਟਮਾਰ ਕੀਤੀ ਤੇ ਰਾਤ ਕਰੀਬ 10 ਵਜੇ ਦੋਸ਼ੀਆਨ ਆਤਿਸ਼ ਪੁੱਤਰ ਮੁੱਖਾ, ਨਤਾਸ਼ ਪੁੱਤਰ ਮਹਿੰਦਰ, ਮੁੱਖਾ ਪੁੱਤਰ ਵੀਰੂ ਤੇ ਮਨਜੀਤ ਕੌਰ ਪਤਨੀ ਮੁੱਖਾ ਵਾਸੀ ਪਿੰਡ ਵਲੂਰ ਨੇ ਉਸ ਦੇ ਘਰ ਕਾਪੇ, ਕਿਰਪਾਨਾਂ, ਬੇਸਬਾਲ ਆਦਿ ਨਾਲ ਲੈਸ ਹੋ ਕੇ ਗਏ ਤੇ ਉਨ੍ਹਾਂ ਦੀ ਕੁੱਟਮਾਰ ਕਰਨ ਲੱਗੇ, ਜਦ ਉਸ ਦੇ ਜੇਠ ਦਾ ਲੜਕਾ ਆਇਆ ਤਾਂ ਉਸ ਦੇ ਵੀ ਸੱਟਾਂ ਮਾਰੀਆਂ ਤੇ ਉਹ ਬਚਾਅ ਲਈ ਰੌਲਾ ਪਾਉਣ 'ਤੇ ਦੋਸ਼ੀਆਨ ਮੌਕੇ ਤੋਂ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ। ਮਨਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਵਿਪਨ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਕਰ ਰਹੀ ਹੈ ਅਣਗੌਲਿਆ : ਗੁਰਦੀਪ ਮੋਤੀ, ਜਗਦੀਸ਼ ਚਾਹਲ

## ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੀ ਸੂਬਾਈ ਮੀਟਿੰਗ



ਮੀਟਿੰਗ ਦੌਰਾਨ ਕਾਮਰੇਡ ਗੁਰਦੀਪ ਸਿੰਘ ਮੋਤੀ, ਜਗਦੀਸ਼ ਸਿੰਘ ਚਾਹਲ ਤੇ ਹੋਰ ਆਗੂ।

**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੀ ਸੂਬਾਈ ਮੀਟਿੰਗ ਕਾਮਰੇਡ ਗੁਰਜੀਤ ਸਿੰਘ ਬਟਾਲਾ ਦੀ ਪ੍ਰਧਾਨਗੀ ਹੇਠ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਹੋਈ। ਮੀਟਿੰਗ ਬਾਰੇ ਜਥੇਬੰਦੀ ਦੇ ਸਰਪ੍ਰਸਤ ਕਾਮਰੇਡ ਗੁਰਦੀਪ ਸਿੰਘ ਮੋਤੀ, ਜਗਦੀਸ਼ ਸਿੰਘ ਚਾਹਲ, ਗੁਰਜੰਟ ਸਿੰਘ ਕੋਕਰੀ ਤੇ ਅਵਤਾਰ ਸਿੰਘ ਤਾਰੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਪੰਜਾਬ ਰੋਡਵੇਜ਼ ਦੇ ਵਰਕਰ ਕਾਫ਼ੀ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਦਾ ਸੰਤਾਪ ਹੰਢਾ ਰਹੇ ਹਨ। ਭਾਵੇਂ ਹੁਣ ਲੋਕ ਸਭਾ ਚੋਣਾਂ ਕਰਕੇ ਚੋਣ ਜਾਬਤਾ ਲਾਗੂ ਹੈ, ਪਰ ਕੁਝ ਮੰਗਾਂ ਜਿਨ੍ਹਾਂ ਦਾ ਚੋਣ ਜਾਬਤੇ ਨਾਲ ਕੋਈ ਵੀ ਸਬੰਧ ਨਹੀਂ, ਜਿਵੇਂ ਪ੍ਰਮੋਸ਼ਨਾਂ ਲਗਭਗ ਢਾਈ ਸਾਲਾਂ ਤੋਂ ਪੈਂਡਿੰਗ ਹਨ। ਮੁਲਾਜ਼ਮ ਰਿਟਾਇਰ ਹੋ ਰਹੇ ਹਨ, ਟਾਈਮ ਟੇਬਲ, ਨਜਾਇਜ਼ ਉਪਰੇਸ਼ਨ, ਮੁਅੱਤਲ ਕਰਮਚਾਰੀਆਂ ਦੀ ਬਹਾਲੀ ਆਦਿ ਦਾ ਹੱਲ ਕੱਢਿਆ ਜਾ ਸਕਦਾ ਹੈ। ਚੰਡੀਗੜ੍ਹ ਵਿੱਚ ਸੀ.ਟੀ.ਯੂ. ਲਗਾਤਾਰ ਧੱਕਾ ਕਰਦਾ ਆ ਰਿਹਾ ਹੈ। ਸ਼ਡਿਊਲ ਮਾਈਲੇਜ ਤੋਂ ਦੁੱਗਣੀ ਤੋਂ ਵੱਧ ਮਾਈਲੇਜ ਕਵਰ ਕਰ ਰਿਹਾ ਹੈ, ਚੰਡੀਗੜ੍ਹ ਸੈਕਟਰ 43 ਬੱਸ ਸਟੈਂਡ ਦੀ ਪਰਚੀ 600 ਰੁਪਏ ਵਸੂਲਣਾ ਸਰਾਸਰ ਬੇਇਨਸਾਫ਼ੀ ਹੈ, ਵਰਕਰ ਲੜ ਰਹੇ ਹਨ, ਪਰ ਪ੍ਰਸ਼ਾਸਨ ਨੇ ਚੱਪ ਧਾਰੀ ਹੋਈ ਹੈ। ਇਸ ਮਸਲੇ ਨੂੰ ਹੱਲ ਕਰਨ ਦੀ ਬਜਾਏ ਸਿਰਫ਼ ਮੀਟਿੰਗ ਕਰਨ ਲਈ ਡੇਢ ਮਹੀਨੇ ਤੋਂ ਉੱਪਰ ਦਾ ਸਮਾਂ ਲਾ ਦੇਣਾ ਸਰਾਸਰ ਗਲਤ ਹੈ, ਜਿਸ ਦੀ ਮੁਲਾਜ਼ਮਾਂ ਵਿੱਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ। ਬੁਲਾਰਿਆਂ ਨੇ ਦੱਸਿਆ ਕਿ ਪਹਿਲੀ ਮਈ ਨੂੰ ਆ ਰਿਹਾ ਕਿਰਤ ਦਿਹਾੜਾ, ਜਿਸ ਲਈ ਵੱਡੇ ਸੰਘਰਸ਼ ਤੇ ਕੁਰਬਾਨੀਆਂ ਦੇ ਕੇ ਕੰਮ-ਦਿਹਾੜੀ 8 ਘੰਟੇ ਪ੍ਰਾਪਤ ਕੀਤੀ ਸੀ, ਉਸ ਨੂੰ ਵੀ ਸਾਡੀਆਂ ਸਰਕਾਰਾਂ ਕਾਰਪੋਰੇਟ ਦੇ ਦਬਾਅ ਥੱਲੇ 12 ਘੰਟੇ ਕਰਨ ਦੇ ਮਨਸੂਬੇ ਬਣਾ ਰਹੀਆਂ ਹਨ। ਇਸ ਕਰਕੇ ਇਸ ਦਿਹਾੜੇ ਦੀ ਮਹੱਤਤਾ ਨੂੰ ਮੁੱਖ ਰੱਖ ਕੇ ਫੈਸਲਾ ਕੀਤਾ ਗਿਆ ਕਿ ਆਪਣੇ ਆਪਣੇ ਅਦਾਰਿਆਂ ਉੱਪਰ ਝੰਡੇ ਝੂਲਾ ਕੇ ਰੈਲੀਆਂ ਕਰਨ ਉਪਰੰਤ ਦੂਸਰਿਆਂ ਅਦਾਰਿਆਂ ਨੂੰ ਨਾਲ ਲੈ ਕੇ ਸਾਂਝੀਆਂ ਕਨਵੈਨਸ਼ਨਾਂ ਤੇ ਮੁਜ਼ਾਹਰੇ ਕੀਤੇ ਜਾਣਗੇ। ਇਹ ਵੀ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਮੰਗਾਂ ਦਾ ਨਿਪਟਾਰਾ ਤਾਂ ਕੀ ਕਰਨਾ ਸੀ, ਪੰਜਾਬ ਦੇ ਮੁੱਖ ਮੰਤਰੀ ਵੱਲੋਂ ਮੁਲਾਜ਼ਮਾਂ ਨੂੰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਵੀ ਨਾ ਕਰਨਾ ਸਾਬਿਤ ਕਰਦਾ ਹੈ ਕਿ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਮਸਲਿਆਂ ਸਬੰਧੀ ਗੰਭੀਰ ਨਹੀਂ ਹੈ, ਜਿਸ ਕਰਕੇ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ 5 ਮਈ ਨੂੰ ਦੇਸ਼ ਭਗਤ ਹਾਲ ਜਲੰਧਰ ਵਿੱਚ ਵਿਸ਼ਾਲ ਕਨਵੈਨਸ਼ਨ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਕਨਵੈਨਸ਼ਨ ਵਿੱਚ ਪੰਜਾਬ ਰੋਡਵੇਜ਼ ਦੇ ਮੁਲਾਜ਼ਮ ਤੇ ਪੈਨਸ਼ਨਰ ਸ਼ਾਮਲ ਹੋਣਗੇ। ਅੱਜ ਦੀ ਮੀਟਿੰਗ ਵਿੱਚ 18 ਡਿੱਪੂਆਂ ਦੇ ਪ੍ਰਧਾਨ, ਜਨਰਲ ਸਕੱਤਰ, ਸੀਨੀਅਰ ਮੀਤ ਪ੍ਰਧਾਨ, ਕੈਸ਼ੀਅਰਾਂ ਤੋਂ ਇਲਾਵਾ ਸੈਂਟਰ ਬਾਡੀ ਵੱਲੋਂ ਸਾਥੀ ਸੁਰਿੰਦਰ ਸਿੰਘ ਬਰਾੜ, ਬਚਿੱਤਰ ਸਿੰਘ ਧੋਥੜ, ਦੀਦਾਰ ਸਿੰਘ ਪੱਟੀ, ਬਿਕਰਮਜੀਤ ਸਿੰਘ, ਬਲਰਾਜ ਭੰਗੂ, ਗੁਰਜੀਤ ਸਿੰਘ ਜਲੰਧਰ, ਇਕਬਾਲ ਸਿੰਘ ਪਠਾਨਕੋਟ, ਦਵਿੰਦਰ ਕੁਮਾਰ ਨਵਾਂ ਸ਼ਹਿਰ, ਕਿਰਨਦੀਪ ਢਿੱਲੋਂ, ਰਣਧੀਰ ਸਿੰਘ, ਅੰਗਰੇਜ ਸਿੰਘ ਮੁਕਤਸਰ, ਗੁਰਮੀਤ ਸਿੰਘ ਚੰਡੀਗੜ੍ਹ, ਜਗਪਾਲ ਸਿੰਘ, ਮਨਦੀਪ ਸਿੰਘ ਮਖੂ ਅਤੇ ਗੁਰਪਰੀਤ ਸਿੰਘ ਮੋਗਾ ਸ਼ਾਮਲ ਹੋਏ।

# ਨਰੇਗਾ ਕਾਮੇ ਕਿਰਤ ਦਿਹਾੜੇ ਨੂੰ 'ਭਾਜਪਾ ਹਰਾਓ, ਕਿਰਤ ਬਚਾਓ, ਦੇਸ਼ ਬਚਾਓ' ਦੇ ਤੌਰ 'ਤੇ ਮਨਾਉਣਗੇ : ਕਸ਼ਮੀਰ ਗਦਾਈਆ



**ਨਾਭਾ (ਵਰਿੰਦਰ ਵਰਮਾ)**-ਨਰੇਗਾ ਕਾਮੇ ਇੱਕ ਮਈ ਕਿਰਤ ਦਿਨ ਨੂੰ 'ਭਾਜਪਾ ਹਰਾਓ, ਕਿਰਤੀ ਬਚਾਓ, ਦੇਸ਼ ਬਚਾਓ' ਦੇ ਤੌਰ 'ਤੇ ਮਨਾਉਣਗੇ, ਕਿਉਂਕਿ ਭਾਜਪਾ ਨੇ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਨਰੇਗਾ 2005 ਨੂੰ ਖਤਮ ਕਰਨ ਦੀਆਂ ਹੀ ਗੋਂਦਾਂ ਗੁੰਦੀਆਂ ਹਨ, ਨਰੇਗਾ ਕਾਮਿਆਂ ਲਈ ਸਾਲਾਨਾ ਬਜਟ ਵਿੱਚ ਹਰ ਸਾਲ ਕੱਟ ਲਾ ਕੇ ਕਾਮਿਆਂ ਦੇ 100 ਦਿਨ ਕੰਮ ਪ੍ਰਾਪਤ ਕਰਨ ਲਈ ਔਂਕੜਾਂ ਖੜੀਆਂ ਕਰਦੀ ਰਹੀ ਹੈ, ਵਾਰ ਵਾਰ ਮੰਗ ਪੱਤਰ ਦੇਣ ਦੇ ਬਾਵਜੂਦ 200 ਦਿਨ ਕੰਮ ਨਹੀਂ ਦਿੱਤਾ, ਵਾਰ ਵਾਰ ਮੰਗ ਕਰਨ 'ਤੇ ਕਾਮਿਆਂ ਦੀਆਂ ਉਜ਼ਰਤਾਂ ਵਿੱਚ ਵਾਧਾ ਨਹੀਂ ਕੀਤਾ ਗਿਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਨਾਲ ਸੰਬੰਧਤ ਨਰੇਗਾ ਕਾਮਿਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।ਕਾਮਰੇਡ ਗਦਾਈਆ ਨੇ ਕਿਹਾ ਕਿ ਭਾਜਪਾ ਦੇ 10 ਸਾਲਾਂ ਦੇ ਰਾਜ ਦੌਰਾਨ ਕਿਰਤੀ ਵਰਗ ਬੇਹਾਲ ਹੋਇਆ ਹੈ, ਕਿਰਤੀ ਵਰਗ ਨੂੰ ਦੋ ਡੰਗ ਦੀ ਰੋਟੀ ਲਈ ਵੀ ਬੇਹੱਦ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਬੇਰੁਜ਼ਗਾਰੀ, ਮਹਿੰਗਾਈ ਵਿੱਚ ਬਹੁਤ ਵੱਡਾ ਵਾਧਾ ਹੋਇਆ ਹੈ, ਇਲਾਜ ਏਨਾ ਮਹਿੰਗਾ ਕਰ ਦਿੱਤਾ ਕਿ ਗਰੀਬ ਲੋਕ ਬਿਨਾਂ ਇਲਾਜ ਮਰ ਰਹੇ ਹਨ, ਵਿੱਦਿਆ ਇੰਨੀ ਮਹਿੰਗੀ ਕਰ ਦਿੱਤੀ ਗਈ ਹੈ ਕਿ ਮੱਧ ਵਰਗੀ ਪਰਿਵਾਰ ਵੀ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ।ਇਸ ਕਰਕੇ ਦੇਸ਼ ਦਾ ਕਿਰਤੀ ਵਰਗ ਭਾਜਪਾ ਨੂੰ ਸੱਤਾ ਤੋਂ ਪਾਸੇ ਦੇਖਣਾ ਚਾਹੁੰਦਾ ਹੈ, ਇਸ ਲਈ ਨਰੇਗਾ ਕਾਮੇ ਉਨ੍ਹਾਂ ਉਮੀਦਵਾਰਾਂ ਦੀ ਮੱਦਦ ਕਰਕੇ ਜਿਤਾਉਣਗੇ, ਜੋ ਪਾਰਲੀਮੈਂਟ ਵਿੱਚ ਨਰੇਗਾ ਕਾਮਿਆਂ ਦੀਆਂ ਉਜ਼ਰਤਾਂ ਵਾਧਾ, ਨਰੇਗਾ ਕਾਮਿਆਂ ਲਈ 200 ਦਿਨ ਕੰਮ ਕਰਵਾਉਣ ਲਈ ਅਵਾਜ਼ ਬੁਲੰਦ ਕਰਨਗੇ।

# ਅਕਾਲੀ ਦਲ ਹੀ ਪੰਜਾਬ ਦੇ ਹਿੱਤਾਂ ਦੀ ਇੱਕੋ-ਇੱਕ ਹਿਤੈਸ਼ੀ ਪਾਰਟੀ : ਢਿੱਲੋਂ/ਉਮੈਦਪੁਰੀ



**ਸਮਰਾਲਾ (ਸੁਰਜੀਤ ਸਿੰਘ)**-ਮੌਜੂਦਾ ਲੋਕ ਸਭਾ ਚੋਣਾਂ ਪੰਜਾਬ ਦੀ ਰਾਜਨੀਤੀ ਲਈ ਬੇਹੱਦ ਅਹਿਮ ਚੋਣਾਂ ਹਨ, ਜਿਸ 'ਤੇ ਪੰਜਾਬ ਦਾ ਭਵਿੱਖ ਟਿਕਿਆ ਹੋਇਆ ਹੈ, ਕਿਉਂਕਿ ਇਸ ਤੋਂ ਪਹਿਲਾਂ ਪੰਜਾਬ ਵਿੱਚ ਬਦਲਾਅ ਦਾ ਲਾਰਾ ਲਾ ਕੇ ਆਮ ਆਦਮੀ ਪਾਰਟੀ ਵਾਲੇ ਸਰਕਾਰ ਬਣਾ ਗਏ। ਇਨ੍ਹਾਂ ਢਾਈ ਸਾਲਾਂ ਵਿੱਚ ਹੀ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਨਕਾਰ ਕੇ ਰੱਖ ਦਿੱਤਾ ਹੈ। ਦੂਜੇ ਪਾਸੇ ਕਾਂਗਰਸ ਪਾਰਟੀ, ਜਿਸ ਨੇ ਕਦੇ ਪੰਜਾਬ ਦੇ ਹਿੱਤਾਂ ਦੀ ਗੱਲ ਕੀਤੀ ਹੀ ਨਹੀਂ, ਹਮੇਸ਼ਾ ਪੰਜਾਬ ਨਾਲ ਦਗਾ ਕਮਾਇਆ ਹੈ।ਤੀਸਰੀ ਭਾਰਤੀ ਜਨਤਾ ਪਾਰਟੀ ਜੋ ਪੰਜਾਬ ਦੀ ਕਿਰਸਾਨੀ ਤੇ ਮਜ਼ਦੂਰਾਂ ਨੂੰ ਪੂਰੀ ਤਰ੍ਹਾਂ ਬਰਬਾਦ ਕਰਨ 'ਤੇ ਤੁਲੀ ਹੋਈ ਹੈ ਤੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਦੀ ਕਠਪੁਤਲੀ ਬਣੀ ਹੋਈ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਦੇ ਹੱਕ ਵਿੱਚ ਸਮਰਾਲਾ ਹਲਕੇ ਦੇ ਵੱਖ-ਵੱਖ ਪਿੰਡਾਂ ਜਿਨ੍ਹਾਂ ਵਿੱਚ ਮਾਣਕੀ, ਮਾਨੂੰਪੁਰ, ਸਲੌਦੀ ਸਿੰਘਾਂ, ਨੌਲੜੀ ਕਲਾਂ, ਭੌਰਲਾ, ਬਗਲੀ ਕਲਾਂ, ਅਜਲੌਦ, ਦੀਵਾਲਾ, ਢੀਂਡਸਾ, ਸਮਰਾਲਾ ਵਿੱਚ ਚੋਣ ਮੀਟਿੰਗਾਂ ਕਰਨ ਉਪਰੰਤ ਵਿਧਾਨ ਸਭਾ ਹਲਕਾ ਸਮਰਾਲਾ ਦੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਤੇ ਸੰਤਾ ਸਿੰਘ ਉਮੈਦਪੁਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਸਮਰਾਲਾ ਸ਼੍ਰੋਮਣੀ ਅਕਾਲੀ ਦਲ ਦਾ ਗੜ੍ਹ ਮੰਨਿਆ ਜਾਂਦਾ ਹੈ, ਇੱਥੋਂ ਦੇ ਵੋਟਰਾਂ ਨੇ ਹਮੇਸ਼ਾ ਹੀ ਪੰਥਕ ਆਗੂ ਦੀ ਡੱਟ ਕੇ ਹਮਾਇਤ ਕੀਤੀ ਹੈ, ਜਿਸ ਤਰ੍ਹਾਂ ਦਾ ਸਮੱਥਰਨ ਉਨ੍ਹਾਂ ਨੂੰ ਸਮਰਾਲਾ ਹਲਕੇ ਦੇ ਪਿੰਡਾਂ ਤੇ ਸਮਰਾਲਾ ਸ਼ਹਿਰ ਵਿੱਚੋਂ ਮਿਲ ਰਿਹਾ ਹੈ, ਉਨ੍ਹਾਂ ਨੂੰ ਪੂਰਨ ਆਸ ਹੈ ਕਿ ਫਤਹਿਗੜ੍ਹ ਸਾਹਿਬ ਹਲਕੇ ਦੀ ਸੀਟ ਸ਼੍ਰੋਮਣੀ ਅਕਾਲੀ ਦਲ ਦੀ ਹੋਵੇਗੀ।ਇਸ ਮੌਕੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਅੱਜ ਦੀ ਲੜਾਈ ਪੰਜਾਬ ਦੀ ਅਣਖ ਦੀ ਲੜਾਈ ਹੈ।ਸ਼੍ਰੋਮਣੀ ਅਕਾਲੀ ਦਲ ਇੱਕੋ ਇੱਕ ਅਜਿਹੀ ਖੇਤਰੀ ਪਾਰਟੀ ਹੈ, ਜਿਸ ਨੇ ਪੰਜਾਬ ਦੇ ਹੱਕਾਂ ਤੇ ਅਣਖ ਲਈ ਹਮੇਸ਼ਾ ਡਟ ਕੇ ਪਹਿਰਾ ਦਿੱਤਾ ਹੈ।ਵੱਖ ਵੱਖ ਪਿੰਡਾਂ ਦੇ ਦੌਰਿਆਂ ਦੌਰਾਨ ਹਰੇਕ ਪਿੰਡ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਭਾਰੀ ਸਮੱਰਥਨ ਮਿਲਿਆ, ਪਿੰਡਾਂ ਦੇ ਲੋਕਾਂ ਨੇ ਪੂਰਨ ਵਿਸ਼ਵਾਸ ਦਿਵਾਇਆ ਕਿ ਉਹ ਇਸ ਵਾਰੀ ਕਿਸੇ ਵੀ ਪਾਰਟੀ ਦੇ ਜੁਮਲਿਆਂ ਵਿੱਚ ਆ ਕੇ ਆਪਣੀਆਂ ਵੋਟਾਂ ਨਹੀਂ ਪਾਉਣਗੇ, ਉਹ ਸਿਰਫ ਤੇ ਸਿਰਫ ਆਪਣੇ ਪੰਜਾਬ ਨੂੰ ਬਚਾਉਣ ਵਾਲੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਵੋਟ ਪਾਉਣਗੇ।ਅੱਜ ਦੀਆਂ ਚੋਣ ਮੀਟਿੰਗਾਂ ਵਿੱਚ ਉਪਰੋਕਤ ਤੋਂ ਇਲਾਵਾ ਜਥੇਦਾਰ ਬਹਾਦਰ ਸਿੰਘ ਮਾਣਕੀ, ਜਥੇਦਾਰ ਅਮਰੀਕ ਸਿੰਘ ਹੇੜੀਆਂ, ਜਥੇਦਾਰ ਸੁਰਜੀਤ ਸਿੰਘ ਪੂਰਬਾ ਨੇ ਵੀ ਸੰਬੋਧਨ ਕੀਤਾ।

## ਕਾਤਰਾਂ

### ਝਬੇਲਵਾਲੀ 'ਚ ਵਰਕਰ ਮਿਲਣੀ ਅੱਜ : ਬਿੱਟੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਰਕਲ ਬਰੀਵਾਲਾ (ਦਿਹਾਤੀ) ਦੇ ਪਿੰਡ ਝਬੇਲਵਾਲੀ, ਚੱਕ ਗਾਂਧਾ ਸਿੰਘ ਵਾਲਾ, ਬਾਹਮਣਵਾਲਾ, ਜੰਮੂਆਣਾ, ਬਾਜਾ ਮਰਾੜ੍ਹ, ਡੋਹਕ, ਬੁੱਢੀਮਾਲ, ਸੀਰਵਾਲੀ ਆਦਿ ਵਿਖੇ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਵੱਲੋਂ 28 ਅਪ੍ਰੈਲ ਨੂੰ ਕੀਤੀਆਂ ਜਾ ਰਹੀਆਂ ਵਰਕਰ ਮਿਲਣੀਆਂ ਸਬੰਧੀ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਤੇ ਲਛਮਣ ਜੋਸ਼ੀ ਪੀ ਟੀ ਸਰਕਲ ਪ੍ਰਧਾਨ ਬਰੀਵਾਲਾ ਦਿਹਾਤੀ ਵੱਲੋਂ ਅਕਾਲੀ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ।ਇਸ ਮੌਕੇ ਲੋਕ ਸਭਾ ਚੋਣਾਂ ਲਈ ਕਮਰਕੱਸੇ ਕੱਸਣ ਦੀ ਗੱਲ ਕਰਦਿਆਂ ਜ਼ਿਲ੍ਹਾ ਪ੍ਰਧਾਨ ਬਿੱਟੂ ਨੇ ਕਿਹਾ ਕਿ ਲੋਕ ਸਭਾ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਵੱਲੋਂ ਹਲਕਾ ਸ੍ਰੀ ਮੁਕਤਸਰ ਸਾਹਿਬ ਦੀਆਂ ਸਰਕਲ ਵਾਇਜ਼ ਜੋ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਉਸ ਤਹਿਤ 28 ਅਪ੍ਰੈਲ ਨੂੰ ਦੁਪਿਹਰ 1.45 ਵਜੇ ਸਰਕਲ ਬਰੀਵਾਲਾ ਦਿਹਾਤੀ ਦੀ ਵਰਕਰ ਮਿਲਣੀ ਪਿੰਡ ਝਬੇਲਵਾਲੀ ਵਿਖੇ ਹੋਵੇਗੀ।ਉਨ੍ਹਾਂ ਵਰਕਰਾਂ ਨੂੰ ਸਮੇਂ ਸਿਰ ਤੈਅ ਪ੍ਰੋਗਰਾਮ ਵਾਲੇ ਸਥਾਨ 'ਤੇ ਪਹੁੰਚਣ ਦੀ ਅਪੀਲ ਕੀਤੀ।

### ਹੁਸ਼ਿਆਰ ਵਿਦਿਆਰਥੀ ਸਨਮਾਨ ਸਮਾਰੋਹ ਅੱਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਮੁਕਤਸਰ ਵਿਕਾਸ ਮਿਸ਼ਨ ਵੱਲੋਂ ਹੁਸ਼ਿਆਰ ਵਿਦਿਆਰਥੀ ਸਨਮਾਨ ਸਮਾਰੋਹ 28 ਅਪ੍ਰੈਲ ਨੂੰ ਸਵੇਰੇ 11:00 ਵਜੇ ਸਥਾਨਕ ਪਵਨ ਹੋਟਲ ਐਂਡ ਸਵੀਟਸ ਸ਼ਾਪ ਵਿਖੇ ਕੀਤਾ ਜਾਵੇਗਾ।ਇਸ ਸਮੇਂ ਕੀਤੇ ਜਾਣ ਵਾਲੇ ਸਮਾਰੋਹ ਦੀ ਪ੍ਰਧਾਨਗੀ ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਕਰਨਗੇ।ਸਮਾਰੋਹ ਦੌਰਾਨ ਮੈਡਮ ਰੁਪਿੰਦਰ ਬੱਤਰਾ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ।ਪ੍ਰਾਪਤ ਜਾਣਕਾਰੀ ਅਨੁਸਾਰ ਸਮਾਰੋਹ ਦੌਰਾਨ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦੀਆਂ ਮੈਟ੍ਰਿਕ ਦੀ ਪ੍ਰੀਖਿਆ ਵਿੱਚੋਂ ਸ਼ਾਨਦਾਰ ਅੰਕ ਪ੍ਰਾਪਤ ਕਰਨ ਵਾਲੀਆਂ ਤੇਰਾਂ ਲੜਕੀਆਂ ਨੂੰ ਮਿਸ਼ਨ ਵੱਲੋਂ ਪ੍ਰਸੰਸਾ ਪੱਤਰ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਜਾਵੇਗੀ।

### ਭੋਲੀ ਮਾਈ ਦੇ ਅਸਥਾਨ 'ਤੇ ਸਾਲਾਨਾ ਸਮਾਗਮ

**ਭੀਖੀ (ਧਰਮਵੀਰ ਸ਼ਰਮਾ)**-ਸ਼੍ਰੀ ਦਾਦੂ ਦਿਆਲ ਜੀ ਤੇ ਭੋਲੀ ਮਾਈ ਦੀ ਅਪਾਰ ਕ੍ਰਿਪਾ ਸਦਕਾ ਸ਼੍ਰੀ ਭੋਲੀ ਮਾਈ ਦੇ ਦਰਬਾਰ ਪਿੰਡ ਕਿਸ਼ਨਗੜ੍ਹ ਫਰਮਾਹੀ ਵਿਖੇ 12ਵਾਂ ਸਾਲਾਨਾ ਵਿਸ਼ਾਲ ਭੰਡਾਰਾ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਮ ਪਾਲ ਫਰਮਾਹੀ ਵਾਲੇ ਨੇ ਦੱਸਿਆ ਕਿ ਇਸ ਮੌਕੇ ਕਰਵਾਏ ਜਾ ਰਹੇ ਪਾਠ ਦੇ ਸਬੰਧ ਵਿੱਚ ਪੂਜਾ ਸਵੇਰੇ 8 ਵਜੇ, ਹਵਨ ਯੱਗ ਸਵੇਰੇ 8.30 ਵਜੇ, ਕਥਾ 10.30 ਵਜੇ ਤੇ ਆਰਤੀ 11.30 ਵਜੇ ਕੀਤੀ ਗਈ। ਇਸ ਸਮਾਗਮ ਦੌਰਾਨ ਸੁਰੇਸ਼ ਗੁਪਤਾ ਪੁੱਤਰ ਸ਼੍ਰੀ ਸੂਰਜ ਭਾਨ ਗੁਪਤਾ ਲੁਧਿਆਣਾ, ਵਿਨੋਦ ਗੁਪਤਾ ਜੀਂਦ, ਸੋਮ ਪਾਲ ਲੁਧਿਆਣਾ, ਭਗਵਾਨ ਦਾਸ ਲੁਧਿਆਣਾ, ਮੱਖਣ ਲਾਲ ਪਟਿਆਲਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਭੋਲੀ ਮਾਈ ਅਤੇ ਦਾਦੂ ਦਿਆਲ ਜੀ ਦਾ ਆਸ਼ੀਰਵਾਦ ਹਾਸਲ ਕੀਤਾ।

# ਸੀ ਪੀ ਆਈ ਨੇ ਭਾਜਪਾ ਵਿਰੁੱਧ ਕੀਤਾ ਰੋਸ ਪ੍ਰਦਰਸ਼ਨ



**ਭੀਖੀ/ਮਾਨਸਾ (ਧਰਮਵੀਰ ਸ਼ਰਮਾ/ਆਤਮਾ ਸਿੰਘ ਪਮਾਰ)**-ਸਥਾਨਕ ਦਾਣਾ ਮੰਡੀ ਵਿਖੇ ਸੀ ਪੀ ਆਈ ਸਬ ਡਵੀਜ਼ਨ ਸਕੱਤਰ ਸਾਥੀ ਰੂਪ ਸਿੰਘ ਢਿੱਲੋਂ ਤੇ ਬ੍ਰਾਂਚ ਸਕੱਤਰ ਮੰਗਤ ਰਾਏ ਭੀਖੀ ਦੀ ਅਗਵਾਈ ਹੇਠ ਸੀ ਪੀ ਆਈ ਵਰਕਰਾਂ, ਕਿਸਾਨਾਂ, ਮਜ਼ਦੂਰਾਂ ਵੱਲੋਂ ਮੋਦੀ ਤੇ ਭਾਜਪਾ ਦੇ ਬੁਲਾਰਿਆਂ ਦੇ ਸ਼ਰਮਨਾਕ ਝੂਠੇ ਤੇ ਨਫ਼ਰਤੀ ਪ੍ਰਚਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਭਾਰਤੀ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਮੋਦੀ ਸਮੇਤ ਮੁਸਲਮ ਭਾਈਚਾਰੇ ਖਿਲਾਫ ਫਿਰਕੂ ਜ਼ਹਿਰ ਫੈਲਾ ਰਹੇ ਭਾਜਪਾ ਦੇ ਸਾਰੇ ਪ੍ਰਚਾਰਕਾਂ ਤੇ ਉਮੀਦਵਾਰਾਂ ਦੇ ਚੋਣ ਪ੍ਰਚਾਰ ਕਰਨ 'ਤੇ ਤੁਰੰਤ ਪਾਬੰਦੀ ਲਾਈ ਜਾਵੇ। ਰੋਸ ਪ੍ਰਦਰਸ਼ਨ ਸਮੇਂ ਸੀ ਪੀ ਆਈ ਦੇ ਸੂਬਾ ਕਾਰਜਕਾਰਨੀ ਮੈਂਬਰ ਤੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ, ਕਿਸਾਨ ਆਗੂ ਦਲਜੀਤ ਸਿੰਘ ਮਾਨਸ਼ਾਹੀਆ ਤੇ ਕਰਨੈਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ, ਏਕਤਾ, ਅਖੰਡਤਾ, ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਲਈ ਭਾਜਪਾ ਤੇ ਉਸ ਦੇ ਭਾਈਵਾਲਾਂ ਨੂੰ ਕਰਾਰੀ ਹਾਰ ਦੇਣ, ਇੰਡੀਆ ਗੱਠਜੋੜ ਨੂੰ ਮਜ਼ਬੂਤ ਕਰਕੇ ਬਹੁਮਤ ਦੇਣ ਦੀ ਅਪੀਲ ਕੀਤੀ। ਆਗੂਆਂ ਨੇ ਕਿਹਾ ਕਿ ਸੀ ਪੀ ਆਈ ਭਾਜਪਾ ਦੇ ਫਿਰਕੂ ਜ਼ਹਿਰ ਫੈਲਾਉਣ ਵਾਲੇ ਆਗੂਆਂ ਨੂੰ ਜਨਤਕ ਕਰਕੇ ਮੁਹਿੰਮ ਵਿੱਢੇਗੀ ਅਤੇ ਲੋਕਾਂ ਨੂੰ ਜਾਗਰੂਕ ਕਰੇਗੀ। ਰੋਸ ਪ੍ਰਦਰਸ਼ਨ ਮੌਕੇ ਹੋਰਨਾਂ ਤੋਂ ਇਲਾਵਾ ਜੋਗਿੰਦਰ ਸਿੰਘ ਢਪਾਲੀ, ਮਿੱਠੂ ਸਿੰਘ ਸਮਾਉਂ, ਰਣਜੀਤ ਸਿੰਘ ਅਤਲਾ, ਰਜਿੰਦਰ ਸਿੰਘ ਅਤਲਾ, ਨਿਰਮਲ ਸਿੰਘ ਤੱਤੂ, ਜਗਤਾਰ ਸਿੰਘ ਸਮਾਉਂ ਆਦਿ ਹਾਜ਼ਰ ਸਨ।

# ਅਨਾਜ ਮੰਡੀ 'ਚ ਲਿਫਟਿੰਗ ਸੁਸਤ, ਆੜ੍ਹਤੀ ਗੁੰਡਾ ਟੈਕਸ ਦੇਣ ਲਈ ਮਜਬੂਰ !

**ਜਲਾਲਾਬਾਦ (ਜੀਤ ਕੁਮਾਰ)**-ਸਥਾਨਕ ਅਨਾਜ ਮੰਡੀ ਵਿੱਚ ਕਣਕ ਦੀਆਂ ਭਰੀਆਂ ਬੋਰੀਆਂ ਦੇ ਅੰਬਾਰ ਲੱਗੇ ਪਏ ਹਨ। ਇਸ ਸਮੇਂ ਵਾਰ-ਵਾਰ ਮੌਸਮ ਬਦਲਣ ਦੇ ਬਾਵਜੂਦ ਕਣਕ ਦੀ ਚੁਕਾਈ ਬਹੁਤ ਧੀਮੀ ਰਫਤਾਰ ਨਾਲ ਹੋ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 25 ਅਪ੍ਰੈਲ ਤੱਕ ਮੰਡੀ ਵਿੱਚ 6,28,700 ਕੁਇੰਟਲ ਕਣਕ ਦੀ ਖਰੀਦ ਹੋ ਚੁੱਕੀ ਹੈ, ਜਿਸ ਵਿੱਚੋਂ 76 ਹਜ਼ਾਰ ਕੁਇੰਟਲ ਕਣਕ ਦੀ ਖਰੀਦ ਪਨਗਰੇਨ ਏਜੰਸੀ ਨੇ ਕੀਤੀ। ਮਾਰਕਫੈੱਡ ਨੇ 2,63,780 ਕੁਇੰਟਲ, ਪਨਸਪ 180000 ਕੁਇੰਟਲ ਤੇ ਵੇਅਰ ਹਾਊਸ ਏਜੰਸੀ ਨੇ 79000 ਕੁਇੰਟਲ ਕਣਕ ਦੀ ਖਰੀਦ ਕੀਤੀ ਹੈ।ਇਸ ਵਾਰ ਪ੍ਰਾਈਵੇਟ ਖਰੀਦਦਾਰਾਂ ਵੱਲੋਂ ਪਹਿਲੀ ਵਾਰ 25 ਹਜ਼ਾਰ ਕੁਇੰਟਲ ਦੀ ਖਰੀਦ ਕੀਤੀ ਗਈ ਹੈ। ਸਰਕਾਰੀ ਏਜੰਸੀਆਂ ਵੱਲੋਂ ਖਰੀਦੀ ਗਈ ਕਣਕ ਦੀਆਂ ਬੋਰੀਆਂ ਦੀ ਨਾ-ਮਾਤਰ ਹੀ ਚੁਕਾਈ ਹੋਈ ਹੈ ਤੇ ਹਰ ਪਾਸੇ ਬੋਰੀਆਂ ਦੇ ਅੰਬਾਰ ਲੱਗੇ ਹੋਏ ਹਨ ਅਤੇ ਮੰਡੀ ਵਿੱਚੋਂ ਭਰੀਆਂ ਹੋਈਆਂ ਬੋਰੀਆਂ ਦੀ ਚੁਕਾਈ ਨਾ ਹੋਣ ਦਾ ਵੱਡਾ ਕਾਰਨ ਟਰੱਕ ਟਰਾਲੀਆਂ ਦੀ ਕਮੀ ਦੱਸੀ ਜਾ ਰਹੀ ਹੈ।ਲਿਫਟਿੰਗ ਲਈ ਲੋੜੀਂਦੀ ਮਾਤਰਾ ਵਿੱਚ ਵਹੀਕਲ ਨਾ ਮਿਲਣ ਕਰਕੇ ਆੜ੍ਹਤੀ ਹਰ ਸਾਲ ਪ੍ਰੇਸ਼ਾਨ ਹੁੰਦੇ ਹਨ ਅਤੇ ਬੀਤੇ ਕਈ ਸਾਲਾਂ ਤੋਂ ਅਜਿਹਾ ਸਿਲਸਿਲਾ ਲਗਾਤਾਰ ਜਾਰੀ ਹੈ, ਜਿਸ ਕਰਕੇ ਆੜ੍ਹਤੀ ਆਪਣਾ ਮਾਲ ਪਹਿਲਾਂ ਚਕਾਉਣ ਦੀ ਕੋਸ਼ਿਸ਼ ਕਰਦੇ ਹਨ, ਇਸੇ ਕਰਕੇ ਟਰੱਕ ਡਰਾਈਵਰ ਤੇ ਲੇਬਰ ਕਣਕ ਚੁੱਕਣ ਲਈ ਵਾਧੂ ਪੈਸੇ ਦੀ ਮੰਗ ਕਰਦੇ ਹਨ।ਮੰਡੀ ਵਿੱਚ ਵਹੀਕਲ ਤੇ ਲੇਬਰ ਘੱਟ ਹੋਣ ਕਰਕੇ ਆੜ੍ਹਤੀਆਂ ਨੂੰ ਮਜਬੂਰਨ ਸਰਕਾਰੀ ਰੇਟ ਤੋਂ ਵੱਧ ਪੈਸੇ ਦੇਣੇ ਪੈਂਦੇ ਹਨ ਅਤੇ ਆੜ੍ਹਤੀਆਂ ਦੀ ਕਾਹਲੀ ਤੇ ਇੱਕ ਦੂਜੇ ਤੋਂ ਪਹਿਲਾਂ ਮਾਲ ਚਕਾਉਣ ਦੀ ਹੋੜ ਦਾ ਟਰੱਕ ਡਰਾਈਵਰ ਤੇ ਲੇਬਰ ਫਾਇਦਾ ਚੁੱਕਦੇ ਹਨ।ਇਸ ਵਾਰ ਟਰੱਕ ਮਾਲਕ ਤੇ ਡਰਾਈਵਰ 10 ਰੁਪਏ ਤੋਂ 14 ਰੁਪਏ ਪ੍ਰਤੀ ਗੱਟਾ 50 ਕਿੱਲੋ ਤੇ ਲੇਬਰ 4 ਰੁਪਏ ਪ੍ਰਤੀ ਗੱਟਾ ਸਰਕਾਰੀ ਰੇਟ ਤੋਂ ਵੱਧ ਕਣਕ ਚੁੱਕਣ ਦਾ ਲੈ ਰਹੇ ਹਨ, ਜਿਸ ਕਾਰਨ ਆੜ੍ਹਤੀਆਂ ਵਿੱਚ ਹਾਹਾਕਾਰ ਮਚੀ ਹੋਈ ਹੈ। ਮੰਡੀ ਵਿੱਚ ਕੰਮ ਕਰਦੇ ਆੜ੍ਹਤੀਆਂ ਨਾਲ ਗੱਲਬਾਤ ਦੌਰਾਨ ਨਾਮ ਨਾ ਛਾਪਣ ਦੀ ਸ਼ਰਤ 'ਤੇ ਉਨ੍ਹਾਂ ਦੱਸਿਆ ਕਿ ਠੇਕੇਦਾਰਾਂ ਵੱਲੋਂ ਜਾਣ-ਬੁੱਝ ਕੇ ਮੰਡੀ ਵਿੱਚ ਵਹੀਕਲ ਤੇ ਲੇਬਰ ਦੀ ਕਮੀ ਕੀਤੀ ਜਾਂਦੀ ਹੈ ਤਾਂ ਜੋ ਆੜ੍ਹਤੀਆਂ ਨੂੰ ਗੁੰਡਾ ਟੈਕਸ ਦੇਣ ਲਈ ਮਜਬੂਰ ਕੀਤਾ ਜਾਵੇ।ਬੀਤੇ ਦਿਨੀਂ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਨੇ ਆਪਣੇ ਅਧਿਕਾਰੀਆਂ ਤੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਵੱਖ ਵੱਖ ਮੰਡੀਆਂ ਦਾ ਦੌਰਾ ਕੀਤਾ ਅਤੇ ਲਿਫਟਿੰਗ ਤੇਜ਼ ਕਰਨ ਦੇ ਹੁਕਮ ਜਾਰੀ ਕੀਤੇ, ਪਰ ਫਿਲਹਾਲ ਲਿਫਟਿੰਗ ਵਿੱਚ ਤੇਜ਼ੀ ਦਿਖਾਈ ਨਹੀਂ ਦੇ ਰਹੀ ਅਤੇ ਆੜ੍ਹਤੀ ਵੱਧ ਪੈਸੇ ਦੇਣ ਲਈ ਮਜਬੂਰ ਹਨ, ਕਿਉਂਕਿ ਜੇਕਰ ਲਿਫਟਿੰਗ ਲੇਟ ਹੁੰਦੀ ਹੈ ਤਾਂ ਉਨ੍ਹਾਂ ਨੂੰ ਸਾਰਟੇਜ ਤੇ ਹੋਰ ਖਰਚੇ ਵੱਧ ਭਰਨ ਲਈ ਮਜਬੂਰ ਹੋਣਾ ਪੈਂਦਾ ਹੈ।

# ਜੇ ਐੱਮ ਐੱਸ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਜੇ ਐੱਮ ਐੱਸ ਇਮੀਗ੍ਰੇਸ਼ਨ, ਜੋ ਰਫਿਊਜ਼ ਹੋਏ ਕੇਸਾਂ ਨੂੰ ਹੱਲ ਕਰਕੇ ਅਨੇਕਾਂ ਹੀ ਲੋਕਾਂ ਦੇ ਵੀਜ਼ੇ ਲਗਵਾ ਚੁੱਕੀ ਹੈ, ਨੇ ਆਪਣੀ ਇਸ ਕਾਮਯਾਬੀ ਦੀ ਲੜੀ ਨੂੰ ਜਾਰੀ ਰੱਖਦਿਆਂ ਵਿਦਿਆਰਥੀ ਰਾਜਵਿੰਦਰ ਸਿੰਘ ਵਾਸੀ ਘਣੀਆਂ ਜ਼ਿਲ੍ਹਾ ਫਰੀਦਕੋਟ ਦਾ ਬਹੁਤ ਹੀ ਘੱਟ ਸਮੇਂ ਵਿੱਚ 3 ਰਫਿਊਜ਼ਲ ਤੇ 4 ਸਾਲ ਦਾ ਪੜ੍ਹਾਈ ਵਿੱਚ ਗੈਪ ਹੋਣ ਦੇ ਬਾਵਜੂਦ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ।ਵਿਦਿਆਰਥੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਸ ਨੇ ਪਹਿਲਾਂ ਕਿਸੇ ਹੋਰ ਸੰਸਥਾ ਵੱਲੋਂ ਆਪਣਾ ਵੀਜ਼ਾ ਅਪਲਾਈ ਕੀਤਾ ਸੀ ਤੇ ਉਸ ਨੂੰ ਵੀਜ਼ਾ ਰਫਿਊਜ਼ ਹੋਣ ਕਰਕੇ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਤੇ ਜਦੋਂ ਉਸ ਨੇ ਸੰਸਥਾ ਜੇ ਐੱਮ ਐੱਸ ਇਮੀਗ੍ਰੇਸ਼ਨ ਤੋਂ ਆਪਣਾ ਵੀਜ਼ਾ ਅਪਲਾਈ ਕੀਤਾ ਤਾਂ ਉਸ ਨੂੰ ਪਹਿਲੀ ਵਾਰ ਵਿੱਚ ਹੀ ਵੀਜ਼ਾ ਪ੍ਰਾਪਤ ਹੋ ਗਿਆ।

# ਦੋ ਸਾਲਾਂ 'ਚ ਸੰਗਰੂਰ ਜ਼ਿਲ੍ਹੇ ਦਾ ਨਹੀਂ ਹੋਇਆ ਵਿਕਾਸ : ਸੁਖਪਾਲ ਖਹਿਰਾ

## ਸੰਗਰੂਰ 'ਚ ਚਾਰ ਮੰਤਰੀ, ਦੱਸੋ ਜੇ ਕੋਈ ਜ਼ਿਲ੍ਹੇ 'ਚ ਵੱਡਾ ਕੰਮ ਹੋਇਆ ਹੋਵੇ



ਸੰਧੇ ਪਰਵਾਰ ਦੇ ਘਰ ਪੁੱਜੇ ਸੁਖਪਾਲ ਖਹਿਰਾ, ਜਸਵਿੰਦਰ ਧੀਮਾਨ ਤੇ ਸੁਖਬੀਰ ਸੁੱਖੀ।

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਥਾਨਕ ਸਮਾਜ ਸੇਵੀ ਕ੍ਰਿਸ਼ਨ ਸੰਧੇ ਤੇ ਪਾਲੀ ਸੰਧੇ ਦੇ ਘਰ ਸੰਗਰੂਰ ਲੋਕ ਸਭਾ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਤੇ ਜਸਵਿੰਦਰ ਧੀਮਾਨ, ਨਗਰ ਕੌਂਸਲਰ ਸੁਖਬੀਰ ਸੁਖੀ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਪੰਜਾਬ ਦੇ ਪ੍ਰਤੀ ਕੇਂਦਰ ਦਾ ਰਵੱਈਆ ਬਹੁਤ ਖਰਾਬ ਹੈ, ਤਿੰਨ ਸਾਲਾਂ ਬਾਅਦ ਆਪਣੀਆਂ ਮੰਗਾਂ ਦੀ ਕੋਈ ਸੁਣਵਾਈ ਨਾ ਹੋਣ ਨੂੰ ਲੈ ਕੇ ਕਿਸਾਨਾਂ ਨੇ ਅੰਦੋਲਨ ਸ਼ੁਰੂ ਕੀਤਾ, ਜਿੱਥੇ ਹਰਿਆਣਾ ਪੁਲਸ ਵੱਲੋਂ ਉਨ੍ਹਾਂ 'ਤੇ ਕਾਫੀ ਤਸ਼ੱਦਦ ਢਾਹਿਆ ਗਿਆ, ਜਿੱਥੇ ਸਾਡੇ ਨੌਜਵਾਨ ਦੀ ਵੀ ਮੌਤ ਹੋਈ। ਫਸਲਾਂ ਨੂੰ ਲੈ ਕੇ ਕਿਸਾਨਾਂ ਨੂੰ ਮੰਡੀਆਂ ਵਿੱਚ ਲਿਫਟਿੰਗ ਦੀ ਵੀ ਮੁਸ਼ਕਲਾਂ ਆ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ 45000 ਆੜ੍ਹਤੀਆਂ ਦਾ ਕਮਿਸ਼ਨ ਘਟਾ ਕੇ ਬਹੁਤ ਘੱਟ ਕਰ ਦਿੱਤਾ, ਜਿਸ ਨਾਲ ਉਨ੍ਹਾਂ ਨੂੰ ਵੀ ਮੁਸ਼ਕਲਾਂ ਆ ਰਹੀਆਂ ਹਨ, ਪਿੰਡਾਂ ਤੇ ਸ਼ਹਿਰਾਂ ਦਾ ਵਿਕਾਸ ਰੁਕਿਆ ਹੋਇਆ।

ਸੰਗਰੂਰ ਜ਼ਿਲ੍ਹੇ ਦੇ ਵਿੱਚ ਚਾਰ ਮੰਤਰੀ ਹਨ, ਪਰ ਕੋਈ ਨਵਾਂ ਵੱਡਾ ਕੰਮ ਇਨ੍ਹਾਂ ਤੋਂ ਇੱਥੇ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ, ਇਨ੍ਹਾਂ ਦੇ ਕਈ ਘਪਲਿਆਂ ਦੇ ਹੋਰ ਰਾਜ ਉਜਾਗਰ ਕੀਤੇ ਜਾਣਗੇ। ਇਸ ਮੌਕੇ ਨਗਰ ਕੌਂਸਲਰ ਸੁਖਬੀਰ ਸੁੱਖੀ, ਮੰਗਤ ਰਾਏ, ਕਰੁਣ ਬਾਂਸਲ, ਤਰਸੇਮ ਸਿੰਘ, ਚੀਮਾ ਆਦੀ ਮੌਜੂਦ ਸਨ।

# ਮਈ ਦਿਵਸ ਮਨਾਉਣ ਲਈ ਏਟਕ ਵੱਲੋਂ ਭਰਵੀਂ ਮੀਟਿੰਗ



**ਧੂਰੀ (ਸੁਖਦੇਵ ਧੂਰੀ)**-ਟਰੇਡ ਯੂਨੀਅਨ ਕੌਂਸਲ ਧੂਰੀ ਦੀ ਇੱਕ ਵਿਸ਼ੇਸ਼ ਮੀਟਿੰਗ ਸਾਥੀ ਸੁਖਦੇਵ ਸਿੰਘ ਗਿਆਨੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਹੋਏ ਫੈਸਲੇ ਰਿਲੀਜ਼ ਕਰਦਿਆ ਪ੍ਰਮੁੱਖ ਆਗੂ ਸਾਥੀ ਸੁਖਦੇਵ ਸ਼ਰਮਾ ਤੇ ਹੰਸ ਰਾਜ ਦੀਦਾਰਗੜ੍ਹ ਨੇ ਦੱਸਿਆ ਕਿ ਮਈ ਦਿਵਸ ਪੂਰੇ ਜੋਸ਼ ਨਾਲ ਧੂਰੀ ਵਿਖੇ ਮਨਾਇਆ ਜਾਵੇਗਾ।ਫੂਡ ਸਪਲਾਈ ਦੇ ਦਫਤਰ ਸਾਹਮਣੇ ਲਾਲ ਝੰਡਾ ਲਹਿਰਾਉਣ ਉਪਰੰਤ ਬਾਜ਼ਾਰ ਵਿੱਚ ਮਾਰਚ ਕੀਤਾ ਜਾਵੇਗਾ।ਇਸ ਸਮੇਂ ਹੋਰਨਾਂ ਤੋਂ ਇਲਾਵਾ ਸਾਥੀ ਸੁਖਦੇਵ ਸ਼ਰਮਾ ਪ੍ਰਧਾਨ ਏਟਕ ਤੇ ਗਗਨਦੀਪ ਸਿੰਘ ਪ੍ਰਧਾਨ ਪੀ ਐੱਸ ਈ ਬੀ ਫੈਡਰੇਸ਼ਨ ਏਟਕ, ਸਾਥੀ ਇੰਦਰ ਸਿੰਘ ਕਲਾਸ ਫੋਰ ਯੂਨੀਅਨ ਤੇ ਸਾਥੀ ਨੀਲੇ ਖਾਂ ਆਗੂ ਨਰੇਗਾ ਮਜ਼ਦੂਰ, ਟਰੇਡ ਯੂਨੀਅਨ ਦੇ ਪੁਰਾਣੇ ਆਗੂ ਸਾਥੀ ਸੁਰਿੰਦਰ ਸ਼ਰਮਾ, ਗੁਰਦਿਆਲ ਨਿਰਮਾਣ ਤੋਂ ਇਲਾਵਾ ਜਗਦੀਸ਼ ਸ਼ਰਮਾ ਪ੍ਰਧਾਨ ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ, ਲੋਕ ਚੇਤਨਾ ਮੰਚ ਧੂਰੀ ਦੇ ਆਗੂ ਨਰਿੰਦਰ ਨਿੰਦੀ, ਬਲਵਿੰਦਰ ਸਿੰਘ ਬਸਾਖਾ, ਕੁਲਵਿੰਦਰ ਬੰਟੀ, ਤਰਕਸ਼ੀਲ ਸੁਸਾਇਟੀ ਦੇ ਰਾਜਿੰਦਰ ਰਾਜੂ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਗਗਨਦੀਪ ਸ਼ਰਮਾ, ਯਾਦਵਿੰਦਰ ਪਾਲ, ਵਾਟਰ ਸਪਲਾਈ ਦੇ ਆਗੂ ਗੁਰਜੰਟ ਸਿੰਘ, ਹਰਬੰਸ ਸਿੰਘ ਤੇ ਸੰਜੀਵ ਕੁਮਾਰ ਆਦਿ ਸ਼ਾਮਲ ਹੋਏ ਸਾਥੀਆਂ ਨੂੰ ਕੋਟੇ ਲਾਏ ਗਏ।ਮੀਟਿੰਗ ਦੌਰਾਨ ਸਾਥੀ ਸੁਖਦੇਵ ਸਿੰਘ ਗਿਆਨੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਪੂਰੀ ਸ਼ਿੱਦਤ ਤੇ ਦ੍ਰਿੜ੍ਹਤਾ ਨਾਲ ਫੈਸਲੇ ਨੂੰ ਲਾਗੂ ਕਰਦਿਆਂ ਵੱਡੇ ਪੱਧਰ 'ਤੇ ਇੱਕ ਮਈ ਨੂੰ ਮਜ਼ਦੂਰ ਦਿਵਸ ਮੌਕੇ ਫੂਡ ਸਪਲਾਈ ਦੇ ਦਫਤਰ ਵਿਖੇ ਇਕੱਠੇ ਹੋ ਕੇ ਮੁਜ਼ਾਹਰੇ ਵਿੱਚ ਭਾਗ ਲੈਣਾ ਚਾਹੀਦਾ ਹੈ।

ਉਨ੍ਹਾਂ ਇਸ ਮੌਕੇ ਦੇਸ਼ ਵਿੱਚ ਮਜ਼ਦੂਰਾਂ ਦੀ ਹਾਲਤ ਉੱਪਰ ਚਿੰਤਾ ਕਰਦਿਆਂ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਤੇ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਪੁਰਜ਼ੋਰ ਨਿਖੇਧੀ ਕੀਤੀ।ਉਨ੍ਹਾਂ ਇਹ ਵੀ ਧਿਆਨ ਵਿੱਚ ਲਿਆਂਦਾ ਕਿ ਕਿਵੇਂ ਮੌਜੂਦਾ ਸਰਕਾਰਾਂ ਮਜ਼ਦੂਰ ਪੱਖੀ ਨੀਤੀਆਂ ਦੀ ਬਜਾਏ ਕਾਰਪੋਰੇਟ ਪੱਖੀ ਨੀਤੀਆਂ ਬਣਾ ਕੇ ਮਜ਼ਦੂਰਾਂ ਦੀ ਲੁੱਟ ਜਾਰੀ ਰੱਖ ਰਹੀਆਂ ਹਨ ਅਤੇ ਲੋਕਾਂ ਦਾ ਧਿਆਨ ਭਟਕਾਉਣ ਲਈ ਫਿਰਕਾਪ੍ਰਸਤ ਤਾਕਤਾਂ ਦਾ ਹੱਥਠੋਕਾ ਬਣ ਕੇ ਕੰਮ ਕਰਦੀਆਂ ਹਨ।

# ਰਾਜਨੀਤੀ ਮੇਰਾ ਪੇਸ਼ਾ ਨਹੀਂ, ਪਰ ਲੋਕਾਂ ਦੀ ਸੇਵਾ ਕਰਨ ਦੀ ਦਿਲ 'ਚ ਹੈ ਇੱਛਾ : ਕਰਮਜੀਤ ਅਨਮੋਲ

## ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦੇ ਰੂ-ਬ-ਰੂ ਹੋਏ 'ਆਪ' ਉਮੀਦਵਾਰ



**ਕੋਟਕਪੂਰਾ (ਰਛਪਾਲ ਭੁੱਲਰ)** ਸਥਾਨਕ ਮਿਉਂਸਪਲ ਪਾਰਕ ਵਿਖੇ ਸਥਿਤ ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦੇ ਮੰਚ 'ਤੇ ਪੁੱਜੇ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਉਮੀਦਵਾਰ ਕਰਮਜੀਤ ਸਿੰਘ ਅਨਮੋਲ ਨੂੰ ਕਲੱਬ ਦੇ ਅਹੁਦੇਦਾਰਾਂ ਤੇ ਮੈਂਬਰਾਂ ਤੋਂ ਇਲਾਵਾ ਹੋਰ ਵੀ ਵੱਖ-ਵੱਖ ਹਿੱਸਿਆਂ ਤੋਂ ਆਏ ਸ਼ਹਿਰ ਵਾਸੀਆਂ ਨੇ ਜਿੱਥੇ ਸਵਾਲ ਪੁੱਛੇ, ਉੱਥੇ ਸ਼ਹਿਰ ਵਾਸੀਆਂ ਨੂੰ ਆਉਂਦੀਆਂ ਮੁਸ਼ਕਲਾਂ, ਸਮੱਸਿਆਵਾਂ, ਚੁਣੌਤੀਆਂ ਤੇ ਪ੍ਰੇਸ਼ਾਨੀਆਂ ਤੋਂ ਜਾਣੂ ਕਰਵਾਇਆ। ਕਰਮਜੀਤ ਅਨਮੋਲ ਨੇ ਇਕ-ਇਕ ਸਵਾਲ ਦਾ ਜਵਾਬ ਬੜੀ ਦਲੀਲ ਨਾਲ ਸਰਲ ਭਾਸ਼ਾ ਵਿੱਚ ਦਿੰਦਿਆਂ ਆਖਿਆ ਕਿ ਰਾਜਨੀਤੀ ਮੇਰਾ ਪੇਸ਼ਾ ਨਹੀਂ, ਮੈਂ ਤਾਂ ਲੋਕ ਸੇਵਾ ਦੀ ਮਨਸ਼ਾ ਨਾਲ ਰਾਜਨੀਤੀ ਵਿੱਚ ਆਇਆ ਹਾਂ।ਕਲੱਬ ਦੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ, ਚੇਅਰਮੈਨ ਪੱਪੂ ਲਹੌਰੀਆ, ਉੱਪ-ਚੇਅਰਮੈਨ ਸੁਰਿੰਦਰ ਸਿੰਘ ਸਦਿਉੜਾ, ਵਿੱਤ ਸਕੱਤਰ ਸੁਪਰਡੈਂਟ ਜਸਕਰਨ ਸਿੰਘ ਭੱਟੀ, ਸਰਪ੍ਰਸਤ ਪ੍ਰੋ. ਦਰਸ਼ਨ ਸਿੰਘ ਸੰਧੂ, ਗੁਰਿੰਦਰ ਸਿੰਘ ਮਹਿੰਦੀਰੱਤਾ, ਐੱਨ.ਆਰ.ਆਈ. ਵਿੰਗ ਦੇ ਇੰਚਾਰਜ ਨਛੱਤਰ ਸਿੰਘ, ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਸਰਾਂ, ਸਕੱਤਰ ਬਿੱਟਾ ਠੇਕੇਦਾਰ, ਸਹਾਇਕ ਖਜ਼ਾਨਚੀ ਛਿੰਦਾ ਰਾਮਗੜ੍ਹੀਆ, ਗੁਰਵੀਰਕਰਨ ਸਿੰਘ ਢਿੱਲੋਂ ਤੇ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਮੀਤਾ ਨੇ ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ, ਮਨਪ੍ਰੀਤ ਸਿੰਘ ਮਨੀ ਧਾਲੀਵਾਲ, ਮਨਦੀਪ ਸਿੰਘ ਮਿੰਟੂ ਗਿੱਲ ਆਦਿ ਸਮੇਤ ਪਾਰਟੀ ਦੇ ਸੀਨੀਅਰ ਆਗੂਆਂ ਦੀ ਹਾਜ਼ਰੀ ਵਿੱਚ ਵੱਖ-ਵੱਖ ਪਹਿਲੂਆਂ ਤੋਂ ਸਮੱਸਿਆਵਾਂ ਦੀ ਸਾਂਝ ਪਾਉਂਦਿਆਂ ਆਖਿਆ ਕਿ ਪਹਿਲਾਂ ਜਿੱਤੇ ਨੁਮਾਇੰਦੇ ਮੁੜ ਕੇ ਵਾਪਸ ਨਹੀਂ ਆਏ, ਕਿਤੇ ਤੁਸੀਂ ਵੀ ਜਿੱਤਣ ਤੋਂ ਬਾਅਦ ਕੋਟਕਪੂਰਾ ਦੇ ਵਸਨੀਕਾਂ ਦੀਆਂ ਮੁਸ਼ਕਲਾਂ ਨੂੰ ਨਜ਼ਰ ਅੰਦਾਜ਼ ਨਾ ਕਰ ਦੇਣਾ।ਕਰਮਜੀਤ ਅਨਮੋਲ ਨੇ ਵਿਸ਼ਵਾਸ ਦਿਵਾਇਆ ਕਿ ਉਹ ਤੁਹਾਡੇ ਵਿੱਚ ਹੀ ਰਹੇਗਾ ਤੇ ਜੇਕਰ ਇਸ ਹਲਕੇ ਦੇ ਵੋਟਰਾਂ ਦੀ ਕ੍ਰਿਪਾ ਹੋ ਜਾਂਦੀ ਹੈ ਤੇ ਉਸ ਨੂੰ ਜਿੱਤ ਨਸੀਬ ਹੁੰਦੀ ਹੈ ਤਾਂ ਉਹ ਪਹਿਲੇ ਸਾਲ ਦੇ ਆਪਣੇ ਅਖਤਿਆਰੀ ਕੋਟੇ ਵਿੱਚੋਂ ਗੁੱਡ ਮੌਰਨਿੰਗ ਕਲੱਬ ਨੂੰ 10 ਲੱਖ ਰੁਪਏ ਸੇਵਾ ਕਾਰਜਾਂ ਲਈ ਦੇਵੇਗਾ ਤੇ ਇਹ ਸਿਲਸਿਲਾ ਹਰ ਸਾਲ ਜਾਰੀ ਰਹੇਗਾ।ਉਨ੍ਹਾਂ ਕਿਹਾ ਕਿ ਜੇਕਰ ਮਹਿਜ 2 ਸਾਲ ਦੀ ਕਾਰਗੁਜ਼ਾਰੀ ਬਾਰੇ ਵਿਸਥਾਰ ਵਿੱਚ ਜ਼ਿਕਰ ਕਰਨਾ ਹੋਵੇ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਵਾਸੀਆਂ ਨੂੰ ਐਨੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ, ਜਿਨ੍ਹਾਂ ਦੀ ਜਿੱਥੇ ਗੁਆਂਢੀ ਰਾਜਾਂ ਵੱਲੋਂ ਨਕਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉੱਥੇ ਦੁਨੀਆ ਦੇ ਕੋਨੇ ਕੋਨੇ ਵਿੱਚ ਬੈਠੇ ਪੰਜਾਬੀਆਂ ਵੱਲੋਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੀਆਂ ਲੋਕਪੱਖੀ ਨੀਤੀਆਂ ਦੀ ਪ੍ਰਸ਼ੰਸਾ ਹੋ ਰਹੀ ਹੈ।

# ਦਿਲਰੋਜ ਕਤਲ ਕੇਸ 'ਚ ਦੋਸ਼ੀ ਔਰਤ ਨੂੰ ਸਜ਼ਾ ਦਿਵਾਉਣ ਵਾਲੇ ਵਕੀਲ ਦਾ ਕੀਤਾ ਸਨਮਾਨ

**ਲੁਧਿਆਣਾ (ਜੱਸਦੀਪ ਵਰਤੀਆ)**-ਦੋ ਸਾਲ ਦੀ ਛੋਟੀ ਬੱਚੀ ਦਿਲਰੋਜ ਨੂੰ ਜ਼ਿੰਦਾ ਦਫਨਾ ਕੇ ਮੌਤ ਦੇ ਘਾਟ ਉਤਾਰਨ ਵਾਲੀ ਔਰਤ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਵਾਲੇ ਵਕੀਲ ਸ. ਪਰਉਪਕਾਰ ਸਿੰਘ ਘੁੰਮਣ ਤੇ ਸ੍ਰੀ ਬੀ ਡੀ ਗੁਪਤਾ ਦਾ ਪੰਜਾਬ ਭਾਜਪਾ ਦੇ ਸੀਨੀਅਰ ਲੀਡਰ ਜੀਵਨ ਗੁਪਤਾ ਤੇ ਗੁਰਦੀਪ ਸਿੰਘ ਗੋਸ਼ਾ ਨੇ ਧੰਨਵਾਦ ਕਰਦੇ ਹੋਏ ਉਨ੍ਹਾਂ ਦਾ ਸਨਮਾਨ ਕੀਤਾ।ਭਾਜਪਾ ਨੇਤਾ ਜੀਵਨ ਗੁਪਤਾ ਨੇ ਕਿਹਾ ਕਿ ਮੁਲਜ਼ਮ ਔਰਤ ਨੀਲਮ ਨੇ ਗੁਆਂਢੀ ਹੋਣ ਦੇ ਨਾਤੇ ਮਨੁੱਖਤਾ ਦੇ ਵਿਸ਼ਵਾਸ ਨੂੰ ਤੋੜਿਆ ਹੈ।ਮੌਜੂਦਾ ਕੇਸ ਬਹੁਤ ਹੀ ਦੁਰਲੱਭ ਕੇਸ ਸੀ। ਵਕੀਲ ਪਰਉਪਕਾਰ ਸਿੰਘ ਘੁੰਮਣ ਤੇ ਸ੍ਰੀ ਗੁਪਤਾ ਦੀਆਂ ਠੋਸ ਦਲੀਲਾਂ ਤੇ ਯੋਗ ਅਗਵਾਈ ਸਦਕਾ ਹੀ ਦੋਸ਼ੀ ਔਰਤ ਨੂੰ ਫਾਂਸੀ ਦੀ ਸਜ਼ਾ ਹੋਈ ਹੈ।ਸ. ਘੁੰਮਣ ਨੇ ਇਹ ਕੇਸ ਬਿਲਕੁੱਲ ਫਰੀ ਲੜਿਆ ਹੈ ਤੇ ਸਮਾਜ ਅੰਦਰ ਮਨੁੱਖਤਾ ਦੀ ਮਿਸਾਲ ਪੇਸ਼ ਕੀਤੀ ਹੈ ਅਤੇ ਦੋਸ਼ੀ ਔਰਤ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਲਵਾਈ ਹੈ। ਗੁਰਦੀਪ ਸਿੰਘ ਗੋਸ਼ਾ ਨੇ ਕਿਹਾ ਕਿ ਇਹ ਫੈਸਲਾ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਬਣੇਗਾ ਤੇ ਹਰ ਕੋਈ ਅਜਿਹਾ ਜੁਰਮ ਕਰਨ ਤੋਂ ਡਰੇਗਾ।ਗੋਸ਼ਾ ਨੇ ਅਦਾਲਤ ਦੇ ਫੈਸਲੇ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ ਭਾਜਪਾ ਲੁਧਿਆਣਾ ਦੇ ਲੀਗਲ ਸੈੱਲ ਦੇ ਕਨਵੀਨਰ ਕੇ ਜੀ ਸ਼ਰਮਾ, ਹਿਮਾਂਸ਼ੂ ਜਿੰਦਲ, ਅਮਿਤ ਗੋਸਾਈ ਤੇ ਐਡਵੋਕੇਟ ਅਵਦੇਸ਼ ਚੌਰਸੀਆ ਅਤੇ ਦਿਲਰੋਜ ਦੇ ਪਿਤਾ ਹਰਪ੍ਰੀਤ ਸਿੰਘ ਤੇ ਹੋਰ ਹਾਜ਼ਰ ਸਨ।



# ਪੰਜਾਬ ਦੇ ਵਿਕਾਸ 'ਚ ਸ਼੍ਰੋਮਣੀ ਅਕਾਲੀ ਦਲ ਦਾ ਅਹਿਮ ਯੋਗਦਾਨ : ਯਾਦੂ

## ਪੰਜਾਬ ਬਚਾਓ ਯਾਤਰਾ ਨੂੰ ਮਿਲ ਰਿਹੈ ਭਰਵਾਂ ਹੁੰਗਾਰਾ



**ਖੰਨਾ/ਪਾਇਲ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਬਚਾਓ ਯਾਤਰਾ ਨੂੰ ਪੰਜਾਬ ਭਰ ਵਿੱਚੋਂ ਭਰਵਾਂ ਹੁੰਗਾਰਾ ਮਿਲ ਰਿਹਾ ਏ, ਜਿਸ ਦੇ ਚਲਦਿਆਂ ਯਾਤਰਾ ਦਾ ਕਾਫਲਾ ਹੋਰ ਮਜ਼ਬੂਤ ਹੁੰਦਾ ਜਾ ਰਿਹਾ ਹੈ। ਅੱਜ ਹਲਕਾ ਖੰਨਾ ਦੇ ਇੰਚਾਰਜ ਯਾਦਵਿੰਦਰ ਸਿੰਘ ਯਾਦੂ ਵੱਲੋਂ ਪਿੰਡ ਇਕੋਲਾਹੀ ਤੇ ਗੱਗੜ ਮਾਜਰਾ ਵਿਖੇ 2 ਮਈ ਨੂੰ ਹਲਕਾ ਖੰਨਾ ਵਿਖੇ ਪੰਜਾਬ ਬਚਾਓ ਯਾਤਰਾ ਦੀ ਆਮਦ ਨੂੰ ਲੈ ਕੇ ਕੀਤੀਆਂ ਜਾ ਰਹੀਆਂ ਮੀਟਿੰਗਾਂ ਦੌਰਾਨ ਵਰਕਰ ਸਾਹਿਬਾਨਾਂ ਤੇ ਇਲਾਕਾ ਨਿਵਾਸੀਆਂ ਵਿੱਚ ਉਤਸ਼ਾਹ ਵੇਖਣ ਨੂੰ ਮਿਲਿਆ। ਯਾਦਵਿੰਦਰ ਸਿੰਘ ਯਾਦੂ ਨੇ ਕਿਹਾ ਕਿ ਪੰਜਾਬ ਦੇ 5 ਸਾਲ ਪਹਿਲਾਂ ਕਾਂਗਰਸ ਨੇ ਅਤੇ ਹੁਣ 'ਆਪ' ਸਰਕਾਰ ਨੇ ਬਰਬਾਦ ਕਰ ਦਿੱਤੇ ਹਨ। ਪੰਜਾਬੀ ਪੀੜ੍ਹੀ ਤਬਾਹੀ ਵੱਲ ਧੱਕੀ ਗਈ, ਆਮ ਆਦਮੀ ਪਾਰਟੀ ਦੀ ਸਰਕਾਰ ਵਿਕਾਸ ਕਰਵਾਉਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਝਾੜੂ ਸਰਕਾਰ ਨੇ ਆਪਣੀ ਸਰਕਾਰ ਦੀਆਂ ਝੂਠੀਆਂ ਪ੍ਰਾਪਤੀਆਂ ਨੂੰ ਸਿਰਫ ਕਾਗਜ਼ਾਂ 'ਤੇ ਹੀ ਫੈਲਾਉਣ ਲਈ ਪ੍ਰਚਾਰ ਕੀਤੇ ਹਨ। ਉਨ੍ਹਾਂ ਕਿਹਾ ਕਿ ਖੰਨਾ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਇੱਕ ਬਹੁਤ ਵੱਡੀ ਰੈਲੀ ਕਰਕੇ ਪੰਜਾਬ ਭਰ ਵਿੱਚ ਘਰ ਘਰ ਆਟਾ ਪਹੁੰਚਾਉਣ ਦੀ ਮੁਹਿੰਮ ਸ਼ੁਰੂ ਕੀਤੀ ਸੀ, ਪਰ ਅੱਜ ਹਲਕਾ ਖੰਨੇ ਦੇ ਕਿੰਨੇ ਕੁ ਪਿੰਡ ਹਨ, ਜਿਨ੍ਹਾਂ ਵਿੱਚ ਘਰ ਘਰ ਆਟਾ ਪਹੁੰਚਿਆ ਹੋਵੇ। ਆਪ ਦੀ ਸਰਕਾਰ ਸਿਰਫ ਤੇ ਸਿਰਫ ਡਰਾਮੇਬਾਜ਼ੀ, ਦਿਖਾਵਾ ਤੇ ਕਾਗਜ਼ਾਂ ਵਿੱਚ ਹੀ ਕਾਰਵਾਈਆਂ ਕਰਦੀ ਹੈ, ਅਸਲੀਅਤ ਕੁਝ ਹੋਰ ਹੈ। ਇਨ੍ਹਾਂ ਦਿੱਲੀ ਤੋਂ ਚਲਦੀਆਂ ਝੂਠੀਆਂ ਤੇ ਨਿਕੰਮੀਆਂ ਸਰਕਾਰਾਂ ਤੋਂ ਹੁਣ ਪੰਜਾਬ ਦੇ ਲੋਕਾਂ ਨੂੰ ਬਚਾਉਣ ਦਾ ਸਮਾਂ ਹੈ। ਉਨ੍ਹਾ ਕਿਹਾ ਕਿ 2 ਮਈ ਨੂੰ ਸ੍ਰ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਕੱਢੀ ਜਾ ਰਹੀ ਪੰਜਾਬ ਬਚਾਓ ਯਾਤਰਾ ਦਾ ਖੰਨਾ ਵਿਖੇ ਭਰਵਾਂ ਸਵਾਗਤ ਕੀਤਾ ਜਾਵੇਗਾ, ਪੰਜਾਬ ਦੇ ਵਿਕਾਸ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਅਹਿਮ ਯੋਗਦਾਨ ਰਿਹਾ ਹੈ, ਜੇ ਲੋਕ ਭਵਿੱਖ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਸਹਿਯੋਗ ਦੇਣ ਤਾਂ ਸੂਬੇ ਦਾ ਸਰਵਪੱਖੀ ਵਿਕਾਸ ਹੋ ਸਕੇਗਾ। ਇਸ ਮੌਕੇ ਸਰਕਲ ਪ੍ਰਧਾਨ ਮੋਹਣ ਸਿੰਘ ਜਟਾਣਾ, ਸਰਕਲ ਪ੍ਰਧਾਨ ਪਵਨਦੀਪ ਸਿੰਘ ਹਰਿਉਂ, ਅਰਜਿੰਦਰ ਸਿੰਘ ਸੇਖੋਂ, ਆਗੂ ਅਜਮੇਰ ਸਿੰਘ ਇਕੋਲਾਹੀ, ਹਰਜਿੰਦਰ ਸਿੰਘ, ਗੁਰਜੀਤ ਸਿੰਘ ਨਾਗਰਾ ਹਾਜ਼ਰ ਸਨ।

# ਮਾਨ ਵੱਲੋਂ ਅਨਾਜ ਮੰਡੀਆਂ ਦਾ ਦੌਰਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸ੍ਰ: ਸਿਮਰਨਜੀਤ ਸਿੰਘ ਮਾਨ ਵੱਲੋਂ ਛੀਨੀਵਾਲ ਕਲਾਂ, ਮੂੰਮ, ਚੰਨਣਵਾਲ, ਚੁਹਾਣਕੇ, ਕਲਾਲਾ ਸਮੇਤ ਵੱਖ-ਵੱਖ ਅਨਾਜ ਮੰਡੀਆਂ ਦਾ ਦੌਰਾ ਕਰਕੇ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ ਨੂੰ ਮੰਡੀਆਂ ਵਿੱਚ ਫਸਲਾਂ ਦੀ ਵੇਚ ਖ਼ਰੀਦ ਸਮੇਂ ਰਹੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਮੌਕੇ 'ਤੇ ਹੀ ਡਿਪਟੀ ਕਮਿਸ਼ਨਰ ਬਰਨਾਲਾ ਨੂੰ ਪੱਤਰ ਲਿਖਿਆ। ਇਸ ਸਮੇਂ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਅਨਾਜ ਮੰਡੀਆਂ ਵਿੱਚ ਸੀਜ਼ਨ ਤੋਂ ਪਹਿਲਾਂ ਪ੍ਰਬੰਧ ਪੁਖ਼ਤਾ ਨਾ ਕੀਤੇ ਜਾਣ ਕਰਕੇ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ ਨੂੰ ਮੰਡੀਆਂ ਵਿੱਚ ਪ੍ਰੇਸ਼ਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖਰੀਦ ਏਜੰਸੀਆਂ ਵੱਲੋਂ ਫਸਲ ਖ਼ੀਦਣ ਦੀ ਚਾਲ ਮੱਠੀ ਹੋਣ ਕਰਕੇ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਲਈ ਕਈ-ਕਈ ਦਿਨ ਮੰਡੀਆਂ ਵਿੱਚ ਰੁਲਣਾ ਪੈ ਰਿਹਾ ਹੈ।ਇਸ ਤੋਂ ਇਲਾਵਾ ਸਮੇਂ ਸਿਰ ਲਿਫਟਿੰਗ ਨਾ ਹੋਣ ਕਰਕੇ ਮੰਡੀਆਂ ਵਿੱਚ ਅਨਾਜ ਦੀਆਂ ਬੋਰੀਆਂ ਦੇ ਅੰਬਾਰ ਲੱਗ ਗਏ ਹਨ।ਫਸਲਾਂ ਨੂੰ ਖ਼ਰਾਬ ਮੌਸਮ ਤੋਂ ਬਚਾਉਣ ਲਈ ਵੀ ਪੁਖਤਾ ਪ੍ਰਬੰਧ ਨਹੀਂ ਹਨ। ਕਈ ਮੰਡੀਆਂ ਵਿੱਚ ਤਾਂ ਸ਼ੁੱਧ ਠੰਢੇ ਪਾਣੀ ਤੇ ਪਖਾਨਿਆਂ ਤੱਕ ਦੀ ਸਹੂਲਤ ਵੀ ਉਪਲਬਧ ਨਹੀਂ ਹੈ।ਕਈ ਮੰਡੀਆਂ ਵਿੱਚ ਬਾਰਦਾਨੇ ਦੀ ਘਾਟ ਕਰਕੇ ਕੰਮ ਦੀ ਚਾਲ ਠੰਢੀ ਪਈ ਹੈ।ਸ੍ਰ: ਮਾਨ ਨੇ ਦੱਸਿਆ ਕਿ ਮੰਡੀਆਂ 'ਚ ਕੰਮ ਕਰਦੇ ਮਜ਼ਦੂਰਾਂ ਨੂੰ ਵੀ ਉਨ੍ਹਾਂ ਦਾ ਪੂਰਾ ਹੱਕ ਨਹੀਂ ਦਿੱਤਾ ਜਾਂਦਾ। ਮਜ਼ਦੂਰਾਂ ਦੇ ਦੱਸਣ ਮੁਤਾਬਿਕ ਭਰਾਈ ਤੇ ਭਰਾਈ ਪ੍ਰਤੀ ਬੋਰੀ 12 ਰੁਪਏ ਰੇਟ ਸਰਕਾਰ ਵੱਲੋਂ ਤੈਅ ਹੈ, ਪਰ ਮਜ਼ਦੂਰਾਂ ਨੂੰ ਸਿਰਫ 8 ਤੋਂ 9 ਰੁਪਏ ਹੀ ਪ੍ਰਤੀ ਬੋਰੀ ਦਿੱਤਾ ਜਾਂਦਾ ਹੈ, ਬਾਕੀ ਉਨ੍ਹਾਂ ਦੀ ਮਿਹਨਤ ਵੱਡੇ ਠੇਕੇਦਾਰ ਹੜੱਪ ਕਰ ਜਾਂਦੇ ਹਨ, ਇਸ ਲਈ ਮਜ਼ਦੂਰਾਂ ਨੂੰ ਪੂਰਾ ਹੱਕ ਮਿਲਣਾ ਚਾਹੀਦਾ ਹੈ।

# ਪ੍ਰਧਾਨ ਮੰਤਰੀ ਦੇ ਨਫ਼ਰਤ ਫੈਲਾਉਣ ਤੇ ਧਰਮ ਦੇ ਨਾਂਅ 'ਤੇ ਵੰਡੀਆਂ ਪਾਉਣ ਵਾਲੇ ਚੋਣ ਭਾਸ਼ਣਾਂ ਤੋਂ ਲੋਕ ਨਿਰਾਸ਼

## ਨਾਗਰਿਕਾਂ ਵੱਲੋਂ ਫ਼ਿਰਕੂ ਸਦਭਾਵਨਾ ਬਣਾਈ ਰੱਖਣ ਤੇ ਭਾਰਤ ਦੀ ਏਕਤਾ ਅਖੰਡਤਾ ਨੂੰ ਬਚਾਉਣ ਦੀ ਅਪੀਲ

**ਲੁਧਿਆਣਾ (ਐੱਮ ਐੱਸ ਭਾਟੀਆ)**

ਲੁਧਿਆਣਾ ਦੇ ਨਾਗਰਿਕਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਵੱਲੋਂ ਘੱਟ ਗਿਣਤੀਆਂ ਵਿਰੁੱਧ ਨਫ਼ਰਤ ਫੈਲਾਉਣ ਤੇ ਧਰਮ ਦੇ ਨਾਮ 'ਤੇ ਵੰਡੀਆਂ ਪਾਉਣ ਵਾਲੇ ਭਾਸ਼ਣਾਂ 'ਤੇ ਦੁੱਖ ਪ੍ਰਗਟ ਕੀਤਾ ਹੈ।ਇਹ ਸੰਵਿਧਾਨ ਦੀਆਂ ਧਾਰਾਵਾਂ 123, 123 (3), 123 (3 ਏ), 125 ਦੀ ਪੂਰੀ ਤਰ੍ਹਾਂ ਉਲੰਘਣਾ ਹੈ।ਵੋਟਾਂ ਬਟੋਰਨ ਲਈ ਇਹ ਬਹੁਤ ਖਤਰਨਾਕ ਕਦਮ ਹੈ।ਉਨ੍ਹਾਂ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਕਿ ਭਾਰਤ ਦੇ ਚੋਣ ਕਮਿਸ਼ਨ ਨੇ ਪ੍ਰਧਾਨ ਮੰਤਰੀ ਦੇ ਕਥਨਾਂ ਦਾ ਕੋਈ ਸੂਓ ਮੋਟੋ ਨੋਟਿਸ ਨਹੀਂ ਲਿਆ ਹੈ।ਪ੍ਰਧਾਨ ਮੰਤਰੀ ਦਾ ਕੰਮ ਦੇਸ਼ ਦੇ ਸੰਵਿਧਾਨ ਦੀ ਰਾਖੀ ਕਰਨਾ ਹੈ।ਉਨ੍ਹਾਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਕਾਨੂੰਨ ਦੇ ਅਨੁਸਾਰ ਉਸ ਖਿਲਾਫ ਕਾਰਵਾਈ ਕਰੇ ਤੇ ਉਸ ਦੇ ਚੋਣ ਪ੍ਰਚਾਰ ਅਤੇ ਚੋਣ ਲੜਨ 'ਤੇ ਪਾਬੰਦੀ ਲਗਾਵੇ।ਉਹ ਇਹ ਵੀ ਮਹਿਸੂਸ ਕਰਦੇ ਹਨ ਕਿ ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਨੂੰ ਸੰਵਿਧਾਨ ਨੂੰ ਬਚਾਉਣ ਲਈ ਦਖਲ ਦੇਣਾ ਚਾਹੀਦਾ ਹੈ।ਉਹ ਲੋਕਾਂ ਨੂੰ ਅੱਗੇ ਅਪੀਲ ਕਰਦੇ ਹਨ ਕਿ ਉਹ ਸ਼੍ਰੀ ਨਰੇਂਦਰ ਮੋਦੀ ਦੇ ਨਫ਼ਰਤ ਭਰੇ ਭਾਸ਼ਣਾਂ ਤੋਂ ਨਾ ਭੜਕਣ, ਕਿਉਂਕਿ ਕੋਈ ਵੀ ਭੜਕਾਹਟ ਸਮਾਜ ਵਿੱਚ ਅਸ਼ਾਂਤੀ ਤੇ ਇੱਥੋਂ ਤੱਕ ਕਿ ਦੰਗੇ ਫੈਲਾਉਣ ਦੀ ਉਨ੍ਹਾਂ ਦੀ ਇੱਛਾ ਨੂੰ ਪੂਰਾ ਕਰੇਗੀ।ਬਿਆਨ ਜਾਰੀ ਕਰਨ ਵਾਲਿਆਂ ਵਿੱਚ ਪ੍ਰਸਿੱਧ ਅਰਥ ਸ਼ਾਸਤਰੀ, ਸਾਬਕਾ ਚਾਂਸਲਰ ਕੇਂਦਰੀ ਯੂਨੀਵਰਸਿਟੀ ਅਤੇ ਵਾਈਸ ਚਾਂਸਲਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ ਏ ਯੂ) ਲੁਧਿਆਣਾ ਪਦਮ ਭੂਸ਼ਨ ਡਾ. ਸਰਦਾਰਾ ਸਿੰਘ ਜੌਹਲ, ਪ੍ਰਧਾਨ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਾਈਟਸ ਪ੍ਰੋਫੈਸਰ ਜਗਮੋਹਨ ਸਿੰਘ, ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ ਦੇ ਪ੍ਰਧਾਨ ਡਾ: ਅਰੁਣ ਮਿੱਤਰਾ, ਪੰਜਾਬ ਮੈਡੀਕਲ ਕੌਂਸਲ ਦੇ ਸਾਬਕਾ ਪ੍ਰਧਾਨ ਡਾ: ਜੀ ਐੱਸ ਗਰੇਵਾਲ, ਇੰਡੀਅਨ ਐਸੋਸੀਏਸ਼ਨ ਆਫ਼ ਲਾਇਰਜ਼ ਪੰਜਾਬ ਦੇ ਪ੍ਰਧਾਨ ਐਡਵੋਕੇਟ ਐੱਨ ਕੇ ਛਿੱਬਰ, ਕਲੀਨਿਕਲ ਮਨੋਵਿਗਿਆਨੀ ਡਾ: ਸ਼੍ਰੀਮਤੀ ਪਰਮ ਸੈਣੀ, ਆਰਥੋਪੈਡਿਕ ਸਰਜਨ ਡਾ: ਗਗਨਦੀਪ ਸਿੰਘ, ਡਾ. ਐੱਸ ਕੇ ਪ੍ਰਭਾਕਰ ਮਨੋਵਿਗਿਆਨੀ, ਡਾ: ਬਲਬੀਰ ਸਿੰਘ ਸ਼ਾਹ ਸਾਬਕਾ ਪ੍ਰੋਫੈਸਰ ਪੈਥੋਲੋਜੀ ਡੀ ਐੱਮ ਸੀ ਐੱਚ, ਡਾ: ਮੋਨਿਕਾ ਧਵਨ ਸਰਜਨ, ਡਾ: ਗੁਰਵਿੰਦਰ ਸਿੰਘ, ਡਾ. ਸੂਰਜ ਢਿੱਲੋਂ ਡੈਂਟਲ ਸਰਜਨ, ਡਾ: ਰਜਿੰਦਰ ਪਾਲ ਸਿੰਘ ਔਲਖ ਸੰਸਥਾਪਕ ਪ੍ਰਧਾਨ, ਇੰਟਰਨੈਸ਼ਨਲ ਪਲਾਂਟ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ, ਡਾ: ਗੁਰਪ੍ਰੀਤ ਰਤਨ ਮੈਂਬਰ, ਇੰਟਰਨੈਸ਼ਨਲ ਪਲਾਂਟ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ, ਡੀ ਪੀ ਮੌੜ ਸਾਬਕਾ ਪ੍ਰਧਾਨ ਪੀਏਯੂ ਇੰਪਲਾਈਜ਼ ਯੂਨੀਅਨ, ਐੱਮ ਐੱਸ ਭਾਟੀਆ ਕੋ-ਕਨਵੀਨਰ ਸੋਸ਼ਲ ਥਿੰਕ ਫੋਰਮ, ਸ਼੍ਰੀਮਤੀ ਅਵਤਾਰ ਕੌਰ ਐਡਵੋਕੇਟ, ਗੁਲਸ਼ਨ ਅਰੋੜਾ ਕਾਰੋਬਾਰੀ, ਡਾ: ਬਲਵਿੰਦਰ ਸਿੰਘ ਔਲਖ ਡਰੱਗ ਸਾਇੰਟਿਸਟ ਤੇ ਬਲਕੌਰ ਸਿੰਘ ਗਿੱਲ ਸਾਬਕਾ ਈ.ਟੀ.ਓ. ਸ਼ਾਮਲ ਹਨ।

# ਰੋਜ਼ੀ ਤੇ ਹਨੀ ਵੱਲੋਂ ਲੋਕ ਸਭਾ ਚੋਣਾਂ ਸੰਬੰਧੀ ਪਿੰਡਾਂ ਦਾ ਤੂਫ਼ਾਨੀ ਦੌਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਦੇ ਹੱਕ ਵੋਟਾਂ ਪਾਉਣ ਦੀ ਅਪੀਲ ਕਰਨ ਦੇ ਮਕਸਦ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਵੱਲੋਂ ਸਦਰਵਾਲਾ, ਲੰਬੀ ਢਾਬ, ਝੁੱਗੇ ਰਣਜੀਤਗੜ੍ਹ, ਰਣਜੀਤਗੜ੍ਹ, ਖੱਪਿਆਂਵਾਲੀ, ਮਾਂਗਟਕੇਰ, ਨੂਰਪੁਰ ਕਿਰਪਾਲ ਕੇ, ਢਾਣੀ ਗੋਪਾਲ ਸਿੰਘ, ਗੁਲਾਬੇਵਾਲਾ, ਜੱਸੇਆਣਾ, ਕਾਨਿਆਂਵਾਲੀ, ਸ਼ਿਵਪੁਰ ਕੁਕਰੀਆ, ਜਗਤਸਿੰਘ ਵਾਲਾ ਆਦਿ ਪਿੰਡਾਂ ਦਾ ਤੂਫ਼ਾਨੀ ਦੌਰਾ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਰੋਜ਼ੀ ਬਰਕੰਦੀ ਤੇ ਹਨੀ ਫੱਤਣਵਾਲਾ ਨੇ ਕਿਹਾ ਕਿ ਲੋਕ ਅਕਾਲੀ ਦਲ ਵੱਲੋਂ ਕੀਤੇ ਗਏ ਕੰਮਾਂ ਨੂੰ ਵੋਟਾਂ ਪਾਉਣਗੇ ਤੇ ਅਕਾਲੀ ਦਲ ਦੇ ਸਾਰੇ ਉਮੀਦਵਾਰਾਂ ਨੂੰ ਭਾਰੀ ਬਹੁਮੱਤ ਨਾਲ ਜਿੱਤ ਦਿਵਾਉਣਗੇ।ਉਨ੍ਹਾਂ ਕਿਹਾ ਕਿ ਲੋਕ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੇ ਕੰਮਾਂ ਨੂੰ ਯਾਦ ਕਰਦੇ ਹਨ, ਜਦਕਿ ਵਿਰੋਧੀ ਪਾਰਟੀਆਂ ਨੇ ਤਾਂ ਹਮੇਸ਼ਾ ਹੀ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਹੈ।ਇਸ ਮੌਕੇ ਗੁਰਸੇਵਕ ਸਿੰਘ ਮਾਂਗਟਕੇਰ ਬਲਾਕ ਪ੍ਰਧਾਨ, ਜਗਤਾਰ ਸਿੰਘ ਪੱਪੀ, ਜਗਸੀਰ ਸਿੰਘ ਨੰਬਰਦਾਰ, ਗੁਰਪ੍ਰੀਤ ਸਿੰਘ, ਹੈਪੀ ਖੱਪਿਆਂਵਾਲੀ, ਜਗਵੰਤ ਸਿੰਘ, ਨਿਸ਼ਾਨ ਸਿੰਘ ਸਰਪੰਚ, ਗਿਆਨ ਸਿੰਘ ਸਦਰਵਾਲਾ, ਬਲਵਿੰਦਰ ਸਿੰਘ, ਗੁਰਮੀਤ ਸਿੰਘ ਸਦਰਵਾਲਾ, ਮਨਪ੍ਰੀਤ ਸਿੰਘ, ਜਗਜੀਤ ਸਿੰਘ ਰਣਜੀਤਗੜ੍ਹ, ਰਾਜ ਸਿੰਘ ਮੌੜ ਤੇ ਅਕਾਲੀ ਵਰਕਰ ਮੌਜੂਦ ਸਨ।

# ਵਹੀਰਾਂ ਘੱਤ ਕੇ ਸ਼ੰਭੂ ਬਾਰਡਰ 'ਤੇ ਧਰਨੇ 'ਚ ਪਹੁੰਚੋ : ਕਿਸਾਨ ਆਗੂ



**ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**-ਜ਼ੋਨ ਪ੍ਰਧਾਨ ਪਾਖਰ ਸਿੰਘ ਲਾਲਪੁਰ ਅਤੇ ਇਕਾਈ ਪ੍ਰਧਾਨ ਮਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਕਿਸਾਨ ਆਗੂ ਸੁਰਮੁੱਖ ਸਿੰਘ ਨੰਬਰਦਾਰ ਦੇ ਗ੍ਰਹਿ ਵਿਖੇ ਹੋਈ ਜਿਸ ਵਿੱਚ ਉੱਘੇ ਕਿਸਾਨ ਅਤੇ ਸਾਬਕਾ ਸਰਪੰਚ ਜਗਤਾਰ ਸਿੰਘ ਬਪਰੋਹ ਅਤੇ ਗੁਰਨਾਮ ਸਿੰਘ ਦਾ ਪਿੰਡ ਵਾਸੀਆਂ ਨੇ ਸਵਾਗਤ ਕੀਤਾ।ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਬਪਰੋਹ ਨੇ ਪਿੰਡ ਝੰਡੇਰ ਮਹਾਂਪੁਰਖਾਂ ਦੇ ਵਾਸੀਆਂ ਨੂੰ ਅਪੀਲ ਕੀਤੀ ਕਿ ਕਿਸਾਨਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਵਾਸਤੇ ਹਰਿਆਣਾ ਪੰਜਾਬ ਦੀਆਂ ਸਰਹੱਦਾਂ ਉੱਪਰ ਚੱਲ ਰਹੇ ਕਿਸਾਨ ਸੰਘਰਸ਼ ਮੋਰਚੇ ਨੂੰ ਦੋ ਮਹੀਨੇ ਤੋਂ ਵੱਧ ਸਮਾਂ ਹੋ ਚੁੱਕਾ ਹੈ, ਪਰ ਕੇਂਦਰ ਦੀ ਭਾਜਪਾ ਸਰਕਾਰ ਦੇ ਕੰਨਾਂ ਤੇ ਜੂੰ ਤੱਕ ਨਹੀਂ ਸਰਕ ਰਹੀ।ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਬਜਾਏ ਕਿਸਾਨਾਂ ਉਤੇ ਜ਼ੁਲਮ ਕਰ ਰਹੀ ਹੈ।ਸ਼ੰਭੂ ਬਾਰਡਰ ਤੇ ਜੋ ਧਰਨਾ ਚੱਲ ਰਿਹਾ ਉਹਦੇ ਵਿੱਚ ਆਪਣੇ ਹੱਕਾਂ ਲਈ ਵੱਧ ਤੋਂ ਵੱਧ ਸ਼ਮੂਲੀਅਤ ਵਧਾਓ।ਕਿਸਾਨ ਸਭਾ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਵਹੀਰਾਂ ਘੱਤ ਕੇ ਹਰਿਆਣੇ ਦੇ ਬਾਰਡਰ 'ਤੇ ਚੱਲ ਰਹੇ ਧਰਨੇ ਵਿੱਚ ਸ਼ਮੂਲੀਅਤ ਕਰਨੀ ਚਾਹੀਦੀ ਹੈ।ਇਸ ਮੌਕੇ ਖਜ਼ਾਨਚੀ ਰਾਜਪਾਲ ਸਿੰਘ, ਮੀਤ ਖਜ਼ਾਨਚੀ ਅਮਰਜੀਤ ਸਿੰਘ, ਮੀਤ ਪ੍ਰਧਾਨ ਸੁਰਮਖ ਸਿੰਘ ਨੰਬਰਦਾਰ, ਭੁਪਿੰਦਰ ਸਿੰਘ ਮੈਂਬਰ, ਅੰਗਰੇਜ਼ ਸਿੰਘ ਸੀਨੀਅਰ ਮੀਤ ਪ੍ਰਧਾਨ, ਬਾਬਾ ਬਲਦੇਵ ਸਿੰਘ, ਸਕੱਤਰ ਜਗਦੀਸ਼ ਸਿੰਘ, ਗੁਰਨਾਮ ਸਿੰਘ ਫੌਜੀ ਮੈਂਬਰ, ਬਲਕਾਰ ਸਿੰਘ ਆਦਿ ਹਾਜ਼ਰ ਸਨ।

# ਟੋਇਟਾ ਕਿਰਲੋਸਕਰ ਮੋਟਰ ਵੱਲੋਂ ਬਾਜ਼ਾਰ 'ਚ ਟੀ-ਗਲਾਸ ਲਾਂਚ

**ਜਲੰਧਰ**- ਟੋਇਟਾ ਕਿਰਲੋਸਕਰ ਮੋਟਰ ਪ੍ਰਾਈਵੇਟ ਲਿਮਟਿਡ ਨੇ ਆਪਣੇ ਕ੍ਰਾਂਤੀਕਾਰੀ ਕਾਰ ਕੇਅਰ ਬ੍ਰਾਂਡ ਟੀ-ਗਲਾਸ ਨੂੰ ਲਾਂਚ ਕਰਨ ਦਾ ਐਲਾਨ ਕੀਤਾ ਹੈ। 1 ਮਈ 2024 ਤੋਂ ਭਾਰਤ ਵਿੱਚ ਹਰ ਅਧਿਕਾਰਤ ਟੋਇਟਾ ਡੀਲਰਸ਼ਿਪ 'ਤੇ ਟੀ-ਗਲਾਸ ਦੀ ਪੇਸ਼ਕਸ਼ ਕੀਤੀ ਜਾਵੇਗੀ। ਟੀਕੇਐੱਮ ਵਾਹਨ ਦੀ ਅੰਦਰੂਨੀ ਅਤੇ ਬਾਹਰੀ ਦਿੱਖ ਨੂੰ ਵਧਾਉਣ ਲਈ ਕਿਊਰੇਟ ਕੀਤੀਆਂ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰੇਗਾ। ਇਸ ਵਿੱਚ ਸਿਰੇਮਿਕ ਕੋਟਿੰਗ, ਅੰਡਰ ਬਾਡੀ ਕੋਟਿੰਗ, ਸਾਈਲੈਂਸਰ ਕੋਟਿੰਗ ਅਤੇ ਅੰਦਰੂਨੀ ਪੈਨਲ ਸੁਰੱਖਿਆ ਸ਼ਾਮਲ ਹੈ। ਸਬਰੀ ਮਨੋਹਰ-ਉਪ ਪ੍ਰਧਾਨ, ਸੇਲਜ਼-ਸਰਵਿਸ-ਯੂਜ਼ਡ ਕਾਰ ਬਿਜ਼ਨਸ, ਟੋਇਟਾ ਕਿਰਲੋਸਕਰ ਮੋਟਰ ਨੇ ਕਿਹਾ ਕਿ ਅਸੀਂ ਟੀ-ਗਲਾਸ ਦਾ ਲਾਂਚ ਕਰਦੇ ਹੋਏ ਬਹੁਤ ਰੋਮਾਂਚਿਤ ਹਾਂ। ਇਹ ਮਾਡਰਨ ਉਦਯੋਗ ਦਾ ਪਹਿਲਾ ਉੱਦਮ ਹੈ।

# ਚੀਨ ਦਾ ਬਣਿਆ ਪਾਕਿ ਡਰੋਨ ਬਰਾਮਦ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਨ/ਰਣਬੀਰ ਸਿੰਘ ਗੋਲਨ)**- ਦੇਸ਼ ਵਿਰੋਧੀ ਤਾਕਤਾਂ ਅਤੇ ਸਮਾਜ 'ਚ ਉਥਲ-ਪੁਥਲ ਮਚਾਉਣ ਵਾਲਿਆਂ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਕਰਨ ਲਈ ਬੀਐੱਸਐੱਫ ਅਤੇ ਪੰਜਾਬ ਪੁਲਸ ਵੱਲੋਂ ਸਾਂਝੇ ਤਲਾਸ਼ੀ ਅਭਿਆਨ ਚਲਾਏ ਜਾ ਰਹੇ ਹਨ। ਇਸੇ ਲੜੀ ਤਹਿਤ ਜਦੋਂ ਬੀਐੱਸਐੱਫ ਤੇ ਖੇਮਕਰਨ ਪੁਲਸ ਵੱਲੋਂ ਸ਼ੱਕੀ ਡਰੋਨ ਦੀ ਗਤੀਵਿਧੀਆਂ ਸੰਬੰਧੀ ਸੂਚਨਾ ਮਿਲਣ ਮਗਰੋਂ 27 ਅਪ੍ਰੈਲ ਦੀ ਸਵੇਰ ਖੇਮਕਰਨ ਸਰਹੱਦ ਦੀ ਬੀਓਪੀ ਨੂਰਵਾਲਾ ਬੈਰੀਅਰ 'ਤੇ ਪਿੰਡ ਮਨਾਵਾਂ ਨੇੜੇ ਸਰਚ ਅਭਿਆਨ ਚਲਾਇਆ ਗਿਆ ਤਾਂ ਉਨ੍ਹਾਂ ਨੂੰ ਉਥੋਂ ਚੀਨ ਦਾ ਬਣਿਆ ਪਾਕਿਸਤਾਨੀ ਡਰੋਨ ਬਰਾਮਦ ਹੋਇਆ।

ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਬ ਡਵੀਜ਼ਨ ਭਿੱਖੀਵਿੰਡ ਦੇ ਡੀਐੱਸਪੀ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਖੇਮਕਰਨ ਪੁਲਸ ਨੇ ਗੁਪਤ ਸੋਰਸਿਜ਼ ਤੋਂ ਮਿਲੀ ਸੂਚਨਾ ਦੇ ਆਧਾਰ 'ਤੇ ਜਦੋਂ ਸਰਹੱਦੀ ਪਿੰਡ ਮਨਾਵਾਂ ਵਿਖੇ ਬੀਐੱਸਐੱਫ ਦੇ ਸਹਿਯੋਗ ਨਾਲ ਸਰਚ ਅਭਿਆਨ ਚਲਾਇਆ ਤਾਂ ਉਨ੍ਹਾਂ ਨੂੰ ਬਲਵੰਤ ਸਿੰਘ ਪੁੱਤਰ ਬੀਰ ਸਿੰਘ ਵਾਸੀ ਮਨਾਵਾਂ ਦੇ ਖੇਤਾਂ 'ਚੋਂ ਚੀਨ ਦਾ ਬਣਿਆ ਪਾਕਿ ਡਰੋਨ ਬਰਾਮਦ ਹੋਇਆ, ਜਿਸ ਸੰਬੰਧੀ ਥਾਣਾ ਖੇਮਕਰਨ ਵਿਖੇ ਮੁਕੱਦਮਾ ਨੰਬਰ 51 ਮਿਤੀ 27/04/2024 ਧਾਰਾ 10,11,12 ਏਅਰ ਕਰਾਫਟ 1934 ਅਧੀਨ ਮਾਮਲਾ ਦਰਜ ਕਰ ਲਿਆ ਗਿਆ ਹੈ। ਡੀਐੱਸਪੀ ਭਿੱਖੀਵਿੰਡ ਨੇ ਦੱਸਿਆ ਕਿ ਡਰੋਨ ਨੂੰ ਕਬਜ਼ੇ ਵਿੱਚ ਲੈ ਕੇ ਕੀਤੀ ਗਈ ਇਨਵੈਸਟੀਗੇਸ਼ਨ 'ਚ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਪਾਬੰਦੀਸ਼ੁਦਾ ਸਮੱਗਰੀ ਬਰਾਮਦਗੀ ਨਹੀਂ ਹੋਈ ਹੈ। ਉਨ੍ਹਾਂ ਦੱਸਿਆ ਕਿ ਸ਼ੱਕੀ ਇਲਾਕੇ ਵਿੱਚ ਸਰਚ ਅਭਿਆਨ ਹਾਲੇ ਵੀ ਜਾਰੀ ਹੈ।

# ਸ਼ੰਭੂ ਬਾਰਡਰ ਮੋਰਚੇ ਲਈ ਅੱਠਵੇਂ ਜਥੇ ਦੀ ਰਵਾਨਗੀ ਸਬੰਧੀ ਮੀਟਿੰਗ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪਿੰਡ ਗੋਹਲਵੜ ਵਿੱਚ ਮੀਟਿੰਗ ਕੀਤੀ ਗਈ ਜਿਸ ਦੀ ਅਗਵਾਈ ਪਿੰਡ ਗੋਹਲਵੜ ਇਕਾਈ ਦੇ ਪ੍ਰਧਾਨ ਨਵਜੀਤ ਸਿੰਘ ਗੋਹਲਵੜ ਨੇ ਕੀਤੀ। ਇਸ ਮੌਕੇ ਗੱਲਬਾਤ ਸਾਂਝੀ ਕਰਦਿਆਂ ਪ੍ਰਧਾਨ ਨਵਜੀਤ ਸਿੰਘ ਗੋਹਲਵੜ, ਜ਼ੋਨ ਵਲੰਟੀਅਰ ਸੁਪਰਵਾਈਜ਼ਰ ਦਰਬਾਰਾ ਸਿੰਘ ਗੋਹਲਵੜ ਨੇ ਦੱਸਿਆ ਕਿ ਸ਼ੰਭੂ ਬਾਰਡਰ ਵਿਖੇ ਚੱਲ ਰਿਹਾ ਮੋਰਚਾ ਚੜ੍ਹਦੀ ਕਲਾ ਵਿੱਚ ਹੈ ਪਰ ਪਿਛਲੇ ਕੁਝ ਦਿਨਾਂ ਤੋਂ ਹਾੜ੍ਹੀ ਦੀ ਫਸਲ ਲਈ ਕਿਸਾਨਾਂ, ਮਜ਼ਦੂਰਾਂ ਨੂੰ ਵਾਪਿਸ ਪਿੰਡਾਂ ਵਿੱਚ ਆਪਣੀ ਕਣਕ ਦੀ ਸਾਂਭ-ਸੰਭਾਲ ਲਈ ਆਉਣਾ ਪਿਆ ਹੈ, ਜਿਸ ਕਾਰਨ ਮੋਰਚਾ ਬੀਬੀਆਂ ਦੀ ਦੇਖ-ਰੇਖ ਹੇਠ ਚੱਲ ਰਿਹਾ ਹੈ। ਜਥੇਬੰਦੀ ਦੀ ਕਾਲ 'ਤੇ ਬੀਬੀਆਂ ਨੇ ਵੱਧ-ਚੜ੍ਹ ਕੇ ਮੋਰਚੇ ਵਿੱਚ ਵੱਡੀ ਗਿਣਤੀ ਵਿੱਚ ਸ਼ੰਭੂ ਬਾਰਡਰ ਮੋਰਚੇ ਵਿੱਚ ਪਹੁੰਚੀਆ ਹਨ। ਕਿਸਾਨ ਆਗੂਆ ਦੱਸਿਆ ਕਿ ਹਾੜ੍ਹੀ ਦਾ ਸੀਜ਼ਨ ਕਿਸਾਨ ਸਾਂਭ ਚੁੱਕੇ ਹਨ ਅਤੇ ਅੱਠਵੇਂ ਜਥੇ ਦੇ ਰੂਪ ਵਿੱਚ ਪਿੰਡ ਗੋਹਲਵੜ ਵਿੱਚੋਂ ਕਿਸਾਨਾਂ, ਮਜ਼ਦੂਰਾਂ ਦਾ ਜਥਾ 30 ਅਪ੍ਰੈਲ ਤੋਂ ਸ਼ੰਭੂ ਮੋਰਚੇ ਉਪਰ ਡਿਊਟੀ ਸੰਭਾਲਣ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਲੋਕ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਹਰੇਕ ਪਾਰਟੀ ਦੇ ਆਗੂ ਵੋਟਾਂ ਮੰਗਣ ਲਈ ਪਿੰਡਾਂ ਵਿੱਚ ਆਉਣਗੇ। ਸੋ ਉਨ੍ਹਾਂ ਦਾ ਸ਼ਾਂਤਮਈ ਢੰਗ ਨਾਲ ਵਿਰੋਧ ਕੀਤਾ ਜਾਵੇਗਾ। ਕਿਸਾਨਾਂ ਦੁਆਰਾ ਮੋਰਚੇ ਦੀਆਂ ਰੱਖੀਆਂ ਮੰਗਾਂ ਦੇ ਬੋਰਡ ਬਣਾ ਕੇ ਹਰੇਕ ਪਿੰਡ ਵਿੱਚ ਜ਼ਰੂਰ ਲਗਾਏ ਜਾਣ ਤਾਂ ਜੋ ਆਮ ਲੋਕ ਮੰਗਾਂ ਪ੍ਰਤੀ ਜਾਗਰੂਕ ਹੋ ਸਕਣ। ਇਸ ਮੌਕੇ ਮੀਟਿੰਗ ਵਿੱਚ ਸਕੱਤਰ ਸੋਹਣ ਸਿੰਘ ਗੋਹਲਵੜ, ਅੰਗਰੇਜ਼ ਸਿੰਘ ਗੋਹਲਵੜ, ਹਰਚੰਦ ਸਿੰਘ ਗੋਹਲਵੜ, ਪਲਵਿੰਦਰ ਸਿੰਘ ਗੋਹਲਵੜ, ਸੁਬੇਗ ਸਿੰਘ ਗੋਹਲਵੜ, ਗੁਰਮੇਜ ਸਿੰਘ ਗੋਹਲਵੜ, ਰਜਿੰਦਰ ਸਿੰਘ ਗੋਹਲਵੜ, ਬਲਕਾਰਾ ਸਿੰਘ ਗੋਹਲਵੜ, ਸਤਨਾਮ ਸਿੰਘ ਗੋਹਲਵੜ ਆਦਿ ਆਗੂ ਹਾਜ਼ਰ ਸਨ।

# ਸਾਥੀ ਹਰਬੰਸ ਹੀਓਂ ਦਾ ਸ਼ੋਕ ਸਮਾਗਮ ਅੱਜ



**ਬੰਗਾ (ਅਵਤਾਰ ਕਲੇਰ)**-ਇਨਕਲਾਬੀ ਪੱਤਰਕਾਰਤਾ, ਸਾਹਿਤ ਅਤੇ ਜਮਹੂਰੀ ਲਹਿਰਾਂ ਨਾਲ ਲੰਮੇ ਸਮੇਂ ਤੋਂ ਜੁੜੇ ਸਾਥੀ ਹਰਬੰਸ ਹੀਓਂ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਸਾਥੀ ਹਰਬੰਸ ਹੀਓਂ ਵਿਗਿਆਨਕ ਸੋਚ 'ਤੇ ਪਹਿਰਾ ਦੇਣ ਵਾਲੇ, ਹਮੇਸ਼ਾ ਹੀ ਲੋਕ ਹਿਤਾਂ ਦੀ ਗੱਲ ਕਰਨ ਵਾਲੇ ਅਤੇ ਜਮਹੂਰੀਅਤ ਪਸੰਦ ਇਨਸਾਨ ਸਨ। ਉਨ੍ਹਾ ਦੇ ਦੇਹਾਂਤ 'ਤੇ ਜਿੱਥੇ ਪਰਵਾਰਕ ਮੈਂਬਰਾਂ ਨੂੰ ਬਹੁਤ ਘਾਟਾ ਪਿਆ, ਉੱਥੇ ਸਾਹਿਤ, ਸੱਭਿਆਚਾਰਕ, ਲੋਕ ਪੱਖੀ ਵਿਚਾਰਧਾਰਾ ਨੂੰ ਵੀ ਬਹੁਤ ਘਾਟਾ ਪਿਆ। ਅੱਜ 28 ਅਪ੍ਰੈਲ ਨੂੰ ਬੰਗਾ ਦੇ ਨਜ਼ਦੀਕ ਪਿੰਡ ਹੀਓਂ ਵਿਖੇ ਸਵੇਰੇ 11 ਵਜੇ ਸ਼ਰਧਾਂਜਲੀ ਸਮਾਗਮ ਹੋਵੇਗਾ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਨੁਮਾਇੰਦੇ ਅਤੇ ਲੋਕ ਪੱਖੀ ਆਗੂ ਸੰਬੋਧਨ ਕਰਨਗੇ।

# ਸ਼ੈਰੀ ਕਲਸੀ ਨੇ ਮੱਥਾ ਟੇਕ ਕੇ ਮੰਦਰ ਧਿਆਨਪੁਰ 'ਚ ਲਿਆ ਆਸ਼ੀਰਵਾਦ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਮੰਦਰ ਸ਼੍ਰੀ ਬਾਵਾ ਲਾਲ ਦਿਆਲ ਜੀ ਧਿਆਨਪੁਰ ਵਿਖੇ ਮੱਥਾ ਟੇਕਿਆ ਅਤੇ ਗੱਦੀਨਸ਼ੀਨ ਮਹੰਤ ਰਾਮ ਸੁੰਦਰ ਦਾਸ ਤੋਂ ਆਸ਼ੀਰਵਾਦ ਲਿਆ। ਧਿਆਨਪੁਰ ਦੇ ਬਾਜ਼ਾਰਾਂ ਵਿੱਚ ਦੁਕਾਨਦਾਰਾਂ ਨਾਲ ਕਲਸੀ ਨੇ ਗੱਲਬਾਤ ਕੀਤੀ ਅਤੇ ਉਨ੍ਹਾਂ ਦਾ ਹਾਲਚਾਲ ਪੁੱਛਿਆ ਅਤੇ ਆਮ ਆਦਮੀ ਪਾਰਟੀ ਦਾ ਸਾਥ ਦੇਣ ਲਈ ਕਿਹਾ। ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਹੁਣ ਤੱਕ ਗੁਰਦਾਸਪੁਰ ਨੂੰ ਬੀਜੇਪੀ ਨੇ ਪੈਰਾਸ਼ੂਟ ਰਾਹੀਂ ਫਿਲਮੀ ਐਕਟਰ ਹੀ ਕੈਂਡੀਡੇਟ ਵਜੋਂ ਉਤਾਰੇ ਸਨ। ਉਹ ਵੋਟਾਂ ਲੈਣ ਤੋਂ ਬਾਅਦ ਬੰਬੇ ਜਾ ਕੇ ਬੈਠ ਜਾਂਦੇ ਸਨ ਜਿਨ੍ਹਾਂ ਨੇ ਹੁਣ ਤੱਕ ਜ਼ਿਲ੍ਹਾ ਗੁਰਦਾਸਪੁਰ ਦੀ ਸਾਰ ਤੱਕ ਨਹੀਂ ਲਈ। ਉਨ੍ਹਾਂ ਦਾ ਮਕਸਦ ਸਿਰਫ ਐੱਮਪੀ ਬਣਨਾ ਹੁੰਦਾ ਹੈ ਨਾ ਕਿ ਗੁਰਦਾਸਪੁਰ ਵਾਸੀਆਂ ਦੀ ਸਾਰ ਲੈਣੀ ਹੁੰਦੀ ਹੈ। ਪਹਿਲੀ ਵਾਰ ਹੋਇਆ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਆਉਂਦਿਆਂ ਹੀ ਜ਼ਿਲ੍ਹਾ ਗੁਰਦਾਸਪੁਰ ਨੂੰ ਇਸ ਜ਼ਿਲ੍ਹੇ ਦਾ ਵਸਨੀਕ ਕੈਂਡੀਡੇਟ ਦਿੱਤਾ ਗਿਆ ਹੈ ਜੋ ਇਸ ਜ਼ਿਲ੍ਹੇ ਲਈ 24 ਘੰਟੇ ਹਾਜ਼ਰ ਰਹੇਗਾ। ਪਾਰਟੀ ਵਰਕਰਾਂ ਵੱਲੋਂ ਕਾਲਾ ਅਫਗਾਨਾ ਤੋਂ ਧਿਆਨਪੁਰ, ਕੋਟਲੀ ਸੂਰਤ ਮੱਲ੍ਹੀ, ਕਲਾਨੌਰ ਤੱਕ ਰੋਡ ਸ਼ੋਅ ਕੱਢਿਆ ਗਿਆ। ਇਸ ਰੋਡ ਸ਼ੋਅ ਵਿੱਚ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਅਤੇ ਵਲੰਟੀਅਰਾਂ ਨੇ ਹਿੱਸਾ ਲਿਆ। ਇਸ ਰੋਡ ਸ਼ੋਅ ਮੌਕੇ ਆਮ ਆਦਮੀ ਪਾਰਟੀ ਦੇ ਵਰਕਰਾਂ ਵਿੱਚ ਕਾਫੀ ਉਤਸ਼ਾਹ ਪਾਇਆ ਗਿਆ। ਇਸ ਮੌਕੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ, ਚੇਅਰਮੈਨ ਰਾਜੀਵ ਸ਼ਰਮਾ, ਚੇਅਰਮੈਨ ਜਗਜੀਤ ਸਿੰਘ ਕਾਹਲੋਂ, ਚੇਅਰਮੈਨ ਰਣਜੇਤ ਸਿੰਘ ਬਾਠ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਚੰਨਣ ਸਿੰਘ ਖਾਲਸਾ, ਰੂਪ ਤੇਜਿੰਦਰ ਸਿੰਘ ਨਿੱਕੋਸਰਾਂ, ਮਨਰੂਪ ਸਿੰਘ ਰੰਧਾਵਾ, ਹਰਜੀਤ ਸਿੰਘ ਠੇਠਰਕੇ, ਰਾਜੇਸ਼ ਕੁਮਾਰ ਬਿੱਟਾ, ਪੀ. ਏ. ਲਵਪ੍ਰੀਤ ਸਿੰਘ, ਮੇਜਰ ਸਿੰਘ ਠੇਠਰਕੇ, ਹਰਿੰਦਰ ਸਿੰਘ ਡੇਰਾ, ਹਰਪਾਲ ਸਿੰਘ ਰਾਮ ਦਿਵਾਲੀ, ਜਗਜੀਤ ਸਿੰਘ ਠੇਠਰਕੇ, ਮਹਿੰਦਰ ਸਿੰਘ ਨਿੱਕੋਸਰਾਂ ਤੋਂ ਇਲਾਵਾ ਹਲਕੇ ਦੇ ਸੀਨੀਅਰ ਆਗੂ ਤੇ ਵਰਕਰ ਆਦਿ ਹਾਜ਼ਰ ਸਨ।

# ਸੜਕ ਕਿਨਾਰੇ ਲੱਗੇ ਮੀਟ ਵਾਲੇ ਖੋਖੇ ਹਟਾਉਣ ਦੀ ਮੰਗ



**ਕਲਾਨੌਰ (ਮਨਦੀਪ ਕੋਹਲੀ)**-ਕਲਾਨੌਰ ਬਟਾਲਾ ਰੋਡ ਤੇ ਦਾਣਾ ਮੰਡੀ ਦੇ ਕੋਲ ਲੱਗੇ ਮੀਟ ਵਾਲੇ ਖੋਖਿਆਂ ਨੂੰ ਲੋਕਾਂ ਵੱਲੋਂ ਕਿਸੇ ਹੋਰ ਜਗ੍ਹਾ 'ਤੇ ਬਦਲਣ ਦੀ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਗਈ ਹੈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਹੋਇਆਂ ਹਰਭਜਨ ਸਿੰਘ ਠੇਕੇਦਾਰ, ਜਸਵਿੰਦਰ ਸਿੰਘ ਫੌਜੀ, ਜਰਨੈਲ ਸਿੰਘ, ਜਗਮੋਹਨ ਸਿੰਘ, ਸਾਹਿਲ ਪ੍ਰੀਤ ਸਿੰਘ ਆਦਿ ਨੇ ਦੱਸਿਆ ਕਿ ਕਲਾਨੌਰ ਬਟਾਲਾ ਰੋਡ 'ਤੇ ਮੰਡੀ ਦੇ ਕੋਲ ਜਿਹੜੇ ਮੀਟ ਵਾਲੇ ਖੋਖੇ ਲੱਗੇ ਹੋਏ ਹਨ ਉਨ੍ਹਾਂ ਕਾਰਨ ਆਏ ਦਿਨ ਸੜਕ 'ਤੇ ਹਾਦਸੇ ਵਾਪਰਦੇ ਰਹਿੰਦੇ ਹਨ।ਉਨ੍ਹਾਂ ਕਿਹਾ ਕਿ ਇਹ ਮੀਟ ਵਾਲਿਆਂ ਵੱਲੋਂ ਜੋ ਵੱਢ-ਟੁੱਕ ਕਰਨ ਤੋਂ ਬਾਅਦ ਰਹਿੰਦ-ਖੂੰਦ ਬਚਦੀ ਹੈ ਉਸਨੂੰ ਖਾਣ ਲਈ ਆਵਾਰਾ ਕੁੱਤੇ ਉਨ੍ਹਾਂ ਵੱਲ ਨੂੰ ਆ ਜਾਂਦੇ ਹਨ ਪਰ ਜਦੋਂ ਉਨ੍ਹਾਂ ਕੁੱਤਿਆਂ ਨੂੰ ਇਕਦਮ ਦੁਕਾਨ ਤੋਂ ਭਜਾਇਆ ਜਾਂਦਾ ਹੈ ਤਾਂ ਚਲਦੇ ਰੋਡ ਵਿੱਚ ਜੋ ਸਕੂਟਰ, ਮੋਟਰਸਾਈਕਲ, ਗੱਡੀਆਂ ਚਲਦੇ ਹਨ ਕੁੱਤੇ ਉਨ੍ਹਾਂ ਨਾਲ ਟਕਰਾ ਜਾਂਦੇ ਹਨ ਅਤੇ ਕਈ ਵਾਰ ਭਿਆਨਕ ਹਾਦਸੇ ਵੀ ਵਾਪਰ ਜਾਂਦੇ ਹਨ। ਇਸ ਕਰਕੇ ਪ੍ਰਸ਼ਾਸਨ ਨੂੰ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਦੀ ਖੋਖਿਆਂ ਦੀ ਜਗ੍ਹਾ ਕਿਤੇ ਹੋਰ ਬਦਲ ਦਿੱਤੀ ਜਾਵੇ।ਇਸ ਸਬੰਧੀ ਜਦੋਂ ਖੋਖਿਆਂ ਵਾਲਿਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਰਹਿੰਦ-ਖੂੰਹਦ ਪਹਿਲਾਂ ਇਸ ਜਗ੍ਹਾ 'ਤੇ ਸੁੱਟੀ ਜਾਂਦੀ ਸੀ ਪਰ ਹੁਣ ਉਸ ਨੂੰ ਅਸੀਂ ਦੂਰ ਸੁੱਟ ਕੇ ਆਉਂਦੇ ਹਾਂ।

# ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਨੇ ਵਿਰਸਾ ਸੰਭਾਲ ਗਤਕਾ ਮੁਕਾਬਲੇ ਕਰਵਾਏ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਨਵੀਂ ਪਨੀਰੀ ਨੂੰ ਆਪਣੇ ਅਮੀਰ ਧਰਮ ਅਤੇ ਵਿਰਸੇ ਨਾਲ ਜੋੜਨ ਅਤੇ ਸਿੱਖ ਮਾਰਸ਼ਲ ਆਰਟਸ ਦੀ ਮਹਾਨਤਾ ਨੂੰ ਜਾਣੂ ਕਰਵਾਉਣ ਦੇ ਮਨੋਰਥ ਨਾਲ ਦੀਵਾਨ ਅਧੀਨ ਚੱਲ ਰਹੀ ਧਰਮ-ਪ੍ਰਚਾਰ ਕਮੇਟੀ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਮਜੀਠਾ ਰੋਡ, ਬਾਈਪਾਸ ਵਿਖੇ ਵਿਰਸਾ ਸੰਭਾਲ ਗਤਕਾ ਮੁਕਾਬਲੇ ਅਤੇ ਫ੍ਰੀ-ਸਟਿਕ ਫਾਈਟਿੰਗ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਦਾ ਆਗਾਜ਼ ਅਕਾਲ ਪੁਰਖ ਦਾ ਓਟ ਆਸਰਾ ਲੈਂਦਿਆਂ ਅਰਦਾਸ ਨਾਲ ਕਰਨ ਉਪਰੰਤ ਖਾਲਸਾਈ ਬਾਣੇ ਵਿਚ ਸਜੇ ਬੱਚਿਆਂ ਨੇ ਢੋਲ ਅਤੇ ਨਗਾਰੇ ਦੀਆਂ ਧੁੰਨਾਂ ਤੇ ਬਹੁਤ ਉਤਸ਼ਾਹ ਨਾਲ ਗਤਕੇ ਦੇ ਜੌਹਰ ਦਿਖਾਏ। ਤਿੰਨ ਜ਼ੋਨਾਂ ਵਿਚ ਵੰਡ ਕੇ ਕਰਵਾਏ ਗਏ। ਗਤਕਾ ਮੁਕਾਬਲਿਆਂ ਵਿਚ ਕੁੱਲ 30 ਟੀਮਾਂ ਨੇ ਭਾਗ ਲਿਆ ਜਿਸ ਤਹਿਤ ਜ਼ੋਨ-ਏ ਵਿਚ ਦੀਵਾਨ ਅਧੀਨ ਅੰਮ੍ਰਿਤਸਰ ਦੇ ਸਕੂਲ, ਜ਼ੋਨ ਬੀ ਵਿਚ ਪੋਂਡੂ/ਚੰਡੀਗੜ੍ਹ/ਕਪੂਰਥਲਾ ਸਕੂਲਾਂ ਦੀਆਂ ਟੀਮਾਂ ਅਤੇ ਜ਼ੋਨ-ਸੀ ਵਿਚ ਜ਼ਿਲਾ ਤਰਨਤਾਰਨ, ਜ਼ਿਲਾ ਹੁਸ਼ਿਆਰਪੁਰ ਦੇ ਸੀਕੇਡੀ ਸਕੂਲਾਂ ਨੇ ਭਾਗ ਲਿਆ ਅਤੇ ਜੇਤੂਆਂ ਨੂੰ ਇਨਾਮ ਵੰਡੇ ਗਏ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਗਤਕੇ ਦੀ ਮਹਾਨਤਾ ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਮੀਰੀ-ਪੀਰੀ ਦੇ ਸਿਧਾਂਤ ਨੂੰ ਸਮਰਪਿਤ ਗਤਕੇ ਰਾਹੀਂ ਸਿੱਖ ਕੌਮ ਦੀ ਵਿਲੱਖਣ ਹੋਂਦ ਅਤੇ ਪਹਿਚਾਣ ਉਜਾਗਰ ਹੁੰਦੀ ਹੈ ਅਤੇ ਬੱਚਿਆਂ ਨੂੰ ਆਪਣੇ ਪੁਰਾਤਨ ਸਭਿਆਚਾਰ ਅਤੇ ਵਿਰਸੇ ਨਾਲ ਜੁੜਨ ਦਾ ਮੌਕਾ ਮਿਲਦਾ ਹੈ। ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤਰਲੋਚਨ ਸਿੰਘ, ਹਰਮਨਜੀਤ ਸਿੰਘ ਅਤੇ ਗੁਰਬਖਸ਼ ਸਿੰਘ ਬੇਦੀ ਨੇ ਸਾਂਝੇ ਤੌਰ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤਿੰਨ ਜ਼ੋਨਾਂ ਵਿਚ ਵੰਡੇ ਗਏ ਮੁਕਾਬਲਿਆਂ ਦਾ ਫਾਈਨਲ 4-05-2024 ਨੂੰ ਦੀਵਾਨ ਅਧੀਨ ਚੱਲ ਰਹੇ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਵਿਚ ਕਰਵਾਇਆ ਜਾਵੇਗਾ ਜਿਥੇ ਜੇਤੂ ਟੀਮਾਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਧਰਮ ਪ੍ਰਚਾਰ ਕਮੇਟੀ ਵੱਲੋਂ ਵਿਸ਼ਵ ਦਸਤਾਰ ਦਿਵਸ ਮੌਕੇ ਵੱਖ-ਵੱਖ ਸੀਕੇਡੀ ਸਕੂਲਾਂ ਵਿਚ ਕਰਵਾਏ ਗਏ ਸੁੰਦਰ ਦਸਤਾਰ ਮੁਕਾਬਲਿਆਂ ਦੇ ਜੇਤੂਆਂ ਨੂੰ ਵੀ ਸਨਮਾਨਿਤ ਕਰਕੇ ਹੌਸਲਾ ਅਫਜ਼ਾਈ ਕੀਤੀ ਜਾਵੇਗੀ। ਇਸ ਮੌਕੇ ਸਕੂਲ ਮੈਂਬਰ ਇੰਚਾਰਜ ਮਨਮੋਹਨ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰਜ ਤਰਲੋਚਨ ਸਿੰਘ, ਹਰਮਨਜੀਤ ਸਿੰਘ ਅਤੇ ਗੁਰਬਖਸ਼ ਸਿੰਘ ਬੇਦੀ, ਸਪੋਰਟਸ ਡਾਇਰੈਕਟਰ ਅੰਮ੍ਰਿਤਪਾਲ ਕੌਰ, ਜੁਆਇੰਟ ਡਾਇਰੈਕਟਰ ਸਪੋਰਟਸ ਦੀਪਇੰਦਰ ਸਿੰਘ, ਪ੍ਰਿੰ. ਦਪਿੰਦਰ ਕੌਰ, ਸੁਖਜੀਤ ਕੌਰ ਅਤੇ ਸਕੂਲ ਸਟਾਫ ਹਾਜ਼ਰ ਸੀ।

# 200 ਕਿੱਲੋ ਲਾਹਣ ਸਮੇਤ ਨੌਜਵਾਨ ਕਾਬੂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਚੋਣ ਕਮਿਸ਼ਨ ਪੰਜਾਬ ਦੀਆਂ ਸਖਤ ਹਦਾਇਤਾਂ ਅਤੇ ਐੱਸਐੱਸਪੀ ਗੁਰਦਾਸਪੁਰ ਦਾਯਮਾ ਹਰੀਸ਼ ਕੁਮਾਰ ਦੇ ਹੁਕਮਾਂ ਤਹਿਤ ਥਾਣਾ ਧਾਰੀਵਾਲ ਦੀ ਪੁਲਸ ਨੇ 200 ਕਿੱਲੋ ਲਾਹਣ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਥਾਣਾ ਧਾਰੀਵਾਲ ਦੇ ਐੱਸਐੱਚਓ ਮਨਦੀਪ ਸਲਗੋਤਰਾ ਨੇ ਦੱਸਿਆ ਕਿ ਐਕਸਾਈਜ਼ ਇੰਸਪੈਕਟਰ ਬਿਕਰਮਜੀਤ ਸਿੰਘ ਭੁੱਲਰ ਅਤੇ ਥਾਣਾ ਧਾਰੀਵਾਲ ਦੇ ਏਐੱਸਆਈ ਯੂਸਫ ਮਸੀਹ ਨੇ ਸਮੇਤ ਪੁਲਸ ਪਾਰਟੀ ਮੁੱਖਬਰ ਖਾਸ ਦੀ ਇਤਲਾਹ ਤੇ ਬਲਜੀਤ ਸਿੰਘ ਪੁੱਤਰ ਸੁਖਬੀਰ ਸਿੰਘ ਵਾਸੀ ਸੁਜਾਨਪੁਰ ਦੇ ਘਰ ਰੇਡ ਕਰਕੇ ਉਸਨੂੰ 200 ਕਿੱਲੋ ਲਾਹਣ ਸਮੇਤ ਕਾਬੂ ਕਰਕੇ ਉਸ ਵਿਰੁੱਧ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

# ਮਜ਼ਦੂਰ ਮੁਕਤੀ ਮੋਰਚਾ ਤੇ ਲਿਬਰੇਸ਼ਨ ਮਨਾਏਗੀ 1 ਮਈ ਨੂੰ ਮਜ਼ਦੂਰ ਦਿਹਾੜਾ




**ਗਹਿਰੀ ਮੰਡੀ (ਮਨਜੀਤ ਸਿੰਘ ਭੰਗੂ)**- ਮਜ਼ਦੂਰ ਮੁਕਤੀ ਮੋਰਚਾ ਪੰਜਾਬ ਅਤੇ ਸੀਪੀਆਈਐੱਮਐੱਲ ਲਿਬਰੇਸ਼ਨ ਦੇ ਆਗੂਆਂ ਅਤੇ ਵਰਕਰਾਂ ਦੀ ਮੀਟਿੰਗ ਸੁਖਦੇਵ ਸਿੰਘ ਜਾਣੀਆ ਦੀ ਪ੍ਰਧਾਨਗੀ ਹੇਠ ਦਿ ਓਲਾਈਵ ਗਾਰਡਨ ਜੰਡਿਆਲਾ ਗੁਰੂ ਵਿਖੇ ਕੀਤੀ ਗਈ। ਮੀਟਿੰਗ ਵਿੱਚ ਹੋਏ ਫੈਸਲੇ ਦੀ ਜਾਣਕਾਰੀ ਦਿੰਦਿਆਂ ਹੋਇਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾਈ ਮੀਤ ਪ੍ਰਧਾਨ ਨਿਰਮਲ ਛੱਜਲਵੱਡੀ ਨੇ ਦੱਸਿਆ ਕਿ ਲਿਬਰੇਸ਼ਨ ਅਤੇ ਮਜ਼ਦੂਰ ਮੁਕਤੀ ਮੋਰਚਾ ਸਾਂਝੇ ਤੌਰ 'ਤੇ ਜੰਡਿਆਲਾ ਗੁਰੂ ਵਿਖੇ ਇਕ ਮਈ ਮਜ਼ਦੂਰ ਦਿਵਸ ਪੂਰੇ ਹੁਲਾਸ ਨਾਲ ਮਨਾਉਣਗੇ। ਇਸ ਸਮੇਂ ਕਨਵੈਸ਼ਨ ਕਰਨ ਉਪਰੰਤ ਸ਼ਹਿਰ ਦੇ ਬਾਜ਼ਾਰਾਂ ਵਿੱਚ ਮਾਰਚ ਕੱਢਿਆ ਜਾਵੇਗਾ ਅਤੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਰਵੱਈਆ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ। ਇਸ ਸਮੇਂ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਜਾਣੀਆ, ਗੁਰਪ੍ਰੀਤ ਸਿੰਘ ਜਾਣੀਆ, ਜਸਪਾਲ ਕੌਰ ਰਈਆ, ਸਰਬਜੀਤ ਕੌਰ ਗੁੰਨੋਵਾਲ, ਦੀਪਕ ਸਿੰਘ ਬੰਡਾਲਾ, ਸੋਨੂੰ ਧਾਰੜ, ਗੁਰਵੇਲ ਸਿੰਘ ਵਡਾਲਾ ਜੌਹਲ, ਸਰਦਾਰ ਸਿੰਘ ਜਹਾਂਗੀਰ ਆਦਿ ਹਾਜ਼ਰ ਸਨ।

# 'ਆਓ ਸਹਿਜ ਪਾਠ ਕਰੀਏ ਤੇ ਵਿਚਾਰੀਏ' ਸੰਬੰਧੀ ਲੱਗਾ ਸੈਮੀਨਾਰ

**ਝਬਾਲ (ਹਰਜਿੰਦਰ ਸਿੰਘ ਸੋਨੀ)**—ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਸ੍ਰੀ ਸਹਿਜ ਪਾਠ ਸੇਵਾ ਲਹਿਰ ਵੱਲੋਂ 'ਆਓ ਸਹਿਜ ਪਾਠ ਕਰੀਏ ਤੇ ਵਿਚਾਰੀਏ' ਸੰਬੰਧੀ ਸੈਮੀਨਾਰ ਸਤਨਾਮ ਸਿੰਘ ਸੋਲਪੁਰੀ ਵੱਲੋਂ ਲਗਾਇਆ ਗਿਆ। ਉਨ੍ਹਾਂ ਵਿਚਾਰ ਸਾਂਝੇ ਕਰਦਿਆਂ ਬੱਚਿਆਂ ਨੂੰ ਵੱਧ ਤੋਂ ਵੱਧ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਤ ਕਰਦਿਆਂ ਸਹਿਜ ਪਾਠ ਕਰਨ ਸੰਬੰਧੀ ਸਮਝਾਇਆ। ਉਨ੍ਹਾਂ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਗੁਰਬਾਣੀ ਨਾਲ ਜੁੜਿਆ ਹੀ ਮਨੁੱਖ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਨਿਕਲਦਾ ਹੈ ਅਤੇ ਜ਼ਿੰਦਗੀ ਵਿੱਚ ਉੱਚੇ ਅਹੁਦੇ ਹਾਸਲ ਕੀਤੇ ਜਾਂਦੇ ਹਨ। ਨੌਜਵਾਨ ਪੀੜ੍ਹੀ ਜੋ ਬਾਣੀ ਵੱਲੋਂ ਬੇਮੁੱਖ ਹੋ ਰਹੀ ਹੈ ਉਸ ਵਿੱਚ ਨੈਤਿਕ ਕਦਰਾਂ ਕੀਮਤਾਂ ਭਰਨ ਲਈ ਗੁਰਬਾਣੀ ਦੇ ਲੜ ਲੱਗਣਾ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਅਸੀਂ ਗੁਰੂਆਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਆਪਣਾ ਜਨਮ ਸਫ਼ਲ ਕਰ ਸਕਦੇ ਹਾਂ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ ਅਤੇ ਸਕੂਲ ਦੇ ਪ੍ਰਿੰ. ਅਨੁਰੀਤ ਬਾਵਾ ਨੇ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ।

# 'ਹੈਲਥ ਐਂਡ ਸੇਫ਼ਟੀ ਡੇ' ਤੇ ਬੱਚਿਆਂ ਨੂੰ ਕੀਤਾ ਜਾਗਰੂਕ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ 27 'ਹੈਲਥ ਐਂਡ ਸੇਫਟੀ ਡੇ' ਮਨਾਉਂਦਿਆਂ ਬੱਚਿਆਂ ਨੂੰ ਸਿਹਤ ਸੰਬੰਧੀ ਜਾਗਰੂਕ ਕੀਤਾ ਗਿਆ। ਸਵੇਰ ਦੀ ਸਭਾ ਵਿੱਚ ਸਕੂਲ ਸ਼ਬਦ ਗਾਇਨ ਤੋਂ ਬਾਅਦ ਮੈਡਮ ਰਾਜਵਿੰਦਰ ਕੌਰ ਨਰਸ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿਹਤ ਇੱਕ ਵਡਮੁੱਲਾ ਖਜ਼ਾਨਾ ਹੈ। ਜਾਨ ਹੈ ਤਾਂ ਜਹਾਨ ਹੈ। ਇਸ ਲਈ ਹਰ ਇੱਕ ਬੱਚੇ ਨੂੰ ਆਪਣੀ ਸਿਹਤ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਬੱਚਿਆਂ ਨੂੰ ਸੰਤੁਲਿਤ ਭੋਜਨ ਖਾਣ, ਵੱਧ ਤੋਂ ਵੱਧ ਕਸਰਤ ਕਰਨ ਅਤੇ ਖੇਡਾਂ ਵਿੱਚ ਭਾਗ ਲੈਣ ਦੇ ਲਈ ਉਤਸ਼ਾਹਿਤ ਕੀਤਾ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ ਅਤੇ ਸਕੂਲ ਦੇ ਪ੍ਰਿੰ. ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਸੰਤੁਲਿਤ ਭੋਜਨ ਖਾਣ ਅਤੇ ਖੇਡਾਂ ਦੁਆਰਾ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਦੇ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਅਭਿਨਵ ਵੱਲੋਂ ਜੇ ਈ ਈ ਦੀ ਪ੍ਰੀਖਿਆ 'ਚ ਆਲ ਇੰਡੀਆ ਰੈਂਕ ਹਾਸਲ



**ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)**-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਚਵਿੰਡਾ ਦੇਵੀ ਜੋ ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰ ਰਿਹਾ ਹੈ, ਦੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਅਭਿਨਵ ਕੁਮਾਰ ਨੇ ਜੇਈਈ ਦੀ ਪ੍ਰੀਖਿਆ ਵਿੱਚ 99.9 ਪ੍ਰਤੀਸ਼ਤ ਅਤੇ ਆਲ ਇੰਡੀਆ ਰੈਂਕ 1675 ਲੈ ਕੇ ਮਾਣ ਪ੍ਰਾਪਤ ਕੀਤਾ।ਇਸ ਖੁਸ਼ੀ ਦੇ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਪ੍ਰਵੀਨ ਸ਼ਰਮਾ ਨੇ ਅਭਿਨਵ ਕੁਮਾਰ ਨੂੰ ਵਧਾਈ ਦਿੱਤੀ ਤੇ ਹੌਸਲਾ ਅਫ਼ਜ਼ਾਈ ਕੀਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਬੁਲੰਦੀਆਂ ਨੂੰ ਛੂਹਣ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਸਮੇਂ ਸਕੂਲ ਦੇ ਵਾਈਸ ਚੇਅਰਮੈਨ ਅਸ਼ਵਨੀ ਕਪੂਰ, ਐੱਮ. ਡੀ. ਕੋਮਲ ਕਪੂਰ, ਅਕਾਦਮਿਕ ਫੈਸਿਲੀਟੇਟਰ ਨਿਤੀਕਾ ਸੇਠੀ, ਕੋਆਰਡੀਨੇਟਰ ਰਾਜਵਿੰਦਰ ਕੌਰ, ਕੋਆਰਡੀਨੇਟਰ ਹਰਪ੍ਰੀਤ ਸਿੰਘ, ਸਮੂਹ ਸਟਾਫ ਤੇ ਵਿਦਿਆਰਥੀ ਮੌਜੂਦ ਸਨ।

# ਦਾਨਾ ਮੰਡੀ ਰਈਆ 'ਚ ਕੰਡੇ-ਵੱਟੇ ਤੇ ਤੋਲ ਦੀ ਚੈਕਿੰਗ ਹੋਈ



**ਟਾਂਗਰਾ (ਲਾਡੀ ਮੱਲ੍ਹੀ)**— ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜਸਵੰਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੰਯੁਕਤ ਡਾਇਰੈਕਟਰ ਖੇਤੀਬਾੜੀ (ਨਕਦੀ ਫਸਲਾਂ), ਇੰਚਾਰਜ ਮਾਰਕੀਟਿੰਗ ਵਿੰਗ ਰਾਜੇਸ਼ ਕੁਮਾਰ ਦੀ ਰਹਿਨੁਮਾਈ ਹੇਠ ਸਹਾਇਕ ਮੰਡੀਕਰਨ ਅਫ਼ਸਰ (ਅੰਮ੍ਰਿਤਸਰ) ਹਰਦੀਪ ਕੌਰ ਦੀ ਅਗਵਾਈ ਹੇਠ ਸ਼ਿਵਾਨੀ ਪਲਿਆਲ ਅਤੇ ਮਨਕੀਰਤ ਕੌਰ ਖੇਤੀਬਾੜੀ ਵਿਕਾਸ ਅਫ਼ਸਰ (ਮ) ਦੀ ਟੀਮ ਵੱਲੋਂ ਦਾਣਾ ਮੰਡੀ ਰਈਆ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਕੰਡੇ-ਵੱਟੇ ਅਤੇ ਤੋਲ ਦੀ ਚੈਕਿੰਗ ਕੀਤੀ ਗਈ।ਇਸ ਦੌਰਾਨ ਟੀਮ ਵੱਲੋਂ ਕਿਸਾਨਾਂ ਨੂੰ ਤੋਲ ਅਪਣੀ ਨਿਗਰਾਨੀ ਹੇਠ ਕਰਵਾਉਣ ਲਈ ਕਿਹਾ ਗਿਆ ਅਤੇ ਉਨ੍ਹਾਂ ਵਲੋਂ ਦਿੱਤੇ ਜਾਂਦੇ ਉਤਰਾਈ ਅਤੇ ਸਫਾਈ ਦੇ ਖਰਚਿਆਂ ਬਾਰੇ ਦੱਸਿਆ ਗਿਆ ।ਇਸਦੇ ਨਾਲ ਹੀ ਟੀਮ ਵੱਲੋਂ ਕਣਕ ਦੀ ਤੁਲਾਈ ਦੌਰਾਨ ਮਾਰਕੀਟ ਕਮੇਟੀ ਰਈਆ ਦੇ ਮੰਡੀ ਸੁਪਰਵਾਈਜ਼ਰ ਅਤੇ ਹੋਰ ਸਟਾਫ਼ ਦੀ ਹਾਜ਼ਰੀ ਵਿੱਚ ਕੰਡੇ-ਵੱਟਿਆਂ ਦੇ ਤਸਦੀਕਸ਼ੁਦਾ ਹੋਣ ਅਤੇ ਤੋਲ ਦੀ ਚੈਕਿੰਗ ਕੀਤੀ ਗਈ।

# ਕਲਾਸੀਫਾਈਡ ਇਸ਼ਤਿਹਾਰ

## PUBLIC NOTICE

I Jc-213866 Ex Sub Avtar Singh S/O Dalip Singh R/O Vpo Attari, Tehsil & Distt Amritsar Punjab 143108 Have Declared That In My Army Record My Wife Name Is Wrongly Mentioned As Rajwant Kaur But Her Correct Name Is Rajwant Kaur Sandhu Also Her Dob Mentioned As 25/04/1962 But Her Correct Dob Is 28/11/1962. All Concerned Please Note.

I, Gulshan Kumari W/o Sh. Chotu R/o H.No. 264, Kaki Pind, Rama Mandi, VPO. Dakoha, Distt. Jalandhar declare that my elder son Prince Kumar and his wife Sanjita and younger son Manish Rana are out of my control. So I disinherit them from all my moveable and immoveable properties. If anybody dealing with them will do so at their own risk and responsibility. All concerned please note.

## ਆਮ ਸੂਚਨਾ

ਅਜਮੇਰ ਸਿੰਘ ਪੁੱਤਰ ਸੱਜਣ ਸਿੰਘ, ਪਿੰਡ ਘਨੌਰੀ ਕਲਾਂ (ਸੰਗਰੂਰ) ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਜੀਕੇ 183 ਪਾਵਰ 20, ਹਰਵਿੰਦਰ ਸਿੰਘ ਪੁੱਤਰ ਅਜਮੇਰ ਸਿੰਘ, ਪਿੰਡ ਘਨੌਰੀ ਕਲਾਂ ਦੇ ਨਾਮ ਕਰਨਾ ਹੈ। ਇਤਰਾਜ਼ੀ 15 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਉਪ ਮੰਡਲ ਸ਼ੇਰਪੁਰ-2 ਦੇ ਇਤਰਾਜ਼ ਪੇਸ਼ ਕਰੇ।

ਲਾਲ ਸਿੰਘ ਪੁੱਤਰ ਸੁੱਚਾ ਸਿੰਘ ਰਾਊਕੇ ਕਲਾਂ, ਜ਼ਿਲ੍ਹਾ ਮੋਗਾ ਦੇ ਨਾਂਅ ਵਾਕਿਆ ਰਕਬਾ ਰਾਊਕੇ ਕਲਾਂ, ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ-31-175 12.5 ਹਾਰਸ ਪਾਵਰ ਨੂੰ ਬਿੱਕਰ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਰਾਊਕੇ ਕਲਾਂ, ਜ਼ਿਲ੍ਹਾ ਮੋਗਾ ਦੇ ਨਾਂਅ ਪਰ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ, ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

## ਨਾਂਅ ਦੀ ਬਦਲੀ

ਮੈ ਬਲਵੀਰ ਕੌਰ ਪਤਨੀ ਸ੍ਰੀ ਦਰਸ਼ਨ ਸਿੰਘ ਵਾਸੀ ਵਾਰਡ ਨੰਬਰ 11 ਬਸਤੀ ਘੁਮਿਆਰੀ ਵਾਲੀ ਮੱਲਾਂਵਾਲਾ ਤਹਿ:ਜ਼ੀਰਾ ਜਿਲਾ ਫਿਰੋਜ਼ਪੁਰ ਦੀ ਰਹਿਣ ਵਾਲੀ ਹਾਂ ਮੈ ਆਪਣਾ ਨਾਮ ਬਲਬੀਰ ਕੌਰ ਤੋ ਬਦਲੀ ਕਰਕੇ ਬਲਵੀਰ ਕੌਰ ਰੱਖ ਲਿਆ ਹੈ ਸਬੰਧਤ ਨੋਟ ਕਰਨ ।

## COURT NOTICE

In the Court of
Sh. Mrs. Sudipa Kaur
Civil Judge (Junior Division), Kharar
CNR No. PBSAA0-000959-2023
Next Date : 5.7.2024
Dilbagh Singh
Vs. Labh Singh

Publication issued to : 8. Ritu Rani D/o Madanpal S/o Sadhu Singh S/o Day Ram 9. Deepak Kumar S/o Madanpal S/o Sadhu Singh S/o Day Ram Both R/o Village Tewar Tehsil Kharar District Mohali

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 05.07.2024 at 10.00 a.m.

For details logon to : https://highcourtchd.gov.in/?trs=district notice&district=SAS Nagar

Civil Judge (Junior Division) Kharar

Dated this day of 19.04.2024

## Change of Name

I, Parkasho W/o Geju Ram R/o V.P.O. Randhawa Masandan, Distt. Jalandhar Declare I have changed my name from Parkasho to Parkash Kaur. All concerned note. (9881)

I,Ripan Bala W/O Rakesh Mahajan R/O H.No.188,Gali No.5,Batala Road,Near Post Office,Vijay Nagar, Amritsar,Punjab have changed my name from Ripan Bala to Ripan Mahajan.Concerned note.

I,Sagar S/O Mangal Dass R/O Gali No.1,Choudhri Hari Singh Nagar,Amritsar,Punjab have changed my name from Sagar to Sagar Sharma.Concerned note.

I, Variender Khanna S/O Ishar Dass Khanna R/O H.no.25, Shiv Nagar, Batala Road, Amritsar Have Changed My Name From Variender Khanna To Virender Khanna

I, Sharanjit Kaur W/O Lakhwinder Singh R/O H.no.a-364, Partap Nagar G.t Road, Amritsar Have Changed My Name From Sharanjit Kaur To Sharnjit Kaur

I, Tejinder Kaur W/O Bhupinder Singh Chhina R/O H.no.4658, Guru Nanak Wara, Near Khalsa College Amritsar Have Changed My Name From Tejinder Kaur To Tejinder Kaur Chhina

I Rajesh Bala W/O Subhash Chander R/O H.no.2875/20, Gali No.2, Azad Nagar, Putlighar, Amritsar Have Changed My Name From Rajesh Bala To Rajesh Mahajan.

I, Kanwaljeet Kaur Thind W/O Tajinder Singh Thind R/O H.no.4, Gali No.1, G.t Road, Amritsar Public School, Dashmesh Avenue, Amritsar Have Changed My Name From Kanwaljeet Kaur Thind To Kanwaljit Kaur Thind

I, Sarabjeet Kaur W/O Kashmir Singh R/O H.no.1205, Fairland Colony, Fgc Road, Amritsar Have Changed My Name From Sarabjeet Kaur To Sarabjit Kaur

I Ninder Singh Kaler S/O Mukhtar Singh R/O Vill Kaler Mangat Po Kathu Nangal Distt Amritsar Have Change My Name From Ninder Singh Kaler To Ninder Singh

I Rekha w/o Rohit Chadhar r/o H.No. 255, Street No. 4, Subhash Nagar, Phagwara Distt. Kapurthala have changed my name to Rekha Chadha.

I, Harminder Kaur W/o Manjit Singh R/o H.No. 71, Bank Enclave, Jalandhar, Punjab-144003, India have changed my name from Harminder Kaur to Harpinder Kaur. All concerned please note.

I, Rajni Devi W/o Chander Bhushan R/o H.No. NK 250-A, Charanjit Pura, Jalandhar, Punjab, India have changed my name from Rajni Aggarwal to Rajni Devi. All concerned please note.

I, Raman Kumar S/o Krishan Kumar R/o H.No. 51-A, Ranjit Enclave Near Jalandhar Public School, Deep Nagar, Jalandhar Cantt, Jalandhar, Punjab, India have changed the name of my minor son from Aaron Sahota to Aron Sahota. All concerned please note.

## ਬੇਦਖਲੀ ਨੋਟਿਸ

ਮੈਂ ਬਲਬੀਰ ਸਿੰਘ ਪੁੱਤਰ ਜੀਤ ਸਿੰਘ ਵਾਸੀ ਪਿੰਡ ਟਿੱਬਾ ਤਹਿਸੀਲ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ। ਇਹ ਹੈ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਅਤੇ ਮੇਰੀ ਨੂੰਹ ਮਨਜੋਤ ਕੌਰ ਜੋ ਮੇਰੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਸਾਡੇ ਨਾਲ ਲੜਾਈ ਝਗੜਾ ਕਰਦੇ ਹਨ। ਅਸੀਂ ਆਪਣੇ ਲੜਕੇ ਮਨਪ੍ਰੀਤ ਸਿੰਘ ਅਤੇ ਉਸਦੀ ਪਤਨੀ ਮਨਜੋਤ ਕੌਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਉਸ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਡੁੱਮਣ ਸਿੰਘ ਸਿੰਘ ਪੁੱਤਰ ਸਾਧੂ ਸਿੰਘ , ਕੁਲਵੰਤ ਕੌਰ ਪਤਨੀ ਡੁੱਮਣ ਸਿੰਘ ਵਾਸੀ ਪਿੰਡ ਸ਼ਤਾਬਗੜ੍ਹ ਤਹਿਸੀਲ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ।ਇਹ ਹੈ ਕਿ ਸਾਡਾ ਲੜਕਾ ਸੁਖਵੀਰ ਸਿੰਘ ਅਤੇ ਪ੍ਰੀਤ ਕੌਰ ਜੋ ਮੇਰੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਸਾਡੇ ਨਾਲ ਲੜਾਈ ਝਗੜਾ ਕਰਦੇ ਹਨ। ਅਸੀਂ ਆਪਣੇ ਲੜਕੇ ਸੁਖਵੀਰ ਸਿੰਘ ਅਤੇ ਉਸਦੀ ਪਤਨੀ ਪ੍ਰੀਤ ਕੌਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹੈ ਉਸ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਗੁਰਮੇਲ ਸਿੰਘ ਪੁੱਤਰ ਜਗਵੀਰ ਸਿੰਘ ਵਾਸੀ ਪਿੰਡ ਟੋਡਰਪੁਰ ਤਹਿਸੀਲ ਸਮਾਣਾ ਜ਼ਿਲ੍ਹਾ ਪਟਿਆਲਾ ਆਪਣੀ ਪਤਨੀ ਮਨਜੀਤ ਕੌਰ ,ਪੁੱਤਰ ਦਿਲਪ੍ਰੀਤ ਸਿੰਘ ਨੂੰਹ ਅਮਨਦੀਪ ਕੌਰ, ਪੋਤਰੀ ਜਪਨੀਤ ਕੌਰ ਅਤੇ ਲੜਕੀ ਵੀਰਪਾਲ ਕੌਰ ਨੂੰ ਮਾੜੀ ਸੰਗਤ ਦਾ ਸ਼ਿਕਾਰ ਅਤੇ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈ ਸਤਿੰਦਰਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮੁਹੱਲਾ ਅਟਾਰੀ ਵਾਲਾ ਵਾਰਡ ਨੰ. 4, ਆਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ, ਹਾਲ ਵਾਸੀ ਭੁਲੱਥ, ਜ਼ਿਲ੍ਹਾ ਕਪੂਰਥਲਾ, ਘੋਸ਼ਣਾ ਕਰਦਾ ਹਾਂ ਕਿ ਮੇਰੀ ਪਤਨੀ ਸੁਖਵਿੰਦਰ ਕੌਰ ਪੁੱਤਰੀ ਕਸ਼ਮੀਰਾ ਸਿੰਘ ਵਾਸੀ ਪਿੰਡ ਬੇਗੋਵਾਲ, ਜ਼ਿਲ੍ਹਾ ਕਪੂਰਥਲਾ 19 ਮਈ 2023 ਤੋਂ ਮੈਨੂੰ ਛੱਡ ਕੇ ਚਲੀ ਗਈ ਹੈ।ਉਸਤੋਂ ਬਾਅਦ ਮੇਰਾ ਉਹਦੇ ਨਾਲ ਕੋਈ ਸੰਪਰਕ ਨਹੀਂ ਹੈ। ਮੈ ਉਸਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਕਤ ਔਰਤ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੰਤੋਸ਼ ਰਾਣੀ ਪਤਨੀ ਦੇਸ ਰਾਜ ਵਾਸੀ ਮਕਾਨ ਨੰ. 92, ਏਕਨੂਰ ਮੁਹੱਲਾ, ਨੰਗਲ ਕਰਾਰ ਖਾਨ, ਜ਼ਿਲ੍ਹਾ ਜਲੰਧਰ, ਪੰਜਾਬ 144024 ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਿਤੇਸ਼ ਸਨਮ ਪਾਲ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਅਸੀਂ, ਕਰਮਜੀਤ ਸਿੰਘ ਪੁੱਤਰ ਚਰਨ ਸਿੰਘ ਤੇ ਜਸਵਿੰਦਰ ਕੌਰ ਪਤਨੀ ਕਰਮਜੀਤ ਸਿੰਘ, ਮਕਾਨ ਨੰ. 111, ਨਿਊ ਉਪਕਾਰ ਨਗਰ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪ੍ਰਭਜੋਤ ਸਿੰਘ ਤੇ ਉਸ ਦੀ ਪਤਨੀ ਰਾਜਵਿੰਦਰ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਗੁਰਪਾਲ ਸਿੰਘ ਪੁੱਤਰ ਭਾਨ ਸਿੰਘ ਵਾਸੀ ਪਿੰਡ ਮਾਗਾ ਸਰਾਏ ਤਹਿਸੀਲ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਰਿੰਦਰ ਸਿੰਘ ਜੋ ਕਿ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ,ਆਪਣੀ ਮਨ ਮਰਜੀ ਕਰਦਾ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਅਸੀਂ, ਬਿੰਦਰ ਕੌਰ ਉਮਰ ਤਕਰੀਬਨ 59 ਸਾਲ ਪਤਨੀ ਸ੍ਰੀ ਸੱਜਣ ਸਿੰਘ ਅਤੇ ਪਲਵਿੰਦਰ ਕੌਰ ਉਮਰ ਤਕਰੀਬਨ 76 ਸਾਲ ਪਤਨੀ ਸ੍ਰੀ ਸੱਜਣ ਸਿੰਘ ਦੋਨੋਂ ਵਾਸੀ ਪਿੰਡ ਖੇੜਾ, ਡਾਕਖਾਨਾ ਜਮਸ਼ੇਰ ਖਾਸ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਜਸਕਿਰਤ ਸਿੰਘ ਸ਼ੇਰਗਿੱਲ, ਜਿਸ ਦੀ ਉਮਰ 34 ਸਾਲ ਜੋ ਕਿ ਇਸ ਸਮੇਂ ਜੇਲ੍ਹ ਵਿੱਚ ਬੰਦ ਹੈ। ਹੁਣ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਸਾਨੂੰ ਤੰਗ-ਪ੍ਰੇਸ਼ਾਨ ਕਰਦਾ ਹੈ। ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਕੋਈ ਉਸ ਦੇ ਨਾਲ ਲੈਣ-ਦੇਣ ਕਰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਹੁਣ ਸਾਡਾ ਉਸ ਦੇ ਨਾਲ ਕੋਈ ਲੈਣ-ਦੇਣ ਨਹੀਂ ਹੈ।

ਮੈਂ, ਅਮਰਜੀਤ ਕੌਰ ਪਤਨੀ ਗੱਜਣ ਸਿੰਘ ਵਾਸੀ ਸ਼ੇਖ ਫੱਤਾ ਗੇਟ, ਜਾਣੀਆ ਹਸਪਤਾਲ, ਨੇੜੇ ਸੂਆ, ਜੰਡਿਆਲਾ ਗੁਰੂ, ਥਾਣਾ ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੀ ਰਹਿਣ ਵਾਲੀ ਹਾਂ। ਕਿ ਮੇਰੀ ਲੜਕੀ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਡੁੱਮਣ ਸਿੰਘ ਪੁੱਤਰ ਸੀਤਾ ਰਾਮ ਵਾਸੀ ਪਿੰਡ ਮਜਾਰੀ, ਡਾਕਖਾਨਾ ਬੀਨੇਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਤਿਲਕ ਰਾਜ ਤੇ ਉਸਦੀ ਪਤਨੀ ਨੀਸ਼ਾ ਦੇਵੀ ਤੇ ਪੋਤਾ ਕੋਸ਼ਿਕ ਤੇ ਪੋਤੀ ਮੋਹਾਨਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸ਼ਾਮ ਲਾਲ ਪੁੱਤਰ ਜਗਤ ਰਾਮ ਵਾਸੀ ਮਕਾਨ ਨੰ: 153/6, ਭਾਰਗੋ ਨਗਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਨਰਿੰਦਰ ਕੁਮਾਰ ਅਤੇ ਉਸਦੀ ਪਤਨੀ ਰੇਖਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ। (ਆਰ)

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ (ਐਕਟ, 2002{54 ਆਫ 2002}) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ 1. ਮੈਸਰਜ਼ ਮਠਾਰੂ ਵੁੱਡ ਵਰਕਸ, ਮੁਹੱਲਾ ਰਾਮਗੜ੍ਹੀਆ, ਆਰਿਆਂਵਾਲੀ ਗਲੀ, ਕੋਟਕਪੂਰਾ ਰਾਹੀਂ ਇਸ ਦੇ ਮਾਲਕ ਸ੍ਰੀ ਹਰਦੀਪ ਸਿੰਘ 2. ਸ੍ਰੀ ਹਰਦੀਪ ਸਿੰਘ ਪੁੱਤਰ ਸ੍ਰੀ ਮੋੜਾ ਸਿੰਘ ਵਾਸੀ ਮਕਾਨ ਨੰ. 244, ਮੁਹੱਲਾ ਰਾਮਗੜ੍ਹੀਆ, ਕੋਟਕਪੂਰਾ, ਫਰੀਦਕੋਟ, ਪੰਜਾਬ-151204 (ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀਮਤੀ ਮਨਜੀਤ ਕੌਰ ਪਤਨੀ ਮੋੜਾ ਸਿੰਘ ਵਾਸੀ ਨੇੜੇ ਨਰਿੰਦਰ ਸਿਨੇਮਾ, ਮੁਹੱਲਾ ਰਾਮਗੜ੍ਹੀਆ, ਕੋਟਕਪੂਰਾ, ਫਰੀਦਕੋਟ, ਪੰਜਾਬ-151204 4. ਸ੍ਰੀ ਜਗਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਮਕਾਨ ਨੰ. ਬੀ-4/399, ਵਾਰਡ ਨੰ. 12, ਨੇੜੇ ਨਰਿੰਦਰ ਪੈਲੇਸ, ਮੁਹੱਲਾ ਰਾਮਗੜ੍ਹੀਆ, ਕੋਟਕਪੂਰਾ, ਫਰੀਦਕੋਟ, ਪੰਜਾਬ-151204, 5. ਸ੍ਰੀ ਮੋੜਾ ਸਿੰਘ ਪੁੱਤਰ ਕੁੰਦਨ ਸਿੰਘ ਵਾਸੀ ਮੁਹੱਲਾ ਰਾਮਗੜ੍ਹੀਆ, ਕੋਟਕਪੂਰਾ, ਫਰੀਦਕੋਟ, ਪੰਜਾਬ-151204 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਡਬਲਯੂ ਸੀ ਟੀ ਐੱਲ/084612000004 'ਚ 5,40,905/-ਰੁਪਏ ਬਕਾਇਆ ਰਕਮ ਦੀ ਇਸ ਨੋਟਿਸ ਦੇ ਪ੍ਰਕਾਸ਼ਨ ਹੋਣ ਤੋਂ ਬਾਅਦ 60 ਦਿਨਾਂ ਦੇ ਅੰਦਰ ਨੋਟਿਸ 'ਚ ਦਰਸਾਈ ਮਿਤੀ ਤੋਂ ਅਦਾਇਗੀ ਕਰਨ ਲਈ 5/01/2024 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਡਬਲਯੂ ਸੀ ਟੀ ਐੱਲ/084612000004 'ਚ 5,40,905/-ਰੁਪਏ ਬਕਾਇਆ ਮਿਤੀ 01.01.2024 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਟੀ : ਜਾਇਦਾਦ ਦਾ ਉਚਿਤ ਗਿਰਵੀਨਾਮਾ : ਤਬਾਦਲਾ ਬੈਨਾਮਾ ਨੰ. 2018-19/41/1/86 ਮਿਤੀ 01/08/2018 ਅਨੁਸਾਰ ਸ੍ਰੀਮਤੀ ਮਨਜੀਤ ਕੌਰ ਪਤਨੀ ਮੋੜਾ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 101 ਵਰਗ ਗਜ਼, ਮੁਹੱਲਾ ਰਾਮਗੜ੍ਹੀਆ, ਕੋਟਕਪੂਰਾ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ।

ਮਿਤੀ : 25.04.2024 ਸਥਾਨ : ਕੋਟਕਪੂਰਾ (ਅਧਿਕਾਰਤ ਅਫਸਰ)

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ (ਐਕਟ, 2002 {54 ਆਫ 2002}) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ 1. ਸ੍ਰੀ ਦੀਪਕ ਗੋਇਲ ਪੁੱਤਰ ਸ੍ਰੀ ਹੀਰਾ ਲਾਲ ਉਰਫ ਹੀਰਾ ਲਾਲ ਗੋਇਲ ਵਾਸੀ ਮਕਾਨ ਨੰ. 702, ਗਲੀ ਨੰ.7 ਈ, ਪ੍ਰਤਾਪ ਨਗਰ, ਕੋਟਕਪੂਰਾ, ਫਰੀਦਕੋਟ, ਪੰਜਾਬ-15204 2. ਮੈਸਰਜ਼ ਗੋਇਲ ਇੰਡਸਟ੍ਰੀਜ਼, ਜਲਾਲੇਆਣਾ ਰੋਡ, ਨੇੜੇ ਰੇਲਵੇ ਟਰੈਕ, ਕੋਟਕਪੂਰਾ, ਫਰੀਦਕੋਟ ਰਾਹੀਂ ਇਸ ਦੇ ਮਾਲਕ ਦੀਪਕ ਗੋਇਲ ਪੁੱਤਰ ਸ੍ਰ. ਹੀਰਾ ਲਾਲ ਉਰਫ ਹੀਰਾ ਲਾਲ ਗੋਇਲ ਵਾਸੀ ਮਕਾਨ ਨੰ. 702, ਗਲੀ ਨੰ. 7 ਈ, ਪ੍ਰਤਾਪ ਨਗਰ, ਕੋਟਕਪੂਰਾ, ਫਰੀਦਕੋਟ, ਪੰਜਾਬ-151204 (ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀ ਹੀਰਾ ਲਾਲ ਪੁੱਤਰ ਸ੍ਰੀ ਗੰਗਾ ਰਾਮ ਵਾਸੀ ਮਕਾਨ ਨੰ. 702, ਗਲੀ ਨੰ. 7 ਈ, ਪ੍ਰਤਾਪ ਨਗਰ, ਕੋਟਕਪੂਰਾ, ਫਰੀਦਕੋਟ, ਪੰਜਾਬ-151204, 4. ਸ੍ਰੀ ਰਾਜਵੰਤ ਸਿੰਘ ਪੁੱਤਰ ਸ੍ਰੀ ਬਲਦੇਵ ਸਿੰਘ ਵਾਸੀ ਨੇੜੇ ਮਾਤਾ ਦਾ ਮੰਦਰ, ਸਰਾਵਾਂ, ਫਰੀਦਕੋਟ, ਪੰਜਾਬ-151204 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਐੱਲ ਏ ਪੀ/084602000020 'ਚ ਰੁਪਏ 8,99,247.73/-ਅਤੇ ਡਬਲਯੂ ਸੀ ਟੀ ਐੱਲ/084612000002 'ਚ ਰੁਪਏ 3,13,736.19/-ਉਕਤ ਨੋਟਿਸ ਦੀ ਮਿਤੀ ਨੂੰ 60 ਦਿਨਾਂ ਦੇ ਅੰਦਰ ਅਦਾਇਗੀ ਕਰਨ ਲਈ ਮਿਤੀ 06/01/2024 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਲ ਏ ਪੀ/084602000020 'ਚ ਰੁਪਏ 8,99,247.73/-ਅਤੇ ਡਬਲਯੂ ਸੀ ਟੀ ਐੱਲ/084612000002 'ਚ ਰੁਪਏ 3,13,736.19/-ਰੁਪਏ ਬਕਾਇਆ ਮਿਤੀ 01.01.2024 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਟੀ : ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਨੰ. 2005 ਮਿਤੀ 04/10/2011 ਅਨੁਸਾਰ ਸ੍ਰੀ ਦੀਪਕ ਗੋਇਲ ਪੁੱਤਰ ਸ੍ਰੀ ਹੀਰਾ ਲਾਲ ਦੀ ਮਲਕੀਅਤ ਜਾਇਦਾਦ 1 ਕਨਾਲ-13 ਮਰਲੇ, ਜਲਾਲੇਆਣਾ ਰੋਡ, ਨੇੜੇ ਰੇਲਵੇ ਟਰੈਕ, ਕੋਟਕਪੂਰਾ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ।

ਮਿਤੀ : 25.04.2024 ਸਥਾਨ : ਕੋਟਕਪੂਰਾ (ਅਧਿਕਾਰਤ ਅਫਸਰ)

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ (ਐਕਟ, 2002 {54 ਆਫ 2002}) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ (ਐਕਟ, 2002 [54 ਆਫ 2002]) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ (1) ਸ੍ਰੀ ਜਗਸੀਰ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ ਵਾਸੀ ਘਣੀਆ ਵਾਲਾ ਰੋਡ, ਨੇੜੇ ਸਰਵਿਸ ਸਟੇਸ਼ਨ, ਔਲਖ, ਫਰੀਦਕੋਟ-151207 (2) ਸ੍ਰੀਮਤੀ ਸਰਬਜੀਤ ਕੌਰ ਪਤਨੀ ਸ੍ਰੀ ਜਗਸੀਰ ਸਿੰਘ ਵਾਸੀ ਔਲਖ, ਫਰੀਦਕੋਟ-151207 (ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ (3) ਬੇਅੰਤ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਨੇੜੇ ਧਰਮਸ਼ਾਲਾ ਹਰੀ ਨੌ, ਫਰੀਦਕੋਟ, ਪੰਜਾਬ-151204 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਐੱਲ ਏ ਪੀ/84602000035 'ਚ ਰੁਪਏ 7,31,745.50/- ਦੀ ਬਕਾਇਆ ਰਕਮ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾਇਗੀ ਕਰਨ ਲਈ ਮਿਤੀ 11/12/2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਲ ਏ ਪੀ/84602000035 'ਚ ਰੁਪਏ 7,31,745.50/- ਰੁਪਏ ਮਿਤੀ 01.12.2023 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਟੀ : ਉਕਤ ਜਾਇਦਾਦ ਦਾ ਗਿਰਵੀਨਾਮਾ : ਬੈਨਾਮਾ ਨੰ. 2018-19/41/1/2007 ਮਿਤੀ 20/03/2019 ਅਨੁਸਾਰ ਸਰਬਜੀਤ ਕੌਰ ਪਤਨੀ ਜਗਸੀਰ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 10 ਮਰਲੇ, ਪਿੰਡ ਔਲਖ, ਜ਼ਿਲ੍ਹਾ ਫਰੀਦਕੋਟ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਜੋ ਸਬ-ਰਜਿਸਟਰਾਰ ਦੇ ਦਫਤਰ ਦਰਜ ਕੀਤੀ ਗਈ।

ਮਿਤੀ :25.04.2024, ਸਥਾਨ : ਕੋਟਕਪੂਰਾ (ਅਧਿਕਾਰਤ ਅਫਸਰ)

# ਮੁੱਖ ਮੰਤਰੀ ਨੇ ਟੀਨੂੰ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ



**ਜਲੰਧਰ ( ਸ਼ੈਲੀ ਐਲਬਰਟ)** ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਸ਼ਾਮ ਜਲੰਧਰ 'ਚ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਲਈ ਚੋਣ ਪ੍ਰਚਾਰ ਕੀਤਾ।ਭਗਵੰਤ ਮਾਨ ਨੇ ਜਲੰਧਰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਰੋਡ ਸ਼ੋਅ ਕੀਤੇ ਅਤੇ ਲੋਕਾਂ ਨੂੰ ਪਵਨ ਕੁਮਾਰ ਟੀਨੂੰ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਦੀ ਅਪੀਲ ਕੀਤੀ।ਰੋਡ ਸ਼ੋਅ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ 'ਆਪ' ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਸੰਸਦ ਮੈਂਬਰ ਸੁਸ਼ੀਲ ਰਿੰਕੂ 'ਤੇ ਤਿੱਖਾ ਹਮਲਾ ਕੀਤਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਉਨ੍ਹਾਂ ਨੂੰ ਸੰਸਦ ਮੈਂਬਰ ਬਣਾ ਕੇ ਰਾਸ਼ਟਰੀ ਪੱਧਰ 'ਤੇ ਪਹਿਚਾਣ ਦਿਵਾਈ, ਪਰ ਲਾਲਚ ਅਤੇ ਸਵਾਰਥ ਕਾਰਨ ਉਨ੍ਹਾਂ ਨੇ ਪਾਰਟੀ ਅਤੇ ਜਲੰਧਰ ਦੇ ਲੋਕਾਂ ਨਾਲ ਧੋਖਾ ਕੀਤਾ। ਮਾਨ ਨੇ ਜਲੰਧਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਨਾਲ ਧੋਖਾ ਕਰਨ ਵਾਲਿਆਂ ਨੂੰ ਸਬਕ ਸਿਖਾਉਣ ਅਤੇ ਉਨ੍ਹਾਂ ਦੀ ਜ਼ਮਾਨਤ ਜ਼ਬਤ ਕਰਵਾਉਣ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ।ਇਸ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਓ। ਉਹ ਸੰਸਦ 'ਚ ਤੁਹਾਡੀ ਆਵਾਜ਼ ਬਣ ਕੇ ਤੁਹਾਡੇ ਹੱਕਾਂ ਲਈ ਲੜਨਗੇ।ਮਾਨ ਨੇ ਕਿਹਾ ਕਿ ਅਸੀਂ ਪਿਛਲੇ ਦੋ ਸਾਲਾਂ ਵਿਚ ਕੀਤੇ ਕੰਮਾਂ ਦੇ ਆਧਾਰ 'ਤੇ ਇਸ ਚੋਣ ਵਿਚ ਤੁਹਾਡੀਆਂ ਵੋਟਾਂ ਮੰਗ ਰਹੇ ਹਾਂ। ਜੇਕਰ ਤੁਹਾਨੂੰ ਸਾਡਾ ਕੰਮ ਪਸੰਦ ਹੈ ਤਾਂ ਸਾਨੂੰ ਵੋਟ ਦਿਓ। ਪਵਨ ਕੁਮਾਰ ਟੀਨੂੰ ਦੇ ਸੰਬੰਧ 'ਚ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ (ਟੀਨੂੰ) ਨੇ ਅਕਾਲੀ ਦਲ ਨਹੀਂ ਛੱਡਿਆ, ਸਗੋਂ ਅਕਾਲੀ ਦਲ ਨੇ ਹੀ ਇਹਨਾਂ ਨੂੰ ਛੱਡਿਆ ਹੈ, ਕਿਉਂਕਿ ਜਦੋਂ ਕੰਮ ਦੀ ਗੱਲ ਆਈ ਤਾਂ ਪਾਰਟੀ ਨੇ ਇਹਨਾਂ ਨੂੰ ਵਰਤਿਆ ਅਤੇ ਜਦੋਂ ਮਿਹਨਤ ਦਾ ਫਲ ਦੇਣ ਦੀ ਗੱਲ ਆਉਂਦੀ ਹੈ ਤਾਂ ਚਾਚਾ, ਭਤੀਜੇ, ਜੀਜੇ ਅਤੇ ਸਾਲੇ ਅੱਗੇ ਹੋ ਫਲ ਲੈ ਲੈਂਦੇ ਹਨ। ਉਨ੍ਹਾਂ ਕਿਹਾ ਕਿ ਪਵਨ ਕੁਮਾਰ ਟੀਨੂੰ ਨੇ ਵੀ ਇੱਕ ਆਮ ਪਰਵਾਰ ਵਿੱਚੋਂ ਸਿਆਸਤ ਵਿੱਚ ਆ ਕੇ ਆਪਣੀ ਪਹਿਚਾਣ ਬਣਾਈ ਹੈ। ਉਨ੍ਹਾਂ ਨੂੰ ਵੱਡੇ ਫ਼ਰਕ ਨਾਲ ਜਿੱਤਾਂ ਦਿਓ, ਉਹ ਲੋਕ ਸਭਾ ਵਿਚ ਜਲੰਧਰ ਦੇ ਆਮ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕਰਨਗੇ।

# ਵਿਧਵਾ ਨੇ ਪ੍ਰਸ਼ਾਸਨ 'ਤੇ ਮਕਾਨ ਢਾਹੁਣ ਦਾ ਲਾਇਆ ਇਲਜ਼ਾਮ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)** ਨਜ਼ਦੀਕੀ ਪੈਂਦੇ ਪਿੰਡ ਹਾਫਿਜ਼ਾਬਾਦ ਦੀ ਵਿਧਵਾ ਔਰਤ ਚਰਨਜੀਤ ਕੌਰ ਪਤਨੀ ਸਵ ਕੁਲਵੰਤ ਸਿੰਘ ਨੇ ਬੀ ਡੀ ਪੀ ਓ 'ਤੇ ਉਸ ਦਾ ਮਕਾਨ ਢਾਹ ਢੇਰੀ ਕਰਨ ਦਾ ਇਲਜ਼ਾਮ ਲਗਾਉਂਦਿਆਂ ਦੱਸਿਆ ਕਿ ਉਹ ਆਪਣੇ ਪਤੀ ਦੀ ਮੌਤ ਤੋਂ ਬਾਅਦ ਮੁਹਾਲੀ ਵਿਖੇ ਰਹਿੰਦੇ ਹਨ।ਪਿੰਡ ਹਾਫਿਜ਼ਾਬਾਦ ਵਿਖੇ ਉਨ੍ਹਾਂ ਦਾ ਜੱਦੀ ਪੁਸ਼ਤੀ ਤਿੰਨ ਮੰਜ਼ਲਾਂ ਮਕਾਨ ਬੰਦ ਪਿਆ ਸੀ, ਜਿਸ 'ਚ ਉਨ੍ਹਾਂ ਦਾ ਸਾਰਾ ਘਰੇਲੂ ਸਮਾਨ ਪਿਆ ਹੈ ਪਰ ਪ੍ਰਸ਼ਾਸਨ ਨੇ ਬੀਤੇ ਦਿਨੀਂ ਉਨ੍ਹਾਂ ਨੂੰ ਕੋਈ ਕਾਨੂੰਨੀ ਨੋਟਿਸ ਦਿੱਤੇ ਬਿਨਾਂ ਅਤੇ ਨਾ ਹੀ ਕੋਈ ਜਾਣਕਾਰੀ ਦਿੱਤੀ ਗਈ ਸਗੋਂ ਉਨ੍ਹਾਂ ਦੇ ਮਕਾਨ ਨੂੰ ਪਿਛਲੇ ਪਾਸਿਓ ਜੇ ਸੀ ਬੀ ਲਗਾ ਕੇ ਕਰੀਬ 30 ਫ਼ੀਸਦੀ ਢਾਹ ਦਿੱਤਾ।ਪੀੜਤ ਚਰਨਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਮਕਾਨ ਸੰਨ 2005 'ਚ ਬਣਾਇਆ ਸੀ ਪ੍ਰੰਤੂ ਸੰਨ 2016 'ਚ ਉਨ੍ਹਾਂ ਨੂੰ ਪਤਾ ਲੱਗਾ ਕਿ ਪੰਚਾਇਤ ਵਾਲੇ ਉਨ੍ਹਾਂ ਦੇ ਮਕਾਨ ਨੂੰ ਢਾਹੁਣਾ ਚਾਹੁੰਦੇ ਹਨ, ਜਿਸ 'ਤੇ ਉਨ੍ਹਾਂ ਮਾਣਯੋਗ ਅਦਾਲਤ ਰੂਪਨਗਰ ਵਿਖੇ ਕੇਸ ਪਾਇਆ।ਉਨ੍ਹਾਂ ਦੱਸਿਆ ਕਿ ਕੇਸ ਪਾਉਣ ਤੋਂ ਬਾਅਦ ਅਦਾਲਤ ਨੇ ਫੈਸਲਾ ਉਨ੍ਹਾਂ ਦੇ ਹੱਕ 'ਚ ਕਰ ਦਿੱਤਾ।ਉਨ੍ਹਾਂ ਦੱਸਿਆ ਕਿ ਪੰਚਾਇਤ ਵੱਲੋਂ ਅਦਾਲਤ 'ਚ ਹਰਬੰਸ ਕੌਰ ਖਿਲਾਫ਼ ਕੇਸ ਚੱਲ ਰਿਹਾ ਹੈ, ਪਰ ਉਸ ਨੂੰ ਆਧਾਰ ਬਣਾ ਕੇ ਹੀ ਉਨ੍ਹਾਂ ਦਾ ਮਕਾਨ ਢਾਹ ਦਿੱਤਾ ਗਿਆ, ਜਦੋਂ ਕਿ ਹਰਬੰਸ ਕੌਰ ਦਾ ਮਕਾਨ ਬਿਲਕੁਲ ਅਲੱਗ ਹੈ।ਚਰਨਜੀਤ ਕੌਰ ਨੇ ਰੋਸ ਜਾਹਿਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਕੋਈ ਮਕਾਨ ਢਾਹੁਣ ਦਾ ਨੋਟਿਸ ਤੇ ਜਾਣਕਾਰੀ ਵੀ ਨਹੀਂ ਦਿੱਤੀ ਗਈ।ਉਨ੍ਹਾਂ ਡਿਪਟੀ ਕਮਿਸ਼ਨਰ ਅਤੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਇਸ ਸੰਬੰਧੀ ਜਾਂਚ ਕਰਵਾ ਕੇ ਬਣਦੀ ਕਾਰਵਾਈ ਕੀਤੀ ਜਾਵੇ। ਜਦੋਂ ਇਸ ਸੰਬੰਧੀ ਬੀ ਡੀ ਪੀ ਓ ਅਜੈਬ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਹ ਮਕਾਨ ਪੰਚਾਇਤ ਦੀ ਜ਼ਮੀਨ 'ਚ ਪਾਇਆ ਗਿਆ ਹੈ ਅਤੇ ਮਾਣਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਪੂਰੀ ਕਾਰਵਾਈ ਤਹਿਤ ਇਸ ਨੂੰ ਢਾਹਿਆ ਗਿਆ ਹੈ।

# 'ਆਪ' ਮੁੱਦਿਆਂ 'ਤੇ ਚੋਣ ਲੜ ਰਹੀ ਹੈ : ਨੀਲ ਗਰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਆਮ ਆਦਮੀ ਪਾਰਟੀ (ਆਪ) ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਦੋਸ਼ਾਂ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਅਕਾਲੀ ਦਲ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਝੂਠ ਬੋਲ ਰਿਹਾ ਹੈ। ਸੱਚ ਤਾਂ ਇਹ ਹੈ ਕਿ ਸਿਰਫ ਆਮ ਆਦਮੀ ਪਾਰਟੀ ਹੀ ਮੁੱਦਿਆਂ ਅਤੇ ਆਪਣੇ ਦੋ ਸਾਲਾਂ ਦੇ ਕੰਮ ਦੇ ਆਧਾਰ 'ਤੇ ਚੋਣ ਲੜ ਰਹੀ ਹੈ। ਬਿਆਨ ਜਾਰੀ ਕਰਦਿਆਂ ਆਪ ਬੁਲਾਰਾ ਨੀਲ ਗਰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਇਹ ਲੋਕ ਸਭਾ ਚੋਣ ਸਿੱਖਿਆ, ਦਵਾਈ, ਬਿਜਲੀ, ਪਾਣੀ, ਖੇਤੀ ਅਤੇ ਪੰਜਾਬ ਦਾ ਰੁਜ਼ਗਾਰ ਦੇ ਮੁੱਦਿਆਂ 'ਤੇ ਲੜ ਰਹੀ ਹੈ। ਅਕਾਲੀ ਦਲ ਦੱਸੇ, ਕੀ ਇਹ ਪੰਜਾਬ ਦਾ ਮੁੱਦੇ ਨਹੀਂ ?

ਗਰਗ ਨੇ ਕਿਹਾ ਕਿ ਅਕਾਲੀ ਦਲ ਨੇ ਮੋਦੀ ਸਰਕਾਰ ਦੇ ਕਾਲੇ ਕਾਨੂੰਨਾਂ ਦਾ ਸਮਰਥਨ ਕੀਤਾ। ਇਹਨਾਂ ਨੇ ਹਮੇਸ਼ਾ ਕਿਸਾਨਾਂ ਨਾਲ ਧੋਖਾ ਕੀਤਾ ਹੈ। ਬਾਦਲ ਪਰਵਾਰ ਨਹਿਰ ਕੱਟ ਕੇ ਆਪਣੇ ਫਾਰਮ ਹਾਊਸ ਤੱਕ ਪਾਣੀ ਲੈ ਗਿਆ ਪਰ ਪੰਜਾਬ ਦੇ ਕਿਸਾਨਾਂ ਨੂੰ ਪਾਣੀ ਦੇਣ ਬਾਰੇ ਕਦੇ ਨਹੀਂ ਸੋਚਿਆ। ਉਥੇ ਹੀ ਮਾਨ ਸਰਕਾਰ ਕਿਸਾਨਾਂ ਦੀ ਸਹੂਲਤ ਲਈ ਪੰਜਾਬ ਦੇ ਹਰ ਕੋਨੇ ਤੱਕ ਨਹਿਰੀ ਪਾਣੀ ਪਹੁੰਚਾ ਰਹੀ ਹੈ। ਅੱਜ ਸਰਕਾਰ ਆਮ ਲੋਕਾਂ ਨੂੰ ਹਰ ਮਹੀਨੇ 300 ਯੂਨਿਟ ਮੁਫਤ ਬਿਜਲੀ ਦੇ ਰਹੀ ਹੈ ਅਤੇ ਕਿਸਾਨਾਂ ਨੂੰ ਦਿਨ ਵੇਲੇ ਖੇਤੀ ਕਰਨ ਲਈ ਵੀ ਲੋੜੀਂਦੀ ਬਿਜਲੀ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਪੰਜਾਬ 'ਚ ਮਾਫੀਆ ਰਾਜ ਵਧਾਇਆ ਅਤੇ ਪੰਜਾਬ ਦੇ ਖਜਾਨੇ ਨੂੰ ਚੂਨਾ ਲਗਾ ਕੇ ਆਪਣਾ ਖਜਾਨਾ ਭਰਿਆ ਹੈ। ਉਸ ਨੇ ਪੰਜਾਬ ਨੂੰ ਇੰਨੇ ਕਰਜੇ 'ਚ ਡੁਬੋ ਦਿੱਤਾ ਜਿਸ ਕਾਰਨ ਅੱਜ ਪੰਜਾਬ ਸਰਕਾਰ ਨੂੰ ਹਜ਼ਾਰਾਂ ਕਰੋੜ ਰੁਪਏ ਵਿਆਜ ਵਜੋਂ ਦੇਣੇ ਪੈ ਰਹੇ ਹਨ। ਅਕਾਲੀ ਦਲ ਦੱਸੇ ਕਿ ਇੰਨੇ ਕਰਜੇ ਦੇ ਪੈਸੇ ਨਾਲ ਉਨ੍ਹਾਂ ਨੇ ਕੀ ਕੀਤਾ ?

# ਖਾਦ ਤੇ ਬੀਜ ਵਾਲੀਆਂ ਦੁਕਾਨਾਂ ਦੀ ਚੈਕਿੰਗ



**ਮੋਹਾਲੀ, (ਗੁਰਜੀਤ ਬਿੱਲਾ)** ਮੁੱਖ ਖੇਤੀਬਾੜੀ ਅਫਸਰ ਜਿਲ੍ਹਾ ਐੱਸ ਏ ਐੱਸ ਨਗਰ ਡਾ. ਗੁਰਮੇਲ ਸਿੰਘ ਦੀ ਅਗਵਾਈ ਵਿੱਚ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਬਲਾਕ ਖਰੜ ਦੇ ਅਧਿਕਾਰੀਆਂ ਵੱਲੋਂ ਖਰੜ ਅਤੇ ਬਨੂੰੜ ਵਿਖੇ ਕੰਮ ਕਰਦੀਆਂ ਖਾਦ ਅਤੇ ਬੀਜ ਵਿਕਰੀ ਕਰਨ ਵਾਲੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ।ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 11 ਬੀਜ ਉਤਪਾਦਨ ਕੰਪਨੀਆਂ ਵੱਲੋਂ ਪੈਦਾ ਕੀਤੀਆਂ ਜਾਂਦੀਆਂ ਝੋਨੇ ਦੀਆਂ 23 ਹਾਈਬ੍ਰਿਡ ਕਿਸਮਾਂ ਦੀ ਵਿਕਰੀ ਬਾਰੇ ਡੀਲਰਾਂ ਨੂੰ ਜਾਣਕਾਰੀ ਦਿੱਤੀ ਗਈ। ਚੈਕਿੰਗ ਦੌਰਾਨ ਡੀਲਰਾਂ ਨੂੰ ਹਦਾਇਤ ਕੀਤੀ ਗਈ ਕਿ ਬਿਨ੍ਹਾਂ ਅਡੀਸ਼ਨ ਦੇ ਕਿਸੇ ਵੀ ਕੰਪਨੀ ਦੀ ਖਾਦ ਅਤੇ ਬੀਜ ਦੀ ਵਿਕਰੀ ਨਾ ਕੀਤੀ ਜਾਵੇ ਅਤੇ ਬੀਜ ਦੀ ਵਿਕਰੀ ਤੋਂ ਪਹਿਲਾਂ-ਪਹਿਲਾਂ ਸਬੰਧਤ ਕੰਪਨੀ ਦੀ ਅਡੀਸ਼ਨ, ਬੀਜ ਲਾਇਸੈਂਸ ਵਿੱਚ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ।ਇਸ ਤੋਂ ਇਲਾਵਾ ਸਾਉਣੀ ਸੀਜ਼ਨ ਲਈ ਲੋੜੀਂਦੀ ਖਾਦ ਯੂਰੀਆਂ, ਜਿੰਕ, ਸਲਫ਼ਰ ਆਦਿ ਦੀ ਕਿਸਾਨਾਂ ਨੂੰ ਨਿਰਵਿਘਨ ਸਪਲਾਈ ਨੂੰ ਯਕੀਨੀ ਬਨਾਉਣ ਲਈ ਵੀ ਚੈਕਿੰਗ ਕੀਤੀ ਗਈ ਅਤੇ ਡੀਲਰਾਂ ਨੂੰ ਬਿਨ੍ਹਾਂ ਕਿਸੇ ਟੈਗਿੰਗ ਦੇ ਕਿਸਾਨਾਂ ਨੂੰ ਖਾਦ ਦੀ ਵਿਕਰੀ ਕਰਨ ਲਈ ਕਿਹਾ ਗਿਆ।ਚੈਕਿੰਗ ਸਮੇਂ ਬਲਾਕ ਖਰੜ ਦੇ ਬਲਾਕ ਅਫ਼ਸਰ ਡਾ ਸ਼ੁਭਕਰਨ ਸਿੰਘ, ਖੇਤੀਬਾੜੀ ਵਿਕਾਸ ਅਫ਼ਸਰ ਗੁਰਦਿਆਲ ਕੁਮਾਰ, ਜਸਵਿੰਦਰ ਸਿੰਘ, ਖੇਤੀਬਾੜੀ ਵਿਸਥਾਰ ਅਫ਼ਸਰ ਡਾ ਅਜੇ ਕੁਮਾਰ ਅਤੇ ਏ ਟੀ ਐਮ ਕੁਲਵਿੰਦਰ ਸਿੰਘ ਹਾਜ਼ਰ ਸਨ।

# ਟੀਕਾਕਰਨ ਵਿਭਾਗ ਵੱਲੋਂ ਟੀਕਾਕਰਨ ਕੈਂਪ



**ਫਗਵਾੜਾ (ਡਾ. ਰਮਨ)** ਸਿਵਲ ਸਰਜਨ ਕਪੂਰਥਲਾ ਡਾ. ਲਹਿੰਬਰ ਰਾਮ ਦੇ ਹੁਕਮਾਂ ਅਤੇ ਡਾ. ਰਣਦੀਪ ਸਿੰਘ ਸਹੋਤਾ ਜ਼ਿਲ੍ਹਾ ਟੀਕਾਕਰਨ ਅਫ਼ਸਰ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਡਾ. ਰਾਜੇਸ਼ ਚੰਦਰ ਦੀ ਯੋਗ ਅਗਵਾਈ ਅਤੇ ਡਾ. ਨਰੇਸ਼ ਕੁੰਦਰਾ ਨੋਡਲ ਅਫ਼ਸਰ (ਟੀਕਾਕਰਨ ਪ੍ਰੋਗਰਾਮ) ਦੀ ਸੁਚੱਜੀ ਦੇਖ ਰੇਖ ਹੇਠ ਸਬ ਡਵੀਜ਼ਨ ਫਗਵਾੜਾ ਵਿਖੇ ਯੂਨੀਵਰਸਲ ਟੀਕਾਕਰਨ ਪ੍ਰੋਗਰਾਮ (ਈ ਪੀ ਆਈ) ਦੀ 50ਵੀਂ ਵਰ੍ਹੇਗੰਢ ਨੂੰ ਸਮਰਪਿਤ ਵਿਸ਼ਵ-ਟੀਕਾਕਰਨ ਸਪਤਾਹ ਦੀ ਸ਼ੁਰੂਆਤ ਦੇ ਚੱਲਦਿਆਂ ਸਿਵਲ ਹਸਪਤਾਲ ਫਗਵਾੜਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰਾਜੇਸ਼ ਚੰਦਰ ਨੇ ਹਰ ਲਾਭਪਾਤਰੀ ਦੇ ਸੰਪੂਰਨ ਟੀਕਾਕਰਨ ਦੀ ਹਦਾਇਤ ਕੀਤੀ ਉਨ੍ਹਾਂ ਕਿਹਾ ਕਿ ਉਮਰ ਦੇ ਹਿਸਾਬ ਨਾਲ ਜਿਨ੍ਹਾਂ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ-ਅਧੂਰਾ ਹੈ, ਉਨ੍ਹਾਂ ਦਾ ਸੰਪੂਰਨ ਟੀਕਾਕਰਨ ਕਰਨਾ ਯਕੀਨੀ ਬਣਾਇਆ ਜਾਵੇ ਉਨ੍ਹਾਂ ਕਿਹਾ ਕਿ ਕੋਈ ਵੀ ਲਾਭਪਾਤਰੀ ਸੰਪੂਰਨ ਟੀਕਾਕਰਨ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ ਹੈ। ਇਸ ਮੌਕੇ ਡਾ ਨਰੇਸ਼ ਕੁੰਦਰਾ ਨੋਡਲ ਅਫ਼ਸਰ ( ਟੀਕਾਕਰਨ ਪ੍ਰੋਗਰਾਮ ) ਨੇ ਦੱਸਿਆ ਕਿ ਜੋ ਲੋਕ ਕਿਸੇ ਕਾਰਣ ਵੰਸ਼ ਅਪਣੇ ਬੱਚਿਆਂ ਦੇ ਸੰਪੂਰਨ ਟੀਕਾਕਰਨ ਕਰਵਾਉਣ ਤੋਂ ਵਾਂਝੇ ਰਹਿ ਗਏ ਹਨ ਉਨ੍ਹਾਂ ਨੂੰ ਸਿਹਤ ਵਿਭਾਗ ਦੀਆ ਟੀਮਾਂ ਲੱਭ ਲੱਭ ਕੇ ਆਉਟਰੀਚ ਕੈਂਪ ਲਗਾ ਬੱਚਿਆਂ ਦਾ ਟੀਕਾਕਰਨ ਕਰ ਰਹੀਆ ਹਨ।

# ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੌਮੀ ਲੋਕ ਅਦਾਲਤ ਸੰਬੰਧੀ ਮੀਟਿੰਗ



**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)** ਜਿਲ੍ਹੇ 'ਚ 11.05.2024 ਨੂੰ ਨੈਸ਼ਨਲ ਲੋਕ ਲਗਾਈ ਜਾਵੇਗੀ। ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਅਤੇ ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ ਏ ਐਸ ਨਗਰ ਜੀਆਂ ਦੇ ਪ੍ਰਾਪਤ ਹੁਕਮਾਂ ਤਹਿਤ ਜਿਲ੍ਹਾ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਅਤੇ ਸੀ ਜੇ ਐੱਮ-ਕਮ-ਸਕੱਤਰ ਮਾਣਯੋਗ ਕਮਲਦੀਪ ਸਿੰਘ ਧਾਲੀਵਾਲ ਵੱਲੋਂ 26 ਅਪ੍ਰੈਲ ਨੂੰ ਜਿਲ੍ਹੇ ਦੇ ਵੱਖ ਵੱਖ ਅਧਿਕਾਰੀਆ ਲੀਡ ਬੈਕ ਮੈਨੇਜਰ, ਸ਼ਹੀਦ ਭਗਤ ਸਿੰਘ ਨਗਰ, ਜਿਲ੍ਹਾ ਰੈਵਿਨਊ ਅਫਸਰ, ਡੀ ਐਸ ਪੀ (ਟ੍ਰੈਫਿਕ), ਆਰ ਟੀ ਓ ਨਵਾਂਸ਼ਹਿਰ, ਬੀ ਐਸ ਐਨ ਐਲ ਨਵਾਸ਼ਹਿਰ, ਐਕਸੀਅਨ ਪੀ ਐਸ ਪੀ ਸੀ ਐਲ, ਐਕਸੀਅਨ ਵਾਟਰ ਅਤੇ ਸੈਨੀਟੇਸ਼ਨ ਵਿਭਾਗ, ਐਸ ਡੀ ਓ ਵਾਟਰ ਅਤੇ ਸੈਨੀਟੇਸ਼ਨ ਵਿਭਾਗ, ਇੰਚਾਰਜ ਵੋਮੈਨ ਸੈਲ ਨਵਾਸ਼ਹਿਰ, ਇੰਚਾਰਜ ਸਖੀ ਵਨ ਸਟਾਪ ਸੈਂਟਰ, ਲੇਬਰ ਇੰਸਪੈਕਟਰ ਨਵਾਂਸ਼ਹਿਰ, ਕਾਰਜਕਾਰੀ ਸਾਧਕ ਅਫਸਰ ਨਵਾਸ਼ਹਿਰ, ਬੰਗਾ, ਬਲਾਚੌਰ, ਟ੍ਰੈਫਿਕ ਇੰਚਾਰਜ ਨਵਾਸਹਿਰ, ਬੰਗਾ, ਬਲਾਚੌਰ, ਸਮੂਹ ਬੀਮਾ ਕੰਪਨੀ ਦੇ ਅਧਿਕਾਰੀਆ ਅਤੇ ਵਿੱਤ ਕੰਪਨੀ ਦੇ ਅਧਿਕਾਰੀਆ ਨਾਲ ਜਿਲ੍ਹੇ ਵਿੱਚ 11.05.2024 ਨੂੰ ਲੱਗ ਰਹੀ ਕੌਮੀ ਲੋਕ ਅਦਾਲਤ ਸੰਬੰਧੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਜਿਲ੍ਹਾ ਅਤੇ ਸ਼ੈਸ਼ਨ ਜੱਜ ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਵੱਲੋਂ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ ਏ ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਲੇ 'ਚ ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ ਤੇ ਆਏ ਰਾਜੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ। ਇਸ ਤੋਂ ਇਲਾਵਾ ਮੀਟਿੰਗ 'ਚ ਹਾਜ਼ਰ ਸਮੂਹ ਅਧਿਕਾਰੀਆ ਨੂੰ ਕਿਹਾ ਗਿਆ ਕਿ ਉਹ ਆਪਣੇ ਆਪਣੇ ਵਿਭਾਗ ਨਾਲ ਸਬੰਧਿਤ ਕੇਸ ਇਸ ਕੌਮੀ ਨੈਸ਼ਨਲ ਲੋਕ ਅਦਾਲਤ 'ਚ ਵੱਧ ਤੋਂ ਵੱਧ ਲਗਵਾਉਣ ਤਾਂ ਜੋ ਉਨ੍ਹਾਂ ਦਾ ਆਪਸੀ ਸਹਿਮਤੀ ਨਾਲ ਫੌਰਨ ਅਤੇ ਯੋਗ ਨਿਪਟਾਰਾਂ ਕੀਤਾ ਜਾ ਸਕਦਾ ਹੈ ਅਤੇ ਲੋਕ ਅਦਾਲਤ ਬਾਰੇ ਆਮ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕਤ ਕੀਤਾ ਜਾਵੇ।

# ਅਕਾਲੀ ਦਲ ਬਾਦਲ ਦਾ ਮੀਤ ਪ੍ਰਧਾਨ ਬਨਾਉਣ 'ਤੇ ਇਲਾਕੇ 'ਚ ਖੁਸ਼ੀ ਦੀ ਲਹਿਰ



**ਮੇਹਟੀਆਣਾ (ਜਗਤਾਰਸਿੰਘ ਭੁੰਗਰਨੀ)** ਜਥੇਦਾਰ ਇਕਬਾਲ ਖੇੜਾ ਦੀ ਸ਼੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨੂੰ ਬੂਹਤ ਵੱਡੀ ਦੇਣ ਹੈ ।ਸ਼੍ਰੋਮਣੀ (ਅਕਾਲੀ ਦਲ 'ਚ ਲੰਮੇ ਸਮੇਂ ਤੋਂ ਵੱਖ ਵੱਖ ਅਹੁੱਦਿਆਂ 'ਤੇ ਰਹੇ ਜਥੇਦਾਰ ਇਕਬਾਲ ਸਿੰਘ ਖੇੜਾ ਨੂੰ ਉਹਨਾਂ ਦੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਦੇਣ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੋਰਾਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਮੀਤ ਪ੍ਰਧਾਨ ਬਣਾਇਆ ਗਿਆ ਹੈ। ਜਥੇਦਾਰ ਖੇੜਾ 1997 'ਚ ਯੂਥ ਅਕਾਲੀ ਸਰਕਲ ਮਾਹਿਲਪੁਰ ਦੇ ਪ੍ਰਧਾਨ ਬਣੇ ਫਿਰ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਜਨਰਲ ਕੌਂਸਲ 1997 ਤੋਂ ਮੰਤਰੀ ਰਹੇ।ਜਥੇਦਾਰ ਖੇੜਾ ਨੂੰ ਮੀਤ ਪ੍ਰਧਾਨ ਬਣਾਉਣ 'ਤੇ ਉਹਨਾਂ ਨੇ ਸੁਖਬੀਰ ਸਿੰਘ ਬਾਦਲ, ਵਿਕਰਮ ਸਿੰਘ ਮਜੀਠੀਆ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਪ੍ਰੇਮ ਸਿੰਘ ਚੰਦੂਮਾਜਰਾ ਤੇ ਸੋਹਣ ਸਿੰਘ ਠੰਡਲ ਦਾ ਧੰਨਵਾਦ ਕੀਤਾ।

# ਲੌੜਵੰਦ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਮਾਹਿਲਪੁਰ (ਸਫਰੀ)- ਸਰਕਾਰੀ** ਸੀਨੀਅਰ ਸੈਕੰਡਰੀ ਸਕੂਲ ਨਾਰੂ ਨੰਗਲ 'ਚ ਹਕੂਮਤਪੁਰੀ ਹੈਲਫਿੰਗ ਆਰਗੇਨਾਈਜ਼ਿੰਗ ਨੇ ਪ੍ਰਧਾਨ ਅਵਤਾਰ ਸਿੰਘ ਕਾਲੇਵਾਲ ਭਗਤਾਂ ਅਤੇ ਮਾਸਟਰ ਬਲਦੇਵ ਸਿੰਘ ਅਤੇ ਸਾਬਕਾ ਸਰਪੰਚ ਸਤਨਾਮ ਸਿੰਘ ਲਕਸੀਹਾ ਦੀ ਅਗਵਾਈ ਹੇਠ ਸਕੂਲ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਦੀ ਹਾਜ਼ਰੀ 'ਚ 85 ਲੌੜਵੰਦ ਬੱਚਿਆਂ ਨੂੰ ਸਟੇਸ਼ਨਰੀ ਸਮੱਗਰੀ ਭੇਟ ਕੀਤੀ ਗਈ। ਇਸ ਮੌਕੇ ਪ੍ਰਧਾਨ ਅਵਤਾਰ ਸਿੰਘ ਕਾਲੇਵਾਲ ਭਗਤਾਂ ਅਤੇ ਮਾਸਟਰ ਬਲਦੇਵ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸੁਸਾਇਟੀ ਲੌੜਵੰਦ ਮਰੀਜਾਂ ਦੀ ਆਰਥਿਕ ਮੱਦਦ ਕਰਦੀ ਹੈ ਅਤੇ ਲੌੜਵੰਦ ਬੱਚਿਆਂ ਦੀਆਂ ਫੀਸਾਂ, ਬੂਟ ਜ਼ੁਰਾਬਾਂ, ਵਰਦੀਆਂ ਕੋਟੀਆਂ ਅਤੇ ਸਟੇਸ਼ਨਰੀ ਦਾ ਸਮਾਨ ਦਿੰਦੀ ਹੈ। ਉਨ੍ਹਾਂ ਦੱਸਿਆ ਕਿ ਇਹ ਸਭ ਕੁਝ ਡੈਲਿਸ ਟੀਮ ਦੇ ਮੈਂਬਰਾਂ ਦੇ ਸਹਿਯੋਗ ਨਾਲ ਕੀਤਾ ਜਾਂਦਾ ਹੈ। ਇਸ ਮੌਕੇ ਪ੍ਰਿੰਸੀਪਲ ਸੈਲੇਂਦਰ ਠਾਕੁਰ, ਪਲਵਿੰਦਰ ਸਿੰਘ, ਭਜਨ ਸਿੰਘ, ਸੁਰਜੀਤ ਸਿੰਘ, ਨਵਦੀਪ ਮਹਾਜਨ, ਸੁਨੀਤਾ ਕੁਮਾਰੀ, ਪੂਨਮ ਦੇਵੀ, ਰੀਨਾ ਮੱਟੂ, ਰੁਪਿੰਦਰ ਕੌਰ, ਰਿਸ਼ੂ ਮਲਹੋਤਰਾ, ਪੰਕਜ ਮਨਕੋਟੀਆ, ਹਰਦੀਪ ਸਿੰਘ, ਪ੍ਰਭਜੋਤ ਸਿੰਘ ਸਮੇਤ ਬੱਚੇ ਹਾਜ਼ਰ ਸਨ।

# ਸੀ ਪੀ ਆਈ (ਐੱਮ ਐੱਲ) ਐੱਨ ਡੀ ਵੱਲੋਂ ਭਾਜਪਾ ਨੂੰ ਹਰਾਉਣ ਦਾ ਸੱਦਾ



**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਨੇ ਇੱਥੇ ਪ੍ਰੈਸ ਕਾਨਫਰੰਸ ਕਰਕੇ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਹਰਾਉਣ ਦਾ ਸੱਦਾ ਦਿੰਦਿਆਂ ਦੂਜੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਸੁਆਲ ਕਰਨ ਦੀ ਗੱਲ ਆਖੀ ਹੈ।ਪਾਰਟੀ ਦੀ ਸੂਬਾ ਕਮੇਟੀ ਦੇ ਸੀਨੀਅਰ ਆਗੂ ਅਜਮੇਰ ਸਿੰਘ ਸਮਰਾ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਆਗੂਆਂ ਕੁਲਵਿੰਦਰ ਸਿੰਘ ਵੜੈਚ ਅਤੇ ਦਲਜੀਤ ਸਿੰਘ ਐਡਵੋਕੇਟ ਨੇ ਕਿਹਾ ਹੈ ਕਿ ਭਾਜਪਾ-ਆਰ ਐਸ ਐਸ ਦੀ ਜਿੱਤ ਇੱਕ ਗੰਭੀਰ ਖਤਰੇ ਦੀ ਘੰਟੀ ਹੈ, ਇਸ ਕਰਕੇ ਇਹ ਚੋਣਾਂ ਵਿਸ਼ੇਸ਼ ਚੋਣਾਂ ਹਨ।ਇਸ ਖਤਰੇ ਦਾ ਟਾਕਰਾ ਕਰਨ ਲਈ ਹੀ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਇਹ ਸੱਦਾ ਦੇ ਰਹੀ ਹੈ ਕਿ, 'ਭਾਜਪਾ ਨੂੰ ਹਰਾਓ ਅਤੇ ਭਜਾਓ, ਵਿਰੋਧੀ ਪਾਰਟੀਆਂ ਨੂੰ ਸੁਆਲ ਕਰੋ ਅਤੇ ਮੌਜੂਦਾ ਆਰਥਿਕ-ਸਿਆਸੀ ਪ੍ਰਬੰਧ ਨੂੰ ਬੇਪਰਦ ਕਰੋ।' ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਦੀ ਦ੍ਰਿੜ ਸਮਝ ਹੈ ਕਿ ਭਾਜਪਾ-ਆਰ ਐਸ ਐਸ ਤੇ ਇਸ ਦੀ ਕੇਂਦਰੀ ਸਰਕਾਰ ਦਾ ਮਕਸਦ ਦੇਸ਼ ਵਿੱਚ ਮੁਕੰਮਲ ਫਾਸ਼ੀਵਾਦੀ ਢਾਂਚਾ ਕਾਇਮ ਕਰਨਾ ਹੈ। ਇਸ ਟੀਚੇ ਨੂੰ ਅਮਲੀ ਰੂਪ ਦੇਣ ਲਈ ਉਸ ਨੇ ਸੱਤਾ 'ਤੇ ਸਿਆਸਤ ਦੇ ਕੇਂਦਰੀਕਰਨ ਦਾ ਰਾਹ ਫੜ ਰੱਖਿਆ ਹੈ। ਸੂਬਿਆਂ ਦੇ ਅਧਿਕਾਰਾਂ ਨੂੰ ਖੋਰਾ ਲਾ ਕੇ, ਕੇਂਦਰੀ ਏਜੰਸੀਆਂ ਅਤੇ ਅਰਧ-ਸੈਨਿਕ ਬਲਾਂ ਦਾ ਅਧਿਕਾਰ ਖੇਤਰ ਵਧਾ ਕੇ ਉਹ ਸੂਬਾ-ਸਰਕਾਰਾਂ ਨੂੰ ਮਿਊਂਸਪਲ ਕਮੇਟੀਆਂ ਬਣਾ ਦੇਣਾ ਚਾਹੁੰਦੇ ਹਨ।

ਉਨ੍ਹਾਂ ਕਿਹਾ ਕਿ ਉਹਨਾਂ ਦੀ ਪਾਰਟੀ ਇਸ ਪ੍ਰਬੰਧ ਦਾ ਪਰਦਾਫਾਸ਼ ਕਰਦਿਆਂ ਭੂਮੀ ਸੁਧਾਰ ਲਾਗੂ ਕਰਕੇ ਜ਼ਮੀਨ ਦੀ ਮੁੜ ਵੰਡ, ਕਾਰਪੋਰੇਟ ਤੋਂ ਜ਼ਮੀਨ ਬਚਾਉਣ, ਵਾਧੂ ਜ਼ਮੀਨ ਗਰੀਬ ਤੇ ਬੇਜ਼ਮੀਨੇ ਕਿਸਾਨਾਂ 'ਚ ਵੰਡਣ, ਸ਼ਬਦ ਦੇ ਸਹੀ ਅਰਥਾਂ ਵਿੱਚ ਫੈਡਰਲ ਢਾਂਚਾ ਲਾਗੂ ਕਰਨ, ਧਰਮਨਿਰਪੱਖ, ਬਰਾਬਰਤਾ ਤੇ ਸਮਾਜਿਕ ਨਿਆਂ 'ਤੇ ਟਿਕਿਆ ਸਮਾਜ ਉਸਾਰਨ, ਸਨਮਾਨਜਨਕ ਉਜਰਤਾਂ ਅਤੇ ਪੱਕਾ ਰੁਜ਼ਗਾਰ ਲੈਣ, ਦੇਸ਼ ਦੀ ਵੰਨ-ਸੁਵੰਨਤਾ ਦਾ ਮਾਹੌਲ ਸਿਰਜਣ ਦੀ ਮੁਹਿੰਮ ਚਲਾਵੇਗੀ।ਇਸ ਮੌਕੇ ਕਮਲਜੀਤ ਸਨਾਵਾ, ਅਵਤਾਰ ਸਿੰਘ ਤਾਰੀ ਅਤੇ ਹਰੀ ਰਾਮ ਰਸੂਲਪੁਰੀ ਪਾਰਟੀ ਆਗੂ ਵੀ ਹਾਜ਼ਰ ਸਨ।

## ਲੋਕ ਸਭਾ ਚੋਣਾਂ-2024: ਪੋਲਿੰਗ ਸਟਾਫ਼ ਦੀ ਪਹਿਲੀ ਰੈਂਡਮਾਈਜ਼ੇਸ਼ਨ

**ਜਲੰਧਰ, ( ਸ਼ੈਲੀ ਐਲਬਰਟ)** ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਮੌਜੂਦਗੀ 'ਚ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲੋਕ ਸਭਾ ਚੋਣਾਂ-2024 ਦੌਰਾਨ ਤਾਇਨਾਤ ਕੀਤੇ ਜਾਣ ਵਾਲੇ ਚੋਣ ਅਮਲੇ ਦੀ ਪਹਿਲੀ ਰੈਂਡਮਾਈਜ਼ੇਸ਼ਨ ਕਰਵਾਈ ਗਈ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਲੋਕ ਸਭਾ ਹਲਕਾ ਜਲੰਧਰ ਦੀ ਚੋਣ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ 10690 ਪੋਲਿੰਗ ਸਟਾਫ਼ ਦੀ ਰੈਂਡਮਾਈਜ਼ੇਸ਼ਨ ਸੀ ਈ ਓ ਪੰਜਾਬ ਦੇ ਸਾਫਟਵੇਅਰ ਨੈਕਸਟਜੈਨ ਡਾਇਸ ਰਾਹੀਂ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਚੋਣ ਸਟਾਫ਼ ਨੂੰ ਵਿਧਾਨ ਸਭਾ ਪੱਧਰ 'ਤੇ ਨਿਰਧਾਰਿਤ ਟ੍ਰੇਨਿੰਗ ਵਾਲੇ ਸਥਾਨ 'ਤੇ 2 ਸ਼ਿਫ਼ਟਾਂ 'ਚ ਚੋਣ ਡਿਊਟੀ ਬਾਰੇ ਵਿਸਥਾਰਤ ਸਿਖ਼ਲਾਈ ਦਿੱਤੀ ਜਾਵੇਗੀ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲੋਕ ਸਭਾ ਚੋਣ ਲਈ 1 ਜੂਨ ਨੂੰ ਵੋਟਾਂ ਪੈਣਗੀਆਂ, ਜਿਸ ਦੇ ਲਈ 7 ਤੋਂ 14 ਮਈ ਤੱਕ ਨਾਮਜ਼ਦਗੀਆਂ ਪ੍ਰਾਪਤ ਕੀਤੀਆਂ ਜਾਣਗੀਆਂ। 15 ਮਈ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ। ਉਪਰੰਤ 17 ਮਈ ਨੂੰ ਨਾਮਜ਼ਦਗੀਆਂ ਵਾਪਸ ਲਈਆਂ ਜਾ ਸਕਣਗੀਆਂ ਅਤੇ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ, ਡੀ.ਆਈ.ਓ. ਰਣਜੀਤ ਸਿੰਘ, ਡਿਪਟੀ ਡੀ.ਈ.ਓ. ਰਾਜੀਵ ਜੋਸ਼ੀ, ਚੋਣ ਤਹਿਸੀਲਦਾਰ ਸੁਖਦੇਵ ਸਿੰਘ, ਚੋਣ ਕਾਨੂੰਨਗੋ ਰਾਕੇਸ਼ ਕੁਮਾਰ ਆਦਿ ਵੀ ਮੌਜੂਦ ਸਨ।

## ਸਾਬਕਾ ਸਰਪੰਚ ਸੁਰਜੀਤ ਸਿੰਘ ਕਾਂਗਰਸ 'ਚ ਸ਼ਾਮਲ

**ਸ਼ਾਹਕੋਟ (ਗਿਆਨ ਸੈਦਪੁਰੀ)**-ਨੇੜਲੇ ਪਿੰਡ ਸਿੰਧੜ ਦੇ ਸਾਬਕਾ ਸਰਪੰਚ ਸੁਰਜੀਤ ਸਿੰਘ ਆਮ ਆਦਮੀ ਪਾਰਟੀ ਨੂੰ ਅਲਵਿਦਾ ਆਖ ਕੇ ਸਾਥੀਆਂ ਸਮੇਤ ਮੁੜ ਕਾਂਗਰਸ 'ਚ ਸ਼ਾਮਲ ਹੋ ਗਏ। ਹਲਕਾ ਵਿਧਾਇਕ ਅਤੇ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸ਼ਾਮਲ ਹੋਣ ਵਾਲੇ ਪਤਵੰਤਿਆਂ ਨੂੰ ਵਿਸ਼ਵਾਸ ਦਿਵਾਇਆ ਕਿ ਕਾਂਗਰਸ ਪਾਰਟੀ ਵਿੱਚ ਉਨ੍ਹਾਂ ਨੂੰ ਪੂਰਾ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਕਾਂਗਰਸ ਪਾਰਟੀ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਪਾਰਲੀਮੈਂਟ ਵਿੱਚ ਭੇਜਣ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੰਟੀ ਬਠੱਲਾ ਜ਼ਿਲ੍ਹਾ ਵਾਇਸ ਪ੍ਰਧਾਨ, ਸ਼ਿੰਗਾਰਾ ਸਿੰਘ ਸਾਬਕਾ ਪੰਚ, ਮਨਜਿੰਦਰ ਸਿੰਘ ਰਿੰਕੂ ਮੇਦਾ, ਅਮਨਦੀਪ ਸੈਦਪੁਰੀ ਜ਼ਿਲ੍ਹਾ ਮੀਡੀਆ ਇੰਚਾਰਜ, ਕਸ਼ਮੀਰ ਸਿੰਘ, ਸੰਤੋਖ ਸਿੰਘ, ਦਰਸ਼ਨ ਸਿੰਘ, ਜਰਨੈਲ ਸਿੰਘ, ਅਜੀਤ ਸਿੰਘ, ਲਖਬੀਰ ਸਿੰਘ, ਜੋਗਿੰਦਰ ਸਿੰਘ, ਬਲਦੇਵ ਸਿੰਘ, ਸੋਹਣ ਸਿੰਘ, ਗੁਰਦੇਵ ਸਿੰਘ, ਸੁੱਚਾ ਸਿੰਘ, ਮਲਕੀਤ ਸਿੰਘ, ਜੋਗਿੰਦਰ ਸਿੰਘ ਰਾਜ ਕੁਮਾਰ, ਗੁਰਮੀਤ ਸਿੰਘ ਆਦਿ ਮੌਜੂਦ ਸਨ।

# ਮੋਦੀ ਮੰਗਲਸੂਤਰ ਸੰਬੰਧੀ ਬੇਬੁਨਿਆਦ ਹਊਆ ਖੜ੍ਹਾ ਕਰ ਰਿਹਾ : ਬਲਬੀਰ ਸਿੱਧੂ

ਮੋਹਾਲੀ,: (ਗੁਰਜੀਤ ਬਿੱਲਾ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਕਾਂਗਰਸ ਦੇ ਕੇਂਦਰੀ ਸੱਤਾ 'ਚ ਆਉਣ ਨਾਲ ਮੰਗਲਸੂਤਰ ਨੂੰ ਖਤਰਾ ਦੱਸਣ ਦੇ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ, ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਇੱਥੇ ਕਿਹਾ ਹੈ ਕਿ ਮੋਦੀ ਬਿਨਾਂ ਮਤਲਬ ਦਾ ਹਊਆ ਖੜ੍ਹਾ ਕਰ ਕੇ ਮੁਲਕ ਦੀ ਬਹੁਗਿਣਤੀ ਦੀਆਂ ਵੋਟਾਂ ਬਟੋਰਨਾ ਚਾਹੁੰਦੇ ਹਨ।

ਸ੍ਰੀ ਸਿੱਧੂ ਨੇ ਕਿਹਾ ਕਿ ਮੁਲਕ 'ਚ ਹੋਈਆਂ ਪਹਿਲੇ ਗੇੜ ਦੀਆਂ ਚੋਣਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੂੰ ਆਪਣੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਨਜ਼ਰ ਆਉਣ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਦਾ ਸਾਰਾ ਜ਼ੋਰ ਦੇਸ਼ ਦੇ ਇਕ ਪ੍ਰਮੁੱਖ ਘੱਟ ਗਿਣਤੀ ਭਾਈਚਾਰੇ ਵਿਰੁੱਧ ਮੁਲਕ ਦੇ ਬਹੁਗਿਣਤੀ ਭਾਈਚਾਰੇ 'ਚ ਅੰਨੀ ਨਫਰਤ ਪੈਦਾ ਕਰ ਕੇ ਉਹਨਾਂ ਦੀਆਂ ਵੋਟਾਂ ਹਾਸਲ ਕਰਨ ਉਤੇ ਲੱਗਿਆ ਹੋਇਆ ਹੈ।

ਉਹਨਾਂ ਕਿਹਾ ਕਿ ਇਸ ਫੁੱਟਪਾਊ ਸੋਚ 'ਚੋਂ ਹੀ ਮੰਦਰਾਂ ਦਾ ਧਨ ਹੋਰਨਾਂ ਭਾਈਚਾਰਿਆਂ ਦੇ ਧਾਰਮਿਕ ਅਸਥਾਨਾਂ 'ਚ ਵੰਡਣ, ਲੋਕਾਂ ਦਾ ਸੋਨਾ ਤੇ ਧਨ ਖੋਹ ਕੇ ਜ਼ਿਆਦਾ ਬੱਚਿਆਂ ਵਾਲੇ ਭਾਈਚਾਰੇ ਨੂੰ ਦੇਣ ਅਤੇ ਮੰਗਲਸੂਤਰ ਨੂੰ ਖਤਰਾ ਹੋਣ ਦੀ ਨੈਤਕਿਤਾ ਤੋਂ ਗਿਰੀ ਹੋਈ ਹੋਛੀ ਬਿਆਨਾਬਾਜ਼ੀ ਸਾਹਮਣੇ ਆ ਰਹੀ ਹੈ।ਸ੍ਰੀ ਸਿੱਧੂ ਨੇ ਕਿਹਾ ਕਿ ਦੁੱਖ ਤੇ ਅਫਸੋਸ ਇਸ ਗੱਲ ਦਾ ਹੈ ਕਿ ਮੁਲਕ ਦੇ ਵੱਖ ਵੱਖ ਭਾਈਚਾਰਿਆਂ ਵਿਚ ਨਫਰਤ ਤੇ ਫੁੱਟ ਪੈਦਾ ਕਰਨ ਵਾਲੇ ਇਹ ਬਿਆਨ ਕੋਈ ਹੋਰ ਨਹੀਂ ਸਗੋਂ ਮੁਲਕ ਦਾ ਦਸ ਸਾਲ ਤੱਕ ਰਹਿ ਚੁੱਕਿਆ ਪ੍ਰਧਾਨ ਮੰਤਰੀ ਦੇ ਰਿਹਾ ਹੈ ਜਿਸ ਤੋਂ ਇਹ ਆਸ ਕੀਤੀ ਜਾਂਦੀ ਸੀ ਕਿ ਉਹ ਮੁਲਕ ਦੀ ਤਰੱਕੀ ਤੇ ਵਿਕਾਸ ਦੀ ਗੱਲ ਕਰੇਗਾ।

# ਸੜਕ ਹਾਦਸੇ ਦੌਰਾਨ ਔਰਤ ਦੀ ਮੌਤ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)** ਚਮਕੌਰ ਸਾਹਿਬ-ਨੀਲੋਂ ਸੜਕ 'ਤੇ ਪੈਂਦੇ ਪਿੰਡ ਕੰਧੋਲਾ ਦੇ ਬੱਸ ਸਟੈਂਡ ਕੋਲ ਇਕ ਟਿੱਪਰ ਵੱਲੋਂ ਮੋਟਰਸਾਈਕਲ ਨੂੰ ਮਾਰੀ ਟੱਕਰ ਕਾਰਨ ਔਰਤ ਦੀ ਮੌਤ ਹੋ ਗਈ ਜਦੋਂਕਿ ਮੋਟਰਸਾਈਕਲ ਚਲਾ ਰਹੇ ਨੌਜਵਾਨ ਦੀ ਲੱਤ ਟੁੱਟ ਗਈ। ਤਫਤੀਸੀ ਅਫਸਰ ਅਵਤਾਰ ਸਿੰਘ ਨੇ ਦੱਸਿਆ ਕਿ ਪਿੰਡ ਸਿਹਾਲਾ ਥਾਣਾ ਸਮਰਾਲਾ ਦੀ ਔਰਤ ਗੁਰਮੇਲ ਕੌਰ ਆਪਣੇ ਲੜਕੇ ਜਗਤਾਰ ਸਿੰਘ ਨਾਲ ਮੋਟਰਸਾਈਕਲ ਨੰਬਰ ਪੀਬੀ12 ਐਕਸ-6603 ਤੇ ਚਮਕੌਰ ਸਾਹਿਬ ਤੋਂ ਪਿੰਡ ਸਿਹਾਲਾ ਨੂੰ ਜਾ ਰਹੇ ਸਨ, ਜਦੋਂ ਉਹ ਪਿੰਡ ਕੰਧੋਲਾ ਦੇ ਬਸ ਸਟੈਂਡ ਕੋਲ ਪਹੁੰਚੇ ਤਾਂ ਸਾਹਮਣੇ ਤੋਂ ਆ ਰਹੇ ਟਿੱਪਰ ਨੰਬਰ ਪੀ ਬੀ10 ਐਚ ਡਬਲਿਊ-8281 ਨੇ ਆਪਣੀ ਲਪੇਟ 'ਚ ਲੈ ਲਿਆ, ਜਿਸ ਦੌਰਾਨ ਗੁਰਮੇਲ ਕੌਰ (65) ਪਤਨੀ ਰਾਮ ਲਾਲ ਦੀ ਥਾਂ 'ਤੇ ਹੀ ਮੌਤ ਹੋ ਗਈ ਜਦੋਂਕਿ ਮੋਟਰਸਾਈਕਲ ਚਲਾ ਰਹੇ ਜਗਤਾਰ ਸਿੰਘ ਦੀ ਖੱਬੀ ਲੱਤ ਦੋ ਥਾਵਾਂ ਤੋਂ ਟੁੱਟ ਗਈ। ਇਸ ਹਾਦਸੇ ਦੌਰਾਨ ਜਖਮੀ ਹੋਏ ਜਗਤਾਰ ਸਿੰਘ ਨੂੰ ਇੱਥੇ ਸਰਕਾਰੀ ਹਸਪਤਾਲ 'ਚ ਲਿਆਂਦਾ ਗਿਆ ਤਾਂ ਡਾਕਟਰਾਂ ਵੱਲੋਂ ਉਸ ਨੂੰ ਚੰਡੀਗੜ੍ਹ ਦੇ 32 ਸੈਕਟਰ ਦੇ ਹਸਪਤਾਲ ਭੇਜ ਦਿੱਤਾ। ਪੁਲਸ ਵੱਲੋਂ ਕੇਸ ਦਰਜ ਕਰਕੇ ਟਿੱਪਰ ਆਪਣੇ ਕਬਜ਼ੇ 'ਚ ਲੈ ਲਿਆ ਹੈ, ਪਰ ਡਰਾਈਵਰ ਫਰਾਰ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਡਰਾਈਵਰ ਨੂੰ ਵੀ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

# ਬਠਿੰਡਾ ਨੇ ਜਲੰਧਰ ਨੂੰ ਹਰਾ ਕੇ ਫਾਇਨਲ 'ਚ ਕੀਤਾ ਪ੍ਰਵੇਸ਼



**ਜਲੰਧਰ -(ਸ਼ੈਲੀ ਐਲਬਰਟ, ਇਕਬਾਲ ਸਿੰਘ ਉਭੀ)**- ਬਠਿੰਡਾ ਦੀ ਟੀਮ ਨੇ ਸਖਤ ਮੁਕਾਬਲੇ ਤੋਂ ਬਾਅਦ ਜਲੰਧਰ ਦੀ ਟੀਮ ਨੂੰ ਇਕ ਗੋਲ ਨਾਲ ਹਰਾ ਕੇ ਪੰਜਾਬ ਸਟੇਟ ਹਾਕੀ ਚੈਂਪੀਅਨਸ਼ਿਪ 2024 ਦੇ ਜੂਨੀਅਰ ਵਰਗ (ਲੜਕੇ) ਦੇ ਫਾਇਨਲ 'ਚ ਪ੍ਰਵੇਸ਼ ਕੀਤਾ। ਸਥਾਨਕ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ 'ਚ ਚਲ ਰਹੀ ਚੈਂਪੀਅਨਸ਼ਿਪ ਜੂਨੀਅਰ ਲੜਕੇ ਅਤੇ ਜੂਨੀਅਰ ਲੜਕੀਆਂ ਦੇ ਵਰਗ ਦੇ ਮੁਕਾਬਲੇ ਕਰਵਾਏ ਗਏ। ਜੂਨੀਅਰ ਲੜਕਿਆਂ ਦੇ ਕਵਾਰਟਰ ਫਾਇਨਲ ਮੁਕਾਬਲਿਆਂ ਵਿੱਚ ਜਲੰਧਰ ਨੇ ਪਟਿਆਲਾ ਨੂੰ ਸਖਤ ਮੁਕਾਬਲੇ ਮਗਰੋਂ 3-2 ਦੇ ਫਰਕ ਨਾਲ ਹਰਾਇਆ। ਸ਼ਹੀਦ ਭਗਤ ਸਿੰਘ ਨਗਰ ਨੇ ਗੁਰਦਾਸਪੁਰ ਨੂੰ ਸਖਤ ਮੁਕਾਬਲੇ ਮਗਰੋਂ 3-2 ਨਾਲ ਹਰਾਇਆ। ਤਰਨ ਤਾਰਨ ਨੇ ਅੰਮ੍ਰਿਤਸਰ ਨੂੰ 7-0 ਨਾਲ ਹਰਾਇਆ। ਬਠਿੰਡਾ ਨੇ ਲੁਧਿਆਣਾ ਨੂੰ 7-2 ਦੇ ਫਰਕ ਨਲਾ ਹਰਾ ਕੇ ਸੈਮੀਫਾਇਨਲ ਵਿੱਚ ਪ੍ਰਵੇਸ਼ ਕੀਤਾ ਸੀ।

# ਪੀ ਟੀ ਐੱਮ ਆਰੀਆ ਕਾਲਜ 'ਚ ਅਸ਼ੀਰਵਾਦ ਤੇ ਮਾਰਗਦਰਸ਼ਨ ਸਮਾਰੋਹ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਸਥਾਨਕ ਪੀ ਟੀ ਐੱਮ ਆਰੀਆ ਕਾਲਜ ਵਿੱਚ ਅੱਜ ਨਵੇਂ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਲਈ ਪਹਿਲਾ ਮਾਰਗ ਦਰਸ਼ਨ ਅਤੇ ਡਿਗਰੀ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਲਈ ਅਸ਼ੀਰਵਾਦ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਾਲਜ ਕਮੇਟੀ ਦੇ ਪ੍ਰਧਾਨ ਓਮ ਪ੍ਰਕਾਸ਼ ਕੂੰਦੀ ਨੇ ਕਿਹਾ ਕਿ ਇਸ ਕਾਲਜ ਨੇ ਪਿਛਲੇ 28 ਸਾਲਾਂ ਤੋਂ ਪੇਂਡੂ ਖੇਤਰ 'ਚ ਬੱਚਿਆਂ ਦੀ ਸਿੱਖਿਆ ਲਈ ਸਫ਼ਲਤਾ ਹਾਸਲ ਕੀਤੀ ਹੈ। ਦਿਵਯਾ ਜੋਤੀ ਜਾਗ੍ਰਿਤੀ ਸੰਸਥਾਨ ਤੋਂ ਸਵਾਮੀ ਗਿਰੀਧਰਾ ਨੰਦ ਨੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਹਵਨ ਕੀਤਾ ਗਿਆ ਤੇ ਬੱਚਿਆਂ ਦਾ ਭੱਵਿਖ ਉੱਜਵਲ ਬਣਾਉਣ ਲਈ ਪ੍ਰਾਰਥਨਾ ਕੀਤੀ ਗਈ।ਇਸ ਸਮਾਰੋਹ ਮੌਕੇ ਨਵਨੀਤ ਸੰਧੀਰ ਐਮ ਸੀ, ਇੰਜੀਨੀਅਰ ਇੰਦਰਜੀਤ ਜੋਸ਼ੀ, ਨਿਤਿਨ ਖੋਸਲਾ, ਨੱਥੂ ਰਾਮ ਸ਼ਰਮਾ, ਜਤਿੰਦਰ ਨਈਅਰ ਅਤੇ ਕਾਲਜ ਦੇ ਸਮੂਹ ਅਧਿਆਪਕ ਸਾਹਿਬਾਨ ਹਾਜ਼ਰ ਸਨ। ਕੋਰਸ ਪੂਰਾ ਕਰਨ ਵਾਲੇ ਵਿਦਿਆਰਥੀਆਂ ਨੇ ਕਾਲਜ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਇਸ ਨਾਲ ਅਸੀਂ ਆਪਣਾ ਕਿੱਤਾ ਜਾਂ ਰੋਜ਼ਗਾਰ ਸ਼ੁਰੂ ਕਰ ਸਕਾਂਗੇ।ਕਾਲਜ ਦੇ ਡਾਇਰੈਕਟਰ ਪ੍ਰੋ. ਆਰ ਕੇ ਜੈਨ ਨੇ ਸਭ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉੱਚ ਸਿੱਖਿਆ ਦੀ ਨਵੀਂ ਤਕਨੀਕ ਨਾਲ ਕਾਲਜ ਅੱਗੇ ਵਧ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਨਵੀਆਂ ਤਕਨੀਕਾਂ ਸਿਖਾ ਰਿਹਾ ਹੈ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਪ੍ਰੋ ਸੀਮਾ ਨੇ ਨਿਭਾਈ।

# ਅਮਰ ਕੌਰ-ਚਰਨ ਕੌਰ ਵੈੱਲਫੇਅਰ ਸੁਸਾਇਟੀ ਵੱਲੋਂ ਬੁੱਕਸ ਬੈਂਕ ਖੋਲ੍ਹਣ ਦੀ ਸ਼ੁਰੂਆਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਅਮਰ ਕੌਰ ਚਰਨ ਕੌਰ ਵੈਲਫੇਅਰ ਸੁਸਾਇਟੀ ਵੱਲੋਂ ਪਿੰਡ ਭੁੰਗਰਨੀ ਸ਼ਹੀਦ ਗਿਆਨ ਸਿੰਘ ਸਰਕਾਰੀ ਸੀਨੀ. ਸਕੰਡਰੀ ਸਕੂਲ ਵਿੱਖੇ ਬੁੱਕਸ ਬੈਂਕ ਖੋਲ੍ਹਣ ਦੀ ਸ਼ੁਰੂਆਤ ਕੀਤੀ।ਇਸ ਮੌਕੇ ਅਮਰ ਕੌਰ- ਚਰਨ ਕੌਰ ਵੈਲਫੇਅਰ ਸੁਸਾਇਟੀ ਭੁੰਗਰਨੀ ਦੇ ਪ੍ਰਧਾਨ ਜਸਵੀਰ ਸਿੰਘ ਮਿਨਹਾਸ ਅਤੇ ਮੀਤ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਨੇ ਬੁੱਕਸ ਬੈਂਕ ਦੇ ਉਦਘਾਟਨ ਕਰਨ ਮੌਕੇ ਦੱਸਿਆ ਇਸ ਸਕੂਲ ਲਈ 25000/ਰੁ. ਦੀਆਂ ਇਤਿਹਾਸ ਅਤੇ ਰਾਜਨੀਤਿਕ ਸ਼ਾਸ਼ਤਰ ਨਾਲ ਸੰਬੰਧਿਤ ਕਿਤਾਬਾਂ ਭੇਟ ਕੀਤੀਆਂ ਗਈਆਂ। ਇਸ ਮੌਕੇ ਜਗਤਾਰ ਸਿੰਘ ਭੁੰਗਰਨੀ ਨੇ ਸੰਬੋਧਨ ਕਰਦਿਆਂ ਦਸਵੀਂ ਜਮਾਤ ਦੇ ਆਏ ਨਤੀਜਿਆਂ ਦੀ ਸ਼ਲਾਘਾ ਕੀਤੀ। ਵਿਦਿਆਰਥੀਆਂ ਨੂੰ ਹੋਰ ਮੇਹਨਤ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਗੁਰਪ੍ਰੀਤ ਸਿੰਘ ਨੇ ਸੁਸਾਇਟੀ ਵੱਲੋਂ ਬੁੱਕਸ ਬੈਂਕ ਲਈ ਕਿਤਾਬਾਂ ਦੇਣ ਦੀ ਸ਼ਲਾਘਾ ਕੀਤੀ। ਸਰਪ੍ਰਸਤ ਡਾ. ਹਰਦੇਵ ਸਿੰਘ ਪਰਹਾਰ ਅਤੇ ਜਸਵਿੰਦਰ ਕੌਰ ਪਰਹਰ ਯੂ ਐਸ ਏ ਅਤੇ ਸੁਸਾਇਟੀ ਆਗੂਆਂ ਦੀ ਵਿਸ਼ੇਸ਼ ਸ਼ਲਾਘਾ ਕੀਤੀ। ਇਸ ਮੌਕੇ ਹੋਰਨਾਂ ਤੋ ਇਲਾਵਾ ਸਕੂਲ ਇੰਚਾਰਜ ਸ੍ਰੀਮਤੀ ਕੁਲਵਿੰਦਰ ਕੌਰ, ਧਰਮਵੀਰ, ਉਂਕਾਰ ਸ਼ਰਮਾਂ, ਸ੍ਰੀਮਤੀ ਜਸਵਿੰਦਰ ਕੌਰ, ਕਮਲੇਸ਼ ਰਾਣੀ, ਸ੍ਰੀਮਤੀ ਮਨਦੀਪ ਕੌਰ, ਗੁਰਦੇਵ ਸਿੰਘ, ਸ੍ਰੀਮਤੀ ਰਾਜਿੰਦਰ ਕੌਰ, ਸ੍ਰੀਮਤੀ ਰੀਨਾ ਰਾਣੀ, ਸ੍ਰੀਮਤੀ ਸੰਗੀਤਾ ਸ਼ਰਮਾਂ ਅਤੇ ਸਮੂਹ ਸਟਾਫ ਆਦਿ ਹਾਜ਼ਰ ਸਨ।

# ਵੋਟਰ ਜਾਗਰੂਕਤਾ ਦਾ ਸੁਨੇਹਾ ਦੇਣ ਵਾਲੇ ਸਟਿੱਕਰਾਂ ਦੀ ਮੁਹਿੰਮ ਦਾ ਅਗਾਜ਼

**ਮੋਹਾਲੀ (ਗੁਰਜੀਤ ਬਿੱਲਾ)** ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਲੋਕ ਸਭਾ ਚੋਣਾਂ-2024 ਵਿੱਚ 80 ਫ਼ੀਸਦੀ ਤੋਂ ਵਧੇਰੇ ਵੋਟਾਂ ਦੇ ਭੁਗਤਾਨ ਨੂੰ ਸਰ ਕਰਨ ਦੇ ਨਿਸ਼ਚੇ ਨਾਲ ਜ਼ਿਲ੍ਹਾ ਸਵੀਪ ਟੀਮ ਵੱਲੋਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਵਿਚ ਹਰ ਰੋਜ਼ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ ਤੋਂ ਸਰਕਾਰੀ ਅਤੇ ਪ੍ਰਾਈਵੇਟ ਵਾਹਨਾਂ ਉੱਪਰ, '1 ਜੂਨ ਨੂੰ ਪੰਜਾਬ ਕਰੇਗਾ ਵੋਟ' ਵਾਲੇ ਸਟਿੱਕਰ ਲਗਾਉਣ ਦੀ ਮੁਹਿੰਮ ਦਾ ਅਗਾਜ਼ ਐੱਸ ਏ ਐੱਸ ਨਗਰ ਵਿਧਾਨ ਸਭਾ ਹਲਕੇ ਦੇ ਸਹਾਇਕ ਰਿਟਰਨਿੰਗ ਅਫ਼ਸਰ-ਕਮ-ਸਬ ਡਵੀਜ਼ਨਲ ਮੈਜਿਸਟ੍ਰੇਟ ਦੀਪਾਂਕਰ ਗੁਪਤਾ ਅਤੇ ਸਹਾਇਕ ਕਮਿਸ਼ਨਰ (ਸਿਖਲਾਈ ਅਧੀਨ) ਡੈਵੀ ਗੋਇਲ ਆਈ ਏ ਐਸ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।ਇਸ ਮੌਕੇ ਸਬ ਡਵੀਜ਼ਨਲ ਮੈਜਿਸਟ੍ਰੇਟ ਦੀਪਾਂਕਰ ਗੁਪਤਾ ਨੇ ਸਮੂਹ ਵਰਗਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਵੋਟਾਂ ਪਾ ਕੇ ਲੋਕਤੰਤਰ ਦੇ ਤਿਉਹਾਰ ਵਿੱਚ ਯੋਗਦਾਨ ਪਾਇਆ ਜਾਵੇ। ਸਹਾਇਕ ਕਮਿਸ਼ਨਰ ਡੈਵੀ ਗੋਇਲ ਨੇ ਦੱਸਿਆ ਕਿ ਇਸ ਵਾਰ ਹਰ ਸੰਭਵ ਯਤਨ ਕੀਤੇ ਜਾਣਗੇ ਤਾਂ ਜੋ 80 ਫ਼ੀਸਦੀ ਪਾਰ ਦੇ ਟੀਚੇ ਨੂੰ ਪੂਰਾ ਕੀਤਾ ਜਾ ਸਕੇ।



# ਚੋਣ ਡਿਊਟੀ ਦੌਰਾਨ ਆਉਣ ਵਾਲੀਆਂ ਮੁਸ਼ਕਲਾਂ ਸੰਬੰਧੀ ਦਿੱਤਾ ਮੰਗ-ਪੱਤਰ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦਾ ਵਫ਼ਦ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਦੀ ਅਗਵਾਈ 'ਚ ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਰਾਹੀਂ ਅਗਾਮੀ ਲੋਕ ਸਭਾ ਚੋਣਾਂ 'ਚ ਅਧਿਆਪਕਾਂ ਤੇ ਮੁਲਾਜ਼ਮਾਂ ਦੇ ਮੰਗਾਂ ਅਤੇ ਮਸਲਿਆਂ ਬਾਰੇ ਮੰਗ-ਪੱਤਰ ਮੁੱਖ ਚੋਣ ਕਮਿਸ਼ਨਰ ਪੰਜਾਬ ਨੂੰ ਭੇਜਦੇ ਹੋਏ ਮੰਗ ਕੀਤੀ ਕਿ ਹੈਂਡੀਕੈਪਟ/ਕਰੋਨੀਕਲ ਬਿਮਾਰੀ ਤੋਂ ਪੀੜਤ ਮੁਲਾਜ਼ਮਾਂ ਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਜਾਵੇ, ਗਰਭਵਤੀ ਅਧਿਆਪਕਾਵਾਂ ਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਜਾਵੇ, ਕਪਲ ਕੇਸ 'ਚ ਪਤਨੀ ਨੂੰ ਚੋਣ ਡਿਊਟੀ ਤੋਂ ਛੋਟ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ, ਵੋਟਾਂ ਦੇ ਸਾਰੇ ਪ੍ਰਬੰਧ (ਜਿਵੇਂ ਚੋਣ ਸਮੱਗਰੀ ਦੇਣ ਅਤੇ ਚੋਣ ਸਮੱਗਰੀ ਜਮਾਂ ਕਰਵਾਉਣ) ਸੁਚਾਰੂ ਅਤੇ ਸਰਲ ਢੰਗ ਨਾਲ ਕੀਤੇ ਜਾਣ ਤਾਂ ਜੋ ਮੁਲਾਜ਼ਮ ਖੱਜਲ-ਖੁਆਰੀ ਤੋਂ ਬਚ ਸਕਣ। ਇਸ ਸਮੇਂ ਸੁਨੀਲ ਸ਼ਰਮਾ, ਉਪਿੰਦਰ ਸਿੰਘ ਲੈਕਚਰਾਰ, ਪ੍ਰਿਤਪਾਲ ਸਿੰਘ ਚੌਟਾਲਾ, ਸੰਜੀਵ ਧੂਤ, ਵਿਕਾਸ ਸ਼ਰਮਾ, ਸਚਿਨ ਕੁਮਾਰ,ਦਵਿੰਦਰ ਸਿੰਘ, ਪ੍ਰਿੰਸ ਗੜ੍ਹਦੀਵਾਲਾ, ਸਰਬਜੀਤ ਸਿੰਘ, ਵਿਕਾਸ ਅਰੋੜਾ, ਪ੍ਰਭਜੋਤ ਸਿੰਘ, ਰਾਜ ਕੁਮਾਰ, ਸੰਦੀਪ ਕੁਮਾਰ, ਰਣਵੀਰ ਸਿੰਘ, ਸੁਨੀਲ ਗਾਂਧੀ, ਸੰਜੀਵ ਕੁਮਾਰ ਆਦਿ ਹਾਜ਼ਰ ਸਨ।

# ਪ੍ਰਸ਼ਾਸਨ ਵੱਲੋਂ ਬਸਪਾ ਨਾਲ ਅਪਣਾਇਆ ਜਾ ਰਿਹੈ ਪੱਖਪਾਤੀ ਰਵੱਈਆ : ਐਡ. ਬਲਵਿੰਦਰ ਕੁਮਾਰ



**ਜਲੰਧਰ। (ਸ਼ੈਲੀ ਐਲਬਰਟ)** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਜਲੰਧਰ ਲੋਕਸਭਾ ਸੀਟ ਤੋਂ ਉਮੀਦਵਾਰ ਐਡਵਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਪ੍ਰਸ਼ਾਸਨ ਦਾ ਰਵੱਈਆ ਹਮੇਸ਼ਾ ਸਾਡੇ ਪ੍ਰਤੀ ਪੱਖਪਾਤੀ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਮੌਜੂਦਾ ਆਪ ਸਰਕਾਰ ਤੇ ਪਿਛਲੀਆਂ ਰਹੀਆਂ ਸਰਕਾਰਾਂ ਨੇ ਪ੍ਰਸ਼ਾਸਨ ਨੂੰ ਸਾਡੇ ਖਿਲਾਫ ਤਿਆਰ ਕੀਤਾ ਹੈ ਤੇ ਪ੍ਰਸ਼ਾਸਨ ਵੱਲੋਂ ਲਗਾਤਾਰ ਸਾਡੇ ਖਿਲਾਫ ਪੱਖਪਾਤੀ ਢੰਗ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਲੰਧਰ ਦੇ ਮੌਜੂਦਾ ਪੁਲਸ ਤੇ ਸਿਵਲ ਪ੍ਰਸ਼ਾਸਨ ਵੱਲੋਂ ਵੀ ਸਾਡੇ ਪ੍ਰਤੀ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ। ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਜਦੋਂ ਤੋਂ ਚੋਣ ਜਾਬਤਾ ਲੱਗਾ ਹੋਇਆ ਹੈ ਤੇ ਬਾਕੀ ਪਾਰਟੀਆਂ ਦੇ ਉਮੀਦਵਾਰਾਂ ਕੋਲ ਸੁਰੱਖਿਆ ਹੈ, ਉਸ ਸਮੇਂ ਬਸਪਾ ਦੇ ਹੀ ਉਮੀਦਵਾਰ ਨੂੰ ਪ੍ਰਸ਼ਾਸਨ ਵੱਲੋਂ ਸੁਰੱਖਿਆ ਨਹੀਂ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਚੋਣ ਜਾਬਤੇ ਦੇ ਨਾਂਅ 'ਤੇ ਪ੍ਰਸ਼ਾਸਨ ਸਾਡੇ ਤੋਂ ਤਾਂ ਇਹ ਉਮੀਦ ਕਰਦਾ ਹੈ ਕਿ ਉਨ੍ਹਾਂ ਦੇ ਦਿੱਤੇ ਹਰ ਆਦੇਸ਼ ਨੂੰ ਮੰਨਿਆ ਜਾਵੇ, ਪਰ ਖੁਦ ਸਾਡੇ ਪ੍ਰਤੀ ਪੱਖਪਾਤੀ ਰਵੱਈਆ ਅਪਣਾ ਕੇ ਪ੍ਰਸ਼ਾਸਨਿਕ ਅਧਿਕਾਰੀ ਚੋਣ ਜਾਬਤੇ ਦੀ ਉਲੰਘਣਾ ਕਰ ਰਹੇ ਹਨ। ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਉਨ੍ਹਾਂ ਦੀ ਟਿਕਟ ਦੇ ਐਲਾਨ ਹੋਣ ਤੋਂ ਬਾਅਦ ਉਹ ਖੁਦ ਜ਼ਿਲ੍ਹਾ ਚੋਣ ਅਫਸਰ ਡਾ. ਹਿਮਾਸ਼ੂ ਅਗਰਵਾਲ ਨੂੰ 16 ਅਪ੍ਰੈਲ ਨੂੰ ਮਿਲੇ ਸਨ ਤੇ ਸਾਰੇ ਉਮੀਦਵਾਰਾਂ ਨੂੰ ਸੁਰੱਖਿਆ ਪੱਖੋਂ ਇੱਕ ਪੱਧਰ 'ਤੇ ਕਰਨ ਦੀ ਗੱਲ ਕੀਤੀ ਸੀ। ਪਰ ਉਨ੍ਹਾਂ ਵੱਲੋਂ ਕਿਹਾ ਗਿਆ ਕਿ ਸੁਰੱਖਿਆ ਦੇਣ ਦਾ ਮਾਮਲਾ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੇਖਣਾ ਹੈ ਤੇ ਫਿਰ ਉਨ੍ਹਾਂ ਪੁਲਿਸ ਕਮਿਸ਼ਨਰ ਨਾਲ ਗੱਲ ਕੀਤੀ ਤੇ ਉਹ ਲਗਾਤਾਰ ਉਦੋਂ ਤੋਂ ਸੁਰੱਖਿਆ ਦੇਣ ਦੀ ਗੱਲ ਕਹਿ ਰਹੇ ਹਨ, ਪਰ ਅਜੇ ਤੱਕ ਉਨ੍ਹਾਂ ਨੂੰ ਸੁਰੱਖਿਆ ਨਹੀਂ ਦਿੱਤੀ ਗਈ।

ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਹੁਣ ਵੀ ਪ੍ਰਸ਼ਾਸਨ ਵੱਲੋਂ ਸਾਡੇ ਪ੍ਰਤੀ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ, ਜਿਸ ਦਾ ਉਹ ਸਖਤ ਵਿਰੋਧ ਜਤਾਉਂਦੇ ਹਨ ਤੇ ਇਸ ਪੱਖਪਾਤੀ ਰਵੱਈਏ ਨੂੰ ਲੋਕਾਂ ਦੀ ਕਚਹਿਰੀ ਵਿੱਚ ਲੈ ਕੇ ਜਾਣਗੇ।

# ਟਰਾਂਸਪੋਰਟਰ ਤੇ ਕਾਰੋਬਾਰੀ ਅਰਵਿੰਦਰ ਸਿੰਘ ਭੁੱਲਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਨੰਗਲ (ਸੁਰਜੀਤ ਢੇਰ)**- ਉੱਘੇ ਟਰਾਂਸਪੋਰਟਰ, ਕਾਰੋਬਾਰੀ ਅਤੇ ਸਮਾਜ ਸੇਵੀ ਅਰਵਿੰਦਰ ਸਿੰਘ ਭੁੱਲਰ ਦੀ ਬੀਤੇ ਦਿਨੀਂ ਹੋਈ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਪਰਵਾਰ ਨਾਲ ਕੀਤਾ। ਯਾਦ ਰਹੇ ਭੁੱਲਰ ਪਰਵਾਰ ਜਿੱਥੇ ਬਲਵੰਤ ਸਿੰਘ ਰਾਮੂਵਾਲੀਆ ਦੇ ਜਵਾਈ ਸਨ, ਉੱਥੇ ਇਨ੍ਹਾਂ ਦਾ ਪਿਛੋਕੜ ਖੱਬੀ ਲਹਿਰ ਨਾਲ ਵੀ ਜੁੜਦਾ ਹੈ। ਜਦੋਂ ਵੀ ਕਮਿਊਨਿਸਟ ਲਹਿਰ ਨੂੰ ਲੋੜ ਪਈ, ਭੁੱਲਰ ਪਰਵਾਰ ਵੱਧ ਚੜ੍ਹ ਕੇ ਮਦਦ ਕਰਦਾ ਸੀ।ਅਰਵਿੰਦਰ ਸਿੰਘ ਭੁੱਲਰ ਦੀ ਮੌਤ ਨਾਲ ਪਰਵਾਰ ਨੂੰ ਹੀ ਨਹੀਂ ਸਗੋਂ ਸਮੁੱਚੇ ਦੇਸ਼ ਵਾਸੀਆਂ ਨੂੰ ਭਾਰੀ ਘਾਟਾ ਪਿਆ ਹੈ।ਅੱਜ ਉਨ੍ਹਾਂ ਦੇ ਨਾਲ ਸੀ ਪੀ ਆਈ ਐਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਸੂਬਾ ਸਕੱਤਰੇਤ ਮੈਂਬਰ ਬਲਵੀਰ ਸਿੰਘ ਜਾਡਲਾ, ਕਾਮਰੇਡ ਦਰਸ਼ਨ ਸਿੰਘ ਮੱਟੂ, ਆਲ ਇੰਡੀਆ ਮੋਟਰ ਟਰਾਂਸਪੋਰਟ ਕਾਂਗਰਸ ਦੇ ਕੇਂਦਰੀ ਆਗੂ ਪ੍ਰੇਮ ਸਿੰਘ ਘੜਾਮਾ, ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਸਤਨਾਮ ਸਿੰਘ, ਪਵਨ ਕੁਮਾਰ ਚੱਕ ਕਰਮਾ, ਗੁਰਦੇਵ ਸਿੰਘ ਬਾਗੀ, ਕਾਮਰੇਡ ਮਹਾਂ ਸਿੰਘ ਰੋੜੀ, ਗੀਤਾ ਰਾਮ, ਭਜਨ ਸਿੰਘ ਸੰਦੋਆ, ਤਰਲੋਚਨ ਸਿੰਘ ਹੁਸੈਨਪੁਰ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਨੰਗਲੀ, ਬਰਜਿੰਦਰ ਸਿੰਘ ਡੋਡ, ਸੁਖਦੇਵ ਸਿੰਘ ਨੰਗਲ, ਡਾਕਟਰ ਰਵਿੰਦਰ ਨਾਥ, ਮੱਘਰ ਸਿੰਘ ਰੋਪੜ ਨੇ ਸਮੁੱਚੇ ਭੁੱਲਰ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

# ਮੇਰੀ ਮਾਂ ਨੇ ਵੀ ਪ੍ਰਿਅੰਕਾ ਦੀ ਮਾਂ ਵਾਂਗ ਆਪਣਾ ਮੰਗਲਸੂਤਰ ਕੁਰਬਾਨ ਕੀਤਾ : ਚੌਧਰੀ

**ਜਲੰਧਰ (ਇਕਬਾਲ ਸਿੰਘ ਉਭੀ)** ਕਾਂਗਰਸ ਪਾਰਟੀ ਵੱਲੋਂ 'ਪਾਰਟੀ ਵਿਰੋਧੀ ਗਤੀਵਿਧੀਆਂ' ਲਈ ਮੁਅੱਤਲ ਕੀਤੇ ਜਾਣ ਤੋਂ ਬਾਅਦ ਫਿਲੌਰ ਦੇ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਵੀਰਵਾਰ ਨੂੰ ਇੱਕ ਬਿਆਨ 'ਚ ਕਿਹਾ ਕਿ ਉਨ੍ਹਾਂ ਦਾ ਪਰਵਾਰ ਦਹਾਕਿਆਂ ਤੋਂ ਪਾਰਟੀ ਪ੍ਰਤੀ ਵਫਾਦਾਰੀ ਦਾ ਸਮਾਨਾਰਥੀ ਹੈ ਅਤੇ ਉਨ੍ਹਾਂ ਦੀ ਮਾਤਾ ਕਰਮਜੀਤ ਕੌਰ ਚੌਧਰੀ ਨੇ ਵੀ ਕਾਂਗਰਸ ਦੇ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਵਾਂਗ ਆਪਣਾ ਮੰਗਲਸੂਤਰ ਕੁਰਬਾਨ ਕੀਤਾ, ਪਰ ਪਾਰਟੀ ਲੀਡਰਸ਼ਿਪ ਨੇ ਉਨ੍ਹਾਂ ਦੀ ਕੁਰਬਾਨੀ ਦਾ ਸਤਿਕਾਰ ਕਰਨ ਦੀ ਬਜਾਏ ਉਨ੍ਹਾਂ ਨੂੰ ਜਲੀਲ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਟਿੱਪਣੀ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਨੇ ਕਿਹਾ ਸੀ ਕਿ ਉਨ੍ਹਾਂ ਦੀ ਮਾਂ ਸੋਨੀਆ ਗਾਂਧੀ ਨੇ ਦੇਸ਼ ਲਈ ਆਪਣਾ ਮੰਗਲਸੂਤਰ ਕੁਰਬਾਨ ਕੀਤਾ ਸੀ। ਵਿਧਾਇਕ ਚੌਧਰੀ ਨੇ ਆਖਿਆ ਕਿ ਦੇਸ਼ ਸੋਨੀਆ ਗਾਂਧੀ ਦੀਆਂ ਕੁਰਬਾਨੀਆਂ ਦਾ ਸਤਿਕਾਰ ਕਰਦਾ ਹੈ, ਪਰ ਕਾਂਗਰਸ ਲੀਡਰਸ਼ਿਪ ਨੂੰ ਵੀ ਨਹਿਰੂ-ਗਾਂਧੀ ਪਰਵਾਰ ਤੋਂ ਇਲਾਵਾ ਹੋਰਨਾਂ ਆਗੂਆਂ ਦੀਆਂ ਕੁਰਬਾਨੀਆਂ ਨੂੰ ਉਨ੍ਹਾ ਹੀ ਸਤਿਕਾਰ ਦੇਣਾ ਚਾਹੀਦਾ ਹੈ। ਉਹਨਾਂ ਆਖਿਆ, ਮੇਰੇ ਪਿਤਾ ਸੰਤੋਖ ਸਿੰਘ ਚੌਧਰੀ ਨੇ ਰਾਹੁਲ ਗਾਂਧੀ ਨਾਲ ਚੱਲਦੇ ਹੋਏ ਭਾਰਤ ਜੋੜੋ ਯਾਤਰਾ ਦੌਰਾਨ ਆਪਣੀ ਜਾਨ ਦਿੱਤੀ। ਮੇਰੀ ਮਾਂ ਦੇ ਬਲਿਦਾਨ ਨਾਲ ਹਮਦਰਦੀ ਜਤਾਉਣ ਦੀ ਬਜਾਏ, ਪਾਰਟੀ ਦੇ ਇੱਕ ਸੀਨੀਅਰ ਨੇਤਾ ਨੇ ਉਹਨਾਂ ਦਾ ਅਪਮਾਨ ਕੀਤਾ ਤੇ ਆਖਿਆ ਕਿ ਚੌਧਰੀ ਸਾਹਿਬ ਦੀ ਮੌਤ ਤਾਂ ਉਮਰ ਜ਼ਿਆਦਾ ਹੋਣ ਕਰਕੇ ਹੋਈ। ਕਾਂਗਰਸ ਪਾਰਟੀ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹੁਤ ਨੇਤਾਵਾਂ ਦੇ ਲਹੂ ਨਾਲ ਸਿੰਜੀ ਗਈ ਹੈ, ਪਰ ਅਜਿਹਾ ਨਹੀਂ ਹੋ ਸਕਦਾ ਕਿ ਇਕ ਕੁਰਬਾਨੀ ਦੀ ਕਦਰ ਕੀਤੀ ਜਾਵੇ ਤੇ ਬਾਕੀਆਂ ਨੂੰ ਨਜਰਅੰਦਾਜ ਕੀਤਾ ਜਾਵੇ। ਉਹਨਾਂ ਕਿਹਾ ਕਿ ਪਾਰਟੀ ਖਿਲਾਫ ਕੰਮ ਕਰਨ 'ਤੇ ਚੋਣ ਲੜਨ ਵਾਲਿਆਂ ਨੂੰ ਟਿਕਟਾਂ ਨਾਲ ਨਵਾਜਿਆ ਜਾਂਦਾ ਹੈ, ਜਦੋਂ ਕਿ ਦਹਾਕਿਆਂ ਤੋਂ ਪਾਰਟੀ ਦੇ ਵਫਾਦਾਰ ਸਿਪਾਹੀਆਂ ਨੂੰ ਮੁਅੱਤਲ ਕੀਤਾ ਜਾਂਦਾ ਹੈ।

# ਐੱਕਸਪ੍ਰੈੱਸ ਵੇ ਬਣਾ ਰਹੀ ਕੰਪਨੀ ਤੋਂ ਲੋਕ ਪ੍ਰੇਸ਼ਾਨ



**ਸੁਲਤਾਨਪੁਰ ਲੋਧੀ ( ਬਲਵਿੰਦਰ ਸਿੰਘ ਧਾਲੀਵਾਲ)**- ਸੁਲਤਾਨਪੁਰ ਲੋਧੀ ਹਲਕੇ ਵਿੱਚ ਬਣ ਰਹੇ ਐਕਸਪ੍ਰੈਸ ਵੇਅ ਅਤੇ ਉਸ ਨੂੰ ਨਾਲ ਜੋੜਨ ਵਾਲੀਆਂ ਸੜਕਾਂ ਦੇ ਨਿਰਮਾਣ ਕਾਰਜ ਲਈ ਜੋ ਕੰਪਨੀ ਵੱਲੋਂ ਖੇਤਾਂ ਵਿਚੋਂ ਮਿੱਟੀ ਦੀ ਪੁਟਾਈ ਅਤੇ ਟਿੱਪਰਾਂ ਰਾਹੀਂ ਢੋਆ ਢੁਆਈ ਕੀਤੀ ਜਾ ਰਹੀ ਹੈ ਪਰ ਕੰਪਨੀ ਦੇ ਠੇਕੇਦਾਰ ਜਿਸ ਵੀ ਏਰੀਆ ਵਿੱਚ ਜਾ ਕੇ ਆਪਣਾ ਕੰਮ ਲਗਾਉਂਦੇ ਹਨ ਉਸ ਏਰੀਏ ਦੇ ਲੋਕ ਪ੍ਰੇਸ਼ਾਨ ਹੋ ਜਾਂਦੇ ਹਨ। ਕੰਪਨੀ ਵੱਲੋਂ ਲੋਕਾਂ ਦੀ ਪ੍ਰੇਸ਼ਾਨੀ ਦਾ ਜ਼ਰਾ ਵੀ ਖਿਆਲ ਨਹੀਂ ਰੱਖਿਆ ਜਾ ਰਿਹਾ। ਸੁਲਤਾਨਪੁਰ ਲੋਧੀ ਤੋਂ ਡੱਲਾ ਰੋਡ 'ਤੇ ਸਥਿਤ ਨੇੜਲੇ ਪਿੰਡਾਂ ਦੇ ਲੋਕਾਂ ਵੱਲੋਂ ਭਾਰੀ ਵਿਰੋਧ ਕੀਤਾ ਜਾ ਰਿਹਾ ਹੈ। ਕਿਉਂਕਿ ਇਹ ਟਿੱਪਰ ਬਹੁਤ ਤੇਜ਼ ਗਤੀ ਵਿੱਚ ਅਤੇ ਬਿਨਾਂ ਮਿੱਟੀ ਢਕੇ ਗੁਜ਼ਰਦੇ ਹਨ ਅਤੇ ਮੋਟਰਸਾਈਕਲ ਸਵਾਰਾਂ ਨੂੰ ਤਾਂ ਸਾਈਡ ਵੀ ਨਹੀਂ ਦਿੰਦੇ। ਇਸੇ ਕਾਰਨ ਕਈ ਹਾਦਸੇ ਵੀ ਹੋ ਚੁੱਕੇ ਹਨ।ਕੰਪਨੀ ਵੱਲੋਂ ਪਿੰਡਾਂ ਵਿਚ ਜ਼ਮੀਨ ਠੇਕੇ 'ਤੇ ਲੈ ਕੇ ਮਿੱਟੀ ਦੀ ਪਟਾਈ ਸ਼ੁਰੂ ਕੀਤੀ ਹੈ ਅਤੇ ਇਸ ਜ਼ਮੀਨ ਵਿੱਚ ਦੋ ਜੇ ਸੀ ਬੀ ਅਤੇ ਦਸ ਦੇ ਕਰੀਬ ਟਿੱਪਰ ਮਿੱਟੀ ਦੀ ਢੋਆ ਢੁਆਈ ਲਈ ਲਗਾਏ ਹਨ। ਇੱਕ ਟਿੱਪਰ ਰੋਜ਼ਾਨਾ 15 ਚੱਕਰ ਲਗਾਉਂਦਾ ਹੈ ਤਾਂ ਇਸ ਹਿਸਾਬ ਨਾਲ ਸੜਕ 'ਤੇ 150 ਚੱਕਰ ਇਹ ਟਿੱਪਰ ਲਗਾ ਰਹੇ ਹਨ ਪਰ ਗਰਮੀ ਕਾਰਨ ਮਿੱਟੀ ਸੁੱਕੀ ਹੋਣ ਦੇ ਬਾਵਜੂਦ ਕੰਪਨੀ ਵੱਲੋਂ ਟਿੱਪਰ ਚਾਲਕਾਂ ਨੂੰ ਮਿੱਟੀ ਢਕ ਕੇ ਲੈ ਜਾਣ ਦੀਆਂ ਹਦਾਇਤਾਂ ਜਾਰੀ ਨਹੀਂ ਕੀਤੀਆਂ ਗਈਆਂ ਜਿਸ ਕਾਰਨ ਤਾਸ਼ਪੁਰ, ਰਾਮਪੁਰ ਜਗੀਰ, ਡੱਲਾ, ਕੀੜੀ, ਚੱਕ ਚੇਲਾ, ਬਦਲੀ ਅਤੇ ਮਲਸੀਆਂ, ਨਕੋਦਰ, ਜਲੰਧਰ ਤੋਂ ਰੋਜ਼ਾਨਾ ਸਕੂਲਾਂ, ਦਫ਼ਤਰ, ਦੁਕਾਨਾਂ ਤੇ ਆਉਣ ਜਾਣ ਵਾਲੇ ਰਾਹਗੀਰ ਅਤੇ ਇਸ ਰੋਡ ਤੇ ਖਾਸੇ ਪ੍ਰੇਸ਼ਾਨ ਹਨ। ਸਰਪ੍ਰਸਤ ਪੰਜਾਬ ਕਿਸਾਨ ਯੂਨੀਅਨ ਬਾਗੀ ਤਰਸੇਮ ਸਿੰਘ ਵਿੱਕੀ ਜੈਨਪੁਰ, ਮੀਤ ਪ੍ਰਧਾਨ ਰਵਿੰਦਰ ਸਿੰਘ ਕੋਲੀਆ ਵਾਲ, ਸਹਾਇਕ ਖਜ਼ਾਨਚੀ ਡਾਕਟਰ ਕੁਲਜੀਤ ਸਿੰਘ ਚੰਦੀ ਤਲਵੰਡੀ ਚੌਧਰੀਆਂ, ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬਾਊਪੁਰ, ਸਹਾਇਕ ਸਲਾਹਕਾਰ ਜਥੇਦਾਰ ਪਰਮਜੀਤ ਸਿੰਘ ਖਾਲਸਾ, ਸਤਨਾਮ ਸਿੰਘ ਜੈਨਪੁਰ, ਅਨੂਪ ਸਿੰਘ ਜੈਨਪੁਰ ਆਦਿ ਨੇ ਦੱਸਿਆ ਕਿ ਕੰਪਨੀ ਦੇ ਮਿੱਟੀ ਨਾਲ ਉੱਪਰ ਤੱਕ ਭਰੇ ਟਿੱਪਰ ਤੇਜ਼ ਗਤੀ ਨਾਲ ਸੜਕ ਤੋਂ ਗੁਜ਼ਰਦੇ ਹਨ ਜਿਸ ਕਾਰਨ ਰੇਤਲੀ ਮਿੱਟੀ ਉੱਡ ਕੇ ਦੁਪਹੀਆ ਵਾਹਨ ਚਾਲਕਾਂ ਦੀਆਂ ਅੱਖਾਂ ਵਿੱਚ ਪੈਂਦੀ ਹੈ ਅਤੇ ਨਾਲ ਹੀ ਸੜਕ ਕਿਨਾਰੇ ਇਕੱਠੀ ਹੋਈ ਜਾ ਰਹੀ ਹੈ ਜੋ ਹਾਦਸਿਆਂ ਦਾ ਕਾਰਨ ਬਣ ਰਹੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਇਸ ਸਮੱਸਿਆ ਦਾ ਜਲਦੀ ਤੋਂ ਜਲਦੀ ਹੱਲ ਨਹੀਂ ਕੀਤਾ ਗਿਆ ਤਾਂ ਉਹ ਕੰਪਨੀ ਦੇ ਮਿੱਟੀ ਨਾਲ ਭਰੇ ਟਿੱਪਰ ਰੋਕ ਕੇ ਰੋਡ ਜਾਮ ਕਰਨਗੇ। ਦੂਜੇ ਪਾਸੇ ਜਦੋਂ ਇਸ ਬਾਰੇ ਮਾਈਨਿੰਗ ਵਿਭਾਗ ਦੇ ਐੱਸ ਡੀ ਓ ਸੁਖਪਾਲ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੇਰੀ ਬਦਲੀ ਹੋ ਗਈ ਤਾਂ ਉਨ੍ਹਾਂ ਇੱਕ ਹੋਰ ਅਧਿਕਾਰੀ ਦਾ ਨੰਬਰ ਦਿੱਤਾ ਤਾਂ ਉਸ ਨੰਬਰ ਤੇ ਵਾਰ ਵਾਰ ਸੰਪਰਕ ਕੀਤਾ ਗਿਆ ਪਰ ਉਨ੍ਹਾਂ ਪੱਤਰਕਾਰ ਦਾ ਫੋਨ ਨਹੀਂ ਚੁੱਕਿਆ।

# ਸੰਤ ਬਾਬਾ ਜਵਾਹਰ ਦਾਸ ਯਾਦਗਾਰੀ ਸਮਾਗਮ ਸੰਬੰਧੀ ਪੋਸਟਰ ਜਾਰੀ

**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਪਿੰਡ ਨਰਿਆਲਾ-ਮੁਰਾਦਪੁਰ ਵਿਖੇ ਸੱਚਖੰਡ ਵਾਸੀ ਸੰਤ ਬਾਬਾ ਜਵਾਹਰ ਦਾਸ ਨਰਿਆਲਾ ਵਾਲਿਆਂ ਦੀ ਸਾਲਾਨਾ 96ਵੀਂ ਬਰਸੀ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ ਤੇ ਮਹਾਨ ਕੀਰਤਨ ਦਰਬਾਰ 1 ਮਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਕਰਵਾਇਆ ਜਾਵੇਗਾ। ਗੁਰਦੁਆਰਾ ਸਾਹਿਬ ਵਿਖੇ ਸਮਾਗਮ ਸੰਬੰਧੀ ਪੋਸਟਰ ਜਾਰੀ ਕਰਦੇ ਹੋਏ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਮੱਖਣ ਸਿੰਘ, ਬਲਵਿੰਦਰ ਸਿੰਘ, ਮੰਗਤ ਸਿੰਘ, ਬਲਵੀਰ ਸਿੰਘ, ਜਗਜੀਤ ਸਿੰਘ ਸੋਢੀ, ਜਗੀਰ ਸਿੰਘ, ਹਰਜਿੰਦਰ ਸਿੰਘ, ਬਲਕਾਰ ਸਿੰਘ ਨਰਿਆਲਾ, ਰਾਜਵਿੰਦਰ ਸਿੰਘ ਅਤੇ ਨਰਿੰਦਰ ਸਿੰਘ ਨਿੰਦਾ ਨੇ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਵਾਸੀ ਭਾਰਤੀਆਂ, ਇਲਾਕੇ ਤੇ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਪਿਛਲੇ ਦਿਨਾਂ ਤੋਂ ਆਰੰਭ ਕੀਤੇ ਗਏ ਸ੍ਰੀ ਸਹਿਜ ਪਾਠ ਜੀ ਦੇ ਭੋਗ ਪਾਏ ਜਾਣਗੇ ਉਪਰੰਤ 10 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਕਰਵਾਏ ਜਾ ਰਹੇ ਗੁਰਮਤਿ ਸਮਾਗਮ ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਪਬਲਿਕ ਸਕੂਲ ਪੰਡੋਰੀ ਖਜੂਰ ਦੇ ਵਿਦਿਆਰਥੀ, ਰਾਗੀ ਜਥਾ ਭਾਈ ਮਨਜੀਤ ਸਿੰਘ ਦਸਮੇਸ਼ ਨਗਰ ਟਾਂਡੇ ਵਾਲੇ, ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਕੁਲਵੰਤ ਸਿੰਘ ਲੁਧਿਆਣੇ ਵਾਲੇ, ਭਾਈ ਜਗਜੀਤ ਸਿੰਘ ਬੰਬੀਹਾ ਦਿੱਲੀ ਵਾਲੇ, ਕਵੀਸ਼ਰੀ ਜਥਾ ਭਾਈ ਸੁਲੱਖਣ ਸਿੰਘ ਰਿਆੜ ਗੁਰਦਾਸਪੁਰ ਵਾਲੇ, ਢਾਡੀ ਜਥਾ ਭਾਈ ਮੇਜਰ ਸਿੰਘ ਖਾਲਸਾ ਸੁਲਤਾਨਪੁਰ ਲੋਧੀ ਵਾਲੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਦੇ ਹੋਏ ਗੁਰੂ ਚਰਨਾਂ ਨਾਲ ਜੋੜਨਗੇ ਅਤੇ ਸੰਤ ਬਾਬਾ ਜਵਾਹਰ ਦਾਸ ਜੀ ਦੀ ਜੀਵਨੀ ਤੋਂ ਜਾਣੂ ਕਰਵਾਉਣਗੇ। 28 ਅਪ੍ਰੈਲ ਨੂੰ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਨਿਸ਼ਾਨ ਸਾਹਿਬ ਜੀ ਦੀ ਸੇਵਾ ਕੀਤੀ ਜਾਵੇਗੀ।

# ਮੁਹੱਬਤਾਂ ਭਰੇ ਸਮਾਜ ਦਾ ਸੁਪਨਸਾਜ਼ ਸੀ : ਹਰਬੰਸ ਹੀਓਂ



ਸਾਹਿਤ/ਸੱਭਿਆਚਾਰ ਖੇਤਰ, ਪੱਤਰਕਾਰਤਾ, ਇਨਕਲਾਬੀ ਜਮਹੂਰੀ ਅਤੇ ਕਮਿਊਨਿਸਟ ਇਨਕਲਾਬੀ ਲਹਿਰ ਦੇ ਅੰਬਰ ਦਾ ਨਿਵੇਕਲਾ ਤਾਰਾ ਸੀ ਸਾਡਾ ਹਰਬੰਸ ਹੀਓਂ, ਜਿਨ੍ਹਾਂ ਦੀ ਮੌਤ ਤੋਂ ਬਾਅਦ ਵੀ ਚੇਤਨਾ ਦੀ ਲੋਅ ਦਾ ਸਫ਼ਰ ਜਾਰੀ ਰਹਿੰਦਾ ਹੈ। ਹਰਬੰਸ ਹੀਓਂ ਲੰਮਾ ਅਰਸਾ ਲਾ-ਇਲਾਜ ਬਿਮਾਰੀ ਨਾਲ ਜੂਝਦਾ ਰਿਹਾ। ਉਹ ਲੋਕਾਂ ਦੇ ਅਜਿਹੇ ਕਾਫ਼ਲੇ ਦਾ ਹਮਸਫ਼ਰ ਸੀ ਜਿਨ੍ਹਾਂ ਦੇ ਮਸਤਕ 'ਚੋਂ ਮੌਤ ਦਾ ਖੌਫ਼ ਮਨਫ਼ੀ ਹੁੰਦਾ ਹੈ। ਜ਼ਿੰਦਗੀ ਅਤੇ ਮੌਤ ਨਾਲ ਸੰਵਾਦ ਰਚਾਉਂਦਾ, ਮੁੱਲਵਾਨ ਅਤੇ ਪ੍ਰੇਰਨਾਮਈ ਕਦਰਾਂ ਕੀਮਤਾਂ ਸਿਰਜਦਾ ਹਰਬੰਸ ਹੀਓਂ ਜਿਸਮਾਨੀ ਤੌਰ 'ਤੇ ਭਾਵੇਂ 19 ਅਪ੍ਰੈਲ 2024 ਨੂੰ ਵਿਦਾ ਹੋ ਗਿਆ ਪਰ ਹਰਦਿਲ ਅਜ਼ੀਜ਼ ਇਸ ਸ਼ਖ਼ਸੀਅਤ ਦੇ ਸਨਮਾਨ 'ਚ ਹਰ ਚਿਹਰੇ 'ਤੋਂ ਇਹ ਸਤਰਾਂ ਸਦਾ ਪੜ੍ਹੀਆਂ ਜਾਂਦੀਆਂ ਰਹਿਣਗੀਆਂ:

"ਕਾਫ਼ਲੇ ਵਿੱਚ ਤੂੰ ਭਾਵੇਂ ਨਹੀਂ ਰਿਹਾ
ਪਰ ਯਾਦ ਤੇਰੀ ਦਿਲਾਂ 'ਚੋਂ ਜਾਣੀ ਨਹੀਂ"

ਚੜ੍ਹਦੀ ਸਵੇਰ ਕੰਮੀਆਂ ਦੇ ਵਿਹੜੇ ਦਾ ਇਹ ਸੂਰਜ ਜਿਸਮਾਨੀ ਤੌਰ 'ਤੇ ਭਾਵੇਂ ਅਸਤ ਹੋ ਗਿਆ ਪਰ ਉਸ ਦੀ ਸੋਚ, ਕਹਿਣੀ ਅਤੇ ਕਰਨੀ ਦੀ ਜੋਤ ਸਦਾ ਜਗਦੀ ਰਹੇਗੀ।

ਹਰ ਹਫ਼ਤੇ ਤਿੰਨ ਦਿਨ ਡਾਇਲਸਿਜ਼ ਹੋਣ, ਦਿਨ ਰਾਤ ਨੈਣਾਂ 'ਚ ਜਗਰਾਤੇ ਕੱਟ ਕੇ ਸਾਂਭ-ਸੰਭਾਲ ਦੇ ਮਾਣ-ਮੱਤੇ ਵਰਕੇ ਲਿਖਣ 'ਚ ਹਰਬੰਸ ਦੀ ਜੀਵਨ ਸਾਥਣ, ਭਰਾ, ਬੇਟਾ-ਬੇਟੀ, ਜੁਆਈ, ਪੋਤਰਾ- ਪੋਤਰੀ, ਸਾਕ-ਸੰਬੰਧੀਆਂ ਅਤੇ ਸੰਗੀ-ਸਾਥੀਆਂ ਨੇ ਅਰਥ-ਭਰਪੂਰ ਕਦਰਾਂ ਕੀਮਤਾਂ ਦਾ ਇਤਿਹਾਸ ਸਿਰਜਿਆ ਹੈ। ਹਰਬੰਸ ਆਪਣੇ ਜਿਗਰੀ ਬੇਲੀ ਜਸਵਿੰਦਰ ਮਜਾਰੀ ਨੂੰ ਯਾਦ ਕਰਦਾ ਤਾਂ ਉਹਦੇ ਨੈਣਾਂ 'ਚੋਂ ਹੰਝੂਆਂ ਦੇ ਝਰਨੇ ਵਹਿ ਤੁਰਦੇ। ਜਸਵਿੰਦਰ ਮਜਾਰੀ ਪਰਦੇਸੋਂ ਆ ਕੇ ਲੰਮਾ ਅਰਸਾ ਦਿਨ ਰਾਤ ਹਰਬੰਸ ਦੇ ਇਲਾਜ ਲਈ ਹੀਓਂ ਕੋਲ ਹੀ ਰਿਹਾ। ਹਰਬੰਸ, ਅੰਬਰ ਛੋਹੰਦਾ ਹਉਕਾ ਲੈ ਕੇ ਜਸਵਿੰਦਰ ਦੀ ਮਾਂ ਨੂੰ ਆਖ਼ਰੀ ਦਮ ਤੱਕ ਸਿਜਦਾ ਕਰਦਾ ਰਿਹਾ ਜਿਹੜੀ ਆਪਣੇ ਪੁੱਤ ਅਤੇ ਹਰਬੰਸ ਨੂੰ ਇੱਕੋ ਬਾਟੀ 'ਚ ਦਾਲ ਦੇ ਕੇ ਜਾਤ-ਪਾਤੀ ਵਿਤਕਰਿਆਂ ਦੇ ਕੋਹੜ ਨੂੰ ਵੰਗਾਰ ਮਾਰਿਆ ਕਰਦੀ। ਸਦੀਵੀਂ ਵਿਛੋੜੇ ਤੋਂ ਦੋ ਦਿਨ ਪਹਿਲਾਂ ਵੀ ਹੰਝੂ ਭਰੀਆਂ ਪਲਕਾਂ ਵਿੱਚ ਜਗਦੀ ਲਿਸ਼ਕ ਨਾਲ ਉਸ ਨੇ ਕਿਹਾ ਕਿ ਮੈਨੂੰ ਸਿਹਤਯਾਬ ਕਰਨ ਲਈ ਮਹੀਨਿਆਂ ਬੱਧੀ ਮੇਰੇ ਕੋਲ ਰਿਹਾ ਜਸਵਿੰਦਰ 20 ਮਾਰਚ 2024 ਨੂੰ ਮੈਥੋਂ ਵੀ ਪਹਿਲਾਂ ਕਿਉਂ ਤੁਰ ਗਿਆ ? ਮੈਨੂੰ ਪਤੈ, ਮੈਂ ਵੀ ਤੁਰ ਜਾਣਾ ਅੱਜ ਭਲਕੇ ਪਰ ਜਸਵਿੰਦਰ ਆਪਣੀ ਕਲਮ ਨਾਲ ਨਵੀਂ ਇਬਾਰਤ ਲਿਖ ਕੇ ਲਾਲ ਸਿੰਘ ਦਿਲ ਦੀਆਂ ਸਤਰਾਂ "ਮੈਨੂੰ ਪਿਆਰ ਕਰੇਂਦੀਏ ਪਰ ਜਾਤ ਦੀਏ ਕੁੜੀਏ ਸਾਡੇ ਵਡੇਰੇ ਤਾਂ ਮੁਰਦੇ ਵੀ ਇੱਕ ਥਾਂ ਨਹੀਂ ਫੂਕਦੇ" ਦੇ ਸਾਹਮਣੇ ਨਵੇਂ ਅਰਥਾਂ ਭਰਿਆ ਇਤਿਹਾਸ ਸਿਰਜ ਗਿਆ, ਜਾਤ ਪਾਤੀ ਲੀਕਾਂ ਤੋਂ ਪਾਰ ਵੀ ਇੱਕ ਨਵੀਂ ਦੁਨੀਆ ਵਸਦੀ ਹੈ।

ਸਾਹਮਣੇ ਖੜ੍ਹੀ ਮੌਤ ਦੇ ਬੂਹੇ 'ਤੇ ਇਹ ਹਰਫ਼ ਦਰਜ ਕਰਵਾ ਕੇ ਗਿਆ ਹੈ ਹਰਬੰਸ ਕਿ, "ਮੈਂ ਬਾਲਮੀਕ ਬਰਾਦਰੀ ਦੇ ਪ੍ਰਤੀਨਿਧਾਂ ਨਾਲ ਗੱਲ ਕੀਤੀ ਹੈ ਕਿ ਮੇਰਾ ਅੰਤਿਮ ਸੰਸਕਾਰ ਬਾਲਮੀਕ ਭਾਈਚਾਰੇ ਦੀ ਸ਼ਮਸ਼ਾਨ ਭੂਮੀ ਵਿੱਚ ਹੋ ਜਾਏ ਤਾਂ ਤੁਹਾਨੂੰ ਇਤਰਾਜ਼ ਤਾਂ ਨਹੀਂ। ਉਨ੍ਹਾਂ ਇਹ ਮੰਗ ਮਾਣ ਨਾਲ ਪ੍ਰਵਾਨ ਕੀਤੀ।" ਹਰਬੰਸ ਨੂੰ ਵਿਦਾ ਵੀ ਉਸ ਦੀ ਇੱਛਾ ਅਨੁਸਾਰ ਹੀ ਕੀਤਾ ਗਿਆ।

ਵਿਸ਼ਵ ਕਲਾਸੀਕਲ ਸਾਹਿਤ ਦੀਆਂ ਵੰਨ-ਸੁਵੰਨੀਆਂ ਵਿਧਾਵਾਂ ਵਿੱਚ ਅਸੀਂ ਸੂਰਮਗਤੀ ਭਰੀਆਂ ਗਾਥਾਵਾਂ ਪੜ੍ਹਦੇ ਆ ਰਹੇ ਹਾਂ। 'ਸੂਰਮੇ ਦੀ ਸਿਰਜਣਾ', 'ਪਰਬਤੋਂ ਭਾਰੀ ਮੌਤ', 'ਫਾਂਸੀ ਦੇ ਤਖ਼ਤੇ ਤੋਂ', 'ਮੌਤ ਦੀ ਦਹਿਲੀਜ਼ 'ਤੇ', 'ਮਾਂ', 'ਕਬਹੂ ਨਾ ਛਾਡੈ ਖੇਤ', 'ਮੋਇਆਂ ਦੀ ਜਾਗ' ਅਤੇ 'ਮੋਇਆਂ ਦੇ ਖ਼ਤ' ਪੜ੍ਹਦੇ ਸਮੇਂ ਇਤਿਹਾਸ ਸਿਰਜਕਾਂ ਉਪਰ ਫ਼ਖਰ ਮਹਿਸੂਸ ਕਰਦੇ ਹੋਏ ਹਰਬੰਸ ਹੀਓਂ ਦਾ ਮੌਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਖੜ੍ਹਨਾ ਉਸ ਨੂੰ ਵੀ ਇਸ ਸ਼ਾਨਾਮੱਤੀ ਕਤਾਰ ਵਿੱਚ ਖੜ੍ਹੇ ਕਰਦਾ ਹੈ। ਉਸ ਦੀ ਜੀਵਨ-ਸਾਥਣ ਕਮਲਜੀਤ ਕੌਰ ਜਿਸ ਦੀ ਮਾਂ ਲੰਮਾ ਸਮਾਂ ਬਿਮਾਰ ਰਹੀ ਉਹ ਆਪਣੀ ਮਾਂ ਦੀ ਅੰਤਿਮ ਵਿਦਾਇਗੀ ਵਾਲੇ ਦਿਨ ਹੀ ਮਾਂ ਦੇ ਦੀਦਾਰ ਕਰ ਸਕੀ। ਉਸ ਨੇ ਅੱਖ ਝਪਕਣ ਜਿੰਨਾ ਚਿਰ ਵੀ ਹਰਬੰਸ ਨੂੰ ਇਕੱਲੇ ਨਹੀਂ ਛੱਡਿਆ। ਹਰਬੰਸ ਅੰਤਲੀ ਘੜੀਆਂ ਸਮੇਂ ਮੁਲਾਕਾਤ 'ਚ ਕਹਿੰਦਾ ਰਿਹਾ ਕਿ ਉੱਚੀਆਂ ਮਾਨਵੀ ਕਦਰਾਂ ਨੂੰ ਪ੍ਰਨਾਏ ਮੇਰੇ ਪਰਵਾਰ ਵਰਗਾ ਪਰਵਾਰ ਹਰ ਘਰ ਹੋਵੇ। 'ਕੋਈ ਹਰਿਆ ਬੂਟ ਰਹਿਓ ਰੀ' ਦੇ ਬੋਲਾਂ ਨੂੰ ਉਚਿਆਉਂਦੀ ਹੈ ਇਹ ਤਸਵੀਰ। ਨੈਤਿਕ ਕਦਰਾਂ ਕੀਮਤਾਂ ਉੱਪਰ ਪੈ ਰਹੇ ਕੋਹਰੇ ਦੇ ਚਿੰਤਾਜਨਕ ਦੌਰ ਵਿੱਚ ਵੀ ਨਰੋਈਆਂ ਅਤੇ ਭਵਿਖਮੁਖੀ ਸੋਚਾਂ ਦੀਆਂ 'ਲਗਰਾਂ ਵੀ ਅਵੱਸ਼ ਮੌਲਰਦੀਆਂ ਰਹਿਣਗੀਆਂ।'

ਬੰਗਾ ਲਾਗੇ ਪੈਂਦੇ ਪਿੰਡ ਹੀਓਂ 'ਚ ਮਾਂ ਸੀਬੋ, ਪਿਤਾ ਚੰਨਣ ਰਾਮ ਦੇ ਘਰ 15 ਅਪ੍ਰੈਲ 1957 ਨੂੰ ਪੈਦਾ ਹੋਏ ਹਰਬੰਸ ਹੀਓਂ ਨੂੰ ਉਸ ਦੇ ਬਾਪ ਦਾਦੇ ਕੋਲ ਕਮਿਊਨਿਸਟ ਇਨਕਲਾਬੀ ਸਾਥੀਆਂ ਦੇ ਆਉਣ ਜਾਣ ਨੇ ਉਸ ਤੱਕ ਵੀ ਕਿਰਤੀ ਵਰਗ ਦੇ ਚਿੰਤਨ ਉਪਰ ਜੰਮੀ ਬਰਫ਼ ਪਿਘਲਾਉਣ ਵਾਲੇ ਵਿਚਾਰਾਂ ਦੀ ਲੋਅ ਅਤੇ ਸੇਕ ਪਹੁੰਚਾਇਆ। ਜੀਵਨ ਦੀ ਮੁਢਲੀ ਸੋਝੀ ਅਤੇ ਅੱਗੇ ਚੱਲ ਕੇ ਕਾਲਜ ਦੇ ਪ੍ਰੋਫੈਸਰ ਭਾਈਚਾਰੇ ਦੀ ਨਿੱਘੀ ਅਪਣੱਤ ਨੇ ਉਸ ਦੀ ਜ਼ਿੰਦਗੀ ਨੂੰ ਨਵੇਂ ਰੰਗ ਵਿੱਚ ਰੰਗਿਆ। ਪੜ੍ਹੇ ਕਿੱਸਿਆ ਨੇ 'ਨਾਬਰੀ, ਸੂਰਮਗਤੀ, ਬੇਬਾਕੀ, ਜ਼ਿੰਦਗੀ-ਮੌਤ ਦੇ ਮਾਅਨੇ ਸਮਝਣ ਲਈ ਮਨ ਦੀ ਜ਼ਮੀਨ ਤਿਆਰ ਕੀਤੀ। ਮੁਢਲੇ ਦੌਰ ਵਿੱਚ ਮਾਨਵੀ ਸਰੋਕਾਰਾਂ ਅਤੇ ਰਵਿਦਾਸ ਜੀ ਦੇ ਜੀਵਨ ਬਾਰੇ ਕਵਿਤਾਵਾਂ ਲਿਖੀਆਂ।

ਇਸ ਸੰਗਰਾਮੀ ਸਫ਼ਰ 'ਤੇ ਤੁਰਿਆ ਜ਼ਿੰਦਗੀ ਦੇ ਰਾਹਾਂ ਦਾ ਰਾਹੀ ਅਗਲੀਆਂ ਪੌੜੀਆਂ ਚੜ੍ਹਦਾ ਗਿਆ। ਉਹ 'ਸਮਕਾਲੀ ਦਿਸ਼ਾ' ਪੱਤ੍ਰਿਕਾ ਦਾ ਸੰਪਾਦਕ ਰਿਹਾ। ਇਸ ਖ਼ੂਬਸੂਰਤ ਦੌਰ ਵਿੱਚ ਉਸ ਨੇ ਮਨੁੱਖੀ ਕਲਿਆਣ ਨੂੰ ਪਰਨਾਏ ਵਿਗਿਆਨਕ ਦਰਸ਼ਨ ਦਾ ਅਧਿਐਨ ਕੀਤਾ। ਜਾਤ-ਪਾਤੀ, ਜਮਾਤੀ ਸਮਾਜ ਦੀਆਂ ਮਹੀਨ ਪਰਤਾਂ ਨੂੰ ਸਮਝਣ ਲਈ ਅਥਾਹ ਮਿਹਨਤ ਕੀਤੀ। ਉਸ ਨੂੰ ਬੋਧ ਹੋਇਆ ਕਿ ਜ਼ਿੰਦਗੀ 'ਚ 'ਕੋਈ ਬੀਚ ਕਾ ਰਾਸਤਾ ਨਹੀਂ ਹੋਤਾ'। ਉਹ ਆਪਣੀ ਲੁੱਟੀ-ਪੁੱਟੀ, ਨਪੀੜੀ, ਦੁਰਕਾਰੀ ਅਤੇ ਜਬਰ ਸਿਤਮ ਦੀ ਲਤਾੜੀ ਜਮਾਤ ਦਾ ਵਫ਼ਾਦਾਰ ਪੁੱਤ ਹੋ ਨਿੱਬੜਿਆ।

ਝੂਠੇ ਪੁਲਸ ਮੁਕਾਬਲਿਆਂ 'ਚ ਮਾਰੇ ਗਏ ਕਮਿਊਨਿਸਟ ਇਨਕਲਾਬੀਆਂ ਦੀਆਂ ਪੈੜਾਂ ਅਤੇ ਸੋਚਾਂ ਲੋਕ ਮਨਾਂ ਤੱਕ ਪਹੁੰਚਾਉਣ ਲਈ ਉਹ ਨਿਧੜਕ ਹਰਕਾਰਾ ਅਤੇ ਘੋਲਾਂ ਦਾ ਮਸ਼ਾਲਚੀ ਬਣ ਤੁਰਿਆ। ਅਜਿਹੇ ਬਿਖੜੇ ਲੰਮੇਰੇ ਪੈਂਡਿਆਂ 'ਚ ਉਹ ਸਾਹਿਤ/ ਸੱਭਿਆਚਾਰਕ ਪਿੜ ਦੀ ਮਹੱਤਤਾ ਜਨਤਕ ਇਨਕਲਾਬੀ ਲਹਿਰ, ਕਮਿਊਨਿਸਟ ਇਨਕਲਾਬੀ ਲਹਿਰ, ਇਨਕਲਾਬੀ ਸਾਂਝੇ ਮੋਰਚੇ, ਆਰਥਕ, ਰਾਜਨੀਤਕ, ਸਮਾਜਕ, ਤਰਕਸ਼ੀਲ, ਜਮਹੂਰੀ ਮੰਗਾਂ, ਸਰਗਰਮੀਆਂ ਖਾਸ ਕਰਕੇ ਲੋਕ ਲਹਿਰ ਦੀ ਇਤਿਹਾਸਕ ਮਹੱਤਤਾ ਨੂੰ ਪਰਪੱਕਤਾ ਨਾਲ ਸਮਝਣ ਲੱਗਾ। ਉਸ ਨੂੰ ਬੋਧ ਸੀ ਕਿ ਗ਼ਦਰੀ ਦੇਸ਼ ਭਗਤਾਂ, ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਹਰ ਵੰਨਗੀ ਦੇ ਦਾਬੇ ਅਤੇ ਫਿਰਕੂ ਨਫ਼ਰਤੀ ਹੱਲਿਆਂ ਨੂੰ ਪਛਾੜਨ ਲਈ ਜਾਗਰੂਕ ਲੋਕਾਂ ਦੀ ਲਹਿਰ ਦੀ ਸਿਰਜਣਾ ਲਈ ਆਪਾ ਸਮਰਪਤ ਭਾਵਨਾ ਨਾਲ ਹੀ ਸਮਾਜ ਦੀ ਨਵੀਂ, ਤੰਦਰੁਸਤ, ਖ਼ੁਸ਼ਹਾਲ ਅਤੇ ਵਿਤਕਰੇ ਰਹਿਤ ਜ਼ਿੰਦਗੀ ਦਾ ਮੱਥਾ ਚੁੰਮਿਆ ਜਾ ਸਕਦਾ ਹੈ।

28 ਅਪ੍ਰੈਲ ਦਿਨ (ਐਤਵਾਰ) 12 ਵਜੇ ਉਸ ਦੇ ਜੱਦੀ ਪਿੰਡ ਹੀਓਂ ਵਿਖੇ ਹੋ ਰਹੇ ਪ੍ਰਭਾਵਸ਼ਾਲੀ ਸਮਾਗਮ 'ਚ ਹਰਬੰਸ ਹੀਓਂ ਦੇ ਜੀਵਨ-ਬਿਰਤਾਂਤ ਅਤੇ ਉਸ ਦੀਆਂ ਅੱਜ ਅਤੇ ਆਉਣ ਵਾਲੇ ਕੱਲ੍ਹ ਨਾਲ ਜੁੜਦੀਆਂ ਤੰਦਾਂ ਬਾਰੇ ਗੰਭੀਰ ਵਿਚਾਰ-ਚਰਚਾ ਹੋਵੇਗੀ।

**- ਅਮੋਲਕ ਸਿੰਘ**
**ਸੰਪਰਕ:** 98778-68710

# ਉਮੀਦਵਾਰ ਠੰਡਲ ਨਾਲ ਚਟਾਨ ਵਾਂਗ ਖੜ੍ਹੇ ਹਾਂ : ਜਥੇਦਾਰ ਜਸਵਾਲ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਦਿਹਾਣਾ ਵਿਖੇ ਲੋਕ ਸਭਾ ਹੁਸ਼ਿਆਰਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਦੇ ਹੱਕ ਵਿੱਚ ਨੁੱਕੜ ਮੀਟਿੰਗ ਜਥੇਦਾਰ ਬਰਿੰਦਰ ਸਿੰਘ ਜਸਵਾਲ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ ਮੀਟਿੰਗ ਦੌਰਾਨ ਲੋਕ ਸਭਾ ਚੋਣਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਮੀਟਿੰਗ ਦੌਰਾਨ ਜਥੇਦਾਰ ਬਰਿੰਦਰ ਸਿੰਘ ਜਸਵਾਲ ਨੇ ਕਿਹਾ ਕਿ ਅਸੀਂ ਸ਼੍ਰੋਮਣੀ ਅਕਾਲੀ ਦਲ ਬਾਦਲ ਲੋਕ ਸਭਾ ਹੁਸ਼ਿਆਰਪੁਰ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਨਾਲ ਚਟਾਨ ਵਾਂਗ ਖੜ੍ਹੇ ਹਾਂ। ਉਨ੍ਹਾਂ ਦੱਸਿਆ ਕਿ ਨੁੱਕੜ ਮੀਟਿੰਗਾਂ ਦੌਰਾਨ ਵੱਖ ਵੱਖ ਇਲਾਕਿਆਂ ਵਿੱਚੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੌਕੇ ਜਥੇਦਾਰ ਬਰਿੰਦਰ ਸਿੰਘ ਜਸਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਆਪਣੀ ਸਰਕਾਰ ਸਮੇਂ ਰਿਕਾਰਡ ਤੋੜ ਵਿਕਾਸ ਕੀਤਾ ਹੈ।ਉਨ੍ਹਾ ਦੱਸਿਆ ਕਿ ਲੋਕ ਸਭਾ ਚੋਣਾਂ ਦੌਰਾਨ ਸੋਹਣ ਸਿੰਘ ਠੰਡਲ ਵੱਡੀ ਲੀਡ ਨਾਲ ਸ਼ਾਨਦਾਰ ਜਿੱਤ ਹਾਸਲ ਕਰਨਗੇ। ਉਨ੍ਹਾਂ ਦੱਸਿਆ ਕਿ ਲੋਕ ਸਭਾ ਚੋਣਾਂ ਹੁਸ਼ਿਆਰਪੁਰ ਦੇ ਸਾਰੇ ਇਲਾਕਿਆਂ ਵਿਚ ਭਾਰੀ ਸਮਰਥਨ ਮਿਲ ਰਿਹਾ ਹੈ ਅਤੇ ਸੋਹਣ ਸਿੰਘ ਠੰਡਲ ਦੀ ਜਿੱਤ ਯਕੀਨੀ ਹੈ। ਇਸ ਮੌਕੇ ਪ੍ਰਿੰਸੀਪਲ ਰਛਪਾਲ ਸਿੰਘ ਜਲਵੇਹੜਾ, ਜਥੇਦਾਰ ਜਰਨੈਲ ਸਿੰਘ ਖਾਲਸਾ ਬੱਡੋ, ਜਥੇਦਾਰ ਹਰਦੀਪ ਸਿੰਘ ਖਾਲਸਾ ਬੱਡੋ, ਮਲਕੀਅਤ ਸਿੰਘ ਬੱਡੋ, ਤਰਲੋਕ ਸਿੰਘ ਬੱਡੋ, ਸੁਰਿੰਦਰ ਸਿੰਘ ਬੱਡੋ, ਦਲਜੀਤ ਸਿੰਘ ਪਰਮਾਰ ਬੱਡੋ, ਤਰਸੇਮ ਸਿੰਘ ਡਾਡੀਆ ਸਾਬਕਾ ਸਰਪੰਚ, ਨਰਿੰਦਰ ਸਿੰਘ ਬੱਡੋ ਆਦਿ ਹਾਜ਼ਰ ਸਨ।

# ਸਰਬ ਨੌਜਵਾਨ ਸਭਾ ਵੱਲੋਂ ਲੋੜਵੰਦ ਵਿਦਿਆਰਥੀ ਨੂੰ ਵਰਦੀ, ਸਟੇਸ਼ਨਰੀ ਤੇ ਸਾਈਕਲ ਭੇਟ



**ਫਗਵਾੜਾ (ਜਸਵਿੰਦਰ ਢੱਡਾ)**- ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵੱਲੋਂ ਅੱਜ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੇ) ਪੁਰਾਣਾ ਡਾਕਖਾਨਾ ਰੋਡ ਦੇ ਕੈਂਪਸ ਵਿੱਚ ਵਿਖੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਤੀ ਉਤਸ਼ਾਹਤ ਕਰਨ ਦੇ ਮਕਸਦ ਨਾਲ ਇਕ ਸਮਾਗਮ ਕੀਤਾ ਗਿਆ। ਜਿਸ ਵਿੱਚ ਅਲਾਇੰਸ ਇੰਟਰਨੈਸ਼ਨਲ ਦੇ ਡਾਇਰੈਕਟਰ ਓਵਰਸੀਜ਼ ਜਤਿੰਦਰ ਸਿੰਘ ਕੁੰਦੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਸਭਾ ਦੇ ਸਲਾਹਕਾਰ ਕਮੇਟੀ ਮੈਂਬਰ ਅਵਤਾਰ ਸਿੰਘ ਮੰਡ, ਸਮਾਜ ਸੇਵਕ ਰਸ਼ਪਾਲ ਰਾਏ, ਪ੍ਰਭਜੋਤ ਸਿੰਘ ਸਾਬਕਾ ਸਰਪੰਚ ਪੰਡਵਾ, ਰਿਟਾ. ਹੈੱਡ ਮਾਸਟਰ ਨਰੇਸ਼ ਕੋਹਲੀ, ਪਰਮਜੀਤ ਚਾਚੋਕੀ ਅਤੇ ਜੀਤਾ ਪੰਡਵਾ ਨੇ ਹਾਜ਼ਰੀ ਦਰਜ ਕਰਵਾਈ।

ਇਸ ਦੌਰਾਨ ਸਕੂਲ ਦੇ ਨੌਵੀਂ ਜਮਾਤ ਦੇ ਨਵੇਂ ਦਾਖਲ ਹੋਏ ਇਕ ਲੋੜਵੰਦ ਤੇ ਹੋਣਹਾਰ ਵਿਦਿਆਰਥੀ ਨੂੰ ਨਵੀਂ ਵਰਦੀ, ਸਕੂਲ ਬੈਗ, ਸਟੇਸ਼ਨਰੀ ਅਤੇ ਸਕੂਲ ਆਉਣ-ਜਾਣ ਲਈ ਨਵਾਂ ਸਾਈਕਲ ਭੇਟ ਕੀਤਾ ਗਿਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਬੱਚੇ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਪਰਵਾਰ ਦੀ ਆਰਥਕ ਹਾਲਤ ਕਮਜ਼ੋਰ ਹੈ। ਪਿੰਡ ਦੇ ਸਕੂਲ ਵਿੱਚ ਮੁਢਲੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਵਿਦਿਆਰਥੀ ਨੇ ਉੱਚ ਸੈਕੰਡਰੀ ਸਿੱਖਿਆ ਹਾਸਲ ਕਰਨ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਦਾਖ਼ਲਾ ਲਿਆ ਹੈ ਪਰ ਪਿੰਡ ਤੋਂ ਸਕੂਲ ਤੱਕ ਕਈ ਕਿਲੋਮੀਟਰ ਦਾ ਸਫ਼ਰ ਤੈਅ ਕਰਨ ਵਿੱਚ ਉਸ ਨੂੰ ਮੁਸ਼ਕਲ ਆ ਰਹੀ ਸੀ। ਇਸ ਸਬੰਧੀ ਪਤਾ ਲੱਗਣ 'ਤੇ ਉਨ੍ਹਾਂ ਦੀ ਸੰਸਥਾ ਨੇ ਸਭਾ ਦੇ ਚੇਅਰਮੈਨ ਸੁਰੇਸ਼ ਮੱਲ੍ਹਣ ਯੂ.ਐਸ.ਏ. ਵਲੋਂ ਪ੍ਰਾਪਤ ਹੋਏ ਆਰਥਕ ਸਹਿਯੋਗ ਸਦਕਾ ਇਹ ਉਪਰਾਲਾ ਕੀਤਾ ਹੈ। ਸਕੂਲ ਦੀ ਵਾਈਸ ਪ੍ਰਿੰਸੀਪਲ ਸ਼ਰੂਤੀ ਦੁੱਗਲ ਨੇ ਸਭਾ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀ ਦੀ ਮਦਦ ਲਈ ਧੰਨਵਾਦ ਪ੍ਰਗਟਾਇਆ। ਅਖੀਰ 'ਚ ਵਿੱਚ ਸਭਾ ਦੇ ਸਰਪ੍ਰਸਤ ਅਵਤਾਰ ਸਿੰਘ ਮੰਡ ਨੇ ਸਭਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਜਾਣਕਾਰੀ ਦਿੱਤੀ ਅਤੇ ਆਏ ਹੋਏ ਸਾਰੇ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਭਾ ਦੇ ਮੀਤ ਪ੍ਰਧਾਨ ਰਵਿੰਦਰ ਸਿੰਘ ਰਾਏ, ਸਮਾਜ ਸੇਵੀ ਗੁਰਦੀਪ ਸਿੰਘ ਕੰਗ, ਸਾਹਿਬਜੀਤ ਸਾਬੀ, ਨਰਿੰਦਰ ਸੈਣੀ, ਮਨਦੀਪ ਬਾਸੀ, ਗੁਰਸ਼ਰਨ ਬਾਸੀ, ਰਾਕੇਸ਼ ਕੋਛੜ, ਜਗਜੀਤ ਸੇਠ, ਜਸ਼ਨ ਮਹਿਰਾ, ਰਾਜਕੁਮਾਰ ਰਾਜਾ, ਸਕੂਲ ਸਟਾਫ਼ ਵਰਿੰਦਰ ਸ਼ਰਮਾ, ਮਨਜੀਤ ਕੌਰ, ਦੀਪਕ ਸਹਿਗਲ, ਮਨੋਹਰ ਸਿੰਘ ਤਲਵਾੜ, ਰਵਿੰਦਰ ਸਿੰਘ, ਅਜੇ, ਕੁਲਵਿੰਦਰ ਕੌਰ, ਵਿਨੋਦ ਕੁਮਾਰ, ਸ਼ਿਲਪਾ ਪੁੰਜ, ਦਲਜੀਤ ਕੌਰ, ਸਤਨਾਮ ਸਿੰਘ ਆਦਿ ਹਾਜ਼ਰ ਸਨ।

# ਰਚਿਤ ਅਗਰਵਾਲ ਜੇ ਈ ਈ (ਮੇਨ) 'ਚੋਂ ਬਣਿਆ ਸਟੇਟ ਟਾਪਰ




**ਜਲੰਧਰ - (ਇਕਬਾਲ ਸਿੰਘ ਉਭੀ)** - ਸਥਾਨਕ ਆਕਾਸ ਐਜੂਕੇਸ਼ਨਲ ਸਰਵਿਸਿਜ ਲਿਮਟਿਡ (ਏ ਈ ਐਸ ਐਲ) ਨੂੰ ਆਪਣੇ ਵਿਦਿਆਰਥੀ ਰਚਿਤ ਅਗਰਵਾਲ ਦੀ ਪ੍ਰਾਪਤੀ ਦਾ ਐਲਾਨ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ, ਜਿਸ ਨੇ ਸਾਂਝੀ ਦਾਖਲਾ ਪ੍ਰੀਖਿਆ (ਜੇ ਈ ਈ) ਦੇ ਦੂਜੇ ਸ਼ੈਸ਼ਨ 'ਚ ਸ਼ਾਨਦਾਰ ਪ੍ਰਦਰਸਨ ਕਰਦਿਆ ਮੇਨ 2024 'ਚ 100 ਪ੍ਰਤੀਸ਼ਤ ਪ੍ਰਾਪਤ ਕਰਕੇ ਪੰਜਾਬ ਰਾਜ 'ਚ ਟਾਪ ਕੀਤਾ ਹੈ। ਇਸ ਲੜੀ 'ਚ, ਯਸ਼ਿਤ ਵਰਮਾ ਨੇ 99.94 ਪਰਸੈਂਟਾਈਲ ਅਤੇ ਏਆਈਆਰ 996 ਅਤੇ ਮਨਨ ਜੈਨ ਨੇ 99.85 ਪਰਸੈਂਟਾਈਲ ਅਤੇ ਏ ਆਈ ਆਰ 2405 ਪ੍ਰਾਪਤ ਕੀਤੇ ਹਨ। ਇਸ ਤੋਂ ਇਲਾਵਾ, 14 ਹੋਰ ਵਿਦਿਆਰਥੀਆਂ ਨੇ 99 ਅਤੇ ਇਸ ਤੋਂ ਵੱਧ ਪ੍ਰਤੀਸ਼ਤ ਪ੍ਰਾਪਤ ਕੀਤੇ ਹਨ। ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਨਾ ਸਿਰਫ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਨੂੰ ਰੇਖਾਂਕਿਤ ਕਰਦਾ ਹੈ ਬਲਕਿ ਭਾਰਤ ਦੀਆਂ ਸਭ ਤੋਂ ਚੁਣੌਤੀਪੂਰਨ ਪ੍ਰੀਖਿਆਵਾਂ ਵਿੱਚੋਂ ਇੱਕ 'ਚ ਟੈਸਟ ਕੀਤੇ ਗਏ ਵਿਸ਼ਿਆਂ ਦੇ ਡੂੰਘੇ ਗਿਆਨ ਨੂੰ ਵੀ ਸਾਹਮਣੇ ਲਿਆਉਂਦਾ ਹੈ। ਨੈਸ਼ਨਲ ਟੈਸਟਿੰਗ ਏਜੰਸੀ ਨੇ 24 ਅਪ੍ਰੈਲ, 2024 ਨੂੰ ਦੇਰ ਰਾਤ ਦੂਜੇ ਸੈਸ਼ਨ ਦੇ ਨਤੀਜਿਆਂ ਦਾ ਪਰਦਾਫਾਸ ਕਰਕੇ ਉੱਤਮਤਾ ਦਾ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ। ਆਕਾਸ਼ ਐਜੂਕੇਸਨਲ ਸਰਵਿਸਿਜ ਲਿਮਟਿਡ ਦੇ ਕਲਾਸਰੂਮ ਪ੍ਰੋਗਰਾਮ 'ਚ ਦਾਖਲ ਹੋਏ, ਇਹਨਾਂ ਵਿਦਿਆਰਥੀਆਂ ਨੇ ਵਿਸ਼ਵ ਪੱਧਰ 'ਤੇ ਸਭ ਤੋਂ ਔਖੀਆਂ ਪ੍ਰਵੇਸ ਪ੍ਰੀਖਿਆਵਾਂ 'ਚੋਂ ਇੱਕ ਵਜੋਂ ਜਾਣੇ ਜਾਂਦੇ ਵੱਕਾਰੀ ਨੂੰ ਹਾਸਲ ਕਰਨ ਲਈ ਇੱਕ ਔਖਾ ਸਫਰ ਸ਼ੁਰੂ ਕੀਤਾ। ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ, ਅਸ਼ੀਸ਼ ਦੇਵਰਾਣੀ, ਡਿਪਟੀ ਡਾਇਰੈਕਟਰ, ਆਕਾਸ਼ ਐਜੂਕੇਸ਼ਨਲ ਸਰਵਿਸਿਜ਼, ਪੰਜਾਬ ਨੇ ਜੋਰ ਦੇ ਕੇ ਕਿਹਾ, "ਉਨ੍ਹਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਵਿਦਿਆਰਥੀਆਂ ਨੂੰ ਵਿਆਪਕ ਕੋਚਿੰਗ ਅਤੇ ਨਵੀਨਤਾਕਾਰੀ ਸਿੱਖਣ ਦੇ ਹੱਲ ਪ੍ਰਦਾਨ ਕਰਨ, ਉਹਨਾਂ ਨੂੰ ਸ਼ਕਤੀ ਪ੍ਰਦਾਨ ਕਰਨ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਉੱਤਮਤਾ ਪ੍ਰਾਪਤ ਕਰਨ ਲਈ ਦੀ ਵਚਨਬੱਧਤਾ ਦਾ ਪ੍ਰਮਾਣ ਹੈ। ਅਸੀਂ ਉਨ੍ਹਾਂ ਦੇ ਭਵਿੱਖ ਦੇ ਯਤਨਾਂ 'ਚ ਲਗਾਤਾਰ ਸਫਲਤਾ ਦੀ ਕਾਮਨਾ ਕਰਦੇ ਹਾਂ।" ਵਿਦਿਆਰਥੀਆਂ ਨੂੰ ਉਹਨਾਂ ਦੇ ਸਕੋਰ ਵਧਾਉਣ ਦੇ ਕਈ ਮੌਕੇ ਪ੍ਰਦਾਨ ਕਰਨ ਲਈ (ਮੇਨਸ) ਨੂੰ ਦੋ ਸ਼ੈਸ਼ਨਾਂ 'ਚ ਬਣਾਇਆ ਗਿਆ ਹੈ।

# ਚੰਨੀ ਦਾ ਨੂਰਮਹਿਲ ਆਉਣ 'ਤੇ ਕਾਂਗਰਸ ਵਰਕਰਾਂ ਕੀਤਾ ਜ਼ੋਰਦਾਰ ਸਵਾਗਤ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਅੱਜ ਵਿਧਾਨ ਸਭਾ ਹਲਕਾ ਨਕੋਦਰ ਅਧੀਨ ਬਲਾਕ ਨੂਰਮਹਿਲ ਵਿਖੇ ਡਾ. ਨਵਜੋਤ ਸਿੰਘ ਦਾਹੀਆ ਵਿਧਾਨ ਸਭਾ ਹਲਕਾ ਇੰਚਾਰਜ ਨਕੋਦਰ ਦੀ ਅਗਵਾਈ ਵਿਚ ਲੋਕ ਸਭਾ ਹਲਕਾ ਜ਼ਿਲ੍ਹਾ ਜਲੰਧਰ ਤੋਂ ਕਾਂਗਰਸ ਉਮੀਦਵਾਰ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਨੂਰਮਹਿਲ ਨਗਰ ਕੌਂਸਲ ਪ੍ਰਧਾਨ ਬੀਬੀ ਹਰਦੀਪ ਕੌਰ ਜੌਹਲ ਦੇ ਘਰ ਆਉਣ 'ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ। ਇਸ ਮੌਕੇ ਸੁਭਾਸ਼ ਸੌਂਧੀ ਸੀਨੀਅਰ ਆਮ ਆਦਮੀ ਪਾਰਟੀ ਆਗੂ ਆਪਣੇ ਸਾਥੀਆਂ ਸਮੇਤ ਕਾਂਗਰਸ ਵਿਚ ਸ਼ਾਮਲ ਹੋਏ ਤੇ ਚੰਨੀ ਨੇ ਉਨ੍ਹਾਂ ਦਾ ਕਾਂਗਰਸ ਪਾਰਟੀ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ। ਇਸ ਮੌਕੇ ਸਿਟੀ ਪ੍ਰਧਾਨ ਕਾਂਗਰਸ ਰਕੇਸ਼ ਕਲੇਰ, ਓਮ ਪ੍ਰਕਾਸ਼ ਕੁੰਦੀ, ਜੰਗ ਬਹਾਦਰ ਕੋਹਲੀ ਕੌਂਸਲਰ, ਹੈਪੀ ਸੰਧੂ, ਅਸ਼ੋਕ ਸੰਧੂ, ਇੰਦਰਜੀਤ ਸਿੰਘ ਜੌਹਲ, ਜਸਵੀਰ ਸਹਿਜਲ, ਮੰਥਨ ਕਲੇਰ, ਸੁਖਵਿੰਦਰ ਥਾਪਰ, ਚਰਨ ਸਿੰਘ ਰਾਜੋਵਾਲ, ਗੁਰਦੀਪ ਸਿੰਘ ਥੰਮਣਵਾਲ, ਬਲਵਿੰਦਰ ਬਾਲੂ, ਮੈਡਮ ਸੁਮਨ ਲਤਾ ਪਾਠਕ, ਸੁਰਜੀਤ ਕੌਰ, ਬਬੀਤਾ ਸੰਧੂ, ਜੀਤਾ ਖੋਸਲਾ, ਅਨਿਲ ਮੈਹਨ, ਜੱਸੀ ਨੂਰਮਹਿਲੀਆ, ਤਰਸੇਮ ਲਾਲ ਤੇ ਸੈਂਕੜੇ ਕਾਂਗਰਸ ਵਰਕਰ ਹਾਜ਼ਰ ਸਨ।

# 'ਆਪ' ਨੇ ਪੰਜਾਬ 'ਚ ਭਾਜਪਾ, ਕਾਂਗਰਸ ਤੇ ਅਕਾਲੀ ਦਲ ਨੂੰ ਦਿੱਤਾ ਵੱਡਾ ਝਟਕਾ



**ਜਲੰਧਰ( ਸ਼ੈਲੀ ਐਲਬਰਟ)** ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਵੱਡਾ ਝਟਕਾ ਦਿੱਤਾ। ਸ਼ਨੀਵਾਰ ਨੂੰ ਭਾਜਪਾ ਓ ਬੀ ਸੀ ਮੋਰਚਾ ਦੇ ਸਕੱਤਰ ਕੁਲਦੀਪ ਸਿੰਘ ਸ਼ੈਂਟੀ ਅਤੇ ਅਕਾਲੀ ਦਲ ਐਸ ਸੀ ਵਿੰਗ ਦੋਆਬਾ ਦੇ ਜਨਰਲ ਸਕੱਤਰ ਗੁਰਦਰਸ਼ਨ ਲਾਲ ਆਪਣੀ ਪੁਰਾਣੀ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਦੋਵਾਂ ਆਗੂਆਂ ਨੂੰ ਰਸਮੀ ਤੌਰ 'ਤੇ ਪਾਰਟੀ 'ਚ ਸ਼ਾਮਲ ਕਰਵਾਇਆ ਅਤੇ 'ਆਪ' ਪਰਵਾਰ 'ਚ ਉਨ੍ਹਾਂ ਦਾ ਸਵਾਗਤ ਕੀਤਾ।ਇਸ ਮੌਕੇ 'ਆਪ' ਦੇ ਜਲੰਧਰ ਤੋਂ ਉਮੀਦਵਾਰ ਪਵਨ ਕੁਮਾਰ ਟੀਨੂੰ ਅਤੇ ਸੀਨੀਅਰ ਮਹਿਲਾ ਆਗੂ ਰਾਜਵਿੰਦਰ ਕੌਰ ਥਿਆੜਾ ਵੀ ਹਾਜ਼ਰ ਸਨ।ਆਮ ਆਦਮੀ ਪਾਰਟੀ ਨੂੰ ਦੋਆਬੇ ਦੇ ਨਾਲ-ਨਾਲ ਮਾਝਾ ਖੇਤਰ ਵਿੱਚ ਵੀ ਉਸ ਸਮੇਂ ਵੱਡੀ ਮਜ਼ਬੂਤੀ ਮਿਲੀ ਜਦੋਂ ਗੁਰਦਾਸਪੁਰ ਹਲਕੇ ਦੇ ਪ੍ਰਭਾਵਸ਼ਾਲੀ ਨੌਜਵਾਨ ਆਗੂ ਅਤੇ ਐਨ ਐਸ ਯੂ ਆਈ ਦੇ ਪੰਜਾਬ ਮੀਤ ਪ੍ਰਧਾਨ ਰਾਹੁਲ ਸ਼ਰਮਾ ਵੀ 'ਆਪ' ਵਿੱਚ ਸ਼ਾਮਲ ਹੋ ਗਏ। ਰਾਹੁਲ ਸ਼ਰਮਾ ਦੀ ਗੁਰਦਾਸਪੁਰ ਦੇ ਨੌਜਵਾਨਾਂ ਵਿੱਚ ਚੰਗੀ ਪੈਠ ਹੈ।

ਰਾਹੁਲ ਸ਼ਰਮਾ ਨੂੰ ਵੀ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਜਗਰੂਪ ਸਿੰਘ ਸੇਖਵਾਂ ਦੀ ਮੌਜੂਦਗੀ ਵਿੱਚ ਪਾਰਟੀ ਵਿੱਚ ਸ਼ਾਮਲ ਕਰਵਾਇਆ ਅਤੇ ਉਨ੍ਹਾਂ ਦਾ ਪਾਰਟੀ 'ਚ ਸਵਾਗਤ ਕੀਤਾ। ਰਾਹੁਲ ਸ਼ਰਮਾ ਦਾ ਕਾਂਗਰਸ ਪਾਰਟੀ ਛੱਡਣਾ ਗੁਰਦਾਸਪੁਰ 'ਚ ਕਾਂਗਰਸ ਲਈ ਇਕ ਵੱਡਾ ਝਟਕਾ ਹੈ।ਸਾਰੇ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਾਉਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ 'ਆਪ' ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ ਹਰ ਵਰਗ ਦੇ ਲੋਕ ਲਗਾਤਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਵਿੱਚ ਆਪਣਾ ਅਹਿਮ ਯੋਗਦਾਨ ਵੀ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਇਨ੍ਹਾਂ ਚੋਣਾਂ ਵਿੱਚ 13-0 ਨਾਲ ਜਿੱਤ ਦਰਜ ਕਰਕੇ ਇਤਿਹਾਸ ਰਚੇਗੀ।

# ਸੀ ਐੱਚ ਸੀ ਹਾਰਟਾ ਬੱਡਲਾ 'ਚ ਵਿਸ਼ਵ ਮਲੇਰੀਆ ਦਿਵਸ ਮਨਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵਿੰਦਰ ਕੁਮਾਰ ਡੁਮਾਣਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਸ ਐਮ ਓ ਹਾਰਟਾ ਬੱਡਲਾ ਡਾ. ਮਨਪ੍ਰੀਤ ਸਿੰਘ ਬੈਂਸ ਦੀ ਅਗਵਾਈ ਹੇਠ ਸੀ ਐਚ ਸੀ ਹਾਰਟਾ ਬੱਡਲਾ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ। ਇਸ ਦੌਰਾਨ ਡਾ. ਮਨਪ੍ਰੀਤ ਸਿੰਘ ਬੈਂਸ ਨੇ ਦੱਸਿਆ ਕਿ ਮਲੇਰੀਆ ਮਾਦਾ ਮੱਛਰ ਐਨਾਫਲੀਜ਼ ਦੇ ਕੱਟਣ ਨਾਲ ਫੈਲਦਾ ਹੈ ਅਤੇ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਇਕੱਠਾ ਨਾ ਹੋਣ ਦਿਓ ਅਤੇ ਟੋਇਆਂ ਨੂੰ ਮਿੱਟੀ ਨਾਲ ਭਰ ਦਿੱਤਾ ਜਾਵੇ ਅਤੇ ਛੱਪੜਾਂ ਵਿੱਚ ਕਾਲੇ ਤੇਲ ਦਾ ਛਿੜਕਾਅ ਕੀਤਾ ਜਾਵੇ। ਆਪਣੇ ਘਰਾਂ ਦੇ ਕੂਲਰ ਹਫਤੇ 'ਚ ਇਕ ਵਾਰ ਚੰਗੀ ਤਰ੍ਹਾਂ ਸਾਫ਼ ਕਰਨੇ ਚਾਹੀਦੇ ਹਨ ਤਾਂ ਜੋ ਮੱਛਰ ਪੈਦਾ ਹੋਣ ਤੋ ਰੋਕਿਆ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਕੱਪੜੇ ਉਹ ਹੀ ਪਹਿਨੋ ਜਿਸ ਨਾਲ ਪੂਰਾ ਸਰੀਰ ਢਕਿਆ ਜਾ ਸਕੇ। ਰਾਤ ਨੂੰ ਸੌਣ ਵੇਲੇ ਮੱਛਰ ਭਜਾਓ ਕਰੀਮਾਂ ਅਤੇ ਮੱਛਰਦਾਨੀਆ ਦੀ ਵਰਤੋਂ ਕੀਤੀ ਜਾਵੇ।

ਇਸ ਦੌਰਾਨ ਬੱਚਿਆ ਦੇ ਮਾਹਰ ਡਾ. ਕੁਲਵੰਤ ਰਾਏ, ਸਤਪਾਲ ਹੈਲਥ ਇੰਸੈਕਟਰ, ਗੁਰਮੇਲ ਸਿੰਘ ਮ ਪ ਹ ਵ ( ਮੇਲ), ਨਵਦੀਪ ਸਿੰਘ ਮ ਪ ਹ ਵ(ਮੇਲ),ਅਮਨਦੀਪ ਕੌਰ ਐਲ ਐਚ ਵੀ, ਦਵਿੰਦਰਜੀਤ ਕੌਰ ਐਲ ਐਚ ਵੀ, ਸੰਤੋਸ਼ ਕੁਮਾਰੀ ਐਲ ਐਚ ਵੀ,ਸੁਖਵਿੰਦਰ ਕੌਰ ਏ ਐਨ ਐਮ, ਸ਼ਸ਼ੀ ਬਾਲਾ ਏ ਐਨ ਐਮ ਆਦਿ ਹਾਜ਼ਰ ਸਨ।

# ਬਾਬਾ ਫਤਿਹ ਸਿੰਘ ਹਾਊਸ ਦੀ ਟੀਮ ਨੇ ਜਿੱਤਿਆ ਇੰਟਰ ਹਾਊਸ ਵਾਲੀਬਾਲ ਟੂਰਨਾਮੈਂਟ

**ਅੱਡਾ ਸਰਾਂ (ਕਾਜਲ)**-ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਸੁਸਾਇਟੀ ਬੋਕਾਰੋ (ਝਾਰਖੰਡ) ਅਧੀਨ ਚੱਲ ਰਹੇ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਨੈਣੋਵਾਲ ਵੈਦ ਵਿਖੇ ਮੈਨੇਜਮੈਂਟ ਦੇ ਦਿਸ਼ਾ ਨਿਰਦੇਸ਼ ਅਨੁਸਾਰ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਨੈਣੋਵਾਲ ਵੈਦ ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਹਰਜੀਤ ਸਿੰਘ ਦੀ ਯੋਗ ਅਗਵਾਈ ਹੇਠ ਨੌਵੀਂ ਤੋਂ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਅੰਡਰ 17 ਇੰਟਰ ਹਾਊਸ ਵਾਲੀਬਾਲ ਮੁਕਾਬਲੇ।ਇਨ੍ਹਾਂ ਮੁਕਾਬਲਿਆਂ 'ਚ ਵਿਦਿਆਰਥੀਆਂ ਨੇ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਇੰਟਰ ਹਾਊਸ ਮੁਕਾਬਲਿਆਂ ਵਿਚ ਬਾਬਾ ਫਤਹਿ ਸਿੰਘ ਸਿੰਘ ਹਾਊਸ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ। ਬਾਬਾ ਜ਼ੋਰਾਵਰ ਸਿੰਘ ਹਾਊਸ ਨੇ ਦੂਜਾ, ਬਾਬਾ ਅਜੀਤ ਸਿੰਘ ਹਾਊਸ ਦੀ ਟੀਮ ਨੇ ਤੀਜਾ ਅਤੇ ਬਾਬਾ ਜੁਝਾਰ ਸਿੰਘ ਜੀ ਹਾਊਸ ਦੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ। ਜੇਤੂਆਂ ਨੂੰ ਇਨਾਮ ਭੇਟ ਕਰਦੇ ਹੋਏ ਪ੍ਰਿੰਸੀਪਲ ਹਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਦੱਸਿਆ । ਉਨ੍ਹਾਂ ਆਖਿਆ ਕਿ ਤੰਦਰੁਸਤ ਰਹਿਣ ਲਈ ਖੇਡਾਂ ਦੀ ਬੇਹੱਦ ਉਪਯੋਗਤਾ ਹੈ। ਸਕੂਲ ਮੈਨੇਜਮੈਂਟ ਟੀਮ, ਪ੍ਰਧਾਨ ਤਰਸੇਮ ਸਿੰਘ, ਸੈਕਟਰੀ ਐੱਸ ਪੀ ਸਿੰਘ ਵੱਲੋਂ ਵੀ ਵਿਦਿਆਰਥੀਆਂ ਨੂੰ ਬਹੁਤ ਉਤਸਾਹਿਤ ਕੀਤਾ।



# ਐੱਸ ਡੀ ਕਾਲਜ 'ਚ ਵਰਲਡ ਅਰਥ ਡੇ ਸੰਬੰਧੀ ਸਮਾਗਮ



**ਸੁਲਤਾਨਪੁਰ ਲੋਧੀ, ( ਹਨੀ )**- ਐਸ ਡੀ ਕਾਲਜ ਫਾਰ ਵੂਮੈਨ ਵਿਖੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਅਤੇ ਕਾਲਜ ਦੇ ਈਕੋ ਕਲੱਬ ਦੇ ਇੰਚਾਰਜ ਰਾਜਿੰਦਰ ਕੌਰ ਦੀ ਦੇਖ ਰੇਖ 'ਚ ਵਰਲਡ ਅਰਥ ਡੇ ਸੰਬੰਧੀ ਸਮਾਗਮ ਕਰਵਾਇਆ ਗਿਆ, ਜੋ ਈ ਈ ਪੀ ਦੇ ਤਹਿਤ, ਮਨਿਸਟਰੀ ਆਫ ਐਨਵਾਇਰਨਮੈਂਟ ਫੌਰਸਟ ਅਤੇ ਕਲਾਈਮੇਟ ਚੇਂਜ ਤੇ ਸਟੇਟ ਨੋਡਲ ਏਜੰਸੀ ਪੰਜਾਬ ਸਟੇਟ ਕਾਊਂਸਲ ਫਾਰ ਸਾਇੰਸ ਅਤੇ ਟੈਕਨਾਲੋਜੀ ਦੀਆਂ ਹਦਾਇਤਾਂ ਅਨੁਸਾਰ ਆਯੋਜਿਤ ਕੀਤਾ ਗਿਆ । ਇਸ ਦੌਰਾਨ ਵਿਦਿਆਰਥਣਾਂ ਦਰਮਿਆਨ ਪੋਸਟਰ ਮੇਕਿੰਗ ਪ੍ਰਤੀਯੋਗਤਾ ਕਰਵਾਈ ਗਈ । ਪ੍ਰਤੀਯੋਗਤਾ ਵਿਚ ਸ਼ਿਰਕਤ ਕਰਦਿਆਂ ਵਿਦਿਆਰਥਣਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ । ਵਾਤਾਵਰਣ ਦੀ ਸੁਰੱਖਿਆ ਅਤੇ ਇਸ ਲਈ ਜੀਵਨ ਸ਼ੈਲੀ ਵਿੱਚ ਤਬਦੀਲੀ ਲਿਆਉਣਾ ਪੋਸਟਰ ਮੇਕਿੰਗ ਦਾ ਮੁੱਖ ਵਿਸ਼ਾ ਰਿਹਾ। ਨੀਲਮ ਬੀ ਕਾਮ ਭਾਗ ਤੀਜਾ ਅਤੇ ਗੁਰਲੀਨ ਕੌਰ ਬੀ ਏ ਭਾਗ ਤੀਜਾ ਸਾਂਝੇ ਤੌਰ 'ਤੇ ਪਹਿਲੇ ਸਥਾਨ ਹਾਸਲ ਕਰਨ ਵਿੱਚ ਸਫਲ ਰਹੀਆਂ ।ਜਦਕਿ ਕੁਲਦੀਪ ਕੌਰ ਬੀ ਕਾਮ ਭਾਗ ਦੂਜਾ ਸਥਾਨ ਹਾਸਲ ਕੀਤਾ । ਪ੍ਰਿੰਸੀਪਲ ਡਾ. ਸ਼ੁਕਲਾ ਨੇ ਜੇਤੂ ਵਿਦਿਆਰਥਣਾਂ ਨੂੰ ਸਨਮਾਨਤ ਕੀਤਾ ।

# ਵਿਸ਼ਵ ਟੀਕਾਕਰਨ ਹਫ਼ਤੇ ਸੰਬੰਧੀ ਸਕੂਲੀ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ



**ਮੋਹਾਲੀ, (ਗੁਰਜੀਤ ਬਿੱਲਾ)** ਵਿਸ਼ਵ ਟੀਕਾਕਰਨ ਹਫ਼ਤੇ ਦੇ ਸੰਬੰਧ 'ਚ ਸਥਾਨਕ ਪਿੰਡ ਬਹਿਲੋਲਪੁਰ ਦੇ ਸ਼ਿਸ਼ੂ ਨਿਕੇਤਨ ਸਕੂਲ ਵਿਖੇ ਵਿਦਿਆਰਥੀਆਂ ਦੇ ਪੋਸਟਰ ਬਣਾਉਣ ਅਤੇ ਸਵਾਲ-ਜਵਾਬ ਮੁਕਾਬਲੇ ਕਰਵਾਏ ਗਏ, ਜਿਸ 'ਚ 9 ਸਕੂਲਾਂ ਨੇ ਭਾਗ ਲਿਆ ਬੱਚਿਆਂ ਨੇ ਬਹੁਤ ਰੀਝ ਨਾਲ ਪੋਸਟਰ ਬਣਾਏ ਜਿਨ੍ਹਾਂ 'ਚ ਟੀਕਾਕਰਨ ਦੀ ਅਹਿਮੀਅਤ ਨੂੰ ਦਰਸਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨਾਂ ਵਜੋਂ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਗਿਰੀਸ਼ ਡੋਗਰਾ ਅਤੇ ਡਬਲਿਊ ਐਚ ਓ ਤੋਂ ਸੀਨੀਅਰ ਮੈਡੀਕਲ ਅਫ਼ਸਰ ਡਾ. ਵਿਕਰਮ ਗੁਪਤਾ ਨੇ ਸ਼ਿਰਕਤ ਕੀਤੀ ਮੁੱਖ ਮਹਿਮਾਨਾਂ ਨੇ ਜੇਤੂ ਬੱਚਿਆਂ ਨੂੰ ਇਨਾਮ ਵੀ ਤਕਸੀਮ ਕੀਤੇ ਅਤੇ ਬਿਮਾਰੀਆਂ ਤੋਂ ਬਚਾਅ ਲਈ ਟੀਕਾਕਰਨ ਵਾਸਤੇ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਾਇਮਰੀ ਹੈਲਥ ਸੈਂਟਰ ਬੂਥਗੜ੍ਹ ਦੇ ਐਸ ਐਮ ਓ ਡਾ. ਅਲਕਜੋਤ ਕੌਰ, ਡਾ. ਸਿਮਨਜੀਤ ਕੌਰ ਤੇ ਹੋਰ ਅਧਿਕਾਰੀ ਮੌਜੂਦ ਸਨ।

# ਮੇਟ ਦੀ ਗੈਰ-ਕਾਨੂੰਨੀ ਭਰਤੀ ਨੂੰ ਲੈ ਕੇ ਮਨਰੇਗਾ ਸੈਕਟਰੀ ਖਿਲਾਫ ਸ਼ਿਕਾਇਤ ਪੱਤਰ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪਿੰਡ ਸੇਖੂਪੁਰ ਬਾਗ ਮਨਰੇਗਾ ਮੇਟ ਦੀ ਕੀਤੀ ਗਈ ਗੈਰ ਕਾਨੂੰਨੀ ਭਰਤੀ ਨੂੰ ਲੈ ਕੇ ਅੱਜ ਡਿਪਟੀ ਕਮਿਸ਼ਨਰ ਨਵਜੋਤਪਾਲ ਸਿੰਘ ਰੰਧਾਵਾ ਸ਼.ਭ.ਸ.ਨਗਰ ਨੂੰ ਮਨਰੇਗਾ ਸੈਕਟਰੀ ਖਿਲਾਫ ਸ਼ਿਕਾਇਤ ਪੱਤਰ ਦਿੱਤਾ ਗਿਆ, ਜਿਸ ਵਿੱਚ ਨਰਿੰਦਰ ਸਿੰਘ ਨੇ ਕਿਹਾ ਕਿ ਸਾਡੇ ਪਿੰਡ ਸੇਖੂਪੁਰਾ ਬਾਗ ਵਿੱਚ ਇੱਕ ਮਨਰੇਗਾ ਮੇਟ ਦੀ ਗੈਰ ਕਾਨੂੰਨੀ ਸੈਕਟਰੀ ਤੇ ਸਿਆਸੀ ਦਬਾਅ ਨਾਲ ਭਰਤੀ ਹੋਈ ਹੈ ਜਦੋਂ ਕਿ ਪਿੰਡ ਵਿੱਚ ਵੱਧ ਪੜ੍ਹੀਆਂ ਲਿਖੀਆਂ ਬਹੁੰਆਂ ਨੂੰਹਾਂ ਹਨ। ਉਨ੍ਹਾਂ ਕਿਹਾ ਕਿ ਇਹ ਇੱਕ ਪਿੰਡ ਦੀ ਕੁੜੀ ਨੂੰ ਮਨਰੇਗਾ ਮੇਟ ਦੀ ਨੌਕਰੀ ਦਿੱਤੀ ਗਈ ਜੋ ਕਿ ਇਹ ਸਰਾਸਰ ਗੈਰ ਕਾਨੂੰਨੀ ਹੈ ਜੋ ਕਿ ਬਣਦੀ ਇਨਕੁਆਰੀ ਕੀਤੀ ਜਾਵੇ। ਪਿੰਡ ਸੇਖੂਪੁਰਾ ਦੀਆਂ ਵੱਧ ਪੜ੍ਹੀਆਂ ਲਿਖੀਆਂ ਬਹੁੰਆਂ ਨੂੰਹਾਂ ਨੂੰ ਯੋਗਤਾ ਅਨੁਸਾਰ ਮਨਰੇਗਾ ਮੇਟ ਰੱਖਿਆ ਜਾਵੇ। ਸ਼ਿਕਾਇਤ ਪੱਤਰ ਦੇਣ ਦੌਰਾਨ ਸ਼ਿਵ ਸੈਨਾ ਕੀਮਤੀ ਲਾਲ ਕਸ਼ਯਪ, ਰਾਸ਼ਟਰੀ ਪ੍ਰਧਾਨ ਸੁਰਜੀਤ ਰਾਮ ਕਰੀਮਪੁਰੀ, ਮੱਖਣ ਚੌਹਨ ਬਸਪਾ ਆਗੂ, ਡਾ. ਨਰਿੰਦਰ ਸਿੰਘ ਪਿੰਡ ਸੇਖੂਪੁਰਾ ਬਾਗ ਹਾਜ਼ਰ ਸਨ।

# ਹੈਰੋਇਨ ਤੇ ਡਰੱਗ ਮਨੀ ਸਮੇਤ ਤਿੰਨ ਕਾਬੂ

**ਫਿਲੌਰ (ਨਿਰਮਲ)**- ਥਾਣਾ ਫਿਲੌਰ ਦੇ ਐਸ ਐੱਚ ਓ ਇੰਸਪੈਕਟਰ ਨੀਰਜ ਕੁਮਾਰ ਨੇ ਦੱਸਿਆ ਕਿ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਥਾਣਾ ਫਿਲੌਰ ਅਧੀਨ ਪੈਂਦੀ ਪੁਲਸ ਚੌਂਕੀ ਅੱਪਰਾ ਦੇ ਇੰਚਾਰਜ ਥਾਣੇਦਾਰ ਸੁਖਵਿੰਦਰ ਪਾਲ ਸਿੰਘ ਦੀ ਅਗਵਾਈ ਹੇਠ ਨਾਕਾਬੰਦੀ ਦੌਰਾਨ ਇਕ ਕਾਰ ਪੀ ਬੀ 08 ਈ ਸੀ 2079 ਨੂੰ ਆਉਂਦੇ ਦੇਖਿਆ ਜੋ ਪੁਲਸ ਪਾਰਟੀ ਨੂੰ ਦੇਖ ਕੇ ਪਿਛੇ ਮੁੜਨ ਲੱਗੇ ਤਾਂ ਕਰਮਚਾਰੀਆਂ ਨੇ ਕਾਰ ਨੂੰ ਕਾਬੂ ਕਰਕੇ ਉਸ ਵਿੱਚ ਸਵਾਰ ਤਿੰਨ ਵਿਅਕਤੀਆਂ ਗੌਰਵ ਉਰਫ ਰੂਬੀ ਪੁੱਤਰ ਲੇਟ ਰਾਮ ਦਾਸ ਵਾਸੀ ਲੇਹਲ ਕਲਾਂ (ਗੋਰਾਇਆ) ਸਤਵੰਤ ਸਿੰਘ ਉਰਫ ਸੋਨੂੰ ਪੁੱਤਰ ਅਮਰਜੀਤ ਸਿੰਘ ਵਾਸੀ ਦੁਸਾਂਝ ਕਲਾਂ, ਪਰਮਜੀਤ ਸਿੰਘ ਪੀਤਾ ਪੁੱਤਰ ਭੁਪਿੰਦਰ ਸਿੰਘ ਵਾਸੀ ਰਾਜਪੁਰਾ (ਗੋਰਾਇਆ) ਨੂੰ ਕਾਬੂ ਕਰਕੇ ਤਲਾਸ਼ੀ ਲਈ ਅਤੇ ਉਨ੍ਹਾਂ ਕੋਲੋਂ 25 ਗਰਾਮ ਹੈਰੋਇਨ ਅਤੇ 52000 ਰੁਪਏ ਡਰੱਗ ਮਨੀ ਬਰਾਮਦ ਹੋਈ।ਇਨ੍ਹਾਂ ਵਿਰੁੱਧ ਥਾਣਾ ਫਿਲੌਰ ਵਿਖੇ ਮੁਕੱਦਮਾ ਨੰਬਰ 0121-25/4/24 ਧਾਰਾ 50 ਐਨ ਡੀ ਪੀ ਐੱਸ ਐਕਟ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਜਾਰੀ ਹੈ।

# ਬਲਾਕ ਮਸੀਤਾਂ ਦੇ 21 ਵਿਦਿਆਰਥੀਆਂ ਕੀਤੀ ਜਵਾਹਰ ਨਵੋਦਿਆ ਪ੍ਰੀਖਿਆ ਪਾਸ



**ਸੁਲਤਾਨਪੁਰ ਲੋਧੀ ( ਹਨੀ )**- ਬਲਾਕ ਸਿੱਖਿਆ ਅਧਿਕਾਰੀ ਕਮਲਜੀਤ ਦੀ ਯੋਗ ਅਗਵਾਈ ਹੇਠ ਸਿੱਖਿਆ ਬਲਾਕ ਮਸੀਤਾਂ (ਸੁਲਤਾਨਪੁਰ ਲੋਧੀ-2) ਅਧੀਨ ਆਉਂਦੇ ਵੱਖ-ਵੱਖ ਸਕੂਲਾਂ ਵਿੱਚੋਂ ਕੁੱਲ 21 ਵਿਦਿਆਰਥੀਆਂ ਵੱਲੋਂ ਜਵਾਹਰ ਨਵੋਦਿਆ ਵਿਦਿਆਲਿਆ ਦੀ ਪ੍ਰੀਖਿਆ ਪਾਸ ਕਰਕੇ ਜ਼ਿਲ੍ਹੇ ਵਿੱਚ ਇੱਕ ਨਵਾਂ ਕੀਰਤੀਮਾਨ ਪ੍ਰਾਪਤ ਕੀਤਾ ਗਿਆ। ਵਿਦਿਆਰਥੀਆਂ ਨੇ ਜਵਾਹਰ ਨਵੋਦਿਆ ਵਿਦਿਆਲਾ ਦੀ ਪ੍ਰੀਖਿਆ ਪਾਸ ਕਰਕੇ ਜਿੱਥੇ ਆਪਣੇ ਮਾਪਿਆਂ, ਸਕੂਲ ਅਤੇ ਅਧਿਆਪਕਾਂ ਦਾ ਨਾਂ ਰੌਸ਼ਨ ਕੀਤਾ ਹੈ, ਉੱਥੇ ਹੀ ਸਿੱਖਿਆ ਬਲਾਕ ਮਸੀਤਾਂ ਨੂੰ ਵੀ ਜ਼ਿਲ੍ਹੇ ਦੇ ਮੋਹਰੀ ਸਿੱਖਿਆ ਬਲਾਕ ਵਿੱਚ ਸ਼ਾਮਲ ਕੀਤਾ ਹੈ।

ਬਲਾਕ ਸਿੱਖਿਆ ਅਧਿਕਾਰੀ ਕਮਲਜੀਤ ਨੇ ਜਵਾਹਰ ਨਵੋਦਿਆ ਪ੍ਰੀਖਿਆ ਪਾਸ ਕਰਨ ਵਾਲੇ ਸਮੂਹ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਅਧਿਆਪਕਾਂ ਦੀ ਮਿਹਨਤ ਦੀ ਵੀ ਭਰਪੂਰ ਸ਼ਲਾਘਾ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਅਧਿਆਪਕਾਂ ਨੂੰ ਪੂਰਨ ਤੌਰ 'ਤੇ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਚਲਾਏ ਜਾ ਰਹੇ ਪ੍ਰੋਜੈਕਟ 'ਸਮੱਰਥ' ਨੂੰ ਵੀ ਜ਼ਿਲ੍ਹੇ ਦੀਆਂ ਮੋਹਰੀ ਸਫਾਂ ਵਿੱਚ ਸ਼ਾਮਲ ਕਰਨ ਲਈ ਵਿਸ਼ੇਸ਼ ਤੌਰ ਤੇ ਪ੍ਰੇਰਿਤ ਕੀਤਾ।

# ਬੈਰਸੀਆ 'ਚ ਪੇਂਡੂ ਸਿਹਤ ਪੋਸ਼ਣ ਦਿਵਸ ਮਨਾਇਆ



ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ) ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਦੀ ਯੋਗ ਰਹਿਨੁਮਾਈ ਹੇਠ ਸਿਹਤ ਤੇ ਤੰਦਰੁਸਤੀ ਕੇਂਦਰ, ਸਲੋਹ ਨੇ ਪਿੰਡ ਬੈਰਸੀਆ ਵਿਚ ਪੇਂਡੂ ਸਿਹਤ ਪੋਸ਼ਣ ਦਿਵਸ ਮਨਾਇਆ।ਇਸ ਮੌਕੇ ਸਿਹਤ ਤੇ ਤੰਦਰੁਸਤੀ ਕੇਂਦਰ, ਸਲੋਹ ਦੀ ਕਮਿਊਨਿਟੀ ਹੈਲਥ ਅਫਸਰ ਮਨਪ੍ਰੀਤ ਕੌਰ ਤੇ ਏ ਐੱਨ.ਐੱਮ ਨੀਨਾ ਸ਼ਰਮਾ ਨੇ ਹਾਜ਼ਰ ਲੋੜਾਂ ਨੂੰ ਗਰਭਵਤੀ ਔਰਤਾਂ ਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਪੌਸ਼ਟਿਕ ਆਹਾਰ ਖਵਾਉਣ, ਬੱਚੇ ਨੂੰ 6 ਮਹੀਨੇ ਤੱਕ ਸਿਰਫ ਮਾਂ ਦਾ ਦੁੱਧ ਪਿਲਾਉਣ, 6 ਮਹੀਨੇ ਤੋਂ ਬਾਅਦ ਮਾਂ ਦੇ ਦੁੱਧ ਦੇ ਨਾਲ ਪੂਰਕ ਖੁਰਾਕ ਦੇਣ, ਉਮਰ ਦੇ ਹਿਸਾਬ ਨਾਲ ਬੱਚੇ ਦਾ ਸੰਪੂਰਨ ਟੀਕਾਕਰਨ ਕਰਵਾਉਣ, ਕਿਸ਼ੋਰੀ ਲੜਕੀਆ ਨੂੰ ਨਿੱਜੀ ਸਾਫ-ਸਫਾਈ ਰੱਖਣ ਸਬੰਧੀ ਸਿਹਤ ਸਿੱਖਿਆ ਦਿੱਤੀ।

ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਨੂੰ ਖਾਣੇ ਵਿੱਚ ਪੌਸ਼ਟਿਕ ਆਹਾਰ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ, ਜਿਸ ਨਾਲ ਮਨੁੱਖ ਸਿਹਤਮੰਦ ਰਹਿੰਦਾ ਹੈ। ਉਨ੍ਹਾਂ ਬਾਜ਼ਾਰ ਵਿਚੋਂ ਡੱਬਾਬੰਦ ਖਾਧ ਪਦਾਰਥ ਲੈਣ ਤੋਂ ਪ੍ਰਹੇਜ ਕਰਨ ਲਈ ਵੀ ਕਿਹਾ।ਉਨ੍ਹਾਂ ਨੇ ਨਿੱਜੀ ਸਾਫ-ਸਫਾਈ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਨਿੱਜੀ ਸਾਫ-ਸਫਾਈ ਸਾਨੂੰ ਵੱਖ-ਵੱਖ ਬਿਮਾਰੀਆਂ ਤੋਂ ਬਚਾਉਂਦੀ ਹੈ।ਇਸ ਮੌਕੇ ਬੱਚਿਆਂ ਅਤੇ ਔਰਤਾਂ ਦੀ ਸਿਹਤਯਾਬੀ ਲਈ ਸਾਰਿਆਂ ਨੇ ਮਿਲ ਕੇ ਸੁੰਹ ਚੁੱਕੀ ਤਾਂ ਕਿ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।ਇਸ ਮੌਕੇ ਸਮੂਹ ਪੰਚਾਇਤ ਮੈਂਬਰ, ਸਕੂਲ ਅਧਿਆਪਕ, ਵੀ ਐੱਚ ਐੱਸ ਐੱਨ ਸੀ ਮੈਂਬਰ, ਆਂਗਨਵਾੜੀ ਵਰਕਰ, ਆਸ਼ਾ ਵਰਕਰ ਮੌਜੂਦ ਸਨ।

# ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਭਾਜਪਾ ਦਾ ਕਰੇਗੀ ਤਿੱਖਾ ਵਿਰੋਧ



**ਫਿਲੌਰ (ਨਿਰਮਲ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ( ਆਰ. ਐਮ. ਪੀ. ਆਈ. ) ਵੱਲੋਂ ਭਰਵੀ ਮੀਟਿੰਗ ਫਿਲੌਰ ਦੇ ਮੁਹੱਲਾ ਰਵਿਦਾਸਪੁਰਾ ਵਿਖੇ ਡਾ. ਸੰਦੀਪ ਕੁਮਾਰ ਦੀ ਪ੍ਰਧਾਨਗੀ ਵਿੱਚ ਕੀਤੀ ਗਈ। ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਵੀ ਸ਼ਾਮਲ ਹੋਈਆਂ। ਮੀਟਿੰਗ ਵਿੱਚ 2024 ਦੀਆਂ ਚੋਣਾਂ 'ਚ ਫਿਰਕਿਆਂ, ਧਰਮਾਂ, ਜਾਤਾਂ, ਭਾਸ਼ਾਵਾਂ ਵਿੱਚ ਵੰਡਣ ਵਾਲੀ ਪਾਰਟੀ ਨੂੰ ਹਰ ਹਾਲਤ ਵਿੱਚ ਹਰਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਬੀ ਜੇ ਪੀ ਦੀ ਮੋਦੀ ਸਰਕਾਰ ਅਤੇ ਇਸ ਦੀਆਂ ਸਹਿਯੋਗੀ, ਹਮਖਿਆਲੀ ਪਾਰਟੀਆਂ ਵਿਰੁੱਧ ਲੋਕ ਸਭਾ ਚੋਣਾ 'ਚ ਜਨਤਕ ਮੁਹਿੰਮ ਬਣਾ ਕੇ ਵਿਰੋਧ ਕਰਨ ਅਤੇ ਫਾਸ਼ੀਵਾਦੀ ਨੀਤੀਆਂ ਖਿਲਾਫ ਸੰਵਿਧਾਨ ਨੂੰ ਬਚਾਉਣ ਲਈ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਵਿਦਿਆਰਥੀਆਂ, ਮੁਲਾਜ਼ਮਾਂ ਨੂੰ ਇਕੱਠੇ ਹੋ ਕੇ ਸ਼ਾਂਤਮਈ ਢੰਗ ਨਾਲ ਵਿਰੋਧ ਕਰਨ ਦਾ ਸੱਦਾ ਦਿੱਤਾ ਗਿਆ । ਇਸ ਦੇ ਸਬੰਧ ਦੇ ਵਿੱਚ ਇਕ ਪਾਰਟੀ ਵੱਲੋਂ ਬੀ ਜੇ ਪੀ ਦੀਆਂ ਲੋਕ ਵਿਰੋਧੀ ਨੀਤੀਆਂ ਚਿੱਠਾ ਪੇਸ਼ ਕਰਦਾ ਹੋਇਆ ਇਕ ਕਿਤਾਬਾਂ ਵੀ ਵਰਕਰਾਂ ਨੂੰ ਵੰਡੀਆਂ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਆਗੂ ਜਰਨੈਲ ਫਿਲੌਰ ਨੇ ਕਿਹਾ ਕਿ ਬੀ ਜੇ ਪੀ ਦੀ ਅਗਵਾਈ ਵਾਲੀ ਮੋਦੀ ਸਰਕਾਰ ਹਿੰਦੂ ਰਾਸ਼ਟਰ ਦੇ ਨਾਂ 'ਤੇ ਦੇਸ਼ ਦੀ ਰਾਜ ਸਤਾ ਅਤੇ ਦੁਬਾਰਾ ਕਬਜ਼ਾ ਕਰਨਾ ਚਾਹੁੰਦੀ ਹੈ । ਸਾਥੀ ਦਾਉਦ ਨੇ ਕਿਹਾ ਕਿ ਦੇਸ਼ ਦੇ ਸੰਵਿਧਾਨ ਦੀ ਰਾਖੀ ਲਈ ਖੱਬੀਆਂ, ਜਮਹੂਰੀ ਸਰਕੂਲਰ ਪਾਰਟੀਆਂ ਨੂੰ ਇੰਡੀਆ ਗੱਠਜੋੜ ਦੀ ਹਮਾਇਤ ਕਰਨੀ ਜ਼ਰੂਰੀ ਹੈ ਤਾਂ ਹੀ ਸੰਵਿਧਾਨ ਨੂੰ ਬਚਾਇਆ ਜਾ ਸਕਦਾ ਹੈ । ਇਸ ਮੌਕੇ ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ ਤੇ ਬੀਬੀ ਹੰਸ ਕੌਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਰਵਿੰਦਰ ਠੇਕੇਦਾਰ, ਹਰਮਨਪ੍ਰੀਤ, ਰਾਮ ਪਾਲ, ਅਰਸ਼ਦੀਪ, ਸੁਨੀਤਾ ਫਿਲੌਰ, ਕਮਲਜੀਤ ਕੌਰ, ਆਸ਼ਾ ਰਾਣੀ, ਕਮਲਜੀਤ ਬੰਗੜ, ਸਰੋਜ ਰਾਣੀ, ਰਾਮ ਪਾਲ, ਗੋਬਿੰਦ ਰਾਮ, ਜੋਗਿੰਦਰ ਪਾਲ ਕਾਲਾ, ਤਰਸੇਮ ਲਾਲ, ਪਰਮਜੀਤ ਸੰਧੂ, ਸਾਬੀ ਜਗਤਪੁਰ, ਗੁਰਬਚਨਾ ਰਾਮ, ਹਨੀ ਕਲੋਨੀ, ਰਵਿੰਦਰ ਪਾਲ ਆਦਿ ਹਾਜ਼ਰ ਸਨ।

28-April-Sunday.qxd 4/27/2024 9:16 PM Page 1



ਕਸ਼ਮੀਰ ਗ੍ਰੇਟ ਲੇਕ ਟਰੈਕ
ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ


ਉਮਰਾਂ ਬੀਤ ਗਈਆਂ,
ਭੁੱਖੇ-ਭਾਣੇ ਕਰਦਿਆਂ ਦਿਹਾੜੀ
ਮਹਿਲਾਂ ਨੇ ਢਹਿ ਜਾਣਾ,
ਜਦ ਕੁੱਲੀ-ਕੁੱਲੀ ਦਹਾੜੀ।

\- ਅਮਿਤੋਜ਼

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 28 ਅਪ੍ਰੈਲ 2024 www.nawanzamana.in ਕੀਮਤ 5.00 ਰੁਪਏ

ਮਜ਼ਦੂਰ ਦਿਵਸ

# ਕਤਲਗਾਹੋਂ ਸੇ ਚੁਨ ਕਰ ਹਮਾਰੇ ਅਲਮ...

**ਸੁਰਜਨ ਜ਼ੀਰਵੀ**

*ਕਾਮਰੇਡ ਸੁਰਜਨ ਜ਼ੀਰਵੀ 'ਨਵਾਂ ਜ਼ਮਾਨਾ' ਨਾਲ ਇਸ ਦੀ ਪ੍ਰਕਾਸ਼ਨਾ ਵੇਲੇ ਤੋਂ ਹੀ ਜੁੜੇ ਰਹੇ ਅਤੇ ਵੱਖ-ਵੱਖ ਵਿਸ਼ਿਆਂ 'ਤੇ ਲਗਾਤਾਰ ਲਿਖਦੇ ਰਹੇ। 'ਮਈ ਦਿਵਸ' 'ਤੇ ਇਹ ਲੇਖ ਉਨ੍ਹਾ ਕੈਨੇਡਾ ਪਰਵਾਸ ਦੌਰਾਨ ਲਿਖਿਆ ਸੀ, ਜਿਹੜਾ ਉਸ ਵੇਲੇ ਉਨ੍ਹਾ ਵੱਲੋਂ ਸੰਪਾਦਤ ਕੀਤੇ ਜਾਂਦੇ ਮੈਗਜ਼ੀਨ 'ਨਿਸੋਤ' ਵਿੱਚ ਛਪਿਆ ਸੀ।*

**— ਸੰਪਾਦਕ**

1 ਮਈ 1886 ਨੂੰ 8 ਘੰਟੇ ਦੀ ਕੰਮ ਦਿਹਾੜੀ ਦੀ ਮੰਗ ਲਈ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੇ ਮਜ਼ਦੂਰਾਂ ਦੀ ਇਤਿਹਾਸਕ ਹੜਤਾਲ ਨਾਲ ਸ਼ੁਰੂ ਹੋਈ ਮਈ ਦਿਨ ਦੀ ਰਵਾਇਤ ਮਿਹਨਤਕਸ਼ ਲੋਕਾਈ ਤੋਂ ਇਲਾਵਾ ਉਹਨਾਂ ਸਾਰੇ ਵਿਸ਼ਾਲ ਹਲਕਿਆਂ ਲਈ ਅੰਤਰਰਾਸ਼ਟਰੀ ਇਕਜੁਟਤਾ ਤੇ ਸਫ਼ਬੰਦੀ ਦਾ ਪਲੇਟਫ਼ਾਰਮ ਬਣਦੀ ਗਈ, ਜਿਹੜੇ ਸਮਾਜੀ ਨਿਆਂ, ਸਾਂਝੀਵਾਲਤਾ ਤੇ ਵਿਸ਼ਵ ਸ਼ਾਂਤੀ, ਨਿਸ਼ਸਤਰੀਕਰਨ, ਕੌਮਾਂ ਦੀ ਆਜ਼ਾਦੀ ਤੇ ਬਰਾਬਰੀ ਭਰੇ ਅਤੇ ਨਿਆਂਸ਼ੀਲ ਕੌਮਾਂਤਰੀ ਸੰਬੰਧਾਂ ਦੇ ਹਾਮੀ ਸਨ। ਕੁਝ ਸਾਲ ਪਹਿਲਾਂ ਤੱਕ ਇਸ ਦਿਵਸ ਨੂੰ ਸਮੁੱਚੀ ਮਨੁੱਖਤਾ ਦੇ ਭਲੇ ਅਤੇ ਸਾਡੇ ਇਸ ਨੀਲੇ ਗ੍ਰਹਿ ਦੀ ਖ਼ੈਰ-ਸੁਖ ਨਾਲ ਸੰਬੰਧਤ ਅਣਗਿਣਤ ਪ੍ਰਗਤੀਸ਼ੀਲ ਉਦੇਸ਼ਾਂ ਦੇ ਆਦਰਸ਼ਾਂ ਦੇ ਮੇਲੇ ਵਜੋਂ ਮਨਾਇਆ ਜਾਣ ਲੱਗਾ ਸੀ।

ਇਸ ਦਿਨ ਉੱਠਣ ਵਾਲੇ ਨਾਅਰਿਆਂ ਦੀ ਗੂੰਜ ਸੰਸਾਰ ਦੀ ਹਰ ਬਸਤੀ ਤੇ ਨੁਕਰ ਵਿਚ ਸੁਣੀ ਜਾਣ ਲੱਗੀ। ਇਹ ਗੂੰਜ ਸਾਰੇ ਹੀ ਮਹਾਂਦੀਪ ਦੇ ਲੋਕਾਂ ਲਈ ਆਸ ਦਾ ਪੈਗ਼ਾਮ ਹੁੰਦੀ ਸੀ ਅਤੇ ਜਿਨ੍ਹਾਂ ਰਾਜਧਾਨੀਆਂ ਵਿਚ ਜੰਗਾਂ ਦੇ ਮਨਸੂਬੇ ਬਣਦੇ ਸਨ ਅਤੇ ਗ਼ਲਬੇ ਤੇ ਧੌਂਸ ਦੀਆਂ ਸਾਜ਼ਿਸ਼ਾਂ ਘੜੀਆਂ ਜਾਂਦੀਆਂ ਸਨ, ਉਹਨਾਂ ਵਿਚ ਇਹ ਗੂੰਜ ਖਲਬਲੀ ਜਿਹੀ ਮਚਾ ਦਿੰਦੀ ਸੀ।

1886 ਤੋਂ ਲੈ ਕੇ ਆਪਣੇ ਸਵਾ ਸਦੀ ਦੇ ਲੰਮੇ ਇਤਿਹਾਸ ਵਿਚ ਮਈ ਦਿਵਸ ਨੇ ਕਈ ਉਤਰਾਅ-ਚੜ੍ਹਾਅ ਦੇਖੇ। ਮਈ ਦਿਵਸ ਨੇ ਮਜ਼ਦੂਰ ਜਮਾਤ ਨੂੰ 8 ਘੰਟੇ ਦੀ ਦਿਹਾੜੀ ਤੇ 48 ਘੰਟੇ ਦੇ ਹਫ਼ਤੇ ਸਮੇਤ ਕਈ ਅਹਿਮ ਅਧਿਕਾਰ ਪ੍ਰਾਪਤ ਕਰਦਿਆਂ ਤੱਕਿਆ। ਜਿਹੜੇ ਨਵੇਂ ਅਧਿਕਾਰ ਮਜ਼ਦੂਰ ਜਮਾਤ ਨੇ ਜਿੱਤੇ, ਉਹਨਾਂ ਵਿਚ ਜਥੇਬੰਦ ਹੋਣ ਦਾ ਅਧਿਕਾਰ, ਸਮੂਹਿਕ ਸਮਝੌਤਿਆਂ ਲਈ ਕੰਮ ਕਰਨ ਦਾ ਅਧਿਕਾਰ ਤੇ ਕਈ ਵਿਕਸਤ ਦੇਸ਼ਾਂ ਵਿਚ ਬੇਰੁਜ਼ਗਾਰੀ ਬੀਮੇ ਤੇ ਪੈਨਸ਼ਨਾਂ ਸਮੇਤ ਸਮਾਜੀ ਸੁਰੱਖਿਆ ਦੀ ਵਿਵਸਥਾ ਵੀ ਸ਼ਾਮਲ ਹੈ। ਇਹ ਅਧਿਕਾਰ ਤੇ ਸਹੂਲਤਾਂ ਮਜ਼ਦੂਰ ਜਮਾਤ ਨੂੰ ਖ਼ਰਾਇਤਨ ਜਾਂ ਕਿਸੇ ਉਦਾਰਚਿੱਤ ਸਰਕਾਰ ਦੀ ਫ਼ਰਾਖਦਿਲੀ ਸਦਕਾ ਹਾਸਲ ਨਹੀਂ ਹੋਈਆਂ। ਇਸ ਇਕ-ਇਕ ਅਧਿਕਾਰ ਲਈ ਇਸ ਨੂੰ ਲੰਮੀਆਂ ਹੜਤਾਲਾਂ ਸਮੇਤ ਕਠੋਰ ਸੰਘਰਸ਼ ਲੜਨੇ ਪਏ ਤੇ ਜ਼ਬਰਦਸਤ ਕੁਰਬਾਨੀਆਂ ਦੇਣੀਆਂ ਪਈਆਂ।

* * *

ਜਿਹੜੀਆਂ ਜਿੱਤਾਂ ਮਜ਼ਦੂਰ ਜਮਾਤ ਨੇ ਜਿੱਤੀਆਂ, ਉਹ ਕਦੇ ਨਾ ਜਿੱਤ ਸਕਦੀ, ਜੇ ਮਹਾਨ ਸੋਚਵਾਨ ਤੇ ਦਾਰਸ਼ਨਿਕ ਕਾਰਲ ਮਾਰਕਸ ਤੇ ਉਹਨਾ ਦੇ ਉਮਰ ਭਰ ਦੇ ਸਾਥੀ ਫ਼ਰੈਡਰਿਕ ਏਂਗਲਜ਼ ਨੇ ਇਕ ਅਜਿਹੀ ਵਿਚਾਰਧਾਰਾ ਨਾ ਦਿੱਤੀ ਹੁੰਦੀ, ਜਿਸ ਨੇ ਇਸ ਨੂੰ ਇਸ ਦੀ ਇਤਿਹਾਸਕ ਭੂਮਿਕਾ ਤੋਂ ਸੁਚੇਤ ਕੀਤਾ ਅਤੇ ਇਸ ਦੇ ਸਾਹਮਣੇ ਇਕ ਅਜਿਹਾ ਪੇਸ਼ਮੰਜ਼ਰ ਪੇਸ਼ ਕੀਤਾ, ਜਿਹੜਾ ਇਸ ਨੂੰ ਉਜਰਤਾਂ ਵਿਚ ਵਾਧੇ ਤੇ ਕੰਮ ਹਾਲਤਾਂ ਵਿਚ ਬਿਹਤਰੀ ਦੀਆਂ ਫ਼ੌਰੀ ਮੰਗਾਂ ਤੋਂ ਬਹੁਤ ਅੱਗੇ ਵਧ ਕੇ ਅਜਿਹਾ ਸਮਾਜ ਉਸਾਰਨ ਦੀ ਰਾਜਨੀਤਕ ਜ਼ਿੰਮੇਵਾਰੀ ਸੰਭਾਲਣ ਲਈ ਵੰਗਾਰਦਾ ਸੀ, ਜਿਸ ਵਿਚ ਸਾਰੀਆਂ ਸ਼੍ਰੇਣੀਆਂ ਤੇ ਸ਼੍ਰੇਣੀ ਤਜ਼ਾਦ ਖ਼ਤਮ ਹੋ ਜਾਣਗੇ ਤੇ ਹਰ ਇਕ ਦਾ ਆਜ਼ਾਦ ਵਿਕਾਸ ਸਾਰਿਆਂ ਦੇ ਆਜ਼ਾਦ ਵਿਕਾਸ ਦੀ ਸ਼ਰਤ ਬਣ ਜਾਏਗਾ।

**ਕਮਿਊਨਿਸਟ ਮੈਨੀਫ਼ੈਸਟੋ**

ਕਮਿਊਨਿਸਟ ਮੈਨੀਫ਼ੈਸਟੋ ਇਸ ਵਿਚਾਰਧਾਰਾ ਦਾ ਪਹਿਲਾ ਸ਼ਕਤੀਸ਼ਾਲੀ ਤੇ ਗੁੰਦਵਾਂ ਪ੍ਰਗਟਾਵਾ ਸੀ। ਇਹ ਦਸਤਾਵੇਜ਼ ਮਾਰਕਸ ਤੇ ਏਂਗਲਜ਼ ਨੇ ਕਮਿਊਨਿਸਟ ਲੀਗ ਦੀ 1847 ਦੀ ਲੰਦਨ ਕਾਂਗਰਸ ਦੇ ਫ਼ੈਸਲੇ ਅਨੁਸਾਰ ਲਿਖਿਆ ਸੀ ਅਤੇ ਇਹ ਦਸਤਾਵੇਜ਼ 1848 ਵਿਚ ਪ੍ਰਕਾਸ਼ਤ ਹੋਇਆ ਸੀ।

* * *

ਇਸ ਮੈਨੀਫ਼ੈਸਟੋ ਨੇ ਸਾਰੇ ਯੂਰਪ ਵਿਚ ਹਲਚਲ ਜਿਹੀ ਮਚਾ ਦਿੱਤੀ ਸੀ ਅਤੇ ਇਹ ਅੱਜ ਵੀ ਓਨਾ ਹੀ ਢੁਕਵਾਂ ਹੈ, ਹਾਲਾਂਕਿ ਇਸ ਨੂੰ ਪ੍ਰਕਾਸ਼ਤ ਹੋਏ ਨੂੰ ਡੇਢ ਸਦੀ ਤੋਂ ਵੱਧ ਸਮਾਂ ਹੋ ਚੁੱਕਾ ਹੈ। ਇਹ ਉਹ ਦੌਰ ਸੀ, ਜਦੋਂ ਸਾਰੇ ਯੂਰਪ ਵਿਚ ਮਜ਼ਦੂਰ ਤਹਿਰੀਕ ਵਿਚ ਡਰਾਮਈ ਉਭਾਰ ਦੇਖਣ ਵਿਚ ਆਏ ਤੇ ਮਜ਼ਦੂਰ ਜਮਾਤ ਦੀ ਕੌਮਾਂਤਰੀ ਲਹਿਰ ਉੱਭਰੀ। ਇਸੇ ਮੈਨੀਫ਼ੈਸਟੋ ਦੇ ਆਧਾਰ ਉੱਤੇ 1864 ਵਿਚ ਮਾਰਕਸ ਦੀ ਅਗਵਾਈ ਵਿਚ ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਵਰਕਿੰਗਮੈਨ ਕਾਇਮ ਹੋਈ, ਜਿਹੜੀ ਬਾਅਦ ਵਿਚ ਫ਼ਸਟ ਇੰਟਰਨੈਸ਼ਨਲ ਵਜੋਂ ਜਾਣੀ ਜਾਣ ਲੱਗੀ।




8 ਘੰਟਿਆਂ ਦੀ ਕੰਮ ਦੀ ਦਿਹਾੜੀ ਲਈ ਮੰਗ ਦੀ ਪੁਸ਼ਟੀ ਕਰਨ ਵਾਲੀ ਕੌਮਾਂਤਰੀ ਜਥੇਬੰਦੀ ਵੀ ਫ਼ਸਟ ਇੰਟਰਨੈਸ਼ਨਲ ਹੀ ਸੀ। ਇਹ ਮੰਗ ਅਮਰੀਕੀ ਮਜ਼ਦੂਰਾਂ ਦੀ ਬਾਲਟੀਮੋਰ ਕਨਵੈਨਸ਼ਨ ਨੇ ਸ਼ਿਕਾਗੋ ਦੀਆਂ ਖ਼ੂਨੀ ਘਟਨਾਵਾਂ ਤੋਂ 18-20 ਸਾਲ ਪਹਿਲਾਂ ਉਠਾਈ ਸੀ। ਫ਼ਸਟ ਇੰਟਰਨੈਸ਼ਨਲ ਦੀ ਜਨੇਵਾ ਕਾਂਗਰਸ ਨੇ ਆਪਣੇ ਇਕ ਮਤੇ ਰਾਹੀਂ ਇਸ ਮੰਗ ਦੀ ਤਾਈਦ ਕਰਦਿਆਂ ਕਿਹਾ ਸੀ, ਕੰਮ ਦਿਹਾੜੀ ਦੀ ਕਾਨੂੰਨੀ ਹੋਂਦ ਦਾ ਮਿਲਣਾ ਇਕ ਮੁੱਢਲੀ ਸ਼ਰਤ ਹੈ, ਜਿਸ ਤੋਂ ਬਿਨਾਂ ਮਜ਼ਦੂਰ ਜਮਾਤ ਦੀ ਹਾਲਤ ਵਿਚ ਸੁਧਾਰ ਤੇ ਉਸ ਦੀ ਮੁਕਤੀ ਲਈ ਹੋਰ ਕੋਸ਼ਿਸ਼ਾਂ ਬੇਅਰਥ ਸਾਬਤ ਹੋਣਗੀਆਂ।

ਕਮਿਊਨਿਸਟ ਮੈਨੀਫ਼ੈਸਟੋ ਵਿਚ ਵਿਅਕਤ ਵਿਚਾਰਧਾਰਾ ਦੇ ਪ੍ਰਭਾਵ ਹੇਠ ਮਜ਼ਦੂਰਾਂ ਨੇ ਆਪਣਾ ਰਾਜ ਕਾਇਮ ਕਰਨ ਦੀ ਪਹਿਲੀ ਕੋਸ਼ਿਸ਼ 1871 ਵਿਚ ਪੈਰਿਸ ਵਿਚ ਕੀਤੀ ਸੀ, ਜਦੋਂ ਉਹਨਾਂ ਸੋਸ਼ਲਿਜ਼ਮ ਦੀਆਂ ਲੀਹਾਂ ਉੱਤੇ 'ਪੈਰਿਸ ਕਮਿਊਨ' ਸਥਾਪਤ ਕੀਤੀ ਸੀ, ਪਰ ਇਸ ਕੋਸ਼ਿਸ਼ ਨੂੰ ਪਰੂਸ਼ੀਅਨ ਫ਼ੌਜ ਨੇ ਖ਼ੂਨ ਵਿਚ ਡੁਬੋ ਦਿੱਤਾ ਸੀ। ਇਸ ਸਮੇਂ ਹੋਏ ਕਤਲੇਆਮ ਵਿਚ 20 ਹਜ਼ਾਰ ਕਮਿਊਨਰਡ ਮਾਰੇ ਗਏ ਸਨ।

ਮਜ਼ਦੂਰ ਸੱਤਾ ਕਾਇਮ ਕਰਨ ਦਾ ਦੂਸਰਾ ਤਜਰਬਾ ਕੁਝ ਸਮਾਂ ਪਾ ਕੇ 1917 ਵਿਚ ਰੂਸ ਵਿਚ ਹੋਇਆ, ਜਦੋਂ ਵਲਾਦੀਮੀਰ ਇਲੀਆਇਚ ਲੈਨਿਨ ਦੀ ਅਗਵਾਈ ਵਿਚ ਬਾਲਸ਼ਵਿਕ ਇਨਕਲਾਬ ਆਇਆ ਤੇ ਸੋਵੀਅਤ ਯੂਨੀਅਨ ਦਾ ਮੁੱਢ ਬੱਝਾ, ਭਾਵੇਂ ਇਹ ਤਜਰਬਾ ਵੀ ਅੰਤ ਨੂੰ ਅਧੂਰਾ ਹੀ ਸਾਬਤ ਹੋਇਆ, ਪਰ ਆਪਣੀ ਪੌਣੀ ਸਦੀ ਦੀ ਹੋਂਦ ਵਿਚ ਸੋਵੀਅਤ ਯੂਨੀਅਨ ਨੇ ਰਾਜਨੀਤਕ, ਆਰਥਿਕ, ਵਿਗਿਆਨਕ ਤੇ ਕੌਮਾਂਤਰੀ ਖੇਤਰਾਂ ਵਿਚ ਜਿਹੜੀਆਂ ਹੈਰਾਨਕੁੰਨ ਪ੍ਰਾਪਤੀਆਂ ਕੀਤੀਆਂ, ਉਹਨਾਂ ਦੀ ਇਤਿਹਾਸਕਤਾ ਤੋਂ ਇਨਕਾਰ ਨਹੀਂ ਹੋ ਸਕਦਾ। ਹਿਟਲਰ ਨੂੰ ਪਹਿਲੀ ਲੱਕਤੋੜ ਹਾਰ ਸੋਵੀਅਤ ਯੂਨੀਅਨ ਦੀ ਲਾਲ ਸੈਨਾ ਹੱਥੋਂ ਹੋਈ, ਉਹ ਵੀ ਉਦੋਂ ਜਦੋਂ ਯੂਰਪ ਨੂੰ ਲਿਤਾੜ ਚੁੱਕਾ ਸੀ ਅਤੇ ਆਪਣੇ ਪੂਰੇ ਚੜ੍ਹਾਅ ਵਿਚ ਸੀ। ਤਾਰਿਆਂ ਵੱਲ ਮਨੁੱਖ ਦੀ ਪਹਿਲੀ ਉਡਾਣ ਦਾ ਸਿਹਰਾ ਵੀ ਸੋਵੀਅਤ ਯੂਨੀਅਨ ਦੇ ਸਿਰ ਹੀ ਬੱਝਦਾ ਹੈ। ਭਾਵੇਂ ਅਮਰੀਕਾ ਦੀਆਂ ਪੁਲਾੜ ਪ੍ਰਾਪਤੀਆਂ ਘੱਟ ਪ੍ਰਭਾਵਸ਼ਾਲੀ ਨਹੀਂ, ਪਰ ਪੁਲਾੜ 'ਚ ਪੱਕੇ ਸਟੇਸ਼ਨ ਉਸਾਰਨ ਦੀ ਜਿਹੜੀ ਤਕਨੀਕ ਭਵਿੱਖ ਦੀਆਂ ਪੁਲਾੜ ਮੁਹਿੰਮਾਂ ਲਈ ਬੁਨਿਆਦੀ ਮਹੱਤਤਾ ਰੱਖਦੀ ਹੈ, ਉਸ ਵਿਚ ਜਿਹੋ ਜਿਹੀ ਨਿਪੁੰਨਤਾ ਸੋਵੀਅਤ ਵਿਗਿਆਨੀਆਂ ਨੇ ਪ੍ਰਾਪਤ ਕਰ ਲਈ ਸੀ, ਉਸ ਤੱਕ ਅਮਰੀਕੀ ਪੁਲਾੜ ਵਿਗਿਆਨੀ ਅੱਜ ਤੱਕ ਨਹੀਂ ਪਹੁੰਚ ਸਕੇ।

ਇਹ ਸੋਵੀਅਤ ਯੂਨੀਅਨ ਸੀ, ਜਿਸ ਨੇ ਏਸ਼ੀਆ ਤੇ ਅਫ਼ਰੀਕਾ ਦੇ ਗ਼ੁਲਾਮ ਦੇਸ਼ਾਂ ਵਿਚ ਲੜੇ ਜਾ ਰਹੇ ਆਜ਼ਾਦੀ ਸੰਘਰਸ਼ਾਂ ਦੀ ਹਰ ਪੱਖੋਂ ਸਹਾਇਤਾ ਕੀਤੀ ਤੇ ਬਸਤੀਵਾਦ ਦੇ ਖ਼ਾਤਮੇ ਨੂੰ ਐਨਾ ਨੇੜੇ ਲੈ ਆਂਦਾ। ਇਕ ਵਾਰ ਫੇਰ ਇਹ ਸੋਵੀਅਤ ਯੂਨੀਅਨ ਹੀ ਸੀ, ਜਿਸ ਨੇ ਨਵ-ਆਜ਼ਾਦ ਦੇਸ਼ਾਂ ਨੂੰ ਆਜ਼ਾਦ ਆਰਥਕ ਵਿਕਾਸ ਦਾ ਰਾਹ ਅਪਨਾਉਣ ਵਿਚ ਮਦਦ ਕੀਤੀ ਤੇ ਪੱਛਮੀ ਦੇਸ਼ਾਂ ਦੇ ਦਬਾਅ ਅੱਗੇ ਖੜ੍ਹੇ ਹੋਣ ਦੇ ਯੋਗ ਬਣਾਇਆ। ਇਹ ਇਸੇ ਤਾਕਤ ਦਾ ਸਦਕਾ ਸੀ ਕਿ ਗੁੱਟ ਨਿਰਲੇਪ ਲਹਿਰ ਦੀ ਆਵਾਜ਼ ਨੂੰ ਪੱਛਮੀ ਤਾਕਤਾਂ ਲਈ ਅਣਸੁਣੀ ਕਰਨਾ ਅਸੰਭਵ ਹੋ ਗਿਆ।

ਅੰਤ ਵਿਚ ਜੇ ਅਮਰੀਕਾ ਜਿਹੀ ਸੈਨਿਕ ਸ਼ਕਤੀ ਦੀਆਂ ਵੀਅਤਨਾਮ ਜਿਹੇ ਅਣਵਿਕਸਤ ਏਸ਼ੀਆਈ ਦੇਸ਼ ਨੇ ਗੋਡਣੀਆਂ ਲੁਆਈਆਂ ਤਾਂ ਇਸ ਵਿਚ ਸੋਵੀਅਤ ਯੂਨੀਅਨ ਦੀ ਭੂਮਿਕਾ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ, ਭਾਵੇਂ ਹੋਚੀਮਿੰਨ੍ਹ ਦੀ ਅਗਵਾਈ ਵਿਚ ਵੀਅਤਨਾਮੀ ਲੋਕਾਂ ਦੀ ਜਿੱਤ ਦਾ ਨਿਰਣਾਇਕ ਕਾਰਨ ਉਹਨਾਂ ਦਾ ਸਿਰੜ ਤੇ ਵੀਰਤਾ ਹੀ ਸੀ।

ਵੱਡੀ ਗੱਲ ਇਹ ਹੈ ਕਿ ਸੋਵੀਅਤ ਯੂਨੀਅਨ ਦੇ ਹੁੰਦਿਆਂ ਅਮਰੀਕਾ ਅੱਜ ਵਾਂਗ ਆਪਹੁਦਰੇਪਨ ਤੇ ਧੱਕੇ ਤੋਂ ਕੰਮ ਨਹੀਂ ਸੀ ਲੈ ਸਕਦਾ ਤੇ ਨਾ ਹੀ ਉਹ ਸੰਯੁਕਤ ਰਾਸ਼ਟਰ ਤੇ ਸੰਸਾਰ ਲੋਕ ਰਾਏ ਨੂੰ ਏਨੀ ਸੌਖੀ ਤਰ੍ਹਾਂ ਅਣਡਿੱਠ ਕਰ ਸਕਦਾ ਸੀ।

ਭਾਵੇਂ ਇਸ ਗੱਲ ਦੀ ਡੂੰਘਿਆਈ ਵਿਚ ਜਾਣਾ ਵੀ ਬਹੁਤ ਜ਼ਰੂਰੀ ਹੈ ਕਿ ਸੋਸ਼ਲਿਜ਼ਮ ਦੇ ਸੋਵੀਅਤ ਮਾਡਲ ਵਿਚ ਅਜਿਹੀਆਂ ਕਿਹੜੀਆਂ ਘਾਤਕ ਖ਼ਾਮੀਆਂ ਸਨ, ਜਿਹੜੀਆਂ ਇਸ ਦੇ ਏਨੇ ਅਚਨਚੇਤੀ ਢੱਠਣ ਦਾ ਕਾਰਨ ਬਣੀਆਂ, ਤਾਂ ਵੀ ਇਹ ਸੋਚ ਆਪਣੀ ਥਾਂ ਕਾਇਮ ਹੈ ਕਿ ਮਨੁੱਖੀ ਸਮਾਜ ਨੂੰ ਮੁੜ ਤੋਂ ਉਸਾਰਨ ਦਾ ਇਕ ਸੰਜੀਦਾ ਤਜਰਬਾ ਹੋਇਆ, ਜਿਹੜਾ 74-75 ਸਾਲ ਚੱਲਿਆ।

ਇਸ ਤਜਰਬੇ ਦੇ ਸਿੱਟੇ ਵਜੋਂ ਪੱਛਮੀ ਦੇਸ਼ਾਂ ਦੀ ਮਜ਼ਦੂਰ ਜਮਾਤ ਨੂੰ ਕੁਝ ਫ਼ਾਇਦਾ ਜੇ ਸਿੱਧੇ ਤੌਰ 'ਤੇ ਨਹੀਂ ਤਾਂ ਅਸਿੱਧੇ ਤੌਰ 'ਤੇ ਨਿਸਚੇ ਹੀ ਪਹੁੰਚਿਆ। ਸੋਵੀਅਤ ਯੂਨੀਅਨ ਦੇ ਹੁੰਦਿਆਂ ਹੋਇਆਂ ਪੱਛਮੀ ਦੇਸ਼ਾਂ ਦੀਆਂ ਅਸਟੈਬਲਿਸ਼ਮੈਂਟਾਂ ਨੂੰ ਜਿਸ ਵਿਚਾਰਧਾਰਕ ਮੁਕਾਬਲੇਬਾਜ਼ੀ ਦਾ ਸਾਹਮਣਾ ਕਰਨਾ ਪੈਂਦਾ ਸੀ, ਉਸ ਦੇ ਸਿੱਟੇ ਵਜੋਂ ਉਹਨਾਂ ਲਈ ਸੰਭਵ ਨਹੀਂ ਸੀ ਕਿ ਉਹ ਆਪੋ ਆਪਣੀ ਮਜ਼ਦੂਰ ਜਮਾਤ ਦੀ ਆਵਾਜ਼ ਅਣਗੌਲਿਆਂ ਕਰ ਸਕਣ। ਇਤਫ਼ਾਕ ਦੀ ਗੱਲ ਨਹੀਂ ਕਿ ਸੋਵੀਅਤ ਯੂਨੀਅਨ ਦਾ ਖ਼ਾਤਮਾ ਹੁੰਦਿਆਂ ਹੀ ਪੱਛਮੀ ਦੇਸ਼ਾਂ ਦੀ ਮਜ਼ਦੂਰ ਜਮਾਤ ਵਿਰੁੱਧ ਚਾਂਦਮਾਰੀ ਤੇਜ਼ ਹੋ ਗਈ ਤੇ ਜਿਹੜੇ ਹੱਕ ਤੇ ਸਹੂਲਤਾਂ ਉਸ ਨੇ ਪ੍ਰਾਪਤ ਕੀਤੀਆਂ ਸਨ, ਉਹ ਇਕ-ਇਕ ਕਰਕੇ ਉਹਨਾਂ ਤੋਂ ਖੋਹੀਆਂ ਜਾਣ ਲੱਗੀਆਂ। ਹੁਣ ਤਾਂ ਨੌਬਤ ਇੱਥੋਂ ਤੱਕ ਪਹੁੰਚ ਗਈ ਹੈ ਕਿ ਵੈੱਲਫ਼ੇਅਰ ਸਟੇਟ ਦੇ ਸੰਕਲਪ ਨੂੰ ਹੀ ਕਾਰਪੋਰੇਟ ਹਿੱਤਾਂ ਦੀ ਬਲੀ ਚੜ੍ਹਾਇਆ ਜਾ ਰਿਹਾ ਹੈ।

ਟਰੇਡ ਯੂਨੀਅਨ ਲਹਿਰ ਵਿਰੁੱਧ ਸੇਧਤ ਹਮਲੇ ਤੋਂ ਉਹਨਾਂ ਲੇਬਰ ਜਥੇਬੰਦੀਆਂ ਨੂੰ ਵੀ ਛੋਟ ਨਹੀਂ ਦਿੱਤੀ ਜਾ ਰਹੀ, ਜਿਹੜੀਆਂ ਗ਼ੈਰ-ਕਮਿਊਨਿਸਟ ਹਨ ਜਾਂ ਜਿਹਨਾਂ ਦੇ ਆਗੂ ਕਮਿਊਨਿਸਟਾਂ ਦੇ ਵਿਰੋਧੀ ਹਨ। ਦਰਅਸਲ ਮਜ਼ਦੂਰਾਂ ਦੇ ਜਥੇਬੰਦ ਹੋਣ ਦਾ ਸੰਕਲਪ ਹੀ ਪੱਛਮੀ ਦੇਸ਼ਾਂ ਦੀਆਂ ਐਸਟੈਬਲਿਸ਼ਮੈਂਟ ਨੂੰ ਪ੍ਰਵਾਨ ਨਹੀਂ। ਉਹਨਾਂ ਦੀ ਨਜ਼ਰ ਵਿਚ ਇਹ ਸੰਕਲਪ ਜਿਸ ਸ਼ਕਲ ਵਿਚ ਵੀ ਸਾਹਮਣੇ ਆਉਂਦਾ ਹੈ, ਉਸ ਵਿਚ ਮਜ਼ਦੂਰ ਜਮਾਤ ਦੇ ਇਕ ਅੱਡਰੀ ਸ਼੍ਰੇਣੀ ਹੋਣ ਦੀ ਮਾਰਕਸੀ ਸੋਚ ਕਿਤੇ ਨਾ ਕਿਤੇ ਜ਼ਰੂਰ ਲੁਕੀ ਹੁੰਦੀ ਹੈ।

* * *

ਏਥੇ ਮਈ ਦਿਨ ਦੇ ਇਤਿਹਾਸ ਦਾ ਸੰਖੇਪ ਵਰਣਨ ਮੁਨਾਸਬ ਹੀ ਹੋਵੇਗਾ। ਇਸ ਇਤਿਹਾਸ ਦਾ ਪਹਿਲਾ ਖ਼ੂਨੀ ਕਾਂਡ ਅਮਰੀਕਾ ਵਿਚ ਹੀ ਖੁੱਲ੍ਹਾ ਸੀ, ਜਦੋਂ ਸ਼ਿਕਾਗੋ ਦੇ ਮਜ਼ਦੂਰਾਂ ਨੂੰ 1 ਮਈ 1884 ਦੀ ਹੜਤਾਲ ਲਈ ਕਰੜੀ ਸਜ਼ਾ ਭੁਗਤਣੀ ਪਈ ਸੀ। ਉਹਨਾਂ ਨੂੰ ਸਬਕ ਸਿਖਾਉਣ ਦੇ ਮੰਤਵ ਨਾਲ 3 ਮਈ ਨੂੰ ਉਹਨਾਂ ਦੀ ਇਕ ਮੀਟਿੰਗ ਉੱਤੇ ਹਮਲਾ ਕਰਕੇ ਪੁਲਸ ਨੇ 6 ਮਜ਼ਦੂਰ ਮਾਰ ਦਿੱਤੇ ਸਨ। ਅਗਲੇ ਦਿਨ ਪੁਲਸ ਜਬਰ ਵਿਰੁੱਧ ਰੋਸ ਵਜੋਂ ਕੀਤੇ ਗਏ ਮੁਜ਼ਾਹਰੇ ਸਮੇਂ ਪੁਲਸ ਤੇ ਮੁਜ਼ਾਹਰਾਕਾਰੀਆਂ ਵਿਚਾਲੇ ਹੋਈਆਂ ਝੜਪਾਂ ਦੇ ਸਿੱਟੇ ਵਜੋਂ ਬਹੁਤ ਜ਼ਿਆਦਾ ਖ਼ੂਨ-ਖ਼ਰਾਬਾ ਹੋਇਆ। ਬਹੁਤ ਸਾਰੇ ਮਜ਼ਦੂਰ ਤੇ ਕੁਝ ਪੁਲਸੀਏ ਮਾਰੇ ਗਏ।

ਇਸ ਮੁਜ਼ਾਹਰੇ ਸਮੇਂ ਕਿਸੇ ਸ਼ਰਾਰਤੀ ਹੱਥੋਂ ਕਰਵਾਏ ਗਏ ਬੰਬ ਧਮਾਕੇ ਵਿਚ ਵੀ ਇਕ ਸਰਜੈਂਟ ਮਾਰਿਆ ਗਿਆ ਸੀ ਤੇ ਕੁਝ ਪੁਲਸੀਏ ਜ਼ਖ਼ਮੀ ਹੋਏ ਸਨ। ਇਹਨਾਂ ਘਟਨਾਵਾਂ ਨੂੰ ਲੈ ਕੇ ਬਹੁਤ ਸਾਰੇ ਮਜ਼ਦੂਰ ਆਗੂਆਂ ਵਿਰੁੱਧ ਮੁਕੱਦਮੇ ਚਲਾਏ ਗਏ ਤੇ ਉਹਨਾਂ ਵਿਚੋਂ ਚਾਰ ਨੂੰ ਫਾਹੇ ਲਾ ਦਿੱਤਾ ਗਿਆ ਸੀ ਤੇ ਕਈ ਹੋਰਨਾਂ ਨੂੰ ਲੰਮੀਆਂ ਸਜ਼ਾਵਾਂ ਦੇ ਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਸੀ। ਇਸ ਮੁਜ਼ਾਹਰੇ ਵਿਚ ਮਜ਼ਦੂਰ ਸਫ਼ੈਦ ਝੰਡਿਆਂ ਨਾਲ ਸ਼ਾਮਲ ਹੋਏ ਸਨ, ਪਰ ਇਸ ਕਾਂਡ ਵਿਚ ਜਿੰਨਾ ਲਹੂ ਡੁੱਲ੍ਹਿਆ, ਉਸ ਵਿਚ ਚਿੱਟੇ ਝੰਡੇ ਰੱਤ ਨਾਲ ਰੰਗੇ ਗਏ। ਇੰਝ ਸੁਰਖ ਰੰਗ ਮਜ਼ਦੂਰ ਲਹਿਰ ਦੀ ਮੁਸਤਕਿਲ ਪਛਾਣ ਬਣ ਗਿਆ।




11 ਨਵੰਬਰ 1887 ਨੂੰ ਸ਼ਿਕਾਗੋ ਦੇ 4 ਮਜ਼ਦੂਰ ਆਗੂਆਂ ਅਲਬਰਟ, ਆਗਸਟ ਸਪਾਈਸ, ਜਾਰਜ ਏਂਗਲਜ਼ ਤੇ ਫ਼ਿਸ਼ਰ ਨੂੰ ਫ਼ਾਂਸੀ ਲਾਉਣ ਲਈ ਲਿਜਾਇਆ ਜਾ ਰਿਹਾ ਸੀ ਤਾਂ ਸਪਾਈਸ ਨੇ ਕਿਹਾ ਸੀ, ਕੋਈ ਸਮਾਂ ਆਵੇਗਾ, ਜਦੋਂ ਸਾਡੀ ਖ਼ਾਮੋਸ਼ੀ ਸਾਡੇ ਬੋਲਾਂ ਨਾਲੋਂ ਵਧੇਰੇ ਉੱਚੀ ਸੁਰ ਵਿਚ ਬੋਲੇਗੀ।

ਮਈ ਦਿਵਸ ਨੂੰ ਮਜ਼ਦੂਰਾਂ ਦੇ ਅੰਤਰਰਾਸ਼ਟਰੀ ਦਿਵਸ ਵਜੋਂ ਮਨਾਉਣ ਦਾ ਸੱਦਾ ਦੂਸਰੀ ਸੋਸ਼ਲਿਸਟ ਇੰਟਰਨੈਸ਼ਨਲ ਦੀ 1889 ਵਿਚ ਹੋਈ ਪੈਰਿਸ ਕਾਂਗਰਸ ਨੇ ਦਿੱਤਾ ਸੀ।

ਇਹ ਦਿਵਸ ਹੁਣ ਦੁਨੀਆ ਭਰ ਵਿਚ ਮਨਾਇਆ ਜਾਂਦਾ ਹੈ, ਭਾਵੇਂ ਉੱਤਰੀ ਅਮਰੀਕਾ ਵਿਚ ਇਸ ਗੱਲ ਦੀ ਪੂਰੀ ਵਾਹ ਲਾਈ ਗਈ ਹੈ ਕਿ ਇਹਨਾਂ ਦੇਸ਼ਾਂ ਦੀਆਂ ਲੇਬਰ ਯੂਨੀਅਨਾਂ ਇਸ ਧਰਤੀ ਤੋਂ ਸ਼ੁਰੂ ਹੋਈ ਇਸ ਰਾਂਗਲੀ ਮਜ਼ਦੂਰ ਰਵਾਇਤ ਨੂੰ ਨਾ ਅਪਣਾਉਣ। ਏਥੇ 'ਲੇਬਰ ਡੇ' ਲਈ ਸਰਕਾਰਾਂ ਵੱਲੋਂ ਵੱਖਰਾ ਦਿਨ ਨਿਸਚਿਤ ਹੈ।

ਸਮਾਂ ਬੀਤਣ ਦੇ ਨਾਲ-ਨਾਲ ਮਈ ਦਿਨ ਇਕੱਲੇ ਮਜ਼ਦੂਰਾਂ ਦਾ ਨਹੀਂ, ਸਗੋਂ ਸਮੁੱਚੀ ਜਮਹੂਰੀ ਲਹਿਰ ਦਾ ਤਿਉਹਾਰ ਬਣ ਗਿਆ ਹੈ। ਭਾਵੇਂ ਪਿਛਲੇ ਡੇਢ ਦਹਾਕੇ ਵਿਚ ਵਾਪਰੀਆਂ ਘਟਨਾਵਾਂ ਨੇ ਮਈ ਦਿਵਸ ਲਈ ਉਤਸ਼ਾਹ ਉੱਤੇ ਕੁਝ ਅਸਰ ਪਾਇਆ ਹੈ, ਪਰ ਜੇ ਪਰਿਵਰਤਨ ਸਮੇਂ ਦਾ ਨੇਮ ਹੈ ਅਤੇ ਅਨਿਆਂ ਦਾ ਮਨੁੱਖਤਾ ਨਾਲ ਵੈਰ ਹੈ ਤਾਂ ਇਸ ਦਿਵਸ ਨਾਲ ਜੁੜਿਆ ਹੋਇਆ ਵਲਵਲਾ ਨਿਰਸੰਦੇਹ ਮੁੜ ਤੋਂ ਭਖੇਗਾ ਤੇ ਫ਼ੈਜ਼ ਦੇ ਕਹਿਣ ਅਨੁਸਾਰ:

***ਕਤਲਗਾਹੋਂ ਸੇ ਚੁਨ ਕਰ ਹਮਾਰੇ ਅਲਮ***
***ਔਰ ਨਿਕਲੇਂਗੇ ਉਸ਼ਾਕ ਕੇ ਕਾਫ਼ਲੇ***

# ਸਮਕਾਲੀ ਦੌਰ ਸਮੇਂ ਮਈ ਦਿਵਸ ਦੀ ਮਹੱਤਤਾ

**ਬੰਤ ਸਿੰਘ ਬਰਾੜ**

ਅੱਜ ਤੋਂ 138 ਸਾਲ ਪਹਿਲਾਂ ਅਮਰੀਕਾ ਦੇ ਸਨਅਤੀ ਸ਼ਹਿਰ ਸ਼ਿਕਾਗੋ ਵਿਚਲੀਆਂ ਵਾਪਰੀਆਂ ਖ਼ੂਨੀ ਘਟਨਾਵਾਂ ਨੇ ਦੁਨੀਆ ਭਰ ਦੀ ਮਜ਼ਦੂਰ ਜਮਾਤ ਵਿਚ ਕ੍ਰਾਂਤੀਕਾਰੀ ਅੰਦੋਲਨਾਂ ਰਾਹੀਂ ਵਰਗ ਸੰਘਰਸ਼ਾਂ ਵਿਚ ਜ਼ਬਰਦਸਤ ਚੜ੍ਹਤ ਪੈਦਾ ਕਰ ਦਿੱਤੀ ਸੀ। ਅਮਰੀਕਾ ਵਿਚਲੀਆਂ ਮਜ਼ਦੂਰ ਯੂਨੀਅਨਾਂ, ਜਿਹਨਾਂ ਨੂੰ ਜਥੇਬੰਦ ਕਰਨ ਵਿਚ ਸਮਾਜਵਾਦੀ, ਕਮਿਊਨਿਸਟ ਅਤੇ ਅਰਾਜਕਤਾਵਾਦੀ ਗਰੁੱਪ ਸਰਗਰਮ ਸਨ, ਦੇ ਪਹਿਲੀ ਮਈ 1886 ਨੂੰ ਸਾਰੇ ਦੇਸ਼ ਵਿਚ ਕੌਮੀ ਹੜਤਾਲ ਦੇ ਸੱਦੇ 'ਤੇ ਸ਼ਿਕਾਗੋ ਦੇ ਮਜ਼ਦੂਰਾਂ ਨੇ ਵੀ ਜ਼ੋਰਦਾਰ ਹਿੱਸਾ ਲਿਆ। ਮਜ਼ਦੂਰਾਂ ਦੀਆਂ ਮੁੱਖ ਮੰਗਾਂ 8 ਘੰਟੇ ਦੀ ਕੰਮ ਦਿਹਾੜੀ ਸੀ, ਜਦੋਂ ਸਨਅਤਕਾਰ ਮਜ਼ਦੂਰਾਂ ਤੋਂ 18 ਘੰਟੇ ਪ੍ਰਤੀ ਦਿਨ ਕੰਮ ਕਰਵਾ ਰਹੇ ਸਨ ਅਤੇ ਕੋਈ ਕਾਨੂੰਨੀ ਸੁਰੱਖਿਆਵਾਂ ਵੀ ਨਹੀਂ ਸਨ। ਮਜ਼ਦੂਰਾਂ ਦੀ ਮੰਗ ਸੀ 8 ਘੰਟੇ ਦਿਹਾੜੀ 8 ਘੰਟੇ ਆਰਾਮ ਅਤੇ 8 ਘੰਟੇ ਆਪਣੀ ਮਰਜ਼ੀ ਨਾਲ ਬਿਤਾਉਣ ਵਾਸਤੇ ਕਾਨੂੰਨੀ ਗਰੰਟੀ ਦਿੱਤੀ ਜਾਵੇ। ਸ਼ਿਕਾਗੋ, ਜਿਹੜਾ ਉਸ ਸਮੇਂ ਤਕੜੇ ਸਨਅਤੀ ਕੇਂਦਰਾਂ ਵਿਚੋਂ ਸੀ, ਦੇ ਸਨਅਤਕਾਰਾਂ, ਪ੍ਰਸ਼ਾਸਨ ਅਤੇ ਪੁਲਸ ਦੀਆਂ ਧਾੜਾਂ ਨੇ ਪੁਰਅਮਨ ਮਜ਼ਦੂਰਾਂ ਦੀਆਂ ਰੋਸ ਰੈਲੀਆਂ ਨੂੰ ਤਿਤਰ-ਬਿਤਰ ਕਰਨ ਲਈ ਭਿਅੰਕਰ ਤਸ਼ੱਦਦ ਕੀਤਾ। ਰੋਸ ਪ੍ਰਗਟ ਕਰਨ ਲਈ ਯੂਨੀਅਨਾਂ ਦੀ ਅਗਵਾਈ ਵਿਚ ਮੈਕ-ਕਾਰਮਿਕ ਹਾਰਵੈਸੇਟਿੰਗ ਮਸ਼ੀਨ ਕੰਪਨੀ ਦੇ ਮਜ਼ਦੂਰਾਂ ਦੀ ਹੜਤਾਲ ਸਮੇਂ ਤਿੰਨ ਮਈ ਨੂੰ ਸ਼ਿਕਾਗੋ ਦੇ ਮਜ਼ਦੂਰਾਂ ਨੇ ਜ਼ੋਰਦਾਰ ਰੋਸ ਰੈਲੀ ਕੀਤੀ, ਜਿਸ 'ਤੇ ਫੇਰ ਪੁਲਸ ਨੇ ਅੰਨ੍ਹੇਵਾਹ ਤਸ਼ੱਦਦ ਕੀਤਾ। ਦਰਜਨਾਂ ਮਜ਼ਦੂਰ ਜ਼ਖ਼ਮੀ ਹੋ ਗਏ ਤੇ ਇਕ ਦੀ ਮੌਤ ਹੋ ਗਈ। ਅਗਲੇ ਦਿਨ 4 ਮਈ ਵਾਲੇ ਦਿਨ ਫੇਰ ਘਾਹ ਮੰਡੀ ਚੌਕ ਵਿਚ ਹਜ਼ਾਰਾਂ ਮਜ਼ਦੂਰਾਂ ਨੇ ਜ਼ਬਰਦਸਤ ਰੈਲੀ ਕੀਤੀ। ਰੈਲੀ ਨੂੰ ਅਗਸਤ ਸਪਾਈਜ਼ ਸਮੇਤ ਕਈ ਮਜ਼ਦੂਰ ਲੀਡਰਾਂ ਨੇ ਸੰਬੋਧਨ ਕੀਤਾ। ਬਹੁਤ ਵੱਡੀ ਗਿਣਤੀ ਵਿਚ ਪੁਲਸ ਦੀਆਂ ਟੁਕੜੀਆਂ ਦਾ ਪ੍ਰਬੰਧ ਕੀਤਾ ਗਿਆ ਸੀ। ਨੇੜਲੇ ਇਕ ਘਰ ਵਿਚੋਂ ਬੰਬ ਫਟ ਕੇ ਪੁਲਸ ਦੀ ਭੀੜ ਵਿਚ ਜਾ ਡਿੱਗਿਆ। ਘਬਰਾਹਟ ਵਿਚ ਆਈ ਪੁਲਸ ਨੇ ਅੰਨ੍ਹੇਵਾਹ ਗੋਲੀਆਂ ਦਾ ਜਿਵੇਂ ਮੀਂਹ ਹੀ ਵਰਸਾ ਦਿੱਤਾ ਹੋਵੇ। ਇਹਨਾਂ ਖ਼ੂਨੀ ਘਟਨਾਵਾਂ ਵਿਚ 7 ਪੁਲਸ ਕਰਮੀ ਮਾਰੇ ਗਏ ਅਤੇ 60 ਜ਼ਖ਼ਮੀ ਹੋ ਗਏ। ਦੂਜੇ ਪਾਸੇ ਮਜ਼ਦੂਰਾਂ ਦੇ ਮਰਨ ਵਾਲਿਆਂ ਦੀ ਗਿਣਤੀ 4 ਤੋਂ 8 ਦੱਸੀ ਜਾਂਦੀ ਹੈ ਅਤੇ 30 ਤੋਂ 40 ਮਜ਼ਦੂਰ ਜ਼ਖ਼ਮੀ ਹੋ ਗਏ। ਬੰਬ ਕਿਸ ਨੇ ਸੁੱਟਿਆ? ਇਸ ਦਾ ਪਤਾ ਅੱਜ ਤੱਕ ਨਹੀਂ ਚੱਲਿਆ। ਮਾਹਰਾਂ ਦੀ ਪੁਣ-ਛਾਣ ਦੱਸਦੀ ਹੈ ਕਿ ਸਾਰੀਆਂ ਗੋਲੀਆਂ ਪੁਲਸ ਦੀ ਭੀੜ ਵਾਲੇ ਪਾਸਿਓਂ ਆਈਆਂ। ਉਥੇ ਖੜ੍ਹੇ ਸਤੰਭਾਂ ਅਤੇ ਦੀਵਾਰਾਂ ਵਿਚਲੀਆਂ ਗੋਲੀਆਂ ਦੇ ਨਿਸ਼ਾਨਾਂ ਦੇ ਕੀਤੇ ਗਏ ਨਿਰੀਖਣ ਵੀ ਇਹੀ ਦਰਸਾਉਂਦੇ ਸਨ। ਭਾਵ ਜਾਨੀ ਨੁਕਸਾਨ ਪੁਲਸ ਦੀਆਂ ਗੋਲੀਆਂ ਰਾਹੀਂ ਹੋਇਆ। ਭੜਕਾਹਟ ਅਤੇ ਘਬਰਾਏ ਪੁਲਸ ਕਰਮਚਾਰੀਆਂ ਦੀਆਂ ਅੰਨ੍ਹੇਵਾਹ ਚੱਲੀਆਂ ਗੋਲੀਆਂ ਰਾਹੀਂ ਪੁਲਸ ਕਰਮੀ ਵੀ ਮਾਰੇ ਗਏ ਸਨ। 8 ਆਗੂਆਂ ਵਿਰੁੱਧ ਚੱਲੇ ਮੁਕੱਦਮੇ ਵਿਚ 5 ਨੂੰ ਫਾਂਸੀ ਦਾ ਹੁਕਮ ਸੁਣਾ ਦਿੱਤਾ ਤੇ ਤਿੰਨਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ। 11 ਨਵੰਬਰ 1887 ਨੂੰ 4 ਲੀਡਰਾਂ ਨੂੰ ਫਾਂਸੀ ਦੇ ਦਿੱਤੀ ਗਈ ਤੇ ਇਕ ਆਤਮ-ਹੱਤਿਆ ਕਰ ਗਿਆ। ਅਗਸਤ ਸਪਾਈਜ਼ ਨੇ ਫਾਂਸੀ ਸਮੇਂ ਆਖਿਆ ਸੀ, 'ਸਾਡੀ ਆਵਾਜ਼ ਤਾਂ ਖਤਮ ਕਰ ਸਕਦੇ ਹੋ, ਪਰ ਸਾਡੇ ਵਿਚਾਰ ਤੁਸੀਂ ਖਤਮ ਨਹੀਂ ਕਰ ਸਕਦੇ। ਇਹ ਕਈ ਗੁਣਾਂ ਸ਼ਕਤੀਸ਼ਾਲੀ ਬਣ ਕੇ ਸਾਰੀ ਦੁਨੀਆ ਵਿਚ ਫੈਲ ਜਾਣਗੇ।' ਅਮਰੀਕਨ ਪ੍ਰੈੱਸ ਨੇ ਮਜ਼ਦੂਰ ਅੰਦੋਲਨ ਵਿਰੁੱਧ ਜ਼ੋਰਦਾਰ ਭੜਾਸ ਕੱਢਦਿਆਂ ਹੋਇਆਂ ਇਸ ਨੂੰ 'ਲਾਲ ਅੱਤਵਾਦ' (ਰੈੱਡ ਟੈਰਿਰ) ਦਾ ਨਾਂਅ ਦਿੰਦਿਆਂ ਇਹਨਾਂ ਘਟਨਾਵਾਂ ਨੂੰ ਸੋਸ਼ਲਿਸਟਾਂ, ਕਮਿਊਨਿਸਟਾਂ ਅਤੇ ਅਰਾਜਕਤਾਵਾਦੀਆਂ ਨਾਲ ਜੋੜਿਆ। ਇਸ ਪ੍ਰਕਾਰ ਪੂੰਜੀਵਾਦ ਨੇ ਪੂਰੇ ਜ਼ੋਰ ਨਾਲ 'ਟੈਰਿਸਟ' ਸ਼ਬਦ ਕਮਿਊਨਿਸਟਾਂ ਅਤੇ ਸਮਾਜਵਾਦੀਆਂ ਅਨਾਰਰਿਸਤਟਾਂ ਵਿਰੁੱਧ ਵਰਤਿਆ। ਮਈ ਦਿਵਸ ਦੇ ਸ਼ਹੀਦਾਂ ਵਜੋਂ ਜਾਣੇ ਜਾਂਦੇ ਫਾਂਸੀ ਦਿੱਤੇ ਗਏ ਚਾਰਾਂ ਦੇ ਨਾਂਅ ਇਸ ਪ੍ਰਕਾਰ ਹਨ : ਅਲਬਰਟ ਪਰਸਨਜ਼, ਅਗਸਤ ਸਪਾਈਜ਼, ਜਾਰਜ ਇੰਗਲ ਅਤੇ ਐਡੋਲਫ ਫਿਸ਼ਰ, ਪੰਜਵੇਂ ਲੁਈਸ ਲਿੰਗ ਨੇ ਆਤਮ-ਹੱਤਿਆ ਕਰ ਲਈ ਸੀ। ਸ਼ਹੀਦਾਂ ਦੀ ਅਰਥੀ ਸਮੇਂ 1.5 ਲੱਖ ਤੋਂ ਵਧੇਰੇ ਮਜ਼ਦੂਰਾਂ ਨੇ ਹਿੱਸਾ ਲਿਆ। ਅਮਰੀਕਾ, ਲਾਤੀਨੀ ਅਮਰੀਕਾ ਅਤੇ ਯੂਰਪ ਦੇ ਦੇਸਾਂ ਵਿਚ ਅੰਦੋਲਨ ਨੇ ਵਧੇਰੇ ਜ਼ੋਰ ਫੜਿਆ। ਭਾਵੇਂ ਸਾਰੀ ਦੁਨੀਆਂ ਵਿਚ ਇਸ ਦਾ ਪ੍ਰਭਾਵ ਪ੍ਰਗਟ ਹੋਇਆ। ਪ੍ਰਸ਼ਾਸਨ ਅਤੇ ਪੂੰਜੀਵਾਦੀ ਪ੍ਰਣਾਲੀ ਏਨੀ ਡਰ ਗਈ ਸੀ ਕਿ ਅਦਾਲਤ ਨੇ ਜਲਦੀ ਫੈਸਲਾ ਲਿਆ ਤੇ ਵਧੇਰੇ ਲੀਡਰ ਜਿਨ੍ਹਾਂ ਨੂੰ ਸਜ਼ਾ ਦਿੱਤੀ ਗਈ, ਉਹ ਘਟਨਾ ਸਮੇਂ ਹਾਜ਼ਰ ਵੀ ਨਹੀਂ ਸਨ।



ਫਾਂਸੀ ਦੀ ਸਜ਼ਾ ਤੋਂ 6 ਸਾਲਾਂ ਬਾਅਦ 1893 ਵਿਚ ਗਵਰਨਰ ਜੋਹਨ ਪੀਟਰ ਆਲਟਗੈਲਡ ਨੇ ਮੁਕੱਦਮੇ ਦੀ ਮੁੜ ਸੁਣਵਾਈ ਕਰਕੇ ਉਮਰ ਕੈਦ ਕੱਟ ਰਹੇ ਤਿੰਨ ਲੀਡਰਾਂ ਨੂੰ ਬਰੀ ਕਰ ਦਿਤਾ। ਗਵਰਨਰ, ਜਿਹੜਾ ਇਕ ਡੈਮੋਕਰੇਟਿਕ ਅਤੇ ਅੱਗੇ-ਵਧੂ ਵਿਚਾਰਾਂ ਦਾ ਵਿਅਕਤੀ ਸੀ, ਨੇ ਆਪਣੇ ਇਤਿਹਾਸਕ ਫੈਸਲੇ ਵਿਚ ਕਿਹਾ ਸੀ ਕਿ ਮੁਜਰਮਾਂ ਨੂੰ ਨਾ ਤਾਂ ਉਚਿਤ ਕਾਨੂੰਨੀ ਬਚਾਅ ਕਾਰਵਾਈ ਕਰਨ ਦਾ ਮੌਕਾ ਦਿੱਤਾ ਤੇ ਨਾ ਹੀ ਉਚਿਤ ਇਨਸਾਫ ਦਿੱਤਾ ਗਿਆ। ਗਵਰਨਰ ਨੇ ਕਿਹਾ ਕਿ ਜਿਊਰੀ ਨੇ ਪਹਿਲਾਂ ਹੀ ਮਨ ਬਣਾਇਆ ਹੋਇਆ ਸੀ ਤੇ ਨਫਰਤ ਦੀ ਡੰਗੀ ਹੋਈ ਸੀ। ਸਨਤਅਕਾਰਾਂ, ਪੂੰਜੀਵਾਦੀ ਪ੍ਰਣਾਲੀ ਅਤੇ ਪ੍ਰੈੱਸ ਨੇ ਫੈਸਲੇ ਵਿਰੁੱਧ ਜ਼ੋਰਦਾਰ ਸ਼ੋਰ-ਸ਼ਰਾਬਾ ਕੀਤਾ, ਜਦੋਂ ਕਿ ਮਜ਼ਦੂਰ ਯੂਨੀਅਨਾਂ ਅਤੇ ਮਜ਼ਦੂਰਾਂ ਨੇ ਫੈਸਲੇ ਦਾ ਭਰਪੂਰ ਸੁਆਗਤ ਕੀਤਾ।

1889 ਵਿਚ ਦੂਜੀ ਇੰਟਰਨੈਸ਼ਨਲ ਨੇ ਪਹਿਲੀ ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਮਨਾਉਣ ਦਾ ਐਲਾਨ ਕਰ ਦਿੱਤਾ। ਸ਼ਿਕਾਗੋ ਦੀਆਂ ਖ਼ੂਨੀ ਘਟਨਾਵਾਂ ਤੋਂ ਲੈ ਕੇ ਲਗਭਗ 138 ਸਾਲਾਂ ਦੇ ਸਮੇਂ ਵਿਚ ਮਜ਼ਦੂਰ ਜਮਾਤ ਵੱਲੋਂ ਪ੍ਰਾਪਤ ਕੀਤੇ ਗਏ ਅਨੇਕਾਂ ਅਧਿਕਾਰਾਂ ਅਤੇ ਕਾਨੂੰਨੀ ਹੱਕਾਂ 'ਤੇ ਸੰਸਾਰ ਪੂੰਜੀਵਾਦੀਆਂ ਵੱਲੋਂ ਨਵੇਂ-ਨਵੇਂ ਨਾਅਰਿਆਂ ਹੇਠ ਹਮਲੇ ਕੀਤੇ ਜਾ ਰਹੇ ਹਨ। ਐੱਲ ਪੀ ਜੀ ਭਾਵ ਉਦਾਰਵਾਦ, ਨਿੱਜੀਕਰਨ ਅਤੇ ਸੰਸਾਰਵਾਦ ਦੇ ਨਾਂਅ 'ਤੇ ਨਵੀਂਆਂ ਆਰਥਿਕ ਨੀਤੀਆਂ ਰਾਹੀਂ ਪ੍ਰਾਪਤ ਕੀਤੇ ਹੱਕ ਖੋਹੇ ਜਾ ਰਹੇ ਹਨ। 1990ਵਿਆਂ 'ਚ ਚਾਲੂ ਕੀਤੀਆਂ ਇਹਨਾਂ ਨੀਤੀਆਂ ਦਾ ਦੀਵਾਲਾ ਨਿਕਲ ਗਿਆ ਹੈ ਤੇ ਸੰਸਾਰ ਭਰ ਵਿਚ ਇਹਨਾਂ ਨੀਤੀਆਂ ਦੇ ਨਾਂਹ-ਪੱਖੀ ਨਤੀਜਿਆਂ ਕਰਕੇ ਪੂੰਜੀਵਾਦੀ ਆਰਥਿਕ ਸੰਕਟ ਵਧੇਰੇ ਡੂੰਘਾ ਹੋ ਗਿਆ ਹੈ। ਨਤੀਜੇ ਵਜੋਂ ਬੁਖਲਾਇਆ ਹੋਇਆ ਸਾਮਰਾਜ ਆਪਣੇ ਮੁਨਾਫਿਆਂ ਲਈ ਦੂਜੇ ਦੇਸ਼ਾਂ 'ਤੇ ਹਮਲੇ ਕਰ ਰਿਹਾ ਹੈ, ਅੰਦਰੂਨੀ ਮਸਲਿਆਂ ਵਿਚ ਦਖਲ ਦੇ ਰਿਹਾ ਹੈ ਅਤੇ ਨਾਟੋ ਦੇ ਫੌਜੀ ਗਠਜੋੜ ਨੂੰ ਪ੍ਰਯੋਗ ਵਿਚ ਲਿਆ ਕੇ ਵਰਤਮਾਨ ਸੰਸਾਰ ਸੰਕਟ ਦਾ ਕਾਰਨ ਬਣ ਰਿਹਾ ਹੈ। ਯੂਕਰੇਨ ਅਤੇ ਇਜ਼ਰਾਈਲ ਨੂੰ ਕੇਂਦਰ ਬਣਾ ਕੇ ਸੰਸਾਰ ਨੂੰ ਪ੍ਰਮਾਣੂ ਤਬਾਹੀ ਵੱਲ ਧੱਕ ਰਿਹਾ ਹੈ।

ਸੰਸਾਰ ਦੀ ਮਜ਼ਦੂਰ ਅਤੇ ਕਿਸਾਨੀ ਵਰਗੀਆਂ ਮਿਹਨਤਕਸ਼ ਜਮਾਤਾਂ ਨੂੰ ਗੁਲਾਮੀ ਵਰਗੀਆਂ ਹਾਲਤਾਂ ਵਿਚ ਗੁਜ਼ਰਨਾ ਪੈ ਰਿਹਾ ਹੈ। ਭਾਰਤ, ਜਿਹੜਾ ਇਕ ਵੇਲੇ ਨਿਰਪੱਖ ਦੇਸ਼ਾਂ ਦੇ ਅੰਦੋਲਨਾਂ ਦੀ ਅਗਵਾਈ ਕਰਦਾ ਸਾਮਰਾਜੀ ਵਿਰੁੱਧ ਰੁਖ ਅਪਣਾ ਕੇ ਆਪਣੀ ਆਜ਼ਾਦ ਬਦੇਸ਼ ਨੀਤੀ ਦੀ ਸ਼ਾਨਦਾਰ ਰਾਖੀ ਕਰ ਰਿਹਾ ਸੀ, ਅੱਜ ਇਥੇ ਫਾਸ਼ਿਸਟ ਵਿਚਾਰਧਾਰਾ ਵਾਲੀ ਆਰ ਐੱਸ ਐੱਸ ਦੀ ਅਗਵਾਈ ਵਿਚ ਸਾਡੀਆਂ ਕੌਮੀ ਤੌਰ 'ਤੇ ਪ੍ਰਵਾਨਤ ਨੀਤੀਆਂ ਵਾਲੀਆਂ ਲੋਕਰਾਜੀ ਸੰਸਥਾਵਾਂ ਦੀ ਰਾਖੀ ਕਰਦੇ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸਰਕਾਰੀ ਸੰਸਥਾਵਾਂ ਈ ਡੀ, ਸੀ ਬੀ ਆਈ, ਇਨਕਮ ਟੈਕਸ ਸੰਸਥਾ ਅਤੇ ਐੱਨ ਆਈ ਏ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ, ਜਿਸ ਕਾਰਨ ਸਾਰੀ ਦੁਨੀਆ ਵਿਚ ਭਾਰਤ ਦੀ ਥੂਹ-ਥੂਹ ਹੋ ਰਹੀ ਹੈ ਤੇ ਸਾਰਾ ਪਬਲਿਕ ਸੈਕਟਰ ਕਾਰਪੋਰੇਟ ਘਰਾਣਿਆਂ ਹਵਾਲੇ ਕੀਤਾ ਜਾ ਰਿਹਾ ਹੈ। ਮਜ਼ਦੂਰ ਜਮਾਤ ਦੇ ਹੱਕਾਂ ਦੀ ਰਾਖੀ ਵਾਲੇ ਸਾਰੇ ਕਾਨੂੰਨਾਂ ਨੂੰ ਖਤਮ ਕਰਕੇ ਪੂੰਜੀਵਾਦੀਆਂ ਦੇ ਪੱਖ ਵਿਚ 4 ਕੋਡ ਬਣਾ ਦਿੱਤੇ ਗਏ ਹਨ। ਕਿਸਾਨਾਂ ਦੇ ਜ਼ਮੀਨੀ ਹੱਕ ਖੋਹਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਹਨਾਂ ਕਾਰਨਾਂ ਕਰਕੇ ਹੀ ਭਾਰਤ ਦੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਵੀ ਦੁਨੀਆ ਭਰ ਦੀਆਂ ਮਿਹਨਤਕਸ਼ ਜਮਾਤਾਂ ਦੇ ਨਾਲ-ਨਾਲ ਜ਼ੋਰਦਾਰ ਸੰਘਰਸ਼ ਲੜਨੇ ਪੈ ਰਹੇ ਹਨ। ਭਾਰਤ ਦੀਆਂ ਮਜ਼ਦੂਰ ਅਤੇ ਕਿਸਾਨ ਜਮਾਤਾਂ ਅਜੋਕੇ ਸਮੇਂ ਦੀਆਂ ਸੰਸਦੀ ਚੋਣਾਂ ਵਿਚ ਆਪਣੇ ਅਧਿਕਾਰਾਂ ਦੀ ਰਾਖੀ ਕਰਨ ਦੇ ਨਾਲ-ਨਾਲ ਭਾਰਤ ਦੀ ਜਮਹੂਰੀਅਤ ਅਤੇ ਸੰਵਿਧਾਨ ਦੀ ਰਾਖੀ ਲਈ ਸੱਤਾਧਾਰੀ ਫਾਸ਼ੀ ਪਾਰਟੀਆਂ ਨੂੰ ਸੱਤਾ ਵਿਚੋਂ ਬਾਹਰ ਕੱਢਣ ਲਈ ਆਪਣੀ ਪੂਰੀ ਸ਼ਕਤੀ ਲਾ ਰਹੀਆਂ ਹਨ। ਇਤਿਹਾਸ ਦੁਆਰਾ ਨਿਰਧਾਰਤ ਕੀਤੇ ਅਜੋਕੇ ਸਮੇਂ ਵਿਚ ਮਜ਼ਦੂਰ ਜਮਾਤ ਵੱਲੋਂ ਆਪਣੇ ਅਤੇ ਦੂਜੀਆਂ ਮਿਹਨਤਕਸ਼ ਜਮਾਤਾਂ ਦੀ ਰਾਖੀ ਲਈ ਫਾਸ਼ੀ ਸੱਤਾਧਾਰੀਆਂ ਨੂੰ ਸੱਤਾ ਤੋਂ ਬਾਹਰ ਕੱਢਣ ਲਈ ਸੰਘਰਸ਼ ਕਰਨਾ ਹੀ ਮਈ ਦਿਵਸ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

CMYK

# ਨੀਵਾਣਾਂ ਛੋਹਣ ਵਾਲੀ ਰਾਜਨੀਤੀ ਤੇ ਵਿਵਾਦਤ ਕਿਹਾ ਜਾਂਦਾ ਭਾਰਤ ਦਾ ਚੋਣ ਕਮਿਸ਼ਨ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਇੱਕੀ ਤੋਂ ਸਤਾਈ ਅਪਰੈਲ ਤੱਕ ਦੇ ਹਫਤੇ ਦੌਰਾਨ ਇੱਕ ਅਸਲੋਂ ਵਿਕੋਲਿਤਰੀ ਘਟਨਾ ਇਹ ਹੋਈ ਕਿ ਭਾਰਤ ਦੇ ਚੋਣ ਕਮਿਸ਼ਨ ਨੇ ਕੁਝ ਸ਼ਿਕਾਇਤਾਂ ਉੱਤੇ ਕਾਰਵਾਈ ਕੀਤੀ, ਪਰ ਇਸ ਤਰ੍ਹਾਂ ਕੀਤੀ ਕਿ ਕੀਤੀ ਹੋਈ ਵੀ ਲੱਗੇ ਅਤੇ ਕਿਸੇ ਵੱਡੇ ਆਦਮੀ ਦਾ ਰਸਤਾ ਕੱਟ ਕੇ ਮੁਸ਼ਕਲ ਵਿੱਚ ਫਸਣ ਤੋਂ ਵੀ ਬਚਣ ਦਾ ਰਾਹ ਕੱਢ ਲਿਆ ਜਾਵੇ। ਸ਼ਿਕਾਇਤ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਸੀ ਅਤੇ ਬਹੁਤ ਸਖਤ ਦੋਸ਼ਾਂ ਵਾਲੀ ਸੀ, ਜਿਸ ਨੂੰ ਵਿਰੋਧੀ ਧਿਰਾਂ ਦੀ ਅਗਵਾਈ ਕਰਦੀ ਮੰਨੀ ਜਾਂਦੀ ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਰਾਹੁਲ ਗਾਂਧੀ ਦੇ ਖਿਲਾਫ ਇੱਕ ਸ਼ਿਕਾਇਤ ਨਾਲ ਜੋੜਿਆ ਤੇ ਫਿਰ ਦੋਵਾਂ ਨੂੰ ਨੋਟਿਸ ਜਾਰੀ ਕਰਨ ਦੀ ਥਾਂ ਦੋਵਾਂ ਦੀਆਂ ਪਾਰਟੀਆਂ ਦੇ ਮੁਖੀਆਂ ਵੱਲ ਜਾਰੀ ਕਰ ਦਿੱਤਾ ਹੈ। ਇਸ ਦੇਸ਼ ਦੀ ਰਾਜਨੀਤੀ ਵਿੱਚ ਅੱਜ ਤੱਕ ਕਦੇ ਪਹਿਲਾਂ ਵੀ ਏਦਾਂ ਹੋਇਆ ਹੋਵੇ ਕਿ ਜਿਸ ਦੇ ਖਿਲਾਫ ਦੋਸ਼ ਲੱਗਦੇ ਹਨ, ਉਸ ਨੂੰ ਨੋਟਿਸ ਭੇਜਣ ਦੀ ਥਾਂ ਉਸ ਪਾਰਟੀ ਨੂੰ ਭੇਜਿਆ ਹੋਵੇ, ਕੋਈ ਮਿਸਾਲ ਏਦਾਂ ਦੀ ਕਦੇ ਸੁਣੀ ਨਹੀਂ ਗਈ। ਚੋਣ ਕਮਿਸ਼ਨ ਵਿੱਚ ਬੈਠੇ ਲੋਕ ਇਸ ਹਫਤੇ ਪ੍ਰਧਾਨ ਮੰਤਰੀ ਵਿਰੁੱਧ ਆਈ ਸ਼ਿਕਾਇਤ ਨੂੰ ਅੱਖੋਂ-ਪਰੋਖੇ ਕਰਦੇ ਤਾਂ ਸਾਰੇ ਪਾਸੇ ਭੰਡੀ ਹੋਣੀ ਸੀ ਤੇ ਜੇ ਪ੍ਰਧਾਨ ਮੰਤਰੀ ਨੂੰ ਨੋਟਿਸ ਜਾਰੀ ਕਰਦੇ ਤਾਂ ਭੁਗਤਣਾ ਪੈਣਾ ਸੀ, ਇਸ ਕਾਰਨ ਉਨ੍ਹਾਂ ਨੇ ਨੋਟਿਸ ਵੀ ਜਾਰੀ ਕਰ ਦਿੱਤਾ ਅਤੇ ਸਿੱਧੀ ਮਾਰ ਤੋਂ ਬਚਣ ਦਾ ਰਾਹ ਵੀ ਕੱਢ ਲਿਆ ਜਾਪਦਾ ਹੈ। ਚੋਣ ਕਮਿਸ਼ਨ ਬਾਰੇ ਦੇਸ਼ ਦੇ ਲੋਕਾਂ ਦੀ ਰਾਏ ਉਂਜ ਵੀ ਇਹੋ ਹੈ ਕਿ ਇਹ ਕਾਗਜ਼ੀ ਹੈ, ਕੁਝ ਕਰਨ ਜੋਗਾ ਨਹੀਂ ਤੇ ਇਸ ਹਫਤੇ ਇੱਕ ਕਾਰਟੂਨ ਵੀ ਇੱਕ ਅਖਬਾਰ ਨੇ ਇਸ ਬਾਰੇ ਛਾਪਿਆ ਹੈ, ਜਿਹੜਾ ਕਮਿਸ਼ਨ ਦੇ ਮੈਂਬਰਾਂ ਦੀ ਅਸਲ ਹਾਲਤ ਦੱਸ ਸਕਦਾ ਹੈ। ਇਸ ਕਾਰਟੂਨ ਵਿੱਚ ਸ਼ਿਕਾਇਤਾਂ ਦੇ ਢੇਰ ਉੱਤੇ ਬੈਠਾ ਚੋਣ ਕਮਿਸ਼ਨ ਓਥੇ ਆਏ ਦੋ ਸ਼ਿਕਾਇਤ ਕਰਤਿਆਂ ਨੂੰ ਕਹਿ ਰਿਹਾ ਹੈ: 'ਹਾਲੇ ਤਾਂ ਮੈਂ ਪਿਛਲੀਆਂ ਚੋਣਾਂ ਦੀਆਂ ਸ਼ਿਕਾਇਤਾਂ ਹੀ ਵੇਖ ਰਿਹਾ ਹਾਂ, ਤੁਸੀਂ ਓਨੀ ਦੇਰ ਸ਼ਾਂਤੀ ਬਣਾਈ ਰੱਖੋ।' ਕਹਿਣ ਤੋਂ ਭਾਵ ਇਹ ਕਿ ਜਿਹੜੇ ਲੋਕਾਂ ਖਿਲਾਫ ਸ਼ਿਕਾਇਤਾਂ ਹੁੰਦੀਆਂ ਹਨ, ਉਨ੍ਹਾਂ ਆਗੂਆਂ ਵੱਲੋਂ ਜਿੱਤੀ ਹੋਈ ਚੋਣ ਦਾ ਸਮਾਂ ਹੰਢਾ ਕੇ ਘਰੀਂ ਮੁੜ ਜਾਣ ਤੀਕ ਵੀ ਉਨ੍ਹਾਂ ਦੇ ਖਿਲਾਫ ਸ਼ਿਕਾਇਤਾਂ ਦੀ ਪੁਣ-ਛਾਣ ਮੁਕੰਮਲ ਨਹੀਂ ਹੁੰਦੀ। ਫਿਰ ਤਾਜ਼ਾ ਸ਼ਿਕਾਇਤਾਂ ਕੌਣ ਸੁਣੇਗਾ! ਇਸੇ ਲਈ ਭਾਰਤ ਦੇ ਪ੍ਰਧਾਨ ਮੰਤਰੀ ਖਿਲਾਫ ਆਈਆਂ ਸ਼ਿਕਾਇਤਾਂ ਦਾ ਹਸ਼ਰ ਜੋ ਹੋਇਆ ਹੈ, ਉਸ ਤੋਂ ਵੱਧ ਕੁਝ ਹੋ ਹੀ ਨਹੀਂ ਸੀ ਸਕਦਾ।

ਚੋਣ ਕਮਿਸ਼ਨ ਦੇ ਅਸਲੋਂ ਨਿਕੰਮੇ ਜਾਂ ਦਬਾਅ ਹੇਠ ਹੋਣ ਦਾ ਸਿੱਧਾ ਜਿਹਾ ਅਸਰ ਇਹ ਹੈ ਕਿ ਭਾਰਤੀ ਰਾਜਨੀਤੀ ਦੇ ਪ੍ਰਮੁੱਖ ਆਗੂ ਹਰ ਹੱਦ ਟੱਪ ਜਾਣਾ ਆਪਣਾ ਹੱਕ ਮੰਨਦੇ ਹਨ। ਪਿਛਲੇ ਦਿਨੀਂ ਇੱਕ ਪਾਰਟੀ ਦੀ ਅਗਵਾਈ ਹੇਠ ਚੱਲਦੀ ਸਰਕਾਰ ਵੱਲੋਂ ਜਾਰੀ ਕੀਤੇ ਹੋਏ ਸਰਕਾਰੀ ਕੰਮ ਦੱਸਣ ਬਹਾਨੇ ਉਸ ਪਾਰਟੀ ਦੀ ਪ੍ਰਚਾਰ ਵਾਲੀ ਇੱਕ ਛੋਟੀ ਜਿਹੀ ਵੰਨਗੀ ਮੀਡੀਆ ਵਿੱਚ ਆ ਗਈ। ਕਿਸੇ ਸਮਾਜੀ ਸਮਾਗਮ ਵਿੱਚ ਅਚਾਨਕ ਮਿਲੇ ਇੱਕ ਹਲਕੇ ਦੇ ਚੋਣ ਅਫਸਰ ਨਾਲ ਇਸ ਬਾਰੇ ਗੱਲ ਚੱਲ ਪਈ ਕਿ ਏਦਾਂ ਕਰਨ ਦੀ ਆਗਿਆ ਹੈ ਜਾਂ ਇਹ ਉਲੰਘਣਾ ਮੰਨੀ ਜਾਵੇਗੀ! ਉਨ੍ਹਾ ਕਿਹਾ, 'ਜਦੋਂ ਸਰਕਾਰ ਸਿਰਫ ਕੁਝ ਹਦਾਇਤਾਂ ਜਾਂ ਸੂਚਨਾਵਾਂ ਆਮ ਲੋਕਾਂ ਲਈ ਜਾਰੀ ਕਰਦੀ ਹੈ ਤਾਂ ਕੋਈ ਪਾਬੰਦੀ ਨਹੀਂ, ਪਰ ਤੁਸੀਂ ਜਿਸ ਬਾਰੇ ਗੱਲ ਕਰਦੇ ਹੋ, ਉਸ ਵਿੱਚ ਸਰਕਾਰੀ ਖਰਚ ਉੱਤੇ ਇਹ ਕਿਹਾ ਗਿਆ ਹੈ ਕਿ ਇਸ ਸਰਕਾਰ ਨੇ ਆਪਣੇ ਲੋਕਾਂ ਲਈ ਆਹ ਕੰਮ ਕੀਤੇ ਹਨ, ਇਸ ਸਰਕਾਰੀ ਪ੍ਰਚਾਰ ਨਾਲ ਸਮੁੱਚੀ ਚੋਣ ਵੀ ਪ੍ਰਭਾਵਤ ਹੋ ਸਕਦੀ ਹੈ। ਇਸ ਕਾਰਨ ਇਸ ਕਿਸਮ ਦੀ ਇਸ਼ਤਿਹਾਰਬਾਜ਼ੀ ਗਲਤ ਹੈ, ਪਰ ਇਸ ਹਰਕਤ ਵਾਸਤੇ ਸਰਕਾਰੀ ਧਿਰ ਨੂੰ ਸਿਰਫ ਝਿੜਕ ਪੈਣੀ ਹੈ, ਇਸ ਡੱਬੀ ਵਾਸਤੇ ਖਰਚ ਹੋਏ ਪੈਸੇ ਸੰਬੰਧਤ ਪਾਰਟੀ ਦੇ ਖਰਚ ਵਿੱਚ ਜੋੜੇ ਜਾ ਸਕਦੇ ਹਨ, ਚੋਣ ਲੜਦੇ ਉਮੀਦਵਾਰ ਨੂੰ ਫਰਕ ਨਹੀਂ ਪੈਂਦਾ। ਉਮੀਦਵਾਰ ਬਚ ਰਹਿਣਾ ਚਾਹੀਦਾ ਹੈ, ਕਿਉਂਕਿ ਉਸ ਲਈ ਖਰਚ ਦੀ ਹੱਦ ਹੈ, ਪਾਰਟੀ ਜਿੰਨਾ ਮਰਜ਼ੀ ਖਰਚ ਕਰ ਸਕਦੀ ਹੈ।' ਇਹ ਗੱਲ ਕਿੰਨੀ ਠੀਕ ਹੈ, ਸਾਨੂੰ ਪੂਰਾ ਨਹੀਂ ਪਤਾ, ਪਰ ਇੱਕ ਗੱਲ ਸਾਫ ਹੈ ਕਿ ਰਾਜ ਕਰਦੀ ਪਾਰਟੀ ਕੇਂਦਰ ਵਾਲੀ ਹੋਵੇ ਜਾਂ ਕਿਸੇ ਰਾਜ ਦੀ, ਉਸ ਕੋਲ ਕਈ ਤਰ੍ਹਾਂ ਦੀਆਂ ਘੁੰਡੀਆਂ ਰਾਹੀਂ ਆਪਣੀ ਗੱਲ ਸਰਕਾਰੀ ਖਰਚ ਉੱਤੇ ਕਹਿਣ ਦੇ ਰਸਤੇ ਭਾਰਤ ਦੇ ਕਾਨੂੰਨਾਂ ਵਿੱਚ ਬਹੁਤ ਸਾਰੇ ਮੌਜੂਦ ਹਨ, ਪਾਬੰਦੀਆਂ ਦਾ ਸਿਰਫ ਵਿਖਾਵਾ ਜਿਹਾ ਹੈ।

ਦੂਸਰੀ ਗੱਲ ਇਹ ਕਿ ਰਾਜ ਕਰਦੀਆਂ ਪਾਰਟੀਆਂ ਕੋਲ ਸੁਰੱਖਿਆ ਦੇ ਨਾਂਅ ਉੱਤੇ ਆਪਣੇ ਪਸੰਦ ਦੇ ਬੰਦੇ ਵਾਸਤੇ ਸਾਰੇ ਪ੍ਰਬੰਧ ਕਰਨ ਅਤੇ ਚੋਣਾਂ ਦੌਰਾਨ ਕਰੀ ਰੱਖਣ ਜਾਂ ਜੇ ਉਹ ਸਾਥ ਛੱਡ ਜਾਵੇ ਤਾਂ ਰਾਤੋ-ਰਾਤ ਉਸ ਬੰਦੇ ਨੂੰ 'ਖਤਰਾ ਕੋਈ ਨਹੀਂ' ਕਹਿ ਕੇ ਨਿਹੱਥਾ ਕਰਨ ਦੇ ਤਰੀਕੇ ਵੀ ਹੁੰਦੇ ਹਨ। ਪਿਛਲੇ ਸਾਲਾਂ ਵਿੱਚ ਭਾਰਤ ਦੀ ਮੌਜੂਦਾ ਸਰਕਾਰ ਨੇ ਇਸ ਦੀ ਹੱਦੋਂ ਵੱਧ ਦੁਰਵਰਤੋਂ ਕੀਤੀ ਹੈ। ਮਿਸਾਲ ਵਜੋਂ ਅਖਿਲੇਸ਼ ਸਿੰਘ ਯਾਦਵ ਦਾ ਚਾਚਾ ਰੁਸ ਕੇ ਭਾਜਪਾ ਨਾਲ ਜਾ ਰਲਿਆ ਤਾਂ ਰਾਤੋ-ਰਾਤ ਉਸ ਲਈ ਵਾਈ ਕੈਟਾਗਰੀ ਸੁਰੱਖਿਆ ਮਨਜ਼ੂਰ ਹੋ ਗਈ, ਪਰ ਜਦੋਂ ਉਹ ਫਿਰ ਆਪਣੇ ਭਤੀਜੇ ਨਾਲ ਜਾ ਜੁੜਿਆ ਤਾਂ ਉਸ ਦੀ ਕੇਂਦਰੀ ਸਕਿਓਰਟੀ ਵਾਪਸ ਲੈ ਲਈ ਗਈ। ਪਹਿਲਾਂ ਏਦਾਂ ਦੀ ਸਕਿਓਰਟੀ ਦੇਣ ਤੇ ਉਸ ਬੰਦੇ ਦੀ ਬੋਲੀ ਬਦਲਦੇ ਸਾਰ ਸਕਿਓਰਟੀ ਵਾਪਸ ਲੈਣ ਦਾ ਕੰਮ ਪੰਜਾਬ ਦੀਆਂ ਦੋ ਸਰਕਾਰਾਂ ਵੇਲੇ ਵੀ ਬਹੁਤ ਵਾਰੀ ਹੁੰਦਾ ਵੇਖਿਆ ਗਿਆ ਸੀ। ਏਦਾਂ ਹੀ ਹੋਰ ਰਾਜਾਂ ਵਿੱਚ ਹੋਈ ਜਾਂਦਾ ਹੈ। ਕਈ ਵਾਰ ਕੋਰਟਾਂ ਤੱਕ ਵੀ ਇਸ ਤਰ੍ਹਾਂ ਦੇ ਮਸਲੇ ਜਾਂਦੇ ਵੇਖੇ ਗਏ ਸਨ। ਬੰਦਾ ਪਹੁੰਚ ਵਾਲਾ ਹੋਵੇ ਤਾਂ ਅਗਲੇ ਦਿਨ ਓਥੇ ਅਦਾਲਤ ਦੇ ਹੁਕਮ ਆ ਜਾਂਦੇ ਹਨ ਕਿ ਇਸ ਦੀ ਸਕਿਓਰਟੀ ਬਹਾਲ ਕੀਤੀ ਜਾਵੇ ਤੇ ਜੇ ਉਸ ਦੀ ਵੱਡੀ ਪਹੁੰਚ ਨਹੀਂ ਤਾਂ ਉਸ ਦੀ ਬੇਨਤੀ ਦਾ ਫੈਸਲਾ ਕਰਨ ਵਿੱਚ ਜੱਜ ਸਾਹਿਬਾਨ ਕਈ ਵਾਰੀ ਹਫਤਿਆਂ ਤੋਂ ਟੱਪ ਕੇ ਮਹੀਨਿਆਂ ਤੱਕ ਸਮਾਂ ਲਾ ਦੇਂਦੇ ਹਨ। ਸੰਬੰਧਤ ਬੰਦਾ ਰਾਜ ਕਰਦੀ ਪਾਰਟੀ ਦੇ ਨਾਲ ਸੰਬੰਧਤ ਹੈ ਜਾਂ ਨਹੀਂ, ਇਸ ਦਾ ਅਸਰ ਹਰ ਪੜਾਅ ਉੱਤੇ ਪੈਂਦਾ ਦਿੱਸ ਜਾਂਦਾ ਹੈ। ਫਿਰ ਵੀ ਚੋਣ ਕਮਿਸ਼ਨ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਅੱਗੋਂ-ਪਿੱਛੋਂ ਭਾਵੇਂ ਨਾ ਸਹੀ, ਚੋਣਾਂ ਦੇ ਦਿਨਾਂ ਵਿੱਚ ਇਹੋ ਜਿਹੇ ਕੇਸਾਂ ਦੀ ਸ਼ਿਕਾਇਤ ਆਵੇ ਤਾਂ ਦਖਲ ਦੇਵੇ, ਪਰ ਨਾ ਰਾਜਾਂ ਵਿੱਚ ਹੀ ਅਤੇ ਨਾ ਕੇਂਦਰ ਵਿੱਚ ਉਹ ਕਦੇ ਖਾਸ ਦਖਲ ਦੇਂਦਾ ਵੇਖਿਆ ਗਿਆ ਹੈ।

ਗੱਲ ਫਿਰ ਪਹਿਲੇ ਨੁਕਤੇ ਉੱਤੇ ਆ ਜਾਂਦੀ ਹੈ ਕਿ ਚੋਣ ਕਮਿਸ਼ਨ ਵਿੱਚ ਕਈ ਜਾਇਜ਼ ਸ਼ਿਕਾਇਤਾਂ ਵੀ ਸਾਲਾਂਬੱਧੀ ਪਈਆਂ ਰਹਿੰਦੀਆਂ ਹਨ ਤੇ ਉਨ੍ਹਾਂ ਉੱਤੇ ਕਾਰਵਾਈ ਨਾ ਹੋਣ ਦਾ ਕਾਰਨ ਲੋਕਾਂ ਨੂੰ ਇਹ ਦਿੱਸਦਾ ਹੈ ਕਿ ਸੰਬੰਧਤ ਰਾਜਸੀ ਆਗੂ ਦੀ ਵੱਡੀ ਰਾਜਸੀ ਹਸਤੀ ਹੋਣ ਕਾਰਨ ਚੋਣ ਕਮਿਸ਼ਨ ਚੁੱਪ ਰਹਿਣਾ ਠੀਕ ਸਮਝਦਾ ਹੈ। ਮਿਸਾਲ ਵਜੋਂ ਦਸ ਕੁ ਸਾਲ ਪਹਿਲਾਂ ਬਿਹਾਰ ਦਾ ਇੱਕ ਆਗੂ ਚੋਣ ਜਿੱਤ ਗਿਆ। ਉਸ ਚੋਣ ਦੌਰਾਨ ਇੱਕ ਵਿਅਕਤੀ ਥ੍ਰੀ-ਵ੍ਹੀਲਰ ਉੱਤੇ ਇੱਕ ਬਕਸੇ ਵਿੱਚ ਕਰੋੜਾਂ ਰੁਪਏ ਲਈ ਜਾਂਦਾ ਫਸ ਗਿਆ। ਚੋਣ ਜ਼ਾਬਤਾ ਲੱਗਾ ਹੋਣ ਕਾਰਨ ਦੂਸਰੇ ਰਾਜ ਤੋਂ ਆਏ ਆਬਜ਼ਰਵਰ ਸਿਰ ਉੱਤੇ ਖੜੇ ਵੇਖ ਕੇ ਜਾਂਚ ਸ਼ੁਰੂ ਹੋ ਗਈ। ਉਸ ਬੰਦੇ ਨੇ ਉਸ ਆਗੂ ਦਾ ਨਾਂਅ ਲੈ ਦਿੱਤਾ ਕਿ ਉਸ ਦੇ ਪੈਸੇ ਹਨ। ਲੀਡਰ ਦਾ ਇਹ ਬਿਆਨ ਆ ਗਿਆ ਕਿ ਇਹ ਪੈਸੇ ਖੁਦ ਉਸ ਦੇ ਨਹੀਂ, ਉਸ ਦੇ ਕਾਰੋਬਾਰ ਕਰਨ ਵਾਲੇ ਭਰਾ ਦੇ ਹਨ ਤੇ ਸਾਡਾ ਬੰਦਾ ਗਲਤੀ ਨਾਲ ਲੀਡਰ ਦਾ ਨਾਂਅ ਦੱਸੀ ਜਾ ਰਿਹਾ ਹੈ। ਕਾਰੋਬਾਰੀ ਭਰਾ ਨੇ ਆਪਣੇ ਆਪ ਨੂੰ ਫਸਦਾ ਵੇਖ ਕੇ ਝੱਟ ਇਹ ਕਹਿ ਦਿੱਤਾ ਕਿ ਨਾ ਉਹ ਬੰਦਾ ਉਸ ਕੋਲ ਪੈਸੇ ਲੈਣ ਆਇਆ ਸੀ, ਨਾ ਉਸ ਵੱਲ ਆਉਣ ਲੱਗਾ ਸੀ ਤੇ ਨਾ ਉਹ ਨਕਦੀ ਵਾਲਾ ਇਹੋ ਜਿਹਾ ਕੋਈ ਕਾਰੋਬਾਰ ਕਰਦਾ ਹੈ, ਕਾਰੋਬਾਰ ਆਨਲਾਈਨ ਕਰਨ ਕਰ ਕੇ ਉਸ ਕੋਲ ਨਕਦ ਏਨੇ ਪੈਸੇ ਕਦੀ ਨਹੀਂ ਹੁੰਦੇ। ਭਰਾ ਦੇ ਇਸ ਬਿਆਨ ਨਾਲ ਉਹ ਆਗੂ ਫਸ ਗਿਆ, ਪਰ ਉਹ ਕੇਂਦਰੀ ਮੰਤਰੀ ਬਣ ਗਿਆ ਤਾਂ ਫੜੇ ਪੈਸਿਆਂ ਵਾਲੇ ਬੈਗ ਜਾਂ ਬੈਗ ਲੈ ਕੇ ਜਾਂਦੇ ਫੜੇ ਗਏ ਉਸ ਬੰਦੇ ਦਾ ਕੀ ਬਣਿਆ, ਇਸ ਦੀ ਕੋਈ ਖਬਰ ਹੀ ਕਦੇ ਕਿਸੇ ਨਹੀਂ ਸੁਣੀ। ਉਹ ਲੀਡਰ ਦਸ ਸਾਲ ਕੇਂਦਰੀ ਮੰਤਰੀ ਰਹਿਣ ਮਗਰੋਂ ਇਨ੍ਹਾਂ ਚੋਣਾਂ ਵਿੱਚ ਫਿਰ ਉਮੀਦਵਾਰ ਹੈ ਅਤੇ ਉਸ ਦੇ ਆਪਣੇ ਚਾਲੇ ਤੇ ਬਿਆਨ ਵੀ ਲਗਾਤਾਰ ਚਰਚਾ ਵਿੱਚ ਆਉਂਦੇ ਰਹੇ, ਪਰ ਉਸ ਦੇ ਪਿੱਛੇ ਕੇਂਦਰ ਸਰਕਾਰ ਦੀ ਕਮਾਂਡ ਸਾਂਭਣ ਵਾਲਾ ਵੱਡਾ ਆਗੂ ਖੜਾ ਹੋਣ ਕਰ ਕੇ ਕਿਸੇ ਨੇ ਕਦੇ ਉਸ ਦਾ ਕੇਸ ਫੋਲਿਆ ਨਹੀਂ। ਏਦਾਂ ਦੇ ਕਿੰਨੇ ਸਾਰੇ ਕੇਸ ਹੋਰ ਗਿਣਾਏ ਜਾ ਸਕਦੇ ਹਨ, ਜਿਨ੍ਹਾਂ ਦਾ ਨਿਬੇੜਾ ਚੋਣ ਕਮਿਸ਼ਨ ਨੇ ਜਾਂ ਤਾਂ ਕੀਤਾ ਨਹੀਂ ਜਾਂ ਫਿਰ ਸਿਰਫ ਜੱਗ-ਵਿਖਾਵਾ ਕੀਤਾ ਹੈ।

ਜੱਗ-ਵਿਖਾਵਾ ਕਰਨ ਦੀ ਕਹਾਣੀ ਏਦਾਂ ਦੀ ਹੈ ਕਿ ਕਿਸੇ ਦੇ ਖਿਲਾਫ ਸ਼ਿਕਾਇਤ ਆਈ ਤਾਂ ਪਹਿਲੀ ਕੋਸ਼ਿਸ਼ ਹੁੰਦੀ ਹੈ ਕਿ ਕੁਝ ਕਰਨਾ ਨਾ ਪਵੇ, ਪਰ ਜੇ ਜ਼ਿਆਦਾ ਰੌਲਾ ਪਵੇ ਤਾਂ ਨਿਗੂਣੀ ਜਿਹੀ ਕਾਰਵਾਈ ਕਰ ਦਿੱਤੀ। ਇਹੋ ਜਿਹੀ ਇੱਕ ਵੱਡੀ ਮਿਸਾਲ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਤੋਂ ਜਿੱਤੀ ਹੋਈ ਭਾਜਪਾ ਪਾਰਲੀਮੈਂਟ ਮੈਂਬਰ ਸਾਧਵੀ ਪ੍ਰਗਿਆ ਠਾਕਰ ਦੀ ਸਭ ਦੇ ਸਾਹਮਣੇ ਹੈ। ਉਸ ਨੇ ਕਈ ਲੋਕਾਂ ਦੇ ਖਿਲਾਫ ਕਈ ਕੁਝ ਬੋਲਿਆ ਹੈ। ਮੁੰਬਈ ਵਿੱਚ ਸਭ ਤੋਂ ਵੱਡੇ ਅੱਤਵਾਦੀ ਹਮਲੇ ਵਿੱਚ ਅਪਰਾਧੀਆਂ ਨਾਲ ਲੜਦਿਆਂ ਮਾਰੇ ਗਏ ਪੁਲਸ ਅਫਸਰ ਹੇਮੰਤ ਕਰਕਰੇ ਦੀ ਸ਼ਲਾਘਾ ਹਰ ਕੋਈ ਕਰ ਰਿਹਾ ਸੀ, ਉਸ ਨੂੰ ਭਾਰਤ ਦਾ ਅਮਨ ਦੇ ਦਿਨਾਂ ਦਾ ਸਭ ਤੋਂ ਵੱਡਾ ਬਹਾਦਰੀ ਸਨਮਾਨ ਅਸ਼ੋਕ ਚੱਕਰ ਦਿੱਤਾ ਗਿਆ। ਲੋਕ ਸਭਾ ਚੋਣਾਂ ਵਿੱਚ ਜਦੋਂ ਸਾਧਵੀ ਪ੍ਰਗਿਆ ਪਾਰਲੀਮੈਂਟ ਮੈਂਬਰ ਬਣੀ ਤਾਂ ਉਸ ਨੇ ਕਿਹਾ ਕਿ ਹੇਮੰਤ ਕਰਕਰੇ ਨੇ ਬੰਬ ਧਮਾਕਾ ਕੇਸ ਵਿੱਚ, ਕਿਉਂਕਿ ਮੇਰੇ ਖਿਲਾਫ ਕਾਰਵਾਈ ਕੀਤੀ ਸੀ, ਇਸ ਕਾਰਨ ਉਸ ਦੀ ਮੌਤ ਮੇਰੇ ਸਰਾਪ ਨਾਲ ਹੋਈ ਹੈ। ਭਾਜਪਾ ਦਾ ਇੱਕ ਵੀ ਆਗੂ ਉਸ ਸਾਧਵੀ ਦੇ ਖਿਲਾਫ ਨਹੀਂ ਬੋਲ ਸਕਿਆ ਤੇ ਜਿਹੜੇ ਹੇਮੰਤ ਕਰਕਰੇ ਦੇ ਪੱਖ ਵਿੱਚ ਉਹ ਲੋਕ ਬੋਲਦੇ ਰਹੇ ਸਨ, ਉਸ ਲਈ ਵੀ ਦੋ ਸ਼ਬਦ ਹਮਦਰਦੀ ਜਾਂ ਸਤਿਕਾਰ ਦੇ ਨਹੀਂ ਸਨ ਨਿਕਲੇ। ਫਿਰ ਸਾਧਵੀ ਪ੍ਰਗਿਆ ਨੇ ਮਹਾਤਮਾ ਗਾਂਧੀ ਦੇ ਖਿਲਾਫ ਕਈ ਕੁਝ ਕਹਿ ਦਿੱਤਾ ਤਾਂ ਕੇਸ ਚੋਣ ਕਮਿਸ਼ਨ ਨੂੰ ਪਹੁੰਚ ਗਿਆ, ਇਸ ਬਾਰੇ ਦੇਸ਼ ਵਿੱਚ ਦੁਹਾਈ ਪੈਣ ਪਿੱਛੋਂ ਕਾਰਵਾਈ ਕਰਨੀ ਪੈ ਗਈ। ਚੋਣ ਕਮਿਸ਼ਨ ਨੇ ਕਾਰਵਾਈ ਦੇ ਨਾਂਅ ਉੱਤੇ ਸਿਰਫ ਇਹ ਹੁਕਮ ਦੇ ਕੇ ਵਕਤ ਸਾਰ ਲਿਆ ਕਿ ਸਾਧਵੀ ਪ੍ਰਗਿਆ ਉੱਤੇ ਦੋ ਦਿਨ ਚੋਣ ਪ੍ਰਚਾਰ ਦੀ ਪਾਬੰਦੀ ਲਾਈ ਜਾਂਦੀ ਹੈ। ਉਸ ਨੇ ਹੁਕਮ ਦੀ ਪਾਲਣਾ ਕਰਨ ਲਈ ਦੋ ਦਿਨ ਚੋਣ ਪ੍ਰਚਾਰ ਬੇਸ਼ੱਕ ਨਹੀਂ ਸੀ ਕੀਤਾ, ਪਰ ਦੋਵੇਂ ਦਿਨ ਉਹ ਵੱਖ-ਵੱਖ ਧਰਮ ਅਸਥਾਨਾਂ ਵਿੱਚ ਜਾਂਦੀ ਅਤੇ ਓਥੇ ਉਸ ਦੇ ਸਵਾਗਤ ਲਈ ਉਚੇਚੀ ਲਿਆਂਦੀ ਗਈ ਭੀੜ ਵੱਲ ਹੱਥ ਜੋੜ ਕੇ ਸਿਰ ਹਿਲਾ ਕੇ ਬਿਨਾਂ ਬੋਲੇ ਆਪਣਾ ਪ੍ਰਚਾਰ ਕਰੀ ਜਾਂਦੀ ਸੀ। ਚੋਣ ਕਮਿਸ਼ਨ ਇਸ ਤਰ੍ਹਾਂ ਦੀ ਚੁਸਤ ਰਾਜਨੀਤੀ ਦੇ ਖਿਲਾਫ ਵੀ ਕੁਝ ਨਹੀਂ ਸੀ ਕਰ ਸਕਿਆ।

ਫਿਰ ਵੀ ਜਿਹੜੇ ਨੀਵੇਂ ਪੱਧਰ ਦੀ ਅਤੇ ਜਿੰਨੀ ਫਿਰਕੂ ਕਿਸਮ ਦੀ ਭਾਸ਼ਣਬਾਜ਼ੀ ਇਸ ਵਾਰੀ ਕੇਂਦਰ ਸਰਕਾਰ ਚਲਾ ਰਹੀ ਪਾਰਟੀ ਦੇ ਮੋਹਰੀ ਆਗੂਆਂ ਵੱਲੋਂ ਕੀਤੀ ਜਾ ਰਹੀ ਹੈ, ਇਸ ਬਾਰੇ ਕਿਸੇ ਤਰ੍ਹਾਂ ਕੋਈ ਕਾਰਵਾਈ ਨਾ ਕੀਤੇ ਜਾਣਾ ਹਰ ਕਿਸੇ ਦੀ ਜ਼ਬਾਨ ਉੱਤੇ ਹੈ। ਜਦੋਂ ਇਸ ਦੀ ਹਰ ਪਾਸੇ ਚਰਚਾ ਚੱਲਣ ਲੱਗੀ ਤਾਂ ਚੋਣ ਕਮਿਸ਼ਨ ਨੇ ਉਸ ਪਾਰਟੀ ਦੇ ਪ੍ਰਧਾਨ ਨੂੰ ਨੋਟਿਸ ਦੇ ਦਿੱਤਾ ਕਿ ਤੁਹਾਡੇ ਲੀਡਰ ਆਹ ਕੁਝ ਬੋਲਣ ਕਰ ਕੇ ਠੀਕ ਨਹੀਂ ਕਰਦੇ। ਪ੍ਰਧਾਨ ਮੰਤਰੀ ਖਿਲਾਫ ਸਿੱਧੀ ਕਾਰਵਾਈ ਕਰਨ ਦੀ ਥਾਂ ਵਲਾਵਾਂ ਪਾ ਕੇ ਕਾਰਵਾਈ ਕਰਨ ਤੇ ਸੰਬੰਧਤ ਪਾਰਟੀ ਦੇ ਪ੍ਰਧਾਨ ਵੱਲ ਨੋਟਿਸ ਭੇਜ ਦੇਣ ਪਿੱਛੋਂ ਚੋਣ ਕਮਿਸ਼ਨ ਵਿੱਚ ਬੈਠਿਆਂ ਨੂੰ ਕਾਂਬਾ ਛਿੜਿਆ ਹੋਵੇਗਾ, ਉਨ੍ਹਾਂ ਨੇ ਵਿਰੋਧੀ ਧਿਰ ਦੀ ਮੁੱਖ ਪਾਰਟੀ ਦੀ ਲੀਡਰਸ਼ਿਪ ਵੱਲ ਵੀ ਬਰਾਬਰ ਦਾ ਨੋਟਿਸ ਕੱਢ ਦਿੱਤਾ ਕਿ ਤੁਹਾਡਾ ਰਾਹੁਲ ਗਾਂਧੀ ਵੀ ਆਹ ਕੁਝ ਕਰ ਰਿਹਾ ਹੈ। ਜੇ ਰਾਜ ਕਰਦੀ ਪਾਰਟੀ ਦੇ ਮੋਹਰੀ ਆਗੂਆਂ ਦੇ ਖਿਲਾਫ ਸ਼ਿਕਾਇਤ ਨਾ ਹੁੰਦੀ ਤਾਂ ਰਾਹੁਲ ਗਾਂਧੀ ਵਿਰੁੱਧ ਨੋਟਿਸ ਉਸ ਦੀ ਪਾਰਟੀ ਨੂੰ ਨਹੀਂ, ਰਾਹੁਲ ਗਾਂਧੀ ਨੂੰ ਸਿੱਧਾ ਭੇਜਿਆ ਜਾਣਾ ਸੀ, ਪਰ ਸਥਿਤੀ ਦਾ ਸੰਤੁਲਨ ਰੱਖਣ ਲਈ ਚੋਣ ਕਮਿਸ਼ਨ ਵਿੱਚ ਬੈਠੇ ਅਧਿਕਾਰੀਆਂ ਨੇ ਉਸ ਨੂੰ ਨਾਲ ਨੱਥੀ ਕੀਤਾ ਅਤੇ 'ਦੋਵਾਂ ਧਿਰਾਂ ਲਈ ਇੱਕੋ ਜਿਹਾ' ਗਜ਼ ਵਰਤਣ ਦੀ ਹਾਲਤ ਬਣਾ ਧਰੀ ਹੈ।

ਇਸ ਸਾਰੇ ਕੁਝ ਵਿੱਚੋਂ ਦੋ ਗੱਲਾਂ ਸਾਫ ਦਿੱਸਦੀਆਂ ਹਨ। ਇੱਕ ਤਾਂ ਇਹ ਕਿ ਭਾਰਤੀ ਰਾਜਨੀਤੀ ਜਿੰਨੀਆਂ ਨੀਵਾਣਾਂ ਇਸ ਵਾਰ ਛੋਹ ਗਈ ਹੈ, ਓਨੀਆਂ ਪਹਿਲਾਂ ਕਦੇ ਨਹੀਂ ਸੀ ਛੋਹੀਆਂ। ਦੂਸਰੀ ਇਹ ਕਿ ਭਾਰਤ ਦਾ ਚੋਣ ਕਮਿਸ਼ਨ ਬਹੁਤਾ ਕਾਰਜਸ਼ੀਲ ਸਿਰਫ ਓਦੋਂ ਹੁੰਦਾ ਸੀ, ਜਦੋਂ ਟੀ ਐੱਨ ਸੇਸ਼ਨ ਵਰਗਾ ਚੋਣ ਕਮਿਸ਼ਨਰ ਓਥੇ ਬੈਠਦਾ ਸੀ, ਉਸ ਦੌਰ ਬਿਨਾਂ ਕਿਸੇ ਕੰਮ ਦਾ ਕਦੇ ਵੀ ਨਹੀਂ ਸੀ ਗਿਣਿਆ ਗਿਆ, ਪਰ ਜਿਸ ਹੱਦ ਤੱਕ ਚਰਚਾ ਦਾ ਕੇਂਦਰ ਇਸ ਵਾਰੀ ਹੈ, ਓਨਾ ਇਹ ਕਦੇ ਨਹੀਂ ਸੀ ਸੋਚਿਆ ਗਿਆ। ਏਨਾ ਵਿਵਾਦਤ ਮੰਨਿਆ ਜਾਂਦਾ ਚੋਣ ਕਮਿਸ਼ਨ ਜੇ ਦੇਸ਼ ਦੇ ਪੱਲੇ ਪੈ ਗਿਆ ਹੋਵੇ ਤਾਂ ਉਸ ਦੀ ਅਗਵਾਈ ਹੇਠ ਜਿੱਦਾਂ ਦੀ ਚੋਣ ਹੋ ਸਕਦੀ ਹੈ, ਉਹ ਹੋਈ ਜਾ ਰਹੀ ਹੈ।

# 'ਜੰਡੋਲੇ ਕਲੋਏ' ਨੇ ਬੰਨ੍ਹਿਆ ਸੀ 'ਜੰਡੋਲੀ' ਦਾ ਪਿੜ

**ਪਿੰਡ ਵਸਿਆ**

**ਵਿਜੈ ਬੰਬੇਲੀ**

ਪੈਰਿਸ ਵਿਚ ਪਹਿਲੇ ਵਿਸ਼ਵ ਯੁੱਧ ਦੇ ਜੰਗੀ ਯੋਧਿਆਂ ਦੀਆਂ ਕਬਰਾਂ ਵਿਚ ਇੱਕ ਮੜ੍ਹੀ ਉੱਤੇ ਮਾਰਮਿਕ ਸ਼ਬਦਾਂ ਵਾਲੀ ਇੱਕ ਸਿੱਲ ਲੱਗੀ ਹੋਈ ਹੈ, ਮੂਕ-ਸੂਰਮਤਾਈ ਦੇ ਸੰਦਰਭ ਵਿਚ ਹੋਰ ਗੱਲਾਂ ਤੋਂ ਬਿਨਾਂ ਲਿਖਿਆ ਹੋਇਆ ਹੈ, "ਭਾਰਤ ਦੇ ਪੰਜਾਬ ਪ੍ਰਾਂਤ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪੈਨਲ ਨੰਬਰ-23 ਦੇ ਪਿੰਡ ਜੰਡੋਲੀ ਦਾ ਇਹ ਸੂਰਮਾ ਮਿ. ਬਤਨ ਸਿੰਘ ਪੁੱਤਰ ਸ੍ਰੀ ਬੇਲਾ ਇੱਥੇ ਦਫ਼ਨ ਹੈ। ਕੌਮਾਂ ਇਸ ਨੂੰ ਸਿਜਦਾ ਕਰਦੀਆਂ ਰਹਿਣਗੀਆਂ।" ਫਰੰਟੀਅਰ ਫੋਰਸ ਦੀ 57ਵੀਂ ਰਾਈਫਲ'ਜ਼ ਬ੍ਰਿਗੇਡ ਦਾ ਇਹ ਜਾਂਬਾਜ਼ ਗਭਰੂਟ, ਸਿਪਾਹੀ ਨੰਬਰ 2939 ਜਿਹੜਾ ਅਣ-ਸਾਵੀਂ ਲੜਾਈ 'ਚ 24 ਨਵੰਬਰ 1914 ਨੂੰ ਲਾ-ਮਿਸਾਲ ਜੰਗੀ ਜੌਹਰ ਵਿਖਾਉਂਦਿਆਂ ਬਰਤਾਨਵੀ ਸਾਮਰਾਜ ਦੇ ਲੇਖੇ ਲੱਗਾ, ਕਿਹੜੇ ਟੱਬਰ ਦਾ ਜਾਇਆ ਸੀ ਜੰਡੋਲੀ ਦੇ ਬੁੱਢ-ਵਰੇਸੀਏ ਵੀ ਨਹੀਂ ਦੱਸ ਸਕੇ। ਅਫਸੋਸ! ਜੰਡੋਲੀ ਦੀ ਨਵੀਂ ਪੌਂਦ ਤਾਂ ਇਹ ਵੀ ਨਹੀਂ ਜਾਣਦੀ ਕਿ ਉਹਨਾਂ ਦਾ ਗਰਾਂ ਦੋ ਦਰਜਨ ਤੋਂ ਵੱਧ ਦੇਸ਼ ਭਗਤਾਂ ਦਾ ਜਾਇਆ ਹੈ, ਜਿਹਨਾਂ ਦਾ ਸੰਬੰਧ ਜੰਗਿ-ਏ-ਆਜ਼ਾਦੀ ਦੀਆਂ ਤਾਅ ਲਹਿਰਾਂ ਅਤੇ ਤਨਜ਼ੀਮਾਂ ਨਾਲ ਰਿਹਾ ਹੈ, ਸਿਰਫ ਉਹਨਾਂ ਦਾ ਹੀ ਨਹੀਂ, ਕਰੀਬ ਸਾਰੇ ਜੰਡੋਲੀ ਖੈੜੇ ਦਾ।

ਇੱਕ ਸੀ ਆਪੋ-ਆਪਣੇ ਪਿੰਡਾਂ 'ਚ ਜੂਹਬੰਦ ਕੀਤੇ ਵਿਅਕਤੀਆਂ 'ਚੋਂ, ਕਾਮਾਗਾਟਾ ਮਾਰੂ ਰਾਹੀਂ ਜਬਰੀ ਪਰਤਾ ਦਿੱਤੇ ਗਏ ਭਾਰਤੀਆਂ ਦੇ ਕਲਕੱਤਿਓਂ ਪੰਜਾਬ ਵੱਲ ਤੋਰੇ ਪਹਿਲੇ ਪੂਰ ਦੇ 59 ਮੁਸਾਫਰਾਂ ਵਿੱਚੋਂ, ਇਸੇ ਜੰਡੋਲੀ (ਮਾਹਿਲਪੁਰ) ਦਾ ਪੰਡਿਤ ਰਾਮ ਚੰਦ ਬਾਲਦ ਫਤਿਹ ਚੰਦ। ਪ੍ਰੰਤੂ 'ਘਰ ਬੰਦ' ਹੋ ਕੇ ਵੀ ਇਹ ਚੁੱਪ ਨਾ ਬੈਠਾ, ਆਨੀਂ-ਬਹਾਨੀਂ ਸਰਗਰਮ ਰਿਹਾ। ਮਗਰੋਂ; ਦਾਅ ਲੱਗਦਿਆਂ ਅਜਿਹਾ ਰੂਪੋਸ਼ ਹੋਇਆ ਕਿ ਹਾਕਮ ਇਸ ਦਾ ਖੁਰਾ-ਖੋਜ ਨਾ ਨੱਪ ਸਕੇ। ਗੋਰਿਆਂ ਦੇ ਕਾਗਦਾ ਵਿਚ ਇਹ ਅਜੇ ਵੀ ਅਲੋਪੀ ਹੈ। ਇਹੀ ਨਹੀਂ; ਇਸੇ ਜੰਡੋਲੀ ਦਾ ਈਸ਼ਰ ਸਿੰਘ ਉਰਫ ਹਜ਼ਾਰਾ ਸਿੰਘ ਉਰਫ ਭਗਵਾਨ ਸਿੰਘ ਕਲੌਂਆ ਕੌਮਾਂਤਰੀ ਗਦਾਰ ਬੇਲਾ ਸਿੰਘ ਜਿਆਣ ਨੂੰ ਰਹੱਸਮਈ ਹਾਲਤਾਂ 'ਚ ਕਤਲ ਕਰਨ ਵਾਲੇ ਪੰਜ ਗ਼ਦਰੀ/ਬੱਬਰ ਅਕਾਲੀ ਸੂਰਮਿਆਂ ਵਿਚ ਸ਼ੁਮਾਰ ਸੀ। ਅੰਗਰੇਜ਼ ਇਸ ਅੰਨ੍ਹੇ ਕਤਲ ਦੀਆਂ ਤੰਦਾਂ ਜੋੜਨ ਲਈ ਤਾ-ਆਜ਼ਾਦੀ ਤੱਕ ਅਹੁਲਦੇ ਰਹੇ, ਪਰ ਨਾਕਾਮ। ਜੰਡੋਲੀ ਦੇ ਉੱਘੇ ਦੇਸ਼ ਭਗਤ ਫਕੀਰ ਚੰਦ ਰਹਲਨ ਦਾ ਇਤਿਹਾਸਕਾਰ ਸਪੂਤ ਓ.ਪੀ. ਰਹਲਨ ਆਪਣੀ ਦਸਤਾਵੇਜ਼ੀ ਪੁਸਤਕ 'ਫਲੇਮ ਆਫ਼ ਫਰੀਡਮ ਮੂਵਮੈਂਟ ਐਂਡ ਹੁਸ਼ਿਆਰਪੁਰ ਡਿਸਟ੍ਰਿਕਟ" ਵਿੱਚ ਜੰਡੋਲੀ ਦੇ, ਅੱਖੀਂ ਡਿੱਠੇ ਦੋ ਦਰਜਨ ਤੋਂ ਵੱਧ ਜਿਹਨਾਂ ਦੇਸ਼ ਭਗਤ ਸੂਰਮਿਆਂ ਦੀ ਬਾਤ ਪਾਂਉਦਾ ਹੈ, ਉਸ ਵਿਚ ਉਹ ਯੁੱਗ-ਪਲਟਾਈਏ ਹਜ਼ਾਰਾ ਸਿੰਘ ਪੁੱਤਰ ਮੀਹਾਂ ਸਿੰਘ ਦਾ ਜ਼ਿਕਰ ਇਸੇ ਰਾਮ ਚੰਦ ਤੋਂ ਪ੍ਰਭਾਵਿਤ ਸ਼ਖਸ ਵਜੋਂ ਕਰਦਾ ਹੈ। ਦਰ-ਹਕੀਕਤ; ਇਹ ਉਹੀ ਹਜ਼ਾਰਾ ਸਿੰਘ ਉਰਫ ਭਾਈ ਈਸ਼ਰ ਸਿੰਘ ਜੰਡੋਲੀ ਸੀ, ਜਿਸ ਬੇਲਾ ਸੁੰਹ ਦੇ ਅੰਨ੍ਹੇ ਕਤਲ ਵਿਚ ਕੂੰਜੀਵਤ ਰੋਲ ਅਦਾ ਕੀਤਾ ਸੀ।

ਜੰਡੋਲੀ ਦਾ ਆਰਜ਼ੀ ਮੁੱਢ 1750 ਦੇ ਕਰੀਬ 'ਜਸਵਾਲ ਰਾਜਪੂਤਾਂ' ਨੇ ਬੰਨ੍ਹਿਆ ਸੀ। ਕਿਤੇ ਮਗਰੋਂ; ਮੋੜ੍ਹੀ ਗੱਡਣ ਉਪਰੰਤ ਉਹ ਕੰਢੀ ਦਾ ਇਹ ਖਿੱਤਾ ਉਪਜਾਉਣ ਖਾਤਰ ਆਪਣੇ ਹਮ-ਮਸਵਰਾਨ 'ਕਲੋਏ ਜੱਟਾਂ' ਨੂੰ ਨਸਰਾਲੇ ਵੱਲੋਂ ਇੱਥੇ ਲੈ ਆਏ, ਜਿਹੜੇ ਆਪਣੇ ਇੱਕ ਧੜਵੈਲ ਪੁਰਖੇ 'ਜੰਡੋਲੇ' ਦੀ ਛਤਰ-ਛਾਇਆ ਹੇਠ ਇਥੇ ਰਮ ਗਏ। ਸਮਾਂ ਪਾ, ਉਸੇ 'ਜੰਡੋਲੇ ਦੀ ਅੱਲ' ਵਜੋਂ ਵਿਗੜਦਾ-ਸੰਵਰਦਾ ਇਸ ਨਗਰ ਦਾ ਨਾਂਅ ਜੰਡੋਲੀ ਪੈ ਗਿਆ। ਰਾਜਪੂਤਾਂ ਦੇ ਗੋਤ ਕਟੋਚ, ਜਿਸ ਦੇ ਪੁਰਾਤਨ ਰਾਜ ਦੀ ਮੂਲ ਰਾਜਧਾਨੀ ਕਦੇ ਜਲੰਧਰ ਸੀ, ਨੂੰ ਸਥਿਤੀਆਂ-ਪ੍ਰਸਥਿਤੀਆਂ ਤਹਿਤ ਕਾਂਗੜਾ ਖੇਤਰ ਨਾਲ ਸੰਬੋਧਤ ਕੀਤਾ ਜਾਣ ਲੱਗਾ। ਇਸ ਵੰਸ਼ ਦੀਆਂ ਅਗਾਂਹ ਚਾਰ ਸ਼ਖਾਵਾਂ ਬਣੀਆਂ, ਜਿਸ ਵਿਚ ਪਹਿਲ-ਪਲੱਕੜੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਜਸਵਾਨ ਦੂਨ, 13ਵੀਂ ਸਦੀ ਵਿਚ ਜਸਵਾਂ ਰਾਜ ਸਥਾਪਤ ਕਰਨ ਵਾਲੀ ਜਸਵਾਨ (ਜਸਵਾਲ) ਸ਼ਾਖ ਵੀ ਸੀ। ਇਸ ਰਾਜ ਘਰਾਣੇ ਨੇ ਅੰਬ (ਰਾਜਪੁਰਾ), ਹੁਣ ਜ਼ਿਲ੍ਹਾ ਊਨਾ ਨੂੰ ਆਪਣਾ ਸਦਰ-ਮੁਕਾਮ ਬਣਾ ਕੇ ਨਾਲ ਲੱਗਵੇਂ ਅਖਰੋਟ (ਅੰਬ), ਸਲੋਹ-ਭਦਸਾਲੀ, ਪੰਡੋਗਾਂ, ਹੁਣ ਸਾਰੇ ਜ਼ਿਲ੍ਹਾ ਊਨਾ (ਹਿਮਾਚਲ) ਵਿਚ ਸਮੇਤ ਮੈਲੀ-ਜੰਡੋਲੀ, ਜਿਹੜੇ ਉਹਨਾਂ ਦੇ ਨਾਲ ਪਰ ਹੇਠਲੇ ਖਿੱਤੇ ਵਿਚ ਪੈਂਦੇ ਸਨ, ਦਾ ਖੇਤਰ ਵਗਲ ਲਿਆ। ਇਹ ਰਿਆਸਤ ਕਈ ਕਾਰਨਾਂ ਕਰਕੇ, ਜਿਹੜੀ, ਮੁਗਲਾਂ ਨੂੰ ਨਜ਼ਰਾਨਾ ਦਿੰਦੀ ਰਹੀ, ਮਗਰੋਂ ਮਾ. ਰਣਜੀਤ ਸਿੰਘ ਦੀਆਂ ਸ਼ਰਤਾਂ ਹੇਠ ਆ ਗਈ। ਰਣਜੀਤ ਸਿੰਘ ਨੇ ਇਸ ਨੂੰ ਸਿਰਫ 21 ਪਿੰਡਾਂ ਦੀ ਜਗੀਰ ਦਿੱਤੀ, ਜਿਸ ਵਿਚ ਮੈਲੀ-ਜੰਡੋਲੀ ਵੀ ਸ਼ਾਮਲ ਸੀ। ਸਿਰਫ ਜਗੀਰਦਾਰ ਜਿਹੇ ਬਣ ਕੇ ਰਹਿ ਜਾਣ ਕਰਕੇ, ਇਹ ਲੁਕਵੇਂ ਤੌਰ 'ਤੇ ਅੰਗਰੇਜ਼ਾਂ ਵੱਲ ਅਹੁਲਣ ਲੱਗੇ, ਪਰ 1849 ਦੀ 'ਐਂਗਲੋ-ਸਿੱਖ ਵਾਰ' ਸਮੇਂ ਇਹਨਾਂ ਮੁਕਾਮੀ ਰਾਣਿਆਂ ਅਤੇ ਸਿੱਖਾਂ ਨਾਲ ਸਾਂਝਾ ਫਰੰਟ ਉਸਾਰ ਕੇ ਅੰਗਰੇਜ਼ਾਂ ਵਿਰੁੱਧ ਮੋਰਚਾ ਖੋਹਲਿਆ, ਪਰ ਕਈ ਕਾਰਨਾਂ ਕਰਕੇ ਸਫਲ ਨਾ ਹੋ ਸਕੇ। ਗੋਰਿਆਂ ਨੇ ਇਹਨਾਂ ਦੀਆਂ ਸਾਰੀਆਂ ਸ਼ਕਤੀਆਂ ਖੋਹ ਕੇ ਸਿਰਫ 12000 ਸਾਲਾਨਾ ਵਜ਼ੀਫਾ ਮੁਕੱਰਰ ਕੀਤਾ। ਸ਼ਕਤੀਹੀਣ ਅਤੇ ਉਪਰਾਮ ਹੋਣ ਕਾਰਨ ਇਹਨਾਂ ਦੇ ਹੇਠਲੇ ਖਿੱਤੇ ਬਾਗੀ ਸੁਰ ਅਤੇ ਆਪੋ-ਆਪਣੀ ਮਾਲਕੀ ਜਮਾਉਣ ਲੱਗੇ, ਪਰ ਜੰਡੋਲੀ ਦੇ ਘੁੱਗ-ਵਸਣ ਦੀ ਕਥਾ ਹੋਰ ਹੈ। ਹੋਇਆ ਇਉਂ ਕਿ ਰਣਜੀਤ ਸਿੰਘ ਦੇ ਰਾਜ ਤੋਂ ਥੋੜ੍ਹਾ ਪਹਿਲਾਂ ਇੱਕ ਫਕੀਰ ਸੁਭਾਅ ਭਾਈ-ਬੰਧ ਲੋਕ-ਪੱਖੀ ਧਾੜਵੀਂ ਬਣ ਗਿਆ। ਮਗਰੋਂ ਰਾਜਾ ਵੀਰਮ ਦੇਵ ਦੇ ਨਾਂਅ ਨਾਲ ਮਸ਼ਹੂਰ ਹੋਏ ਇਸ ਸ਼ਖਸ ਨੂੰ ਜਸਵਾਨ ਰਿਆਸਤ ਨੇ ਹਾਲਾਤਾਂ ਵੱਸ, ਸਲੋਹ-ਭਦਸਾਲੀ ਸਮੇਤ ਮੈਲੀ-ਜੰਡੋਲੀ ਦਾ ਖਿੱਤਾ ਸੌਂਪ ਦਿੱਤਾ, ਇੱਥੋਂ ਹੀ ਸ਼ੁਰੂ ਹੋਈ ਸੀ ਜੰਡੋਲੀ ਦੇ ਉਗਮਣ ਦੀ ਗਾਥਾ। ਕਿਵੇਂ ਲੰਬੀ ਕਥਾ ਹੈ ਇਹ। ਕਿਤੇ ਫੇਰ ਸਹੀ।

ਮੋਬਾ. 94634-39075

# ਸਾਮ, ਦਾਮ, ਦੰਡ, ਭੇਦ ਅਤੇ ਚੋਣ ਦੰਗਲ

**ਲੋਕਾਂ ਦੀ ਗੱਲ**

**ਹਰਜਿੰਦਰ ਸਿੰਘ ਅਟਵਾਲ (ਡਾ.)**

ਇਨ੍ਹੀਂ ਦਿਨੀਂ ਪੂਰਾ ਮੁਲਕ ਹੀ ਚੋਣ ਦੰਗਲ ਵਿੱਚ ਉਲਝਿਆ ਪਿਆ ਹੈ। ਸਰਕਾਰੀ ਤੰਤਰ ਭਾਵੇਂ ਇਸ ਨੂੰ 'ਪਰਵ' ਕਹਿ ਰਿਹਾ ਹੈ, ਪਰ ਆਮ ਬੰਦੇ ਲਈ ਇਕ 'ਪਰਵ' ਬਣਿਆ ਦਿਸ ਨਹੀਂ ਰਿਹਾ। 'ਪਰਵ' ਅਸਲ ਵਿੱਚ ਖੁਸ਼ੀਆਂ-ਖੇੜੇ ਲੈ ਕੇ ਆਉਂਦਾ ਹੈ, ਜਿਸ ਦੀ ਆਮ ਬੰਦੇ ਨੂੰ ਪਹਿਲੀਆਂ ਚੋਣਾਂ ਵਾਂਗ ਇਸ ਵਾਰ ਵੀ ਬਹੁਤੀ ਆਸ ਨਹੀਂ ਦਿਖਾਈ ਦਿੰਦੀ। 'ਦੰਗਲ' ਕੁਸ਼ਤੀ ਜਾਂ ਕੁਝ ਹੋਰ ਖੇਡਾਂ ਦਾ ਮੇਲੇ ਨੂੰ ਕਿਹਾ ਅਤੇ ਮੰਨਿਆ ਜਾਂਦਾ ਹੈ। ਉਸ ਦੰਗਲ ਵਿੱਚ ਉਮਰ ਜਾਂ ਭਾਰ ਦੀ ਇੱਕ ਸੀਮਾ ਤੈਅ ਕਰਕੇ ਵੱਖ-ਵੱਖ ਮੁਕਾਬਲੇ ਕਰਵਾਏ ਜਾਂਦੇ ਹਨ, ਜਿਸ ਦਾ ਮਨੋਰਥ ਇਹ ਹੁੰਦਾ ਹੈ ਕਿ ਮੁਕਾਬਲੇ ਵਿਚਲੀਆਂ ਧਿਰਾਂ ਲੱਗਭੱਗ ਬਰਾਬਰ ਦੀਆਂ ਹੋਣ ਵੀ ਅਤੇ ਦਿਸਣ ਵੀ। ਇਸ ਨੂੰ ਇਕ ਸਾਰ ਖੇਡ ਮੈਦਾਨ (ਲੈਵਲ ਪਲੇਇੰਗ ਫੀਲਡ) ਕਹਿ ਸਕਦੇ ਹਾਂ। ਇਸ ਸਾਰੇ ਕੁਝ ਤੋਂ ਬਾਅਦ ਇਕ ਜਾਂ ਇਕ ਤੋਂ ਵਧੇਰੇ 'ਰੈਫ਼ਰੀ' ਨਿਯੁਕਤ ਕੀਤੇ ਜਾਂਦੇ ਹਨ, ਜਿਨ੍ਹਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਕੇਵਲ ਨਿਰਪੱਖ ਹੋਣ ਹੀ ਨਾ, ਸਗੋਂ ਨਿਰਪੱਖ ਹੋਣ ਦਾ ਪ੍ਰਭਾਵ ਵੀ ਪੈਂਦਾ ਰਹੇ। ਜੇ ਰੈਫ਼ਰੀ ਦਾ ਫ਼ੈਸਲਾ ਨਿਰਪੱਖ ਨਾ ਹੋ ਕੇ ਪੱਖਪਾਤ ਵਾਲਾ ਹੋਵੇ ਜਾਂ ਅਜਿਹਾ ਪ੍ਰਭਾਵ ਸਿਰਜਣ ਵਾਲਾ ਹੋਵੇ ਤਾਂ ਉਸ ਮੁਕਾਬਲੇ ਵਿੱਚ ਰੌਲਾ-ਰੱਪਾ ਪੈਣ ਦੀਆਂ ਮਿਸਾਲਾਂ ਵੀ ਮਿਲਦੀਆਂ ਰਹੀਆਂ ਹਨ। ਕਈ ਵਾਰ ਅਜਿਹੇ ਰੈਫ਼ਰੀ ਪ੍ਰਬੰਧਕੀ ਦਬਾਅ ਹੇਠ ਅਜਿਹੇ ਫ਼ੈਸਲੇ ਲੈਂਦੇ ਨਜ਼ਰ ਆਉਂਦੇ ਹਨ, ਜੋ ਕਿ ਇਕ ਧਿਰ (ਬਹੁਤੀ ਵਾਰ ਉਹ ਧਿਰ ਪ੍ਰਬੰਧਕੀ ਲੋਕਾਂ ਦੀ ਹੀ ਹੁੰਦੀ ਹੈ) ਦਾ ਪੱਖ ਪੂਰਨ ਵਾਲਾ ਹੁੰਦੇ ਵੀ ਹਨ ਅਤੇ ਆਮ ਬੰਦੇ ਨੂੰ ਵੀ ਅਜਿਹੇ ਫੈਸਲਿਆਂ ਵਿਚਲੀ ਕਾਣ ਰੜਕਣ ਲੱਗਦੀ ਹੈ। ਦੰਗਲ ਵਿੱਚ ਉਹ ਆਮ ਬੰਦਾ ਆਪਣਾ ਗੁੱਭ-ਗੁਲਾਟ ਕੱਢ ਕੇ ਨਿਰਾਸ਼ਾ ਦੇ ਆਲਮ ਵਿੱਚ ਘਰ ਪਰਤਦਾ ਹੈ।

ਅਜੋਕਾ ਚੋਣ ਦੰਗਲ ਜੋ ਅਗਲੇ ਪੰਜ ਸਾਲਾਂ ਲਈ ਮੁਲਕ ਦੀ ਦਸ਼ਾ ਅਤੇ ਦਿਸ਼ਾ ਤੈਅ ਕਰਨ ਜਾ ਰਿਹਾ ਹੈ, ਦੀ ਸਥਿਤੀ ਵਿੱਚ ਵੀ ਆਮ ਬੰਦੇ ਨੂੰ ਇਸ ਪੱਖ ਤੋਂ ਨਿਰਾਸ਼ ਕਰਦੀ ਨਜ਼ਰ ਆ ਰਹੀ ਹੈ ਕਿ ਚੋਣ ਲੜਦੀਆਂ ਸਾਰੀਆਂ ਧਿਰਾਂ ਲਈ 'ਇਕ ਸਾਰ ਖੇਡ ਮੈਦਾਨ' ਨਜ਼ਰ ਨਹੀਂ ਆ ਰਿਹਾ। ਚੋਣ ਦੰਗਲ ਸ਼ੁਰੂ ਹੋਣ ਤੋਂ ਪਹਿਲਾਂ ਚੋਣ ਚੰਦਿਆਂ ਦੀ ਨਾ-ਬਰਾਬਰੀ ਵਾਲੀ ਖੇਡ ਵੀ ਭਾਰਤ ਦੀ ਸਰਬਉੱਚ ਅਦਾਲਤ ਆਸਰੇ ਲੋਕਾਂ ਸਾਹਮਣੇ ਆ ਜਾਂਦੀ ਹੈ। ਹਾਕਮ ਧਿਰ ਚੋਣ ਚੰਦੇ ਦਾ ਜੋ ਸਰਮਾਇਆ ਮਿਲਦਾ ਹੈ, ਉਹ ਬਾਕੀ ਸਾਰੀਆਂ ਧਿਰਾਂ ਦੇ ਕੁਲ ਜੋੜ ਤੋਂ ਵਧੇਰੇ ਬਣਦਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਭਾਵੇਂ ਚੋਣ ਕਮਿਸ਼ਨ ਚੋਣ ਲੜ ਰਹੇ ਹਰ ਮੈਂਬਰ ਲਈ ਚੋਣ ਖਰਚੇ ਦੀ ਹੱਦ ਤੈਅ ਕਰਦਾ ਆ ਰਿਹਾ ਹੈ, ਪਰ ਅਸਲ ਵਿੱਚ ਉਸ ਹੱਦ ਵਿੱਚ ਰਹਿ ਕੇ ਚੋਣ ਲੜਨੀ ਔਖੀ ਹੀ ਨਹੀਂ, ਸਗੋਂ ਅਸੰਭਵ ਹੈ। ਹਾਕਮ ਧਿਰ ਨੇ ਚੋਣ ਚੰਦਾ ਲੈਣ ਲਈ ਹਰ ਉਹ ਹਰਬਾ ਵਰਤਿਆ ਹੈ, ਜੋ ਅਕਸਰ ਹਾਕਮ ਧਿਰਾਂ ਵਰਤਦੀਆਂ ਆ ਰਹੀਆਂ ਸਨ। ਲੁਕਵੇਂ ਅਤੇ ਜ਼ਾਹਰਾ ਢੰਗ ਨਾਲ ਸਾਰੀਆਂ ਧਿਰਾਂ ਹੀ ਆਪਣੇ ਚੋਣ ਖਰਚਿਆਂ ਲਈ 'ਸਰਮਾਏਦਾਰੀ' ਧਿਰਾਂ 'ਤੇ ਹੀ ਟੇਕ ਰੱਖਦੀਆਂ ਆ ਰਹੀਆਂ ਹਨ। ਹਾਕਮ ਧਿਰ ਵੱਲੋਂ ਦਬਾਅ ਅਤੇ ਲਾਲਚ ਦੇ ਕੇ ਦੂਜੀਆਂ ਧਿਰਾਂ ਨਾਲੋਂ ਵੱਧ ਚੰਦਾ ਲੈਣ/ਵਸੂਲਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਉਸ ਕੋਲ ਕੇਂਦਰੀ ਏਜੰਸੀਆਂ ਵੱਲੋਂ ਦਬਾਅ ਪਾਉਣ ਦਾ ਇਕ ਹੋਰ ਹਥਿਆਰ ਹੁੰਦਾ ਹੈ, ਜਿਸ ਰਾਹੀਂ ਇਸ ਵਾਰ ਮੁੱਖ ਵਿਰੋਧੀ ਧਿਰ ਦੇ ਬੈਂਕ ਖਾਤੇ 'ਸੀਜ਼' ਕਰਵਾ ਦਿੱਤੇ। ਇਸ ਸਾਰੀ ਖੇਡ ਵਿੱਚ ਕਿਤੇ ਵੀ ਮੈਦਾਨ ਵਿੱਚ ਇਕਸਾਰਤਾ ਨਜ਼ਰ ਨਹੀਂ ਆ ਰਹੀ। ਚੋਣ ਰੈਫ਼ਰੀ ਉਪਰ, ਉਸ ਵੱਲੋਂ ਲਏ ਜਾਣ ਵਾਲੇ ਫੈਸਲਿਆਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਉਹ ਵੀ ਜੇ ਪੱਖਪਾਤੀ ਨਹੀਂ ਵੀ, ਤਾਂ ਵੀ ਨਿਰਪੱਖ ਨਜ਼ਰ ਨਹੀਂ ਆ ਰਿਹਾ।

ਇਨ੍ਹੀਂ ਦਿਨੀਂ ਚੋਣ ਮੈਦਾਨ ਵਿੱਚ ਲੱਗੇ 'ਮੱਲਾਂ' ਦੀ ਜ਼ੁਬਾਨ ਵੀ ਲਗਦਾ ਹੈ ਕਿ ਆਪਣੇ ਵੱਸ ਵਿੱਚ ਨਹੀਂ ਰਹੀ। ਉਂਜ ਇਹ ਪਹਿਲੀ ਵਾਰ ਨਹੀਂ ਹੋ ਰਿਹਾ, ਬਦਜ਼ੁਬਾਨੀ ਦਾ ਆਲਮ ਇਹ ਹੈ ਕਿ 'ਕੰਜਕਾਂ' ਦੀ ਪੂਜਾ ਕਰਨ ਵਾਲੇ ਇਸ ਮੁਲਕ ਵਿੱਚ ਉਨ੍ਹਾਂ ਬਾਰੇ ਅਵਾ-ਤਵਾ ਬੋਲਣ ਲੱਗਿਆਂ ਕੋਈ ਸੰਕੋਚ ਨਹੀਂ ਕਰ ਰਿਹਾ, ਜਾਤੀ ਜਾਂ ਜਾਤੀਆਂ ਵਿਸ਼ੇਸ਼ ਨੂੰ ਨਿਸ਼ਾਨਾ ਬਣਾ ਕੇ ਵੀ ਬਦਜ਼ੁਬਾਨੀ ਹੋ ਰਹੀ ਹੈ। ਭਾਰਤ ਧਰਮ ਨਿਰਪੱਖ ਸੰਵਿਧਾਨ ਦਾ ਪੈਰੋਕਾਰ ਹੈ, ਪਰ ਇੱਥੇ ਧਰਮ ਨੂੰ ਰਾਜਨੀਤੀ ਦਾ ਵਾਹਕ ਬਣਾ ਕੇ ਗੱਲਾਂ ਹੋ ਰਹੀਆਂ ਹਨ। ਜੋ ਕਿਸੇ ਦੂਜੀ ਧਿਰ ਦੇ ਚੋਣ ਵਾਅਦਿਆਂ ਵਿੱਚ ਗੱਲ ਕਹੀ ਗਈ ਹੈ, ਉਸ ਨੂੰ ਵਿਗਾੜ ਕੇ, ਵਧਾਅ-ਚੜ੍ਹਾਅ ਕੇ ਆਪਣਾ ਉੱਲੂ ਸਿੱਧਾ ਕੀਤਾ ਜਾ ਰਿਹਾ ਹੈ। ਲੱਗਭੱਗ ਸਾਰੀਆਂ ਧਿਰਾਂ ਆਪਣੀ ਗੱਲ ਘੱਟ ਕਰਦੀਆਂ ਨਜ਼ਰ ਆਉਂਦੀਆਂ, ਦੂਜਿਆਂ ਵਿਚਲੀ ਕਾਣ ਦੀ ਗੱਲ ਵਧੇਰੇ ਉਭਾਰੀ ਜਾ ਰਹੀ ਹੈ। ਚੋਣਾਂ ਸਮੇਂ 'ਚੋਣ ਮੱਲਾਂ' ਦੀਆਂ ਟਪੂਸੀਆਂ ਵੀ ਹੈਰਾਨ ਹੀ ਨਹੀਂ, ਸਗੋਂ ਪ੍ਰੇਸ਼ਾਨ ਕਰਨ ਵਾਲੀਆਂ ਹਨ।

ਅਸਲ ਵਿੱਚ ਸਾਡੇ ਮੁਲਕ ਵਿਚਲੀ ਹਰ ਚੋਣ ਪਿੰਡ ਦੀ ਪੰਚਾਇਤ ਤੋਂ ਲੈ ਕੇ ਲੋਕ ਸਭਾ ਤੱਕ ਇਕ ਚੋਣ ਦੰਗਲ ਹੀ ਬਣਦਾ ਜਾ ਰਿਹਾ ਹੈ। ਚੋਣ ਜਿੱਤਣ-ਹਾਰਨ ਵਾਲੀਆਂ ਧਿਰਾਂ ਨਾਲ ਜੁੜੇ ਲੋਕ ਪੂਰਾ ਸਮਾਂ ਹੀ ਚੋਣ 'ਮੋਡ' ਵਿੱਚ ਰਹਿੰਦੇ ਹਨ। ਆਮ ਬੰਦਾ ਕਿਤੇ ਵੀ ਉਨ੍ਹਾਂ ਦੇ ਏਜੰਡੇ 'ਤੇ ਨਜ਼ਰ ਨਹੀਂ ਆਉਂਦਾ।

*ਮੋਬਾ. 98721-73475*

# ਮਿਸਾਲੀ ਸੰਸਥਾ ਪਿੰਗਲਵਾੜਾ

**ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ**

**ਡਾ. ਸ਼ਿਆਮ ਸੁੰਦਰ ਦੀਪਤੀ**

ਸਾਲ 1988 ਦੀ ਸ਼ੁਰੂਆਤ ਵਿਚ ਆਪਣੀ ਪੜ੍ਹਾਈ ਅਤੇ ਨੌਕਰੀ ਦੀ ਸ਼ੁਰੂਆਤ ਕਰਕੇ ਮੈਂ ਆਪਣੀ ਨਵੀਂ ਨੌਕਰੀ ਸਿਹਤ ਸੇਵਾਵਾਂ ਤੋਂ ਅਲੱਗ ਸਿਹਤ ਸਿੱਖਿਆ ਲਈ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਆ ਹਾਜ਼ਰ ਹੋਇਆ। ਅੰਮ੍ਰਿਤਸਰ, ਜੋ ਕਿ ਦਰਬਾਰ ਸਾਹਿਬ ਅਤੇ ਜਲ੍ਹਿਆਂਵਾਲਾ ਬਾਗ ਲਈ ਦੁਨੀਆ ਭਰ ਵਿਚ ਜਾਣਿਆ ਜਾਂਦਾ ਹੈ, ਪਰ ਜਦੋਂ ਕੋਈ ਮੇਰੇ ਕੋਲੋਂ ਅੰਮ੍ਰਿਤਸਰ ਘੁੰਮਣ ਬਾਰੇ ਗੱਲ ਕਰਦਾ ਹੈ ਤਾਂ ਮੈਂ ਪਿੰਗਲਵਾੜੇ ਵਿਚ ਜਾ ਕੇ ਆਉਣ 'ਤੇ ਜ਼ੋਰ ਦਿੰਦਾ ਹਾਂ। ਪਿੰਗਲਵਾੜਾ, ਪਿੰਗਲਿਆਂ ਦਾ ਰੈਣ-ਬਸੇਰਾ ਨਹੀਂ, ਇਹ ਕਿਸੇ ਵੀ ਮਾਹਰ ਦੀ ਖਾਸ ਪਛਾਣ ਵੀ ਨਹੀਂ ਬਣਦਾ, ਪਰ ਮੈਂ ਕਿਉਂ ਇਸ ਤਰ੍ਹਾਂ ਕਹਿੰਦਾ, ਇਸ ਤੋਂ ਪਹਿਲਾਂ ਕਿ ਮੈਂ ਖੁਦ ਤੁਹਾਨੂੰ ਇਹ ਦਸਾਂ, ਤੁਸੀਂ ਮੇਰੀ ਗੱਲ ਤੋਂ ਬਾਅਦ ਖੁਦ ਹੀ ਇਸ ਲਈ ਤਿਆਰ ਹੋਵੋ ਤਾਂ ਉਹ ਬੇਹਤਰ ਹੈ।

ਮੈਡੀਕਲ ਵਿਚ ਬੱਚਿਆਂ ਨੂੰ ਪੜ੍ਹਾਉਣ ਦਾ ਮੇਰਾ ਵਿਸ਼ਾ ਰਿਹਾ ਹੈ ਕਮਿਊਨਿਟੀ ਮੈਡੀਸਨ, ਉਸ ਵਿਚ ਵਿਸ਼ੇਸ਼ ਇਹ ਹੈ ਕਿ ਬਾਕੀ ਦੇ ਵਿਸ਼ਿਆਂ ਦੀ ਪੜ੍ਹਾਈ ਦੀ ਤਰਜ਼ 'ਤੇ ਅਸੀਂ ਵਿਦਿਆਰਥੀਆਂ ਨੂੰ ਮਰੀਜ਼ਾਂ ਨੂੰ ਦਿਖਾਉਣ-ਪੜ੍ਹਾਉਣ ਦੀ ਥਾਂ, ਹਸਪਤਾਲ ਦੇ ਦਾਖਲ ਮਰੀਜ਼ਾਂ ਦੇ ਵਾਰਡ ਵਿਚ ਨਹੀ, ਸਗੋਂ ਕੋਈ ਪਿੰਡ, ਆਪਣੇ ਕਾਰਜ ਖੇਤਰ ਲਈ ਚੁਣ ਕੇ ਉਥੋਂ ਦੇ ਘਰ-ਪਰਵਾਰਾਂ ਵਿਚ ਬੱਚਿਆਂ ਨੂੰ ਭੇਜ ਕੇ ਪੜ੍ਹਾਉਂਦੇ, ਉਥੇ ਜਾ ਕੇ ਬੱਚੇ ਸਾਲ ਭਰ ਵਿਚ ਇਹ ਜਾਂਚ ਕਰਨਾ ਸਿੱਖਦੇ ਹਨ ਕਿ ਕਿਸੇ ਵੀ ਪਰਵਾਰ ਵਿਚ ਕਿਸੇ ਵੀ ਬੰਦੇ ਨੂੰ ਬਿਮਾਰੀ ਕਿਉਂ ਤੇ ਕਿਵੇਂ ਹੁੰਦੀ ਹੈ ਤੇ ਪਰਵਾਰ ਦੇ ਕੁਝ ਬੰਦੇ ਕਿਵੇਂ ਸਿਹਤਮੰਦ ਬਣੇ ਰਹਿੰਦੇ ਹਨ। ਇਸ ਤੋਂ ਇਲਾਵਾ ਸਾਡਾ ਵਿਭਾਗ ਕੁਝ ਵਿਸ਼ੇਸ਼ ਥਾਵਾਂ 'ਤੇ ਬੱਚਿਆਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਸਮਝਣ ਵਾਸਤੇ ਲੈ ਕੇ ਜਾਂਦਾ ਹੈ, ਜੋ ਕਿ ਸਿਹਤ ਅਤੇ ਬਿਮਾਰੀ ਨਾਲ ਸਿੱਧੇ-ਅਸਿੱਧੇ ਤੌਰ 'ਤੇ ਜੁੜੀਆ ਹੋਈਆਂ ਹੁੰਦੀਆਂ ਹਨ, ਜਿਵੇਂ ਅੰਧ-ਵਿਦਿਆਲਯ, ਈ ਐੱਸ ਆਈ ਅਤੇ ਮਿਲਟਰੀ ਹਸਪਤਾਲ, ਵਾਟਰ ਵਰਕਸ ਤੇ ਪਿੰਗਲਵਾੜਾ ਆਦਿ।

ਇਨ੍ਹਾਂ ਸੰਸਥਾਵਾਂ ਨੂੰ ਦੇਖਣ-ਸਮਝਣ ਤੋਂ ਪਹਿਲਾਂ ਬੱਚਿਆਂ ਨੂੰ ਸੰਖੇਪ ਵਿਚ ਉਨ੍ਹਾਂ ਥਾਵਾਂ ਦੀ ਜਾਣ-ਪਛਾਣ ਕਰਾਈ ਜਾਂਦੀ। ਜਦੋਂ ਮੈਂ ਮੈਡੀਕਲ ਕਾਲਜ ਵਿਚ ਹਾਜ਼ਰ ਹੋਇਆ ਤਾਂ ਮੈਂ ਜੂਨੀਅਰ ਅਧਿਆਪਕ ਹੋਣ ਕਰਕੇ ਕਲਾਸਾਂ ਘੱਟ ਹੀ ਲੈਂਦਾ, ਜਦੋਂ ਕਿ ਸਾਡੇ ਸੀਨੀਅਰ ਜਿਵੇਂ ਡਾ. ਮੈਡਮ ਲਖਨਪਾਲ, ਡਾ. ਪੱਡਾ ਅਤੇ ਹੋਰ ਅਧਿਆਪਕ ਆਦਿ ਕਲਾਸਾਂ ਲੈਂਦੇ। ਪਿੰਗਲਵਾੜੇ ਬਾਰੇ ਹੁੰਦੀ ਗੱਲਬਾਤ ਦਾ ਮੁੱਦਾ ਮੁੜ-ਵਸੇਬੇ ਵਾਲੀ ਸੰਸਥਾ ਦੇ ਤੌਰ 'ਤੇ ਦੱਸਿਆ ਜਾਂਦਾ ਅਤੇ ਇਕ-ਦੋ ਵਾਰੀ ਬੱਚਿਆਂ ਨੂੰ ਇਹ ਸੰਸਥਾ ਦਿਖਾਉਣ ਲਈ ਮੇਰੀ ਵੀ ਡਿਊਟੀ ਲੱਗੀ।

ਸਾਡਾ ਇਕ ਸੈਂਟਰ ਪਿੰਡ ਦੇ ਨਾਲ ਸ਼ਹਿਰ ਵਿਚ ਵੀ ਹੈ, ਜੋ ਕਿ ਅਰਬਨ ਟ੍ਰੇਨਿੰਗ ਹੈੱਲਥ ਸੈਂਟਰ ਦੇ ਨਾਂਅ ਨਾਲ ਮਸ਼ਹੂਰ ਹੈ ਤੇ ਉਹ ਮੁੱਖ ਤੌਰ 'ਤੇ ਬੱਚਿਆਂ ਦਾ ਟੀਕਾਕਰਨ ਅਤੇ ਪਰਵਾਰ ਭਲਾਈ ਦੇ ਕੀਤੇ ਜਾਂਦੇ ਕੰਮਾਂ ਤੇ ਉਸ ਨਾਲ ਲੱਗਦੀ ਅਬਾਦੀ ਰਾਮਾਨੰਦ ਪਾਰਕ ਵਿਖੇ ਪ੍ਰੋਜੈਕਟ ਬਣਾ ਕੇ ਸਿਹਤ ਸੇਵਾਵਾਂ ਦਿੱਤੀਆਂ ਜਾਂਦੀਆਂ।

ਦਰਬਾਰ ਸਾਹਿਬ ਦੇ ਲਾਗੇ ਹੋਣ ਕਰਕੇ ਇਹ ਸੈਂਟਰ ਲੋਕਾਂ ਨੂੰ ਖਾਸ ਤੌਰ 'ਤੇ ਟੀਕਾਕਰਨ ਦੀਆਂ ਸੇਵਾਵਾਂ ਦਿੰਦਾ। ਦਰਬਾਰ ਸਾਹਿਬ ਦੇ ਚੁਗਿਰਦੇ ਵਿਚ ਇਕ ਫ਼ਕੀਰ-ਨੁਮਾ ਵਿਅਕਤੀ, ਇਕ ਅੱਡਾ ਬਣਾ, ਬਾਟਾ ਲੈ ਕੇ ਬੈਠਾ ਹੁੰਦਾ ਤੇ ਉਸ ਨੇ ਆਪਣੇ ਚਾਰੋਂ ਪਾਸੇ ਛਪੇ ਹੋਏ ਪੈਂਫਲਟ ਰੱਖੇ ਹੁੰਦੇ। ਇਕ ਵਾਰੀ ਝਾਤੀ ਮਾਰ ਕੇ ਦੇਖਣ 'ਤੇ ਪਤਾ ਚੱਲਿਆ ਕਿ ਉਹ ਪੈਂਫਲਟ ਮੁੱਖ ਤੌਰ 'ਤੇ ਵਾਤਾਵਰਨ ਨਾਲ ਸੰਬੰਧਤ ਹਨ ਤੇ ਉਸ ਫ਼ਕੀਰ ਵਰਗੇ ਕੱਪੜੇ ਪਾਏ ਵਿਅਕਤੀ ਦਾ ਨਾਂਅ 'ਭਗਤ ਪੂਰਨ ਸਿੰਘ ਹੈ।'

ਆਪਣੇ ਅੰਮ੍ਰਿਤਸਰ ਆਉਣ ਤੋਂ ਪਹਿਲਾਂ ਇਸ ਵਿਅਕਤੀ ਵੱਲੋਂ ਸਥਾਪਤ ਪਿੰਗਲਵਾੜੇ ਬਾਰੇ ਜਾਣਨਾ ਤਾਂ ਬਹੁਤ ਦੂਰ ਦੀ ਗੱਲ ਹੈ, ਇਥੋਂ ਦੀਆਂ ਹੋਰ ਇਤਿਹਾਸਕ ਥਾਵਾਂ, ਜਿਵੇਂ ਜਲ੍ਹਿਆਂਵਾਲਾ ਬਾਗ ਬਾਰੇ ਵੀ ਸਿਰਫ਼ ਪੜ੍ਹਿਆ ਸੀ ਤੇ ਦਰਬਾਰ ਸਾਹਿਬ ਵਰਗੀ ਸਿੱਖ ਪੰਥ ਦੀ ਸਿਰਮੌਰ ਸੰਸਥਾ ਬਾਰੇ ਵੀ ਕੋਈ ਉਚੇਚਾ ਗਿਆਨ ਨਹੀਂ ਸੀ।

ਇਸੇ ਤਰ੍ਹਾਂ ਪਹਿਲੀ ਵਾਰ ਅੰਮ੍ਰਿਤਸਰ ਪਹੁੰਚ ਕੇ ਦਰਬਾਰ ਸਾਹਿਬ, ਜਲ੍ਹਿਆਂਵਾਲਾ ਬਾਗ ਅਤੇ ਹੋਰ ਇਤਿਹਾਸਕ ਥਾਵਾਂ ਬਾਰੇ ਜਾਣਿਆ ਤੇ ਵਿਭਾਗ ਵੱਲੋਂ ਸਾਂਭੀ ਗਈ ਪੋਲੀਓ ਮੁਹਿੰਮ ਕਾਰਨ ਪੂਰੇ ਸ਼ਹਿਰ ਦਾ ਹਰ ਕੋਨਾ ਜਾਣਨ ਦਾ ਸਬੱਬ ਬਣਿਆ।

ਪਿੰਗਲਵਾੜੇ ਬੱਚਿਆਂ ਦੀਆਂ ਕਲਾਸਾਂ ਲੈ ਕੇ ਜਾਣ ਦੇ ਜ਼ਰੀਏ ਵੀ ਸੰਸਥਾ ਨੂੰ ਡੂੰਘਾਈ ਨਾਲ ਜਾਣਨ ਦਾ ਕਦੇ ਮੌਕਾ ਨਹੀਂ ਮਿਲਿਆ। ਇਹ ਤਾਂ 2002 ਵਿਚ ਸਬੱਬ ਬਣਿਆ ਕਿ ਮੇਰੇ ਨਿਵਾਸ ਸਥਾਨ 'ਤੇ ਪਿੰਗਲਵਾੜਾ ਸੰਸਥਾ ਵੱਲੋਂ ਇਕ ਸੇਵਾਦਾਰ ਸੁਨੇਹਾ ਲੈ ਕੇ ਆਇਆ, ਉਸ ਸੁਨੇਹੇ ਵਿਚ ਲਿਖਿਆ ਸੀ ਕਿ ਮੇਰੀ ਪੁਸਤਕ 'ਬੱਚੇ ਕਦੇ ਤੰਗ ਨਹੀਂ ਕਰਦੇ' ਭਗਤ ਪੂਰਨ ਸਿੰਘ ਜੀ ਦੀ ਬਰਸੀ 'ਤੇ 5 ਅਗਸਤ ਨੂੰ ਲੋਕ ਅਰਪਣ ਹੋਵੇਗੀ। ਇਹ ਮੇਰੇ ਲਈ ਹੈਰਾਨੀ ਵਾਲੀ ਗੱਲ ਸੀ ਤੇ ਇਹ ਬਹੁਤ ਅਜੀਬ ਸਬੱਬ ਸੀ ਕਿ ਉਹ ਕਿਤਾਬ ਕਿਵੇਂ ਪਿੰਗਲਵਾੜੇ ਕੋਲ ਪਹੁੰਚੀ ਤੇ ਕਿਵੇਂ ਉਨ੍ਹਾਂ ਇਸ ਨੂੰ ਛਾਪਣ ਦਾ ਫੈਸਲਾ ਲਿਆ।

ਇਸ ਤੋਂ ਵੱਡੀ ਹੈਰਾਨੀ ਉਸ ਦਿਨ ਹੋਈ, ਜਦੋਂ ਉਸ ਕਿਤਾਬ ਦੇ ਰਿਲੀਜ਼ ਹੋਣ ਤੋਂ ਮਗਰੋਂ ਮੈਂ ਦੇਖਿਆ ਕਿ ਉਸ ਦੀ ਪਹਿਲੀ ਛਾਪ 10,000 ਦੀ ਗਿਣਤੀ ਵਿਚ ਹੋਈ ਹੈ ਤੇ ਉਹ ਬਿਲਕੁਲ ਮੁਫ਼ਤ ਵੰਡੀ ਜਾਵੇਗੀ। ਦਰਅਸਲ ਇਹ ਕਿਤਾਬ ਕੁਝ ਸਮਾਂ ਪਹਿਲਾਂ ਹੀ ਸ਼ਹਿਰ ਦੇ ਰੈੱਡ ਕਰਾਸ ਭਵਨ ਵਿਚ ਆਯੋਜਿਤ ਇਕ ਨਸ਼ਿਆਂ ਦੀ ਜਾਗਰੂਕਤਾ ਮੁਹਿੰਮ ਤਹਿਤ ਅਧਿਆਪਕਾਂ ਦੇ ਲਈ ਵਰਕਸ਼ਾਪ ਲਗਾਈ ਗਈ ਸੀ ਤੇ ਉਹ ਕਿਤਾਬ ਉਸ ਤਜਰਬੇ 'ਤੇ ਅਧਾਰਤ ਲਿਖੀ ਗਈ ਸੀ। ਤਕਰੀਬਨ ਅੱਠ ਸੌ ਅਧਿਆਪਕਾਂ ਨੇ ਇਹ ਕਾਰਜਸ਼ਾਲਾ ਵਿਚ ਹਾਜ਼ਰੀ ਲਗਾਈ ਸੀ ਤੇ ਇਹ ਕਿਤਾਬ ਉਸ ਸਮੇਂ ਦੇ ਡੀ ਸੀ ਸ੍ਰ. ਕਾਹਨ ਸਿੰਘ ਪੰਨੂ ਦੇ ਸਹਿਯੋਗ ਨਾਲ ਛਾਪ ਕੇ ਹਰ ਸਕੂਲ ਨੂੰ ਭੇਜੀ ਗਈ ਸੀ। ਹੋ ਸਕਦਾ ਹੈ ਉਹ ਕਿਤਾਬ ਕਿਸੇ ਅਧਿਆਪਕ ਜ਼ਰੀਏ ਪਿੰਗਲਵਾੜੇ ਦੇ ਮੁੱਖ ਸੇਵਾਦਾਰ ਕੋਲ ਪਹੁੰਚੀ ਹੋਵੇ ਤੇ ਉਹਨਾ ਇਸ ਨੂੰ ਛਾਪਣ ਅਤੇ ਵੰਡਣ ਦਾ ਮਨ ਬਣਾ ਲਿਆ ਹੋਵੇ।

ਇਸ ਤੋਂ ਬਾਅਦ ਇਸ ਸੰਸਥਾ ਨਾਲ ਜੁੜਨ ਦਾ ਸਬੱਬ ਬਣਿਆ। ਜਿਵੇਂ-ਜਿਵੇਂ ਇਸ ਸੰਸਥਾ ਨਾਲ ਜੁੜਦਾ ਗਿਆ ਤਾਂ ਇਨ੍ਹਾਂ ਦੇ ਕੰਮਾਂ ਤੋਂ ਪ੍ਰਭਾਵਤ ਹੁੰਦਾ ਗਿਆ।

ਭਗਤ ਪੂਰਨ ਸਿੰਘ ਬਾਰੇ ਜਾਣਨ ਦਾ ਮੌਕਾ ਹੁਣ ਸੰਸਥਾ ਦੇ ਮੁਖੀ ਬੀਬੀ ਇੰਦਰਜੀਤ ਕੌਰ ਕੋਲੋਂ ਮਿਲਿਆ, ਜਿਨ੍ਹਾ ਨੂੰ ਇਕ ਫ਼ਕੀਰਨੁਮਾ ਵੇਸ਼-ਭੂਸ਼ਾ ਵਿਚ ਬੈਠੇ ਦੇਖਿਆ ਸੀ ਤਾਂ ਪਤਾ ਚੱਲਿਆ ਕਿ ਉਹ ਇਸ ਸਰੂਪ ਵਿਚ ਜਾਣ-ਬੁਝ ਕੇ ਰਹਿੰਦੇ ਸੀ, ਕਿਉਂਕਿ ਉਨ੍ਹਾ ਦਾ ਮੱਤ ਸੀ, ਮੈਂ ਗਰੀਬਾਂ, ਲਾਵਾਰਸਾਂ, ਲਾਚਾਰਾਂ ਦੇ ਵਿਚ ਰਹਿੰਦਾ ਹਾਂ ਤੇ ਮੈਨੂੰ ਉਨ੍ਹਾਂ ਵਰਗਾ ਬਣ ਕੇ ਰਹਿਣਾ ਚਾਹੀਦਾ ਹੈ, ਤਾਂ ਜੋ ਉਹ ਮੇਰੇ ਨੇੜੇ ਆਉਣ ਤੋਂ ਝਿਜਕਣ ਨਾ। ਉਂਝ ਗਰੀਬ ਲੋਕਾਂ ਵਿੱਚ ਕੰਮ ਕਰਨ ਵਾਲੇ ਖਾਸ ਤੌਰ 'ਤੇ ਖੱਬੇ-ਪੱਖੀ ਸੋਚ ਦੇ ਲੋਕ ਵੀ ਇਹੀ ਪ੍ਰਚਾਰਦੇ ਹਨ ਕਿ ਉਨ੍ਹਾਂ ਨੂੰ ਆਪਣੀ ਮਨਮਰਜ਼ੀ ਮੁਤਾਬਕ ਗਰੀਬ ਦਿੱਸਣਾ ਚਾਹੀਦਾ ਹੈ, ਤਾਂ ਜੋ ਗਰੀਬਾਂ ਵਿਚ ਕੰਮ ਕਰਦੇ ਹੋਏ ਤੁਸੀਂ ਵੱਖਰੇ ਨਾ ਲੱਗੋ। ਇਸ ਸੋਚ ਨਾਲ ਮੈਨੂੰ ਸੰਸਥਾ ਦੇ ਕੰਮਾਂ ਨੇ ਪ੍ਰਭਾਵਤ ਵੀ ਕੀਤਾ ਤੇ ਪ੍ਰੇਰਿਤ ਵੀ, ਭਾਵੇਂ ਮੈਨੂੰ ਖੱਬੇ-ਪੱਖੀਆਂ ਅਤੇ ਤਰਕਸ਼ੀਲਾਂ ਵਿਚ ਕੰਮ ਕਰਦੇ ਅਤੇ ਲਿਖਦੇ ਜਾਣਨ ਵਾਲੇ ਲੋਕ ਮੇਰਾ ਪਿੰਗਲਵਾੜੇ ਨਾਲ ਸੰਬੰਧ ਦੇਖ ਕੇ ਹੈਰਾਨ ਹੁੰਦੇ ਹਨ, ਕਿਉਂ ਜੋ ਉਹ ਸਾਰੇ ਧਰਮ ਨੂੰ ਵੱਖਰੇ ਨਜ਼ਰੀਏ ਤੋਂ ਦੇਖਦੇ ਹਨ।

ਭਗਤ ਪੂਰਨ ਸਿੰਘ ਦੀ ਇਸ ਜਹਾਨ ਵਿੱਚ ਵਿਦਾਇਗੀ ਤੋਂ ਬਾਅਦ ਜਦੋਂ ਇਹ ਸੰਸਥਾ ਬੀਬੀ ਡਾ. ਇੰਦਰਜੀਤ ਕੌਰ ਦੇ ਹੱਥ ਆਈ ਤਾਂ ਇਸ ਦੇ ਵਿਸਥਾਰ ਵਿਚ ਕਈ ਪਹਿਲੂਆਂ ਤੋਂ ਵਾਧਾ ਹੋਇਆ। ਬੀਬੀ ਡਾ. ਇੰਦਰਜੀਤ ਕੌਰ ਐੱਮ ਬੀ ਬੀ ਐੱਸ ਦੀ ਪੜ੍ਹਾਈ ਮਗਰੋਂ ਇਸ ਸੰਸਥਾ ਨਾਲ ਜੁੜੇ ਅਤੇ ਆਪਣੇ ਸੇਵਾ ਅਤੇ ਸਮਰਪਣ ਦੇ ਭਾਵ ਨਾਲ, ਜੋ ਕਿ ਉਨ੍ਹਾ ਭਗਤ ਪੂਰਨ ਸਿੰਘ ਤੋਂ ਹਾਸਲ ਕੀਤੀ ਸੀ, ਆਪਣਾ ਵਿਗਿਆਨਕ ਨਜ਼ਰੀਆ ਵੀ ਜੋੜਿਆ। ਆਪਣੇ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਉਹਨਾ ਪਿੰਗਲਵਾੜਾ, ਜਿਸ ਦਾ ਅਰਥ ਬਣਦਾ ਹੈ ਪਿੰਗਲਿਆਂ ਅਤੇ ਲਚਾਰਾਂ ਦੇ ਰਹਿਣ ਦੀ ਥਾਂ, ਨੂੰ ਇਸ ਵਿਚਾਰਗੀ ਦੀ ਜੜ੍ਹ ਵਿਚ ਪਏ ਉਹਨਾਂ ਕਾਰਨਾਂ ਨੂੰ ਜਾਣਨ-ਸਮਝਣ ਅਤੇ ਲੋਕਾਂ ਵਿਚ ਪ੍ਰਚਾਰਨ ਦੇ ਨਾਲ ਉਸ ਦਿਸ਼ਾ ਵਿਚ, ਜਿੰਨਾ ਵੀ ਸੰਭਵ ਹੈ, ਉਹ ਕੰਮ ਕਰਨ ਦੀ ਕੋਸ਼ਿਸ਼ ਕੀਤੀ।

ਵਿਚਾਰਗੀ ਤੋਂ ਪੈਦਾ ਹੋਈ ਹੀਣ-ਭਾਵਨਾ ਅਤੇ ਕਿਸੇ 'ਤੇ ਬੋਝ ਬਣ ਕੇ ਰਹਿਣ ਦੀ ਮਾਨਸਿਕਤਾ ਨੂੰ ਆਤਮ ਵਿਸ਼ਵਾਸ ਵਿਚ ਬਦਲਣ ਦੀ ਕੋਸ਼ਿਸ਼ ਕੀਤੀ ਤੇ ਇਸ ਦਿਸ਼ਾ ਵਿਚ ਪਹਿਲਾ ਕੰਮ ਸੀ, ਉਨ੍ਹਾਂ ਲਈ ਮਨਸੂਈ ਅੰਗਾਂ ਦੇ ਵਿਭਾਗ ਨੂੰ ਸਥਾਪਤ ਕਰਨਾ। ਘਸੀਟ-ਘਸੀਟ ਕੇ ਚੱਲਣ ਵਾਲਾ ਕੋਈ ਵਿਅਕਤੀ, ਜਦੋਂ ਆਪਣੇ ਪੈਰਾਂ 'ਤੇ ਤੁਰਦਾ ਬੀਬੀ ਇੰਦਰਜੀਤ ਕੌਰ ਨੇ ਦੇਖਿਆ ਤਾਂ ਜੋ ਖੁਸ਼ੀ ਉਹਨਾ ਮਹਿਸੂਸ ਕੀਤੀ, ਉਹ ਉਹਨਾ ਤੋਂ ਬਿਆਨ ਨਹੀਂ ਹੋਈ ਤੇ ਉਹ ਭਾਵੁਕ ਹੋ ਗਏ।

ਭਗਤ ਪੂਰਨ ਸਿੰਘ ਦੀ ਇਕ ਹੋਰ ਵੱਡੀ ਫ਼ਿਕਰ, ਜੋ ਉਹ ਪਿੰਗਲਵਾੜੇ ਦੇ ਬੈਨਰ ਹੇਠ ਦਰਬਾਰ ਸਾਹਿਬ ਲਾਗੇ ਬੈਠ ਕੇ ਵੱਖ-ਵੱਖ ਵਾਤਾਵਰਨ ਦੀ ਹੋ ਰਹੀ ਤਬਾਹੀ ਸੰਬੰਧੀ ਅਤੇ ਉਹਨਾਂ ਖਤਰਿਆਂ ਸੰਬੰਧੀ ਸੁਚੇਤ ਕਰਨ ਵਾਲੇ ਪੈਂਫਲਟ ਵੰਡਦੇ। ਬੀਬੀ ਇੰਦਰਜੀਤ ਕੌਰ ਦੇ ਡਾਕਟਰੀ ਤਜਰਬੇ ਅਤੇ ਵਿਗਿਆਨਕ ਨਜ਼ਰੀਏ ਨੇ ਇਹਨਾਂ ਦੇ ਤਬਾਹਕੁੰਨ ਨਤੀਜਿਆਂ ਬਾਰੇ ਇਹ ਸਿੱਟਾ ਕੱਢਿਆ ਕਿ ਖੇਤੀਬਾੜੀ ਵਿਚ ਛਿੜਕੀਆਂ ਜਾ ਰਹੀਆਂ ਕੀੜੇਮਾਰ ਦਵਾਈਆਂ ਦਾ ਜ਼ਹਿਰ ਅਤੇ ਵਰਤੀ ਜਾਂਦੀ ਖਾਦ ਜ਼ਿੰਮੇਵਾਰ ਹਨ। ਇਸ ਦੇ ਮੱਦੇਨਜ਼ਰ ਉਹਨਾ ਖੇਤੀਬਾੜੀ ਦੇ ਮਾਹਰਾਂ ਦੀ ਸਲਾਹ ਨਾਲ ਜੈਵਿਕ ਖੇਤੀ ਦੇ ਵਿਚ ਕੰਮ ਕਰਨ ਨੂੰ ਹੱਥ ਅੱਗੇ ਵਧਾਇਆ, ਜੋ ਕਿ ਤਕਰੀਬਨ ਤੀਹ ਕਿੱਲਿਆਂ ਵਿਚ ਫੈਲੇ ਧੀਰ ਕੋਟ, ਹੰਡਿਆਏ ਵਿਖੇ ਇਕ ਫਾਰਮ ਦੇ ਰੂਪ ਵਿਚ ਪੰਜਾਬ ਭਰ ਦੇ ਕਿਸਾਨਾਂ ਲਈ ਇਕ ਮਿਸਾਲ ਦਾ ਕੰਮ ਕਰ ਰਿਹਾ ਹੈ।

ਇਸੇ ਤਰ੍ਹਾਂ ਗੁੰਗਿਆਂ, ਬੋਲਿਆਂ ਲਈ ਪੜ੍ਹਾਈ-ਸਿਖਲਾਈ ਦਾ ਇਕ ਵਿਭਾਗ, ਉਹਨਾਂ ਬੱਚਿਆਂ ਨੂੰ 'ਸਾਈਨ ਲੈਂਗਵੇਜ' ਰਾਹੀਂ ਆਤਮ-ਵਿਸ਼ਵਾਸ ਬਖ਼ਸ਼ਦਾ ਹੈ। ਭਗਤ ਜੀ ਦੀ ਪ੍ਰੇਰਨਾ ਸਦਕਾ ਜਿਨ੍ਹਾ ਭਾਵੇਂ ਦਸਵੀਂ ਪਾਸ ਹੀ ਕੀਤੀ ਸੀ, ਪਰ ਆਪਣੀ ਗਰੀਬੀ ਕਾਰਨ ਪੜ੍ਹ ਨਹੀਂ ਸੀ ਸਕੇ, ਪਰ ਲਾਹੌਰ ਦੀਆਂ ਵੱਖ-ਵੱਖ ਲਾਇਬਰੇਰੀਆਂ ਵਿਚ ਜਾ ਕੇ ਕਿਤਾਬਾਂ ਦਾ ਗਿਆਨ ਹਾਸਲ ਕੀਤਾ। ਇਸ ਭਾਵਨਾ ਨੂੰ ਮੱਦੇਨਜ਼ਰ ਰੱਖਦੇ ਹੋਏ ਸੰਸਥਾ ਵੱਲੋਂ ਇਕ ਵਿਧੀਵੱਤ ਪੜ੍ਹਾਈ ਵਾਲਾ ਬਾਹਰਵੀਂ ਤੱਕ ਦਾ ਸਕੂਲ ਉਸਾਰਿਆ ਗਿਆ ਅਤੇ ਪਿੰਗਲਵਾੜਾ ਦੀ ਮਾਨਾਂਵਾਲੀ ਬ੍ਰਾਂਚ ਵਿਚ ਰਹਿਣ ਵਾਲੇ ਲਾਵਾਰਸ ਅਤੇ ਨੇੜੇ-ਤੇੜੇ ਦੇ ਪਿੰਡਾਂ ਵਿਚ ਵਸਦੇ ਗਰੀਬਾਂ ਲਈ ਪੜ੍ਹਾਈ ਦਾ ਰਾਹ ਖੋਲ੍ਹਿਆ।

ਭਗਤ ਜੀ ਦੀ ਪ੍ਰੇਰਨਾ ਅਤੇ ਮੁੱਢਲੇ ਕੰਮਾਂ ਨੂੰ ਸਾਹਮਣੇ ਰੱਖ ਕੇ ਸੰਸਥਾ ਵਿਚ ਇਕ ਪ੍ਰੈੱਸ ਲਗਾਈ ਗਈ, ਜੋ ਕਿ ਭਗਤ ਜੀ ਨੇ ਆਪਣੇ ਜਿਉਂਦੇ ਜੀਅ ਲਗਾਈ ਸੀ। ਜਿਸ ਰਾਹੀਂ ਵਾਤਾਵਰਨ ਦੀ ਜਾਗਰੂਕਤਾ ਵਾਲੇ ਪੈਂਫਲਟ ਛਾਪੇ ਜਾਂਦੇ। ਭਗਤ ਜੀ ਦੀ ਵਾਤਾਵਰਨ ਪ੍ਰਤੀ ਚਿੰਤਾ ਇਸ ਗੱਲ ਤੋਂ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਉਹ ਖੁਦ ਸ਼ਹਿਰ ਦੇ ਦਫਤਰਾਂ ਵਿਚ ਜਾ ਕੇ ਉਥੇ ਇਕ ਪਾਸੇ ਛਪੇ ਤੋਂ ਦੂਜੇ ਪਾਸੇ ਕੋਰੇ ਪਏ ਹੁੰਦੇ ਕਾਗਜ਼ਾਂ ਨੂੰ ਇਕੱਠਾ ਕਰਕੇ ਲਿਆਉਂਦੇ ਤੇ ਫਿਰ ਉਹਨਾਂ 'ਤੇ ਉਹ ਸੁਨੇਹੇ ਛਾਪਦੇ, ਜੋ ਉਹ ਆਪ ਵੱਖ-ਵੱਖ ਕਿਤਾਬਾਂ ਅਤੇ ਅਖਬਾਰਾਂ ਤੋਂ ਛਪੇ ਲੇਖਾਂ ਤੋਂ ਇਕੱਠੇ ਰੱਖਦੇ। ਫ਼ਿਕਰ ਦਾ ਅਸਲੀ ਕਾਰਨ ਇਹ ਸੀ ਕਿ ਕਾਗਜ਼ ਬਚਾਉਣਾ ਹੈ, ਜੋ ਕਿ ਦਰੱਖਤਾਂ ਦੀ ਕਟਾਈ ਨਾਲ ਜੁੜਿਆ ਹੈ ਤੇ ਸਿੱਧੇ-ਅਸਿੱਧੇ ਵਾਤਾਵਰਨ ਨਾਲ।

ਇਸ ਸੰਸਥਾ ਦੀ ਬੁਨਿਆਦ ਸੇਵਾ-ਸੰਭਾਲ ਤੇ ਤਾਂ ਹੈ ਹੀ, ਨਾਲ ਹੀ ਬਿਨਾਂ ਕਿਸੇ ਵਿਤਕਰੇ ਤੋਂ ਸਭ ਨੂੰ ਪਰਵਾਰ ਵਾਂਗ ਪਿਆਰ ਨਾਲ ਆਪਣਾ ਸਮਝ ਕੇ ਸੰਭਾਲਿਆ ਜਾਂਦਾ ਹੈ। ਆਪਣੇ ਨਿਰੰਤਰ ਜੁੜਣ ਨਾਲ ਮੇਰੀ ਕੋਸ਼ਿਸ਼ ਹੈ ਕਿ ਮੈਂ ਇਸ ਸੇਵਾ ਸੰਭਾਲ ਵਿਚ ਆਪਣਾ ਯੋਗਦਾਨ ਪਾ ਸਕਾ। ਸਕੂਲੀ ਬੱਚਿਆਂ ਦੇ ਵਿਅਕਤਿਤਵ ਵਿਕਾਸ ਨੂੰ ਲੈ ਕੇ ਹੁਣ ਆਪਣੀ ਰਿਟਾਇਰਮੈਂਟ ਮਗਰੋਂ ਮੈਂ ਹਰ ਹਫ਼ਤੇ ਇਕ ਦਿਨ ਜਾਂਦਾ ਹਾਂ ਤੇ ਬੱਚਿਆਂ ਨਾਲ ਜੁੜ ਬੈਠਦਾ ਹਾਂ।

ਸੰਸਥਾ ਦੇ ਅਨੇਕਾਂ ਹੀ ਹੋਰ ਕੰਮ ਹਨ, ਜੋ ਲੋਕਾਂ ਤੱਕ ਪਹੁੰਚ ਹੀ ਜਾਂਦਾ ਹੈ। ਇਕ ਦਿਨ ਮੈਨੂੰ ਸੰਸਥਾ ਤੋਂ ਫੋਨ ਆਇਆ ਕਿ ਜਗਤ ਗੁਰੂ ਬਾਬਾ ਨਾਨਕ ਓਪਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸੰਸਥਾ ਨਾਲ ਆਪਸ ਵਿਚ ਰਲ ਕੇ ਕੰਮ ਕਰਨ ਦੀ ਪੇਸ਼ਕਸ਼ ਕਰ ਰਹੇ ਹਨ। ਮੈਨੂੰ ਅਕਸਰ ਅਜਿਹੀਆਂ ਮੀਟਿੰਗਾਂ ਦਾ ਹਿੱਸਾ ਬਣਾਉਣ ਦੀ ਗੱਲ ਹੁੰਦੀ ਹੈ ਤੇ ਮੈਨੂੰ ਜਾਪਦਾ ਹੈ ਸੰਸਥਾ ਮੈਨੂੰ ਭਗਤ ਪੂਰਨ ਸਿੰਘ ਨੂੰ ਕੰਮ ਕਰਦੇ ਦੇਖਿਆ ਨਹੀਂ ਤਾਂ ਹੀ ਉਨ੍ਹਾਂ ਕੋਲ ਬੈਠਣ ਦਾ ਮੌਕਾ ਮਿਲਿਆ ਹੈ, ਪਰ ਬੀਬੀ ਇੰਦਰਜੀਤ ਕੌਰ ਦਾ ਕੰਮ ਅਤੇ ਉਨ੍ਹਾ ਦੀ ਸਮਾਜ ਪ੍ਰਤੀ ਫਿਕਰਮੰਦੀ ਪ੍ਰਭਾਵਤ ਕਰਨ ਵਾਲੀ ਹੈ।

ਮਿਸਾਲ ਬਣਨ ਲਈ ਜੋ ਗੁਣ ਚਾਹੀਦੇ ਹਨ, ਉਹ ਉਸ ਸੰਸਥਾ ਦੇ ਕੰਮ ਕਰਨ ਤੋਂ ਪਤਾ ਚਲਦਾ ਹੈ, ਪਿੰਗਲਵਾੜੇ ਦੇ ਕੰਮ, ਜੋ ਹੌਲੀ-ਹੌਲੀ ਮੇਰੇ ਕਿਰਦਾਰ ਦਾ ਹਿੱਸਾ ਬਣੇ ਹਨ। ਬੀਬੀ ਜੀ ਨੇ ਕਈ ਵਾਰੀ ਕਿਹਾ ਹੈ ਕਿ ਮੇਰੀ ਸੋਚ ਤੇ ਉਨ੍ਹਾ ਦੀ ਸੋਚ ਇਕੋ ਜਿਹੀ ਹੀ ਹੈ।

ਸੰਸਥਾ ਮਿਸਾਲੀ ਹੈ, ਇਹ ਕਿਉਂ ਕਹਿਣਾ ਹੈ, ਕਿਉਂਕਿ ਬਿਨਾਂ ਕਿਸੇ ਸਰਕਾਰੀ ਸਹਿਯੋਗ ਨਾਲ, ਸਿਰਫ਼ ਤੇ ਸਿਰਫ਼ ਲੋਕ ਭਲਾਈ ਦੇ ਕੰਮਾਂ ਬਾਰੇ ਸੋਚਦੇ ਰਹਿਣਾ। ਕਈ ਆਪਣੇ ਉਲੀਕੇ ਕੰਮਾਂ ਨੂੰ ਮਾਡਲ ਜਾਂ ਬੇਮਿਸਾਲ ਕਹਿੰਦੀਆਂ ਹਨ। ਠੀਕ ਹੈ ਕਿ ਸਭ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ, ਪਰ ਜਿਵੇਂ ਨਿਆਂ ਪਾਲਿਕਾ ਤੋਂ ਉਮੀਦ ਹੁੰਦੀ ਹੈ ਕਿ ਇਨਸਾਫ ਹੋਵੇ ਤੇ ਨਾਲ ਇਨਸਾਫ ਹੁੰਦਾ ਨਜ਼ਰ ਆਵੇ, ਉਸੇ ਤਰ੍ਹਾਂ ਕੰਮ ਹੋਣ, ਪਰ ਕੰਮ ਵਿਚ ਨੀਅਤ ਦੀ ਸਪੱਸ਼ਟਤਾ ਨਜ਼ਰ ਵੀ ਆਵੇ, ਜੋ ਪਿੰਗਲਵਾੜਾ ਵਿਚ ਦਿਸਦੀ ਹੈ, ਇਹੀ ਵੱਡੀ ਲੋੜ ਹੈ।

*ਮੋਬਾਇਲ 98158-08506*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

28-April-Sunday.qxd 4/27/2024 9:17 PM Page 4



# ਮਾਤ ਲੋਕੀ ਵਰਤਾਰਿਆਂ 'ਚ ਉਲਝੇ ਮਾਨਵ ਦੀ ਗਾਥਾ

**ਫੋਕਸ**

**ਚਰਚਾ ਇਕ ਪੁਸਤਕ ਦੀ**

**ਹਰਜਿੰਦਰ ਸਿੰਘ ਅਟਵਾਲ (ਡਾ.)**



## ਸੁਰਖ਼ ਸਾਜ਼

(ਨਾਵਲ)
**ਜਸਵਿੰਦਰ ਸਿੰਘ**
**ਪੰਨੇ : 252, ਮੁੱਲ : 500 ਰੁਪਏ**
**ਗਰੇਸ਼ੀਅਸ ਬੁਕਸ, ਪਟਿਆਲਾ**

ਡਾ. ਜਸਵਿੰਦਰ ਦਾ ਇਹ ਦੂਜਾ ਨਾਵਲ ਹੈ। ਉਹ ਕਹਾਣੀ ਵੀ ਲਿਖਦਾ ਹੈ, ਪੰਜਾਬੀ ਕਵਿਤਾ ਬਾਰੇ ਉਸ ਦੀ ਸਮਝ ਪ੍ਰੌਢ ਹੈ। ਉਸ ਨੇ ਸੱਭਿਆਚਾਰ ਬਾਰੇ ਵੀ ਨਿੱਠ ਕੇ ਪੜ੍ਹਿਆ-ਲਿਖਿਆ ਹੈ। ਅਜਿਹਾ ਬਹੁ-ਵਿਧਾਵੀ ਲੇਖਕ ਜਦੋਂ ਕਿਸੇ ਵੀ ਸਾਹਿਤ ਰੂਪ ਦੀ ਸਿਰਜਣ ਪ੍ਰਕਿਰਿਆ ਨਾਲ ਜੁੜਦਾ ਹੈ ਤਾਂ ਉਸ ਵਿੱਚੋਂ ਇਸ ਸਾਰੇ ਕੁਝ ਦੀ ਝਲਕ ਪੈਂਦੀ ਦਿਖਾਈ ਦੇਣੀ ਲਾਜ਼ਮੀ ਹੁੰਦੀ ਹੈ, ਅਜਿਹਾ ਸਾਡੀ ਜਾਚੇ ਇਸ ਨਾਵਲ ਵਿੱਚ ਹੋਇਆ ਮਿਲਦਾ ਹੈ। ਇਸ ਸਾਰੇ ਕੁਝ ਕਰਕੇ ਨਾਵਲ ਦਾ ਬਿਰਤਾਂਤ ਰਵਾਇਤੀ ਕਿਸਮ ਦੇ ਨਾਵਲ ਦੇ ਬਿਰਤਾਂਤ ਨਾਲੋਂ ਵੱਖਰਾ ਹੋਵੇਗਾ। ਆਮ ਪਾਠਕ ਜਦੋਂ ਸਾਹਿਤਕ-ਅਕਾਦਮਿਕ ਲੋੜਾਂ ਤੋਂ ਮੁਕਤ ਹੋਇਆ ਨਾਵਲ ਪੜ੍ਹਦਾ ਹੈ ਤਾਂ ਉਹ ਇਕਹਿਰੇ ਜਾਂ ਸਰਲ ਬਿਰਤਾਂਤ ਵਾਲੀ ਰਚਨਾ ਨੂੰ ਵਧੇਰੇ ਪਸੰਦ ਕਰਦਾ ਹੈ ਪਰ ਜਦੋਂ ਇਕ ਗੰਭੀਰ ਪਾਠਕ ਅਜਿਹਾ ਨਾਵਲ ਪੜ੍ਹੇਗਾ ਤਾਂ ਉਸ ਨੂੰ ਉਹ ਸਾਧਾਰਨ ਪੱਧਰ ਦੀ ਕਲਮਕਾਰੀ ਜਾਪੇਗੀ। ਜਸਵਿੰਦਰ ਦੇ ਇਸ ਨਾਵਲ ਦਾ ਬਿਰਤਾਂਤ ਇਕਹਿਰਾ ਜਾਂ ਸਰਲ ਨਹੀਂ ਸਗੋਂ ਇਹ ਸੰਘਣੇ ਬਿਰਤਾਂਤ ਵਾਲਾ ਨਾਵਲ ਹੈ, ਜੋ ਸ਼ਾਇਦ ਇਕੋ ਸਾਹ ਨਾਵਲ ਪੜ੍ਹਨ ਦੇ ਆਦੀ ਹੋਏ ਪਾਠਕਾਂ ਨੂੰ ਥੋੜ੍ਹਾ ਵੱਖਰਾ ਲੱਗੇਗਾ, ਪਰ ਇਸ ਨਾਵਲ ਵਿਚਲੀ ਪੜ੍ਹਨਯੋਗਤਾ-ਰੌਚਿਕਤਾ ਪੂਰੀ ਤਰ੍ਹਾਂ ਬਣੀ ਰਹਿੰਦੀ ਹੈ, ਪਾਠਕ ਨਾਵਲ ਪੜ੍ਹਦਿਆਂ ਵਿੱਚ-ਵਿੱਚ ਅਟਕ ਕੇ ਨਾਵਲ ਦੀ ਵੱਧ ਸਮਝ ਪਚਾ ਕੇ ਅੱਗੇ ਵਧਦਾ ਹੈ। ਨਾਵਲ ਜਿਉਂ-ਜਿਉਂ ਅੱਗੇ ਵਧਦਾ ਹੈ, ਪਾਠਕ ਸਾਹਮਣੇ ਨਾਵਲ ਵਿੱਚ ਉਸਾਰਿਆ ਦ੍ਰਿਸ਼ ਹੋਰ ਸਪੱਸ਼ਟ ਹੁੰਦਾ ਜਾਂਦਾ ਹੈ। ਉਹ ਨਾਵਲ ਵਿੱਚ ਪੇਸ਼ ਪਾਤਰਾਂ ਵਿੱਚੋਂ ਆਪਣਾ ਚਿਹਰਾ-ਮੋਹਰਾ ਪਛਾਨਣ ਲਗਦਾ ਹੈ, ਉਸ ਨੂੰ ਲੱਗਣ ਲਗਦਾ ਹੈ ਕਿ ਇਸ ਵਿੱਚ ਮੇਰੀ ਹੀ ਗੱਲ ਹੋ ਰਹੀ ਹੈ, ਮੇਰੇ ਦੇਖੇ-ਪਰਖੇ ਆਲੇ-ਦੁਆਲੇ ਦੀ ਗੱਲ ਹੋ ਰਹੀ ਹੈ, ਉਹ ਇਸ ਆਪਣੇ ਆਪੇ ਨੂੰ ਨਾਵਲੀ ਬਿਰਤਾਂਤ ਨਾਲ ਆਤਮਸਾਤ ਕਰ ਲੈਂਦਾ ਹੈ।

ਇਸ ਨਾਵਲ ਦਾ ਵੱਡਾ ਭਾਗ ਵਿਦੇਸ਼ੀ ਧਰਤੀ 'ਤੇ ਹੋਇਆ-ਵਾਪਰਿਆ ਸਿਰਜਿਆ ਗਿਆ ਹੈ। ਪੰਜਾਬੀ ਜੋ ਵਿਦੇਸ਼ੀਂ ਵੱਸ ਗਏ ਜਾਂ ਵਸਣਾ ਪੈ ਗਿਆ, ਉਨ੍ਹਾਂ ਦੀ ਜ਼ਿੰਦਗੀ ਬਾਰੇ ਪੰਜਾਬੀ ਸਾਹਿਤ ਵਿੱਚ ਭਰਵੇਂ ਰੂਪ ਵਿੱਚ ਅਤੇ ਨਿੱਠ ਕੇ ਗੱਲ ਹੁੰਦੀ ਆ ਰਹੀ ਹੈ। ਉਸ ਸਾਹਿਤ ਨੂੰ ਅਸੀਂ 'ਪਰਵਾਸੀ ਪੰਜਾਬੀ ਸਾਹਿਤ' ਦੇ ਇਕ ਵੱਖਰੇ ਵਰਗ ਵਿੱਚ ਰੱਖ ਕੇ ਪੜ੍ਹਦੇ-ਵਿਚਾਰਦੇ ਆ ਰਹੇ ਹਾਂ, ਭਾਵੇਂ ਕਿ ਕੁਝ ਪਰਵਾਸੀਆਂ ਨੂੰ ਇਹ ਵਰਗ ਵੰਡ ਪਸੰਦ ਨਹੀਂ, ਉਹ ਆਪਣੇ ਆਪ ਅਤੇ ਆਪਣੀ ਰਚਨਾ ਨੂੰ ਮੁੱਖ ਧਾਰਾ ਦੇ ਪੰਜਾਬੀ ਸਾਹਿਤ ਦੇ ਵਰਗ ਵਿੱਚ ਰੱਖ ਕੇ ਹੀ ਪੜ੍ਹਨ, ਵਿਚਾਰਨ ਦੇ ਹਾਮੀ ਹਨ, ਪਰ ਫਿਰ ਵੀ 'ਪਰਵਾਸੀ ਪੰਜਾਬੀ ਸਾਹਿਤ' ਇੱਕ ਵੱਖਰੀ ਕੋਟੀ ਵਿੱਚ ਰੱਖ ਕੇ ਹੀ ਪੜ੍ਹਿਆ-ਵਿਚਾਰਿਆ ਜਾਂਦਾ ਰਿਹਾ ਹੈ ਅਤੇ ਹੁਣ ਵੀ ਅਜਿਹਾ ਹੀ ਹੋ ਰਿਹਾ ਹੈ। ਉਹ ਸਾਹਿਤ ਅਜਿਹਾ ਹੈ, ਜਿਸ ਦੀ ਸਿਰਜਣਾ ਕਰਨ ਵਾਲੇ ਲੰਮੇ ਸਮੇਂ ਤੋਂ ਉੱਥੇ ਰਹਿ ਰਹੇ ਹਨ, ਉਹ ਉਨ੍ਹਾਂ ਵਿੱਚੋਂ ਬਹੁਤਿਆਂ ਦੇ ਨਿੱਜੀ ਅਨੁਭਵ 'ਤੇ ਆਧਾਰਿਤ ਹੈ ਜਾਂ ਨਿੱਜੀ ਜ਼ਿੰਦਗੀ ਦਾ ਹੀ ਭਾਵਨਾਤਮਕ ਜਾਂ ਭਾਵੁਕ ਪ੍ਰਗਟਾਅ ਹੈ। ਜਸਵਿੰਦਰ ਦੇ ਇਸ ਨਾਵਲ ਦੀ ਵਿਲੱਖਣਤਾ ਇਹ ਵੀ ਹੈ ਕਿ ਉਹ ਪੱਕੇ ਤੌਰ 'ਤੇ ਪੰਜਾਬ ਦਾ ਵਾਸੀ ਹੈ, ਭਾਵੇਂ ਕਦੀ-ਕਦੀ ਉਹ ਵਿਦੇਸ਼ੀ ਦੌਰੇ 'ਤੇ ਜਾਂਦਾ ਹੈ, ਪਰ ਜਿਸ ਤਰ੍ਹਾਂ ਅਮਰੀਕਾ ਦੇ ਇੱਕ ਖੁਸ਼ਹਾਲ ਸੂਬੇ ਵਿੱਚ ਵਸਣ ਵਾਲੇ ਪੰਜਾਬੀ ਪਰਵਾਰ ਦੀ ਜੀਵਨ-ਗਾਥਾ ਇਸ ਨਾਵਲ ਦੇ ਬਿਰਤਾਂਤ ਵਿੱਚ ਉਸ ਨੇ ਉਸਾਰੀ ਹੈ, ਉਸ ਤੋਂ ਆਮ ਪਾਠਕ ਨੂੰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਇਸ ਰਚਨਾ ਦਾ ਸਿਰਜਣਹਾਰ ਪਰਵਾਸੀ ਨਹੀਂ। ਜਸਵਿੰਦਰ ਦੀ ਇਸ ਨਾਵਲ ਵਿੱਚ ਪੇਸ਼ ਵਥ ਉਪਰ ਏਡੀ ਪੀਡੀ ਪਕੜ ਹੈ ਕਿ ਉਹ ਪਾਠਕ ਨੂੰ ਨਾਲ ਦੀ ਨਾਲ ਹੀ ਇਹ ਯਕੀਨ ਵੀ ਕਰਵਾਈ ਜਾਂਦਾ ਹੈ ਕਿ ਜੋ ਕੁਝ ਹੋ ਰਿਹਾ ਹੈ, ਇਹ ਹੀ ਸੱਚ ਹੈ, ਪਾਠਕ ਉਸ ਸੱਚਾਈ ਨੂੰ ਨਾਲੋ-ਨਾਲ ਹੀ ਅਪਨਾ ਰਿਹਾ ਹੁੰਦਾ ਹੈ।

ਪੰਜਾਬੀ ਨਾਵਲ ਵਿੱਚ ਸੰਘਣਾ ਬਿਰਤਾਂਤ ਅਜੇ ਤੱਕ ਬਹੁਤ ਜ਼ਿਆਦਾ ਨਹੀਂ ਮਿਲਦਾ। ਸੰਤ ਸਿੰਘ ਸੇਖੋਂ ਨੇ ਆਪਣੇ ਨਾਵਲ 'ਲਹੂ ਮਿੱਟੀ' ਵਿੱਚ ਅਜਿਹਾ ਬਿਰਤਾਂਤ ਸਿਰਜਿਆ ਸੀ। ਸੇਖੋਂ ਵਾਂਗ ਜਸਵਿੰਦਰ ਵੀ ਆਲੋਚਕ ਹੈ, ਇਹ ਦੋਵਾਂ ਵਿਚਲੀ ਸਾਂਝ ਅਤੇ ਸਮਾਨਤਾ ਕਰਕੇ ਵੀ ਹੋਇਆ-ਵਾਪਰਿਆ ਲਗਦਾ ਹੈ। ਉਂਜ ਵੀ ਇੱਕ ਆਲੋਚਕ ਸਿਰਜਣਾ ਕਰਨ ਸਮੇਂ ਨਿਰੋਲ ਸਿਰਜਕ ਤੋਂ ਵਧੇਰੇ ਸੁਚੇਤ ਹੋ ਕੇ ਲਿਖਦਾ ਹੈ, ਸੰਘਣੇ ਬਿਰਤਾਂਤ ਦਾ ਇਹ ਵੀ ਕਾਰਨ ਹੋ ਸਕਦਾ ਹੈ। ਸਮਕਾਲੀ ਨਾਵਲ ਸਿਰਜਣਾ ਦੀ ਬਿਰਤਾਂਤਕਾਰੀ ਕਈ ਵਾਰ ਇਸ ਹੱਦ ਤੱਕ ਸਰਲ ਕਰ ਲਈ ਜਾਂਦੀ ਹੈ ਕਿ ਉਹ ਗ਼ਲਪ ਰਚਨਾ ਘੱਟ ਅਤੇ ਰੋਜ਼ਾਨਾ ਅਖ਼ਬਾਰ ਦੀ ਰਿਪੋਰਟ ਵੱਧ ਜਾਪਦੀ ਹੈ। ਪਿੱਛੇ ਜਿਹੇ ਦੇਸ਼ ਵੰਡ ਨਾਲ ਸੰਬੰਧਤ ਇੱਕ ਅਜਿਹਾ ਹੀ ਨਾਵਲ ਆਇਆ, ਜੋ ਇਸ ਦਰਜੇ ਦੀ ਸਰਲਤਾ ਅਤੇ ਸੰਖੇਪਤਾ ਨਾਲ ਭਰਿਆ ਪਿਆ ਸੀ ਕਿ ਉਸ ਦੇ ਸਾਹਿਤ-ਰਚਨਾ ਹੋਣ ਬਾਰੇ ਵੀ ਸ਼ੰਕਾ ਹੁੰਦਾ ਸੀ। ਹਿੰਦੀ, ਅੰਗਰੇਜ਼ੀ, ਰੂਸੀ ਜਾਂ ਹੋਰ ਭਾਸ਼ਾਵਾਂ ਵਿੱਚ ਅਜਿਹੇ ਸੰਘਣੇ ਬਿਰਤਾਂਤ ਵਾਲੇ ਨਾਵਲ ਦੇਖੇ ਜਾ ਸਕਦੇ ਹਨ, ਜੋ ਪੰਜਾਬੀ ਪਾਠਕਾਂ ਦੀ ਇਕ ਖਾਸ ਪੀੜ੍ਹੀ ਨੇ ਉਸ ਦੌਰ ਵਿੱਚ ਪੜ੍ਹੇ ਹੋਣਗੇ ਜਦੋਂ ਪ੍ਰਗਤੀਵਾਦ ਸਾਹਿਤ ਧਾਰਾ ਦਾ ਜ਼ੋਰ ਸੀ। ਇਸ ਤਰ੍ਹਾਂ ਦੇ ਸੰਘਣੇ ਬਿਰਤਾਂਤ ਵਾਲੇ ਨਾਵਲ ਦਾ ਪਾਠਕ, ਨਾਵਲ ਪੜ੍ਹਨ ਉਪਰੰਤ ਆਪਣੇ ਆਪ ਨੂੰ ਪਹਿਲਾਂ ਨਾਲੋਂ ਬਦਲਿਆ ਅਤੇ ਬਿਹਤਰ ਸਮਝਦਾ ਹੈ, ਕਿਉਂ ਜੋ ਇਸ ਨਾਲ ਉਸ ਦੇ ਗਿਆਨ ਵਿੱਚ ਤਾਂ ਵਾਧਾ ਹੁੰਦਾ ਹੀ ਹੈ, ਨਾਲ ਦੀ ਨਾਲ ਉਹ ਸੁਹਜਾਤਮਕ ਆਨੰਦ ਵੀ ਪ੍ਰਾਪਤ ਕਰ ਰਿਹਾ ਹੁੰਦਾ ਹੈ। ਇਸ ਸਾਰੇ ਕੁਝ ਦੇ ਪ੍ਰਮਾਣ ਵਜੋਂ ਨਾਵਲ ਦੀ ਟੈਕਸਟ ਨੂੰ ਵਿਧੀਵਤ ਢੰਗ ਨਾਲ ਪੜ੍ਹਨ-ਸਮਝਣ ਦੀ ਲੋੜ ਹੈ।

ਨਾਵਲ ਦੀ ਸਮੁੱਚੀ ਟੈਕਸਟ ਵਿੱਚ ਹਰੀਪਾਲ ਹਾਜ਼ਰ ਰਹਿੰਦਾ ਹੈ। ਨਾਵਲਕਾਰ ਸਾਰੀ ਕਥਾ ਉਸ ਦੁਆਲੇ ਹੀ ਉਸਾਰਦਾ ਹੈ। ਨਾਵਲ ਦੇ ਪਹਿਲੇ ਪੰਨੇ ਵਿੱਚ ਹੀ ਲੇਖਕ ਠਾਣੇਦਾਰ ਢਿੱਲੋਂ ਦੇ ਹਵਾਲੇ ਨਾਲ ਕੁਝ ਅਜਿਹੇ ਨੁਕਤੇ ਸੰਕੇਤਕ ਰੂਪ ਵਿੱਚ ਪੇਸ਼ ਕਰ ਦਿੰਦਾ ਹੈ, ਜਿਸ ਤੋਂ ਹਰੀਪਾਲ ਦਾ 'ਜਹਾਜ਼ੇ ਚੜ੍ਹਨ' ਉਹ ਵੀ ਕਿਸੇ ਡਰ ਜਾਂ ਦਬਾਅ ਦੀ ਸੂਚਨਾ ਮਿਲਦੀ ਹੈ, ਇਨ੍ਹਾਂ ਸਾਰੇ ਸੰਕੇਤਾਂ ਦੀ ਵਿਆਖਿਆ ਨਾਵਲ ਦੀ ਟੈਕਸਟ ਵਿੱਚ ਅੱਗੋਂ ਹੁੰਦੀ ਜਾਂਦੀ ਹੈ। ਅਜੋਕੇ ਪੰਜਾਬ ਦੇ ਹਰ ਵਾਸੀ ਦੇ ਮਨ ਵਿੱਚ ਅਜਿਹਾ ਬਿਰਤਾਂਤ ਚੱਲ ਰਿਹਾ ਹੁੰਦਾ ਹੈ, ਜਿਸ ਅਨੁਸਾਰ ਇਹ ਸੋਚ ਉਸ ਦੀ ਮਾਨਸਿਕਤਾ ਦਾ ਹਿੱਸਾ ਬਣੀ ਨਜ਼ਰੀਂ ਪੈਂਦੀ ਹੈ ਕਿ ਪੰਜਾਬ ਵਿੱਚ ਕੁਝ ਨਹੀਂ ਰੱਖਿਆ, ਜੇ ਜੀਵਨ ਜਿਊਣਾ ਹੈ ਤਾਂ ਵਿਦੇਸ਼ੀ ਧਰਤੀਆਂ 'ਤੇ ਜਾਣਾ ਲਾਜ਼ਮੀ ਹੈ। ਕੋਈ ਇਸ ਲਈ ਗ਼ਰੀਬੀ, ਕੋਈ ਬੇਰੁਜ਼ਗਾਰੀ, ਕੋਈ ਨਸ਼ਿਆਂ ਦੇ ਫੈਲਾਅ ਜਾਂ ਅਜਿਹੇ ਹੀ ਹੋਰ ਕਈ ਕਾਰਕ ਪੰਜਾਬੋਂ ਭੱਜਣ ਦੇ ਕਿਆਸੀ ਬੈਠਾ ਹੈ, ਪਰ ਹਰੀਪਾਲ ਜੇ ਬਚਦਾ-ਬਚਾਉਂਦਾ ਜਹਾਜ਼ੇ ਚੜ੍ਹ ਰਿਹਾ ਹੈ ਤਾਂ ਉਸ ਦਾ ਕਾਰਨ ਉਹ ਨਹੀਂ, ਜੋ ਪੰਜਾਬੀਆਂ ਦੀ ਆਮ ਜਾਂ ਆਪੇ ਸਿਰਜੀ ਬਿਰਤਾਂਤਕਾਰੀ ਦਾ ਹਿੱਸਾ ਬਣਦੇ ਜਾ ਰਹੇ ਹਨ ਜਾਂ ਬਣ ਚੁੱਕੇ ਹਨ, ਸਗੋਂ ਉਸ ਨੂੰ ਠਾਣੇਦਾਰ ਢਿੱਲੋਂ ਦੇ ਇਹ ਤੇਜ਼ਾਬੀ ਸ਼ਬਦ ਪਿੱਛਾ ਕਰਦੇ, ਡਰਾ ਰਹੇ ਹਨ :

"ਦਾਨੇਵਾਲੀਆ ਤੋਂ ਦਬਾਅ ਪਵਾ ਕੇ ਫਾਈਲ ਤਾਂ ਕਢਵਾ ਲਈ ਕਾਮਰੇਡ ਨੇ, ਵੇਖੂੰ ਜਦ ਪੁੱਤ ਜਹਾਜ਼ੇ ਚਾਹੜੂ।" ਪੰਜਾਬ ਦੇ ਮਾਹੌਲ ਵਿੱਚ ਅਜਿਹਾ ਮੰਜ਼ਰ ਭਾਰੂ ਹੈ। ਇਕ ਪਾਸੇ ਠਾਣੇਦਾਰ ਢਿੱਲੋਂ ਵਰਗੇ ਆਪਹੁਦਰੇ ਕਾਨੂੰਨ ਦੇ ਰਾਖੇ ਅਤੇ ਦੂਜੇ ਪਾਸੇ ਸਰਕਾਰੀ ਸਰਪ੍ਰਸਤੀ ਵਾਲੇ ਉਹ ਲੋਕ ਜੋ ਇਹ ਬਿਰਤਾਂਤ ਸਿਰਜ ਕੇ ਪੰਜਾਬੀਆਂ ਦੀ ਮਾਨਸਿਕਤਾ ਦਾ ਹਿੱਸਾ ਬਣਾਉਂਦੇ ਜਾ ਰਹੇ ਹਨ ਕਿ ਸੁਨਹਿਰਾ ਜਾਂ ਸੁਰਖ਼ ਭਵਿੱਖ ਤਾਂ ਵਿਦੇਸ਼ਾਂ ਵਿੱਚ ਹੀ ਹੈ, ਭਾਰੂ ਭੂਮਿਕਾ ਨਿਭਾਅ ਰਹੇ ਹਨ, ਤਾਂ ਹੀ ਤਾਂ ਜਦੋਂ ਹਰੀਪਾਲ ਦਾ ਜਹਾਜ਼ ਉਡਾਨ ਭਰਦਾ ਹੈ ਤਾਂ ਉਸ ਨੂੰ ਲੱਗਦਾ ਹੈ ਕਿ :

"ਆਪਣੇ ਨਰਕਾਂ ਤੋਂ ਬਚਾਅ ਕੇ ਪਰਾਏ ਸਵਰਗਾਂ ਵੱਲ ਉਡ ਪਿਆ ਸੀ।"

ਹਰੀਪਾਲ ਕਬੱਡੀ ਦਾ ਵਧੀਆ ਖਿਡਾਰੀ ਹੈ, ਜੋ ਭਾਰਤ ਦੀ ਕਬੱਡੀ ਟੀਮ ਨਾਲ ਹੀ ਅਮਰੀਕਾ ਰਵਾਨਾ ਹੁੰਦਾ ਹੈ ਪਰ ਵਾਪਸ ਨਾ ਮੁੜਨਾ ਉਸ ਦੀ ਆਪਣੀ ਚੋਣ ਨਹੀਂ, ਸਗੋਂ ਉਸ ਮਾਹੌਲ ਦੀ ਹੈ, ਜੋ ਢਿੱਲੋਂ ਵਰਗੇ ਠਾਣੇਦਾਰ ਉਸਾਰਦੇ ਆ ਰਹੇ ਹਨ। ਹਰੀਪਾਲ ਘੜੀ ਦਾ ਖੁੰਝਿਆ ਸੌ ਕੋਹਾਂ 'ਤੇ ਜਾ ਪੈਂਦਾ ਹੈ। ਅਮਰੀਕੀ ਵੱਸ ਕੇ ਜੋ ਜ਼ਿੰਦਗੀ ਉਸ ਨੂੰ ਭੋਗਣੀ ਪੈ ਰਹੀ ਹੈ, ਉਹ ਉਸ ਦੀ ਆਪਣੀ ਚੋਣ ਨਹੀਂ, ਸਗੋਂ ਹਾਲਾਤ ਵਿੱਚੋਂ ਮਿਲੀ ਹੈ। ਅਮਰੀਕਾ ਕਬੱਡੀ ਮੈਚ ਖੇਡਣ ਉਪਰੰਤ ਉਸ ਲਈ ਪੱਕੇ ਤੌਰ 'ਤੇ ਟਿਕਣ ਲਈ ਸ਼ਾਦੀ ਕਰਨਾ ਜਾਂ ਰਾਜਨੀਤਕ ਸ਼ਰਨ ਲੈਣ ਲਈ ਅਰਜ਼ੀ ਦੇਣਾ। ਪਹਿਲਾਂ-ਪਹਿਲ ਉਹ ਸ਼ਾਦੀ ਵਾਲੇ ਚੱਕਰ ਬਾਰੇ ਇਸ ਕਰਕੇ ਨਹੀਂ ਸੋਚਦਾ, ਕਿਉਂ ਜੋ ਇਹ ਉਸ ਨੂੰ ਰੂਹਾਂ ਦਾ ਮੇਲ ਨਹੀਂ ਲੱਗਦਾ ਜਾਂ ਇਸ ਕਰਕੇ ਵੀ ਹੈ ਕਿ ਉਸ ਦੇ ਮਨ ਵਿੱਚੋਂ ਅਜੇ ਸਿਮਰ ਦਾ ਪਿਆਰ ਖਾਰਜ ਨਹੀਂ ਹੋਇਆ, ਸਿਮਰ ਨਾਲ ਪਿਆਰ ਕਰਕੇ ਸਿਮਰ ਨੂੰ ਆਪਣੀ ਜਾਨ ਗੁਆਉਣੀ ਪੈਂਦੀ ਹੈ ਅਤੇ ਗੋਪੀ ਉਸ ਦੇ ਲਫੰਟਰ ਭਰਾ ਜੋ ਤਾਜ਼ਾ-ਤਾਜ਼ਾ ਅੱਤਵਾਦੀਆਂ ਨਾਲ ਰਲਿਆ ਹੈ, ਵੱਲੋਂ ਪਰਵਾਰ ਨੂੰ ਖ਼ਤਮ ਕਰਨ ਦੀਆਂ ਧਮਕੀਆਂ ਆਦਿ ਡਰ ਵਾਲਾ ਮੰਜ਼ਰ ਹਾਵੀ ਹੁੰਦਾ ਹੈ, ਪਰ ਇੱਕ ਸਮੇਂ ਉਹ ਜਸ਼ਨ ਨਾਲ ਇੱਕ-ਦੋ ਮਿਲਣੀਆਂ ਉਪਰੰਤ ਹੀ ਉਸ ਨਾਲ ਵਿਆਹ ਦਾ ਫ਼ੈਸਲਾ ਕਰ ਲੈਂਦਾ ਹੈ। ਕਿਉਂ ਜੋ ਉਹ ਕਬੱਡੀ ਫੈਡਰੇਸ਼ਨਾਂ ਵਿਚਲੀ ਰਾਜਨੀਤੀ, ਅਨਪੜ੍ਹ ਬੰਦੇ ਦੀ ਪਤਨੀ ਜ਼ਿਆਦਾ ਪੜ੍ਹੀ ਹੋਣ ਦੀ ਸੂਰਤ ਵਿੱਚ ਵੀ ਅਨਜੋੜ ਜੋੜ, 'ਫਿਕਸ ਪ੍ਰਾਈਸ' ਆਦਿ ਝਮੇਲਿਆਂ ਤੋਂ ਅੱਕ ਚੁੱਕਾ ਸੀ। ਉਸ ਦੀ ਮੁਲਾਕਾਤ ਜਦ ਡਾ. ਜੌਹਨ ਸਮਿਥ ਨਾਲ ਹੁੰਦੀ ਹੈ ਤਾਂ ਉਹ ਅੱਗੋਂ ਪੜ੍ਹ ਕੇ ਕੁਝ ਕਰਨ ਅਤੇ ਬਣਨ ਲਈ ਉਤਸ਼ਾਹਿਤ ਹੁੰਦਾ ਹੈ ਅਤੇ ਕੁਝ ਕਰਦਾ ਵੀ ਹੈ ਅਤੇ ਬਣਦਾ ਵੀ ਹੈ। ਭਾਵੇਂ ਉਸ ਸਾਹਮਣੇ ਡਾ. ਸਮਿਥ ਦੀ ਨਾਖੁਸ਼ ਜ਼ਿੰਦਗੀ ਵੀ ਹੈ, ਜਿਸ ਦੀ ਬੇਟੀ ਜੈਨੀ ਅਣਵਿਆਹੀ ਮਾਂ ਬਣ ਕੇ ਇਕੱਲੀ ਆਪਣੀ ਧੀ ਐਲਸ ਨੂੰ ਪਾਲ ਰਹੀ ਹੈ, ਸਮਿਥ ਇਕੱਲਤਾ ਭੋਗ ਰਿਹਾ ਹੈ, ਅਨਹੈਪੀ ਫੈਮਿਲੀ ਲਾਈਫ਼ ਹੰਢਾ ਰਿਹਾ ਹੈ। ਅਮਰੀਕਾ ਵਿਚਲੀ ਗੰਨ ਕਲਚਰ ਐਲਸ ਦੀ ਜਾਨ ਲੈ ਲੈਂਦੀ ਹੈ, ਇਸ ਨਾਲ ਜੈਨੀ-ਸਮਿਥ ਦੇ ਨਾਲ-ਨਾਲ ਹਰੀਪਾਲ ਵੀ ਟੁੱਟ ਰਿਹਾ ਨਜ਼ਰ ਪੈਂਦਾ ਜਾਪਦਾ ਹੈ। ਗ਼ੈਰੀ ਤੇ ਅਮਨ ਦਾ ਵਿਆਹ ਭਾਰਤੀ-ਪੰਜਾਬੀ ਰਹਿਤ ਮਰਿਆਦਾ ਅਨੁਸਾਰ ਹੋਇਆ, ਪਰ ਨਿਭਦਾ ਨਹੀਂ, ਫੌਰੀ ਕਾਰਨ ਇਹ ਬਣਦਾ ਹੈ ਕਿ ਗ਼ੈਰੀ ਨੇ ਉਥੇ ਪੱਕਾ ਹੋਣ ਲਈ ਜਿਸ ਗੋਰੀ ਔਰਤ (ਗਾਰਸੀਆ) ਨਾਲ ਵਿਆਹ ਕਰਵਾਇਆ ਸੀ, ਅਮਨ ਨੂੰ ਸ਼ੱਕ ਸੀ ਕਿ ਉਹ (ਗ਼ੈਰੀ) ਅਜੇ ਵੀ ਉਥੇ ਜਾਂਦਾ ਹੈ। ਇਸ ਸ਼ੱਕ ਨੂੰ ਪੱਕਾ ਕਰਨ ਵਿੱਚ ਲਾਲੀ ਜੋ ਅਮਨ ਦਾ ਦੂਰ ਦਾ ਰਿਸ਼ਤੇਦਾਰ ਹੈ, ਹੋਰ ਵੀ ਪੱਕਾ ਕਰਦਾ ਹੈ ਜਦੋਂ ਗ਼ੈਰੀ ਉਸ ਦੀ (ਲਾਲੀ ਇਹ ਤਜਵੀਜ਼ ਰੱਦ ਕਰ ਦਿੰਦਾ ਹੈ ਕਿ ਪੱਕਾ ਹੋਣ ਲਈ ਗਾਰਸੀਆ ਨਾਲ ਲਾਲੀ ਦਾ ਠੇਕਾ ਵਿਆਹ ਕਰਵਾ ਦੇਵੇ। ਗ਼ੈਰ-ਕਾਨੂੰਨੀ ਪਰਵਾਸ ਦੇ ਸਤਾਏ ਹੋਰ ਲੋਕ ਵੀ ਇਸ ਬਿਰਤਾਂਤਕਾਰੀ ਦਾ ਹਿੱਸਾ ਬਣੇ ਹਨ, ਗ਼ੈਰੀ ਉਸ ਦੀ ਭੈਣ, ਭਣਵੱਈਆ ਆਦਿ।

ਜਦੋਂ ਹਰੀਪਾਲ ਨੂੰ ਆਪਣੀ ਝਾਈ (ਦਾਦੀ) ਦੀ ਮੌਤ ਦੀ ਖ਼ਬਰ ਮਿਲਦੀ ਹੈ ਤਾਂ ਉਸ ਸਾਹਮਣੇ ਇੱਕ ਅਨੋਖੀ ਤਸਵੀਰ ਆ ਹਾਜ਼ਰ ਹੁੰਦੀ ਹੈ, ਉਸ ਦੇ ਦਾਦੇ ਨੂੰ 1947 ਦੀ ਦੇਸ਼ ਵੰਡ ਅਤੇ ਇਸ ਨਾਲ ਜੁੜਿਆ ਵਸੋਂ ਦਾ ਤਬਾਦਲਾ ਖਾ ਜਾਂਦਾ ਹੈ। ਪਨਾਹਗੀਰ ਲੋਕਾਂ ਨੂੰ ਆਏ ਅਨੇਕਾਂ ਪ੍ਰਕਾਰ ਦੇ ਸੰਕਟ ਝਾਈ ਦੀ ਜ਼ਿੰਦਗੀ ਰਾਹੀਂ ਰੂਪਮਾਨ ਹੁੰਦੇ ਹਨ, ਪੰਜਾਬੀਆਂ ਨੇ ਜੋ ਸੰਤਾਲੀਆਂ-ਚੌਰਾਸੀਆਂ ਹੰਢਾਈਆਂ, ਉਸ ਦਾ ਜ਼ਿਕਰ ਕੀਤੇ ਬਿਨਾਂ ਪੰਜਾਬ ਅਤੇ ਪੰਜਾਬੀਆਂ ਦੀ ਕਹਾਣੀ ਮੁਕੰਮਲ ਨਹੀਂ ਹੋ ਸਕਦੀ। ਸਰੀਰਕ ਕਸ਼ਟਾਂ ਨਾਲ ਜੋ ਉਨ੍ਹਾਂ ਸਮਿਆਂ ਵਿੱਚ ਮਾਨਸਿਕ ਕਸ਼ਟ ਭੋਗੇ ਹਨ, ਉਹ ਕਹਿਣੋਂ ਬਾਹਰੇ ਹਨ, ਪਰ ਸੰਕੇਤਕ ਰੂਪ ਵਿੱਚ ਹੋਰ ਰਚਨਾਵਾਂ ਵਾਂਗ ਇਸ ਨਾਵਲ ਦਾ ਹਿੱਸਾ ਵੀ ਬਣੇ ਹਨ।

ਹਰੀਪਾਲ-ਜਸ਼ਨ ਦੀ ਖੁਸ਼ਹਾਲ ਜ਼ਿੰਦਗੀ ਵਿੱਚ ਜਦੋਂ ਭੁਚਾਲ ਆਉਣ ਵਰਗਾ ਧਮਾਕਾ ਹੁੰਦਾ ਹੈ ਤਾਂ ਉਸ ਦਾ ਫੌਰੀ ਕਾਰਨ ਤਾਂ ਆਲਮੀ ਆਰਥਿਕ ਮੰਦੀ ਨਜ਼ਰ ਆ ਰਹੀ ਹੁੰਦੀ ਹੈ, ਪਰ ਇਸ ਸਾਰੇ ਵਰਤਾਰੇ ਦੇ ਪਿਛੋਕੜ ਵਿੱਚ ਉਹ ਜੀਵਨ-ਜਾਚ, ਪੂੰਜੀ ਪਾਸਾਰ ਆਦਿ ਵਿਵਸਥਾ ਵਿੱਚ ਫੈਲੀਆਂ ਪੂੰਜੀਵਾਦੀ ਪ੍ਰਬੰਧ ਦੀਆਂ ਲੁਕਵੀਆਂ ਪਕੜਾਂ ਵਿੱਚ 'ਉਤਸ਼ਾਹੀ' ਲੋਕ ਧੜਾਧੜ ਕਿਵੇਂ ਉਲਝਦੇ ਜਾ ਰਹੇ ਹਨ, ਇਹ ਇਕ ਵਰਤਾਰੇ ਦੀ ਤਰ੍ਹਾਂ ਸਮਝਣ ਦੀ ਲੋੜ ਹੈ। ਜਸਵਿੰਦਰ ਨੇ ਇਸ ਵਰਤਾਰੇ ਨੂੰ ਜਿਸ ਤਰ੍ਹਾਂ ਸਮਝਿਆ ਹੈ ਅਤੇ ਉਸ ਦੀ ਪੇਸ਼ਕਾਰੀ ਕੀਤੀ ਹੈ, ਉਹ ਬਾ-ਕਮਾਲ ਹੈ। ਹਰੀਪਾਲ ਤੇ ਜਸ਼ਨ ਦੀ ਸਾਵੀਂ ਪੱਧਰੀ ਜ਼ਿੰਦਗੀ ਵਿੱਚ ਕਿਵੇਂ ਉਥਲ-ਪੁਥਲ ਹੁੰਦੀ ਹੈ, ਜਸ਼ਨ ਦਾ ਚਾਰ ਪੈਸੇ ਆਉਂਦਿਆਂ ਹੀ ਵੱਡੇ ਘਰ, ਵੱਡੀ ਕਾਰ ਅਤੇ ਹੋਰ ਵੱਡੀਆਂ ਸੁੱਖ ਸਹੂਲਤਾਂ ਮਾਨਣ ਦੀ ਇੱਛਾ ਜਾਗਦਿਆਂ ਹੀ ਛਪੱੜੇ ਮਾਰਨ ਲੱਗਦੀ ਹੈ, ਲੱਗਦਾ ਹੈ ਇਨ੍ਹਾਂ ਇੱਛਾਵਾਂ ਦੀ ਪੂਰਤੀ ਹਿੱਤ ਉਹ ਕੁਝ ਵੀ ਕਰਨ ਲਈ ਤਿਆਰ ਹੈ। ਇਸ ਪ੍ਰਬੰਧ ਦੀ ਆਪ ਸਿਰਜੀ 'ਮੰਦੀ' ਨਾਲ ਇਹ ਧੜੱਮ ਕਰਕੇ ਜ਼ਮੀਨ 'ਤੇ ਮੂਧੇ-ਮੂੰਹ ਡਿਗਦੀ ਹੈ। ਖੁੱਲ੍ਹੀ ਹਵਾ ਵਿੱਚ ਉਡਾਰੀਆਂ ਭਰਨ ਵਾਲੀ ਜਸ਼ਨ ਜਦੋਂ ਆਲਮੀ ਮੰਦੇ ਦੀ ਮਾਰ ਹੇਠ ਆਉਂਦੀ ਹੈ ਤਾਂ ਅਜਿਹਾ ਅੰਦਰ ਵੜਦੀ ਹੈ ਕਿ ਫਿਰ ਉਹ ਕੇਵਲ ਕਮਰੇ ਤੱਕ, ਉਸ ਦੀ ਇਕੱਲਤਾ ਤੱਕ ਹੀ ਸੀਮਤ ਨਹੀਂ ਰਹਿੰਦੀ, ਸਗੋਂ ਇਸ ਇਕੱਲਤਾ ਵਿੱਚੋਂ ਬਾਹਰ ਨਿਕਲਣ ਲਈ ਉਸ ਪੂੰਜੀਵਾਦੀ ਵਰਤਾਰੇ ਵੱਲੋਂ ਸਿਰਜੇ ਜਾ ਰਹੇ ਬਿਰਤਾਂਤ ਵਿੱਚ ਅਜਿਹਾ ਫਸਦੀ ਹੈ ਕਿ ਘਰ ਪਰਵਾਰ ਦੇ ਬੰਧਨ ਤੋਂ ਮੁਕਤ ਹੋ ਕੇ ਅੰਨ੍ਹੀ ਹਨੇਰੀ ਗਲੀ ਵਿੱਚ ਜਾ ਵੜਦੀ ਹੈ, ਜਿਸ ਵਿੱਚ ਉਹ ਸਮਾਜ ਇਸ ਵਰਤਾਰੇ ਅਧੀਨ ਵੜਦਾ ਜਾ ਰਿਹਾ ਹੈ। ਉਸ ਦਾ ਅਮਰੀਕ ਅੰਬਰ ਨਾਲ ਰਹਿਣਾ ਇਸੇ ਵਰਤਾਰੇ ਦੇ ਅਸਰ ਵਿੱਚੋਂ ਹੀ ਨਿਕਲਦਾ ਹੈ। 'ਆਪਣੇ ਨਰਕਾਂ' ਤੋਂ ਬਚੇ ਲੋਕ ਜਦੋਂ 'ਪਰਾਏ ਸਵਰਗਾਂ' ਵੱਲ ਉਡਾਣ ਭਰਦੇ ਹਨ ਤਾਂ ਇਹ ਸਵਾਲ ਬਹੁਤ ਵੱਡਾ ਹੋ ਕੇ ਸਾਡੇ ਸਾਹਮਣੇ ਆ ਖੜ੍ਹਦਾ ਹੈ ਕਿ ਨਰਕ-ਸਵਰਗ ਅਸਲ ਵਿੱਚ ਹੈ ਕਿਹੜਾ ਤੇ ਕਿੱਥੇ? ਗੈਰ-ਕਾਨੂੰਨੀ, ਕਾਨੂੰਨੀ ਪਰਵਾਸ ਦੀ ਹੋਣੀ ਭੋਗਦੇ ਲੋਕ ਆਖਰ ਤੁਰੇ ਕਿਧਰ ਨੂੰ ਜਾ ਰਹੇ ਹਨ? ਬਾਰੇ ਇਸ ਨਾਵਲ ਦੀ ਟੈਕਸਟ ਸਾਰੀ ਜ਼ਮੀਨੀ ਹਕੀਕਤ ਨੂੰ ਬਿਆਨ ਕਰਦੀ ਜਾ ਰਹੀ ਹੈ। ਆਲਮੀ ਮੰਦੀ ਦਾ ਅਸਰ ਸ਼ਾਇਦ ਹੀ ਦੁਨੀਆ ਦੇ ਕਿਸੇ ਖੂੰਝੇ ਅਜੇ ਤੱਕ ਨਾ ਪਹੁੰਚਿਆ ਹੋਵੇ, ਨਹੀਂ ਤਾਂ ਪੂੰਜੀਵਾਦੀ ਅਰਥ ਵਿਵਸਥਾ ਨੂੰ ਪ੍ਰਣਾਏ ਹਰ ਦੇਸ਼ ਨੂੰ ਇਸ ਨੇ ਆਪਣੀ ਜਕੜ ਵਿੱਚ ਲੈ ਲਿਆ ਹੈ। ਉਸ ਨਾਲ ਮਾਨਵੀ ਰਿਸ਼ਤਿਆਂ ਵਿੱਚ ਹੋ ਰਹੀ ਟੁੱਟ-ਭੱਜ ਸਾਡੇ ਸਾਰਿਆਂ ਦੇ ਸਾਹਮਣੇ ਹੈ। ਗੈਰੀ ਇੱਕ ਥਾਂ ਕਹਿੰਦਾ ਹੈ:

"ਆਪਾਂ ਬੱਚਿਆਂ ਨੂੰ ਸਮੁੰਦਰ ਵਿੱਚ ਵਾੜ ਕੇ, ਭਿੱਜਿਓ ਨਾ ਦਾ ਉਪਦੇਸ਼ ਦਿੰਨੇ ਆਂ।"

ਇਸ ਪ੍ਰਭਾਵ ਅਧੀਨ ਹੀ ਜਸਲੀਨ ਗੁਜਰਾਤੀ ਮੁੰਡੇ ਨਾਲ ਵਿਆਹ ਕਰਾਉਣ ਦਾ ਫੈਸਲਾ ਕਰਦੀ ਹੈ। ਸਵਰਨ ਚੰਦਨ ਦੀ ਕਹਾਣੀ 'ਫ੍ਰੀ ਸੋਸਾਇਟੀ' ਵਿੱਚ ਵੀ ਅਜਿਹਾ ਹੀ ਵਾਪਰਦਾ ਹੈ। ਸੀਮਾ ਦੀ ਆਜ਼ਾਦੀ ਦੀ ਹੱਦ ਸ਼ੁਰੂ ਹੀ ਉਥੋਂ ਹੁੰਦੀ ਹੈ, ਜਿੱਥੇ ਜਾ ਕੇ ਉਸ ਦੇ ਪੜ੍ਹੇ-ਲਿਖੇ ਅਤੇ ਪਿਆਰ ਵਿਆਹ ਵਾਲੇ ਮਾਪਿਆਂ ਦੀ ਖ਼ਤਮ ਹੁੰਦੀ ਹੈ। ਅਜਿਹਾ ਵਰਤਾਰਾ ਲਾਜ਼ਮੀ ਹੈ, ਇਸ ਤੋਂ ਬਚਿਆ ਨਹੀਂ ਜਾ ਸਕਦਾ। ਆਲਮੀ ਮੰਦੀ ਦੀ ਚਕਾਚੌਂਧ ਵਿੱਚ ਉਤਸ਼ਾਹੀ ਮਨ ਐਸਾ ਉਲਝਦਾ ਜਾਂਦਾ ਹੈ ਕਿ ਬਾਹਰ ਆਉਣ ਲਈ ਰਸਤਾ ਬਚਦਾ ਹੀ ਨਹੀਂ, ਜ਼ਿੰਦਗੀ ਵਿੱਚ ਅੱਡੀਆਂ ਚੁੱਕ ਕੇ ਫਾਹਾ ਲੈਣ ਵਾਲੇ ਕਸੂਤੇ ਫਸਦੇ ਹਨ। ਇਸ ਉਲਝਣ ਵਿੱਚ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ




# ਨਾਦੀਆ ਦਾ ਦੁਖਾਂਤ ਅਤੇ ਪੱਛਮ ਦੀ ਸਿਆਸਤ

'ਦ ਲਾਸਟ ਗਰਲ' ਇਰਾਕੀ ਯਜ਼ੀਦੀ ਭਾਈਚਾਰੇ ਦੀ ਕੁੜੀ ਨਾਦੀਆ ਦਾ ਉਹ ਦੁਖਾਂਤਕ ਬਿਰਤਾਂਤ ਹੈ, ਜਿਸ ਘੱਟ ਗਿਣਤੀ ਦੇ ਭਾਈਚਾਰੇ ਨੂੰ ਅੱਤਵਾਦੀ ਜਥੇਬੰਦੀ ਆਈ ਐੱਸ ਆਈ ਐੱਸ (ਇਰਾਕ+ਸੀਰੀਆ) ਦੇ ਖੂੰਖ਼ਾਰ ਦਰਿੰਦਿਆਂ ਨੇ ਬੇਰਹਿਮੀ ਨਾਲ ਪੁਰਖਾਂ ਨੂੰ ਹੜੱਪ ਕਰ ਲਿਆ ਅਤੇ ਉਹਨਾਂ ਦੀਆਂ ਤੀਵੀਆਂ ਨੂੰ ਸਦੀਆਂ ਪੁਰਾਣੀ ਗੁਲਾਮੀ ਦੀ ਪ੍ਰਥਾ 'ਸਬਾਇਆ' ਵਿਚ ਧੱਕ ਕੇ ਉਹਨਾਂ ਦੇ ਸਵੈਮਾਣ ਦਾ ਹੀ ਹਨਨ ਨਹੀਂ ਕੀਤਾ, ਸਗੋਂ ਇਕ ਤੋਂ ਬਾਅਦ ਦੂਜੇ ਅਣਗਿਣਤ ਦਰਿੰਦਿਆਂ ਨੇ ਨਕਲੀ ਇਸਲਾਮ ਦੇ ਕੂੜ ਪ੍ਰਚਾਰ ਅਧੀਨ ਯਜ਼ੀਦੀ ਕੁੜੀਆਂ ਦੇ ਜਿਸਮਾਂ ਨੂੰ ਨੋਚ ਖਾਧਾ।

ਨਾਦੀਆ ਮੁਰਾਦ ਸੀਰੀਆ ਅਤੇ ਤੁਰਕੀ ਦੀ ਹੱਦ ਦੇ ਨੇੜੇ 'ਕੋਚੋ' ਦੀ ਰਹਿਣ ਵਾਲੀ ਹੈ, ਜੋ ਕਿ ਇਕ ਇਰਾਕੀ ਪਿੰਡ ਹੈ, ਜਿਸ ਉਪਰ ਆਈ ਐੱਸ ਆਈ ਐੱਸ ਦੇ ਅੱਤਵਾਦੀਆਂ ਨੇ ਕਬਜ਼ਾ ਕਰਕੇ ਯਜ਼ੀਦੀਆਂ ਨੂੰ ਇਕ ਮਹੀਨੇ ਤੱਕ ਘਰਾਂ ਅੰਦਰ ਯਰਗਮਾਲ ਬਣਾਈ ਰੱਖਿਆ। ਪਹਿਲਾਂ ਇਸ ਪਿੰਡ ਦੀ ਰਾਖੀ ਕੁਰਦ ਅਤੇ ਯਜ਼ੀਦੀ ਮਿਲ ਕੇ ਕਰ ਰਹੇ ਸਨ, ਮਗਰ ਜਿਉਂ ਹੀ ਆਈ ਐੱਸ ਆਈ ਐੱਸ ਦੀ ਵੱਡੀ ਨਫ਼ਰੀ ਨੇ ਹਮਲਾ ਕੀਤਾ ਤਾਂ ਯਜ਼ੀਦੀਆਂ ਦਾ ਦਮ ਭਰਨ ਵਾਲੇ ਕੁਰਦ ਭੱਜ ਨੱਠੇ ਅਤੇ ਯਜ਼ੀਦੀ ਬੋਟਾਂ ਨੂੰ ਇੱਲਾਂ ਦੇ ਨੋਚਣ ਲਈ ਛੱਡ ਗਏ। ਉਹਨਾਂ ਆਪਣੇ ਘਰਾਂ ਅੰਦਰਲੇ ਹਥਿਆਰ ਰੱਖਿਆ ਲਈ ਵਰਤਣ ਦੀ ਬਜਾਏ ਇਸਲਾਮਕ ਸਟੇਟ ਦੇ ਕਰਿੰਦਿਆਂ ਦੇ ਸਪੁਰਦ ਕਰ ਦਿੱਤੇ। ਯਜ਼ੀਦੀ ਸਦੀਆਂ ਤੋਂ ਇਰਾਕ ਦੀ ਧਰਤੀ 'ਤੇ ਵੱਸਦਾ ਇੱਕ ਬੁੱਤ ਪੂਜਕ ਦੀਨ/ ਭਾਈਚਾਰਾ ਹੈ। ਨਾਦੀਆ ਦੇ ਬਿਆਨਾਂ ਮੁਤਾਬਕ ਇਹ ਇੱਕ ਪਿਛਾਖੜੀ ਭਾਈਚਾਰਾ ਹੈ, ਜਿਸ ਵਿਚ ਔਰਤਾਂ ਨੂੰ ਹੋਰ ਕਿਸੇ ਮਜ਼ਹਬ ਵਿਚ ਵਿਆਹ ਦੀ ਇਜਾਜ਼ਤ ਨਹੀਂ ਅਤੇ ਪੜ੍ਹਾਇਆ ਇਸ ਕਰਕੇ ਨਹੀਂ ਜਾਂਦਾ ਕਿ ਉਹ ਹੋਰ ਕਿਸੇ ਨਾਲ ਵਿਆਹ ਕਰਨ ਦੀ ਖੁੱਲ੍ਹ ਮਾਣ ਸਕਣ। ਨਾਦੀਆ ਅਤੇ ਯਜ਼ੀਦੀ ਫਿਰ ਵੀ ਇਸ ਦੀਨ ਲਈ ਮਰ ਮਿਟਣ ਵਾਲਾ ਭਾਈਚਾਰਾ ਹੈ। ਘੱਟ ਗਿਣਤੀ ਬਹੁ-ਗਿਣਤੀ ਦੇ ਹਮਲਾਵਰ ਦੇ ਖ਼ੌਫ 'ਚੋਂ ਹਮੇਸ਼ਾ ਆਪਣੇ ਪਛੜੇਵੇਂ ਨੂੰ ਘੁੱਟ ਕੇ ਜੱਫ਼ਾ ਮਾਰ ਲੈਂਦੀ ਹੈ। ਨਾਦੀਆ ਦੀ ਜ਼ਿੰਦਗੀ ਦੀ ਜੋ ਥੋੜ੍ਹੀ ਬਹੁਤੀ ਖੁਸ਼ਕਿਸਮਤੀ ਰਹੀ ਕਿ ਉਹ ਆਪਣੇ ਪਿੰਡ ਵਿਚ ਸੱਦਾਮ ਹੁਸੈਨ ਦੁਆਰਾ ਖੋਲ੍ਹੇ ਪ੍ਰਾਇਮਰੀ ਸਕੂਲ ਵਿਚ ਪੰਜ ਪੜ੍ਹਦਿਆਂ ਅਰਬੀ ਜ਼ਬਾਨ ਸਿੱਖ ਗਈ ਅਤੇ ਆਪਣੀ ਕੁਰਦੀ ਜ਼ਬਾਨ ਦੇ ਨਾਲ-ਨਾਲ ਅਰਬੀ ਵੀ ਚੰਗੀ ਤਰ੍ਹਾਂ ਬੋਲਣਾ, ਪੜ੍ਹਨਾ ਸਿੱਖ ਗਈ। ਸੱਦਾਮ ਹੁਸੈਨ ਦਾ ਸ਼ਾਸਨ ਕਾਲ ਕੁਰਦਾਂ ਦੀ ਜ਼ੁਲਮੀ ਦਾਸਤਾਨ ਲਿਖਦਾ ਇਤਿਹਾਸ ਦਾ ਹਿੱਸਾ ਹੈ, ਮਗਰ ਯਜ਼ੀਦੀਆਂ ਨਾਲ ਉਸ ਨੇ ਬਦਸਲੂਕੀ ਦਾ ਬਜਾਏ ਇਹਨਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਅਤੇ ਫ਼ੌਜ ਲਈ ਯਜ਼ੀਦੀਆਂ ਦੀ ਭਰਤੀ ਤੱਕ ਮਤਲਬ ਰੱਖਿਆ।

ਨਾਦੀਆ ਦੇ ਪਿੰਡ 'ਤੇ ਕਬਜ਼ੇ ਤੋਂ ਇਕ ਮਹੀਨਾ ਬਾਅਦ ਜਦੋਂ ਉਹਨਾਂ ਦੀ ਬਦਹਾਲੀ ਲਈ ਕੋਈ ਅਮਰੀਕਨ/ ਇਰਾਕੀ ਮਦਦ ਨਾ ਪਹੁੰਚੀ ਤਾਂ ਆਈ ਐੱਸ ਆਈ ਐੱਸ ਨੇ ਕੋਚੋ ਦੇ ਨਿਵਾਸੀਆਂ ਨੂੰ ਸਕੂਲ ਵਿਚ ਜਮ੍ਹਾਂ ਕਰ ਲਿਆ ਅਤੇ ਉਹਨਾਂ ਅੱਗੇ ਇਸਲਾਮ ਕਬੂਲਣ ਦੀ ਸ਼ਰਤ ਰੱਖ ਦਿੱਤੀ। ਯਜ਼ੀਦੀਆਂ ਦੇ ਇਸ ਸ਼ਰਤ ਨੂੰ ਨਾਮਨਜ਼ੂਰ ਕਰਨ 'ਤੇ ਉਹਨਾਂ ਦੇ ਆਦਮੀਆਂ ਨੂੰ ਸਕੂਲ ਵਿਚੋਂ ਕੱਢ ਕੇ ਉਹਨਾਂ ਦਾ ਕਤਲੇਆਮ ਕਰ ਦਿੱਤਾ ਗਿਆ ਅਤੇ ਕੁਆਰੀਆਂ ਕੁੜੀਆਂ/ ਬੱਚੀਆਂ ਨੂੰ ਗੱਡੀਆਂ ਵਿਚ ਭਰ ਕੇ ਮੋਸੂਲ ਸ਼ਹਿਰ ਲੈ ਗਏ। ਜਿੱਥੇ ਉਹਨਾਂ ਨੂੰ ਮੋਸੂਲ ਦੇ ਬਜ਼ਾਰਾਂ ਵਿਚ ਇਸਲਾਮਕ ਸਟੇਟ ਦੇ ਕਾਰਕੁਨਾਂ ਅਤੇ ਸ਼ਹਿਰੀ ਪਤਵੰਤਿਆਂ ਨੂੰ ਪਹਿਲਾਂ ਦੀ ਤਰ੍ਹਾਂ ਅਗਵਾ ਕੀਤੀਆਂ ਯਜ਼ੀਦੀ ਤੀਵੀਆਂ ਵਾਂਗ ਸਬਾਇਆ ਬਣਾ ਕੇ ਵੇਚ ਦਿੱਤਾ ਗਿਆ। ਇਸਲਾਮਕ ਸਟੇਟ ਦੇ ਅਧਿਕਾਰੀ ਇਹਨਾਂ 'ਕਾਫ਼ਰਾਂ' ਨੂੰ ਸਬਾਇਆ ਵਜੋਂ ਗ਼ੁਲਾਮ ਬਣਾਉਣ ਅਤੇ ਵੇਚਣ ਦਾ ਕੁਰੈਨਕ ਹੱਕ ਦੱਸਦੇ ਸਨ।




ਨਾਦੀਆ ਮੁਰਾਦ ਇਹਨਾਂ ਬਦਕਿਸਮਤ ਔਰਤਾਂ 'ਚੋਂ ਇਕ ਕੁੜੀ ਹੈ, ਜੋ ਇਸਲਾਮਕ ਸਟੇਟ ਦੇ ਕਰਿੰਦਿਆਂ ਦੁਆਰਾ ਆਪਣਾ ਕੁਆਰਾਪਨ ਹੀ ਨਹੀਂ ਗੁਆਉਂਦੀ, ਸਗੋਂ ਵਾਰ-ਵਾਰ ਜਿਬਾਹ ਹੁੰਦੀ ਹੈ। ਯਜ਼ੀਦੀ ਭਾਈਚਾਰੇ ਵਿਚ ਕੁਆਰਾਪਨ ਗਵਾਅ ਚੁੱਕੀ ਕੁੜੀ ਨੂੰ ਵਿਆਹੁਣ ਦੀ ਬਜਾਏ ਕਤਲ ਤੱਕ ਕਰ ਦਿੱਤਾ ਜਾਂਦਾ ਹੈ। ਇਹ ਬਲਾਤਕਾਰ ਉਸ ਦੇ ਸਰੀਰ ਦੀ ਬਜਾਏ ਉਹਨਾਂ ਦੀ ਮਨੋਚੇਤਨਾ 'ਤੇ ਉੱਕਰੀ ਹੋਈ ਪ੍ਰੰਪਰਾ ਦਾ ਵਧੇਰੇ ਸੀ। ਇਸੇ ਲਈ ਜਦੋਂ ਨਾਦੀਆ ਇਸਲਾਮਕ ਸਟੇਟ ਦੀ ਕੈਦ 'ਚੋਂ ਵਾਰ-ਵਾਰ ਭੱਜਣ ਦੀ ਸੋਚਦੀ ਹੈ ਤਾਂ ਉਸ ਦਾ ਵਧੇਰੇ ਖ਼ੌਫ਼ ਆਪਣੇ ਭਾਈਚਾਰੇ ਤੋਂ ਵੀ ਹੈ ਕਿ ਕੀ ਉਸ ਦਾ ਭਾਈਚਾਰਾ ਬਲਾਤਕਾਰ ਹੋਈ ਕੁੜੀ ਨੂੰ ਕਬੂਲ ਕਰ ਲਵੇਗਾ, ਜਿਸ ਵਿਚ ਉਹਨਾਂ ਦਾ ਕੋਈ ਕਸੂਰ ਨਹੀਂ ਸੀ।

ਨਾਦੀਆ ਮੁਰਾਦ ਵਿਕਦੀ-ਵਿਕਾਂਦੀ ਹਮਦਾਨੀਆ ਆ ਕੇ ਇਸਲਾਮਕ ਸਟੇਟ ਦੀ ਕੈਦ 'ਚੋਂ ਭੱਜਣ ਵਿਚ ਕਾਮਯਾਬ ਹੁੰਦੀ ਸ਼ਹਿਰ ਦੇ ਬਾਹਰਵਾਰ ਇੱਕ ਸੁੰਨੀ ਘਰ ਵਿਚ ਸ਼ਰਨ ਲੈਂਦੀ ਹੈ। ਉਹ ਸੁੰਨੀਆਂ ਨੂੰ ਪਸੰਦ ਨਹੀਂ ਕਰਦੀ, ਮਗਰ ਇਸਲਾਮਕ ਸਟੇਟ ਦੇ ਕਬਜ਼ੇ ਵੇਲੇ ਗ਼ਰੀਬ ਸੁੰਨੀ ਉਸ ਨੂੰ ਸ਼ਰਨ ਵੀ ਦਿੰਦੇ ਹਨ। ਉਸ ਨੂੰ ਜਾਲ੍ਹੀ ਕਾਗ਼ਜ਼ਾਂ ਰਾਹੀਂ ਕੁਰਦਾਂ ਦੇ ਇਲਾਕੇ ਵਿਚ ਛੱਡਣ ਲਈ ਜਾਨ ਦੀ ਬਾਜ਼ੀ ਵੀ ਲਾਉਂਦੇ ਹਨ ਅਤੇ ਗ਼ੁਰਬਤ ਦੇ ਬਾਵਜੂਦ ਉਸ ਉੱਪਰ ਰੁਪਈਆ ਵੀ ਖਰਚ ਕਰਦੇ ਹਨ, ਮਗਰ ਸੁਰੱਖਿਅਤ ਜ਼ੋਨ 'ਚ ਪਹੁੰਚਣ ਤੋਂ ਬਾਅਦ ਨਾਸਿਰ (ਜਿਸ ਪਰਵਾਰ ਨੇ ਸ਼ਰਨ ਦੇ ਕੇ ਕੱਢਿਆ, ਉਹਨਾਂ ਦਾ ਪੁੱਤਰ) ਅਤੇ ਉਸ ਪਰਿਵਾਰ ਦਾ ਕੀ ਬਣਿਆ, ਉਸ ਬਾਰੇ ਕੋਈ ਚਰਚਾ ਨਹੀਂ ਕਰਦੀ।

ਨਾਦੀਆ ਮੁਰਾਦ ਦੇ ਜਰਮਨ ਵਿਚ ਸ਼ਰਨ ਲੈਣ ਤੋਂ ਬਾਅਦ ਉਸ ਦੀ ਦਾਸਤਾਨ ਨੂੰ ਯੂਰਪ ਅਤੇ ਅਮਰੀਕਾ ਵਿਚ ਵਾਰ-ਵਾਰ ਸੁਣਾਇਆ ਗਿਆ ਕਿ ਇਸਲਾਮਕ ਸਟੇਟ ਦੇ ਗੁੰਡਿਆਂ ਦੇ ਅੱਤਿਆਚਾਰਾਂ ਨੂੰ ਦੁਨੀਆ ਸਾਹਮਣੇ ਨਸ਼ਰ ਕੀਤਾ ਜਾ ਸਕੇ, ਜਿਸ ਨੂੰ ਜੇਨਾ ਕਰਾਜੇਸਕੀ ਦੁਆਰਾ ਕਿਤਾਬ ਦੇ ਰੂਪ ਵਿਚ ਕਲਮਬੱਧ ਕੀਤਾ ਗਿਆ ਹੈ। ਨਾਦੀਆ ਨੂੰ ਨੋਬਲ ਸ਼ਾਂਤੀ ਪੁਰਸਕਾਰ ਵੀ ਦਿੱਤਾ ਗਿਆ।

ਇਸ ਕਿਤਾਬ ਦੀ ਪੱਛਮੀ ਸਿਆਸਤ ਦੱਸਦੀ ਹੈ ਕਿ ਘੱਟ ਗਿਣਤੀਆਂ ਉੱਪਰ ਪੂਰਬੀ ਅੱਤਿਆਚਾਰ ਨੂੰ ਨਸ਼ਰ ਕਰਦੇ ਜਾਓ ਅਤੇ ਇਸ ਦੇ ਇਤਿਹਾਸਕ ਆਦਿ ਅੰਤ ਨੂੰ ਪਾਠਕ ਦੀ ਚੇਤਨਾ ਤੋਂ ਉਹਲੇ ਰੱਖੋ, ਤਾਂ ਕਿ ਇਹਨਾਂ ਜ਼ੁਲਮ ਭਰੀਆਂ ਦਾਸਤਾਨਾਂ ਦਾ ਅਸਲ ਜ਼ੁੰਮੇਵਾਰ ਕੌਣ ਹੈ? ਪਾਠਕ ਨੂੰ ਪਤਾ ਨਾ ਲੱਗੇ।

**ਤਸਕੀਨ**

ਸੱਦਾਮ ਹੁਸੈਨ ਦੇ ਇਰਾਕ 'ਤੇ ਅਮਰੀਕਨ ਹਮਲੇ ਦਾ ਕਾਰਨ ਦੁਨੀਆ ਨੂੰ ਦੱਸਿਆ ਗਿਆ ਕਿ ਉਸ ਦੀ ਸਟੇਟ ਕੋਲ ਰਸਾਇਣਕ ਹਥਿਆਰ ਹਨ, ਜੋ ਦੁਨੀਆ ਲਈ ਖ਼ਤਰਾ ਹਨ। ਟਨਾਂ ਦੇ ਹਿਸਾਬ ਨਾਲ ਬਰੂਦ ਸੁੱਟਣ ਅਤੇ ਸੁੰਨੀਆਂ ਦੇ ਕਤਲੇਆਮ ਤੋਂ ਬਾਅਦ ਕਦੇ ਇਹ ਸਵਾਲ ਯੂ ਐੱਸ ਏ ਵਰਗੇ ਮਹਾਂਦੈਂਤ ਨੂੰ ਦੁਨੀਆ ਨੇ ਕਦੇ ਨਹੀਂ ਪੁੱਛਿਆ ਕਿ ਰਸਾਇਣਕ ਹਥਿਆਰ ਤਾਂ ਮਿਲੇ ਨਹੀਂ, ਫਿਰ ਇਹ ਸਾਜ਼ਿਸ਼ ਕਿਉਂ ਕੀਤੀ ਗਈ, ਜਿਸ ਦੇ ਸਿੱਟੇ ਵਜੋਂ ਇਸਲਾਮਕ ਸਟੇਟ ਦਾ ਜਿੰਨ ਬੋਤਲ ਵਿੱਚੋਂ ਬਾਹਰ ਨਿਕਲ ਆਇਆ। ਹਾਲਾਂਕਿ ਬੁੱਸ਼ ਦੇ ਵਿਦੇਸ਼ ਮੰਤਰੀ ਟੋਨੀ ਬਲੇਅਰ ਦਾ ਬਿਆਨ ਕਈ ਵਾਰ ਸੁਣਨ ਨੂੰ ਮਿਲਿਆ ਕਿ 'ਆਈ ਐੱਸ ਆਈ ਐੱਸ ਦਾ ਜਿੰਨ ਸਾਡੇ ਇਰਾਕ ਉੱਤੇ ਗ਼ਲਤ ਹਮਲੇ ਦਾ ਨਤੀਜਾ ਹੈ।' ਨਾਦੀਆ ਇਸਲਾਮਿਕ ਸਟੇਟ ਦੇ ਜ਼ੁਲਮਾਂ ਦੀਆਂ ਖ਼ਬਰਾਂ ਅਤੇ ਹਕੀਕੀ ਵਾਕਿਆਤ ਨੂੰ ਖੁੱਲ੍ਹ ਕੇ ਬਿਆਨ ਕਰਦੀ ਹੈ, ਮਗਰ ਅਮਰੀਕਨ ਹਮਲੇ ਨਾਲ ਇਰਾਕ ਦੇ ਬਹੁਗਿਣਤੀ ਲੋਕਾਂ ਨਾਲ ਜੋ ਅੱਤਿਆਚਾਰ ਵਾਪਰਿਆ ਅਤੇ ਬਗ਼ਦਾਦ ਅਤੇ ਸੀਰੀਆ ਦੇ ਇਤਿਹਾਸਕ ਖ਼ਜ਼ਾਨਿਆਂ ਦੀ ਲੁੱਟ ਬਾਰੇ ਕੋਈ ਸੂਹ ਨਹੀਂ ਦਿੰਦੀ। ਇਹ ਵੀ ਤਾਂ ਉਸ ਦੇ ਦੇਸ਼ ਵਿਚ ਹੀ ਵਾਪਰ ਰਿਹਾ ਸੀ। ਇਹ ਨਾਦੀਆ ਦਾ ਨਹੀਂ, ਜੇਨਾ ਦੀ ਪੱਛਮੀ ਸਿਆਸਤ ਦਾ ਕਮਾਲ ਹੈ।

ਇਸਲਾਮਿਕ ਸਟੇਟ ਦੁਆਰਾ ਕੋਚੋ ਦੀ ਘੇਰਾਬੰਦੀ ਅਤੇ ਯਜ਼ੀਦੀ ਲੋਕਾਂ ਦੀ ਘਰਾਂ ਅੰਦਰ ਯਰਗਮਾਲੀ ਵੇਲੇ ਨਾਦੀਆ ਹਮੇਸ਼ਾ ਸੋਚਦੀ ਰਹਿੰਦੀ ਹੈ ਕਿ ਅਮਰੀਕਾ ਅਤੇ ਰੱਬ ਉਹਨਾਂ ਦੀ ਰਿਹਾਈ/ ਆਜ਼ਾਦੀ ਲਈ ਮਦਦ ਕਰਨਗੇ। ਉਸ ਦੀ ਅਣਭੋਲਤਾ ਨੂੰ ਕਦੇ ਵੀ ਇਹ ਖ਼ਬਰ ਨਹੀਂ ਹੁੰਦੀ ਕਿ ਅਮਰੀਕਾ ਦਾ ਇਰਾਕ ਉੱਤੇ ਹਮਲਾ ਘੱਟ ਗਿਣਤੀ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਨਹੀਂ, ਸਗੋਂ ਇਰਾਕੀ ਤੇਲ ਦੀ ਲੁੱਟ ਲਈ ਘੱਟ ਗਿਣਤੀ ਦੇ ਵਲੂੰਧਰੇ ਹੋਏ ਜਜ਼ਬਾਤਾਂ ਨੂੰ ਵਰਤਣਾ ਸੀ। ਉਸ ਨੂੰ ਇਹ ਵੀ ਨਹੀਂ ਪਤਾ ਕਿ ਅਮਰੀਕਨ ਹਮਲੇ ਨਾਲ ਕੋਕ/ ਪੈਪਸੀ ਵਰਗੀਆਂ ਖਪਤਵਾਦੀ ਕੰਪਨੀਆਂ ਦੀ ਆਮਦ ਦੇ ਹੜ੍ਹ ਨਾਲ ਇਰਾਕੀ ਖਪਤਕਾਰ ਵੱਲੋਂ ਵਰਤੇ ਇਹਨਾਂ ਉਤਪਾਦਾਂ ਦਾ ਬਣਦਾ ਟੈਕਸ ਇਰਾਕ ਨੂੰ ਦੇਣ ਦੀ ਬਜਾਏ ਯੂ ਐੱਸ ਏ ਨੂੰ ਦਿੰਦੀਆਂ ਸਨ ਤਾਂ ਕਿ ਇਰਾਕੀ ਲੋਕਾਂ ਉੱਤੇ ਅਮਰੀਕਾ ਨੂੰ ਬੰਬਾਂ/ ਅਸਲੇ ਦੀ ਥੁੜੋਂ ਨਾ ਹੋ ਜਾਵੇ।

ਯੂ ਐੱਸ ਏ ਜਦੋਂ ਵੀ ਕਿਸੇ ਦੇਸ਼ 'ਤੇ ਹਮਲਾ ਕਰਦਾ ਹੈ ਤਾਂ ਉੱਥੋਂ ਦੀ ਪੀੜਤ ਘੱਟ ਗਿਣਤੀ ਨੂੰ ਫ਼ਰੇਬ ਰਾਹੀਂ ਆਪਣੇ ਨਾਲ ਜੋੜ ਲੈਂਦਾ ਹੈ, ਜਦੋਂ ਉਸ ਦੇਸ਼ ਵਿਚ ਖਲਾਅ ਪੈਦਾ ਹੋ ਕੇ ਆਈ ਐੱਸ ਆਈ ਐੱਸ ਵਰਗਾ ਜਿੰਨ ਨਿਕਲ ਆਵੇ ਤਾਂ ਉਹ ਨਿਰਧਨ ਉਹਨਾਂ ਘੱਟ ਗਿਣਤੀਆਂ ਨੂੰ ਆਪਣੇ ਹਾਲ 'ਤੇ ਛੱਡ ਕੇ ਦੌੜ ਜਾਂਦਾ ਹੈ। ਇਹੋ ਕੁਝ ਯਜ਼ੀਦੀਆਂ ਅਤੇ ਕੁਰਦਾਂ ਨਾਲ ਵਾਪਰਿਆ ਅਤੇ ਉਹ ਇਸਲਾਮਿਕ ਸਟੇਟ ਦੇ ਜਬਾੜ੍ਹਿਆਂ ਵਿਚ ਦਰੜੇ ਗਏ, ਮਗਰ 'ਦ ਲਾਸਟ ਗਰਲ' ਵਿਚ ਜੇਨਾ ਕਰਾਜੇਸਕੀ ਇਸ ਦਾ ਕੋਈ ਜ਼ਿਕਰ ਤੱਕ ਨਹੀਂ ਕਰਦੀ। ਮਜ਼ਲੂਮਾਂ 'ਤੇ ਅੱਤਿਆਚਾਰ ਕਰਨਾ ਯੂਰਪ ਅਤੇ ਯੂ ਐੱਸ ਏ ਦਾ ਸਦੀਆਂ ਪੁਰਾਣਾ ਪੇਸ਼ਾ ਹੈ, ਪਰ ਮੀਡੀਆ ਸਿਆਸਤ ਇਹਨਾਂ ਮੁਲਕਾਂ ਨੂੰ ਮਾਨਵਵਾਦੀ ਪੇਸ਼ ਕਰਕੇ ਨਾਦੀਆ ਮੁਰਾਦ ਵਰਗੇ ਮਾਸੂਮ ਲੋਕਾਂ ਨੂੰ ਗੁੰਮਰਾਹ ਕਰਨ ਵਿਚ ਰੁੱਝੀ ਰਹਿੰਦੀ ਹੈ। ਇਹ ਮਾਨਵਵਾਦ ਨਾਦੀਆ ਦੇ ਮੁਲਕ ਤੋਂ ਜ਼ਰਾ ਕੁ ਜਿੰਨੀ ਵਿੱਥ 'ਤੇ ਜ਼ੁਲਮ ਸਹਿ ਰਹੀ ਫਲਸਤੀਨੀ ਘੱਟ ਗਿਣਤੀ ਲੋਕਾਈ ਬਾਰੇ ਮੋਨ ਧਾਰਨ ਕਰ ਲੈਂਦਾ ਹੈ, ਜਿਸ ਉੱਪਰ ਯੂਰਪ ਅਤੇ ਯੂ ਐੱਸ ਏ ਨੇ ਦਹਾਕਿਆਂ ਤੋਂ ਧੱਕੇ ਨਾਲ ਕਬਜ਼ਾ ਕੀਤਾ ਹੋਇਆ ਹੈ। ਨਾਦੀਆ ਨੂੰ ਤਾਂ ਕੁਝ ਨਾ ਪਤਾ ਹੋਵੇ, ਪਰ ਤੇਜ਼-ਤਰਾਰ ਜੇਨਾ ਕਰਾਜੇਸਕੀ ਇਸ ਬਾਰੇ ਮੋਨ ਹੈ। ਇਹ ਮੋਨ ਅਤੇ ਗੁੰਮਰਾਹਕੁੰਨ ਪ੍ਰਚਾਰ ਪੱਛਮ ਦੀ ਪੂਰਬ ਬਾਰੇ ਸਿਆਸਤ ਦੀ ਮੁੱਖ ਕੜੀ ਹੈ। ਅਜਿਹੀਆਂ ਕਿਤਾਬਾਂ ਪਾਠਕ ਨੂੰ ਇਤਿਹਾਸਕ ਕਾਰਨਾਂ 'ਚੋਂ ਪੈਦਾ ਹੁੰਦੀਆਂ ਜ਼ੁਲਮੀ ਦਾਸਤਾਨਾਂ ਨੂੰ 'ਲੌਂਗ ਸ਼ੌਟ' ਵਿਚੋਂ 'ਕਲੋਜ਼ ਅੱਪ' ਨੂੰ ਸਮਝਣ ਦੀ ਬਜਾਏ 'ਕਲੋਜ਼ ਅੱਪ' ਦੀ ਸਿਆਸਤ ਰਾਹੀਂ ਗੁੰਮਰਾਹਕੁੰਨ ਸਮਗਰੀ ਬਣ ਜਾਂਦੀਆਂ ਹਨ।

ਵਿਪਨ ਗਿੱਲ ਦਾ ਅਨੁਵਾਦ ਹਮੇਸ਼ਾ ਦੀ ਤਰ੍ਹਾਂ ਚੰਗਾ ਹੈ। ਸਾਦ ਮੁਰਾਦੀ ਭਾਸ਼ਾ ਵਿਚ ਪੰਜਾਬੀ ਪਾਠਕਾਂ ਨੂੰ ਕਿਤਾਬ ਪਰੋਸਣਾ ਉਸ ਦੀ ਪ੍ਰਤੀਬੱਧਤਾ ਹੈ। ਇਕ ਪੇਚੀਦਾ ਦਾਸਤਾਨ ਅਤੇ ਅਪਰਿਚਤ ਸੱਭਿਆਚਾਰ ਅਤੇ ਖਿੱਤੇ ਨੂੰ ਸਮਝਣਾ ਅਤੇ ਉਸ ਨੂੰ ਆਪਣੀ ਜ਼ਬਾਨ ਵਿਚ ਉਲਥਾਉਣਾ ਕਾਫ਼ੀ ਮੁਸ਼ਕਲ ਕਾਰਜ ਹੈ, ਮਗਰ ਉਹ ਇਸ ਵਿਚ ਸਫ਼ਲ ਰਹੀ ਹੈ।

# ਸੱਜਰਾ ਸਾਹਿਤ

## ਅੱਜ ਮੈਂ ਤੇਰਾ ਸੁਫਨਾ ਬਣਨਾ

(ਗ਼ਜ਼ਲ ਸੰਗ੍ਰਹਿ)
**ਡਾ. ਸੁਗਰਾ ਸੱਦਫ**
**ਪੰਨੇ : 111, ਮੁੱਲ : 250 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਡਾ. ਸੁਗਰਾ ਸੱਦਫ ਦੀ ਸੱਜਰੀ ਕਾਵਿ ਪੁਸਤਕ "ਅੱਜ ਮੈਂ ਤੇਰਾ ਸੁਫ਼ਨਾ ਬਣਨਾ" ਗੁਰਮੁਖੀ ਅੱਖਰਾਂ ਵਿੱਚ ਉਸ ਦੀ ਪਹਿਲੀ ਕਿਤਾਬ ਹੈ। ਸ਼ਾਹਮੁਖੀ ਅੱਖਰਾਂ ਵਿੱਚ ਉਸ ਨੇ ਮੌਲਿਕ ਕਾਵਿ ਸਿਰਜਣਾ ਤੇ ਖੋਜ ਪੁਸਤਕਾਂ ਰਾਹੀਂ ਆਪਣੀ ਨਿਵੇਕਲੀ ਪਛਾਣ ਬਣਾਈ ਹੈ।

ਲਾਹੌਰ (ਪਾਕਿਸਤਾਨ) ਵੱਸਦੀ ਲੇਖਿਕਾ ਡਾ. ਸੁਗਰਾ ਸੱਦਫ਼ ਪੰਜਾਬੀ ਕਵਿਤਾ ਤੇ ਕਹਾਣੀ ਦੀ ਸਫ਼ਲ ਸਿਰਜਕ ਹੈ। ਇੱਕੋ ਜਿੰਨੀ ਮੁਹਾਰਤ ਨਾਲ ਧਰਤੀ ਦੇ ਦਰਦਾਂ ਭਿੱਜੀ ਬਾਤ ਸੁਣਾਉਂਦੀ। ਉਸ ਦੀਆਂ ਗ਼ਜ਼ਲਾਂ ਤੇ ਕਵਿਤਾਵਾਂ ਦੇ ਬੋਲ ਕਿਤੇ-ਕਿਤੇ ਹਟਕੋਰੇ ਭਰਦੇ, ਹੌਕੇ ਲੈਂਦੇ ਆਪਣੀ ਵਾਰਤਾ ਤੁਹਾਡੇ ਸਾਹਾਂ ਸਵਾਸਾਂ ਵਿੱਚ ਘੋਲ ਜਾਂਦੇ ਹਨ। ਅਜਬ ਜਹੀ ਕਸ਼ਮਕਸ਼ ਪਾਠਕ ਦੇ ਅੰਦਰ ਨੂੰ ਸਰਕਦੀ ਤੁਰੀ ਜਾਂਦੀ ਹੈ। ਉਸ ਦੇ ਕਾਵਿ ਬੋਲ ਸਹਿਜਵੰਤੇ ਹਨ, ਕਾਹਲੇ ਨਹੀਂ। ਉਹ ਵਾਹੋਦਹੀ ਸਰਪੱਟ ਨਹੀਂ ਦੌੜਦੀ, ਸਗੋਂ ਕਦਮ ਦਰ ਕਦਮ ਟਹਿਲਦੀ ਪ੍ਰਤੀਤ ਹੁੰਦੀ ਹੈ। ਸ਼ਬਦ ਉਸ ਦੀ ਅਰਦਲ ਵਿੱਚ ਅਰਜ਼ਮੰਦ ਬਣ ਖਲੋਂਦੇ ਹਨ।

-ਮੁੱਖ ਬੰਦ 'ਚੋਂ

## ਜੀਵਨ ਜੜ੍ਹਾਂ

(ਮਿੰਨੀ ਕਹਾਣੀਆਂ)
**ਸੁਰਿੰਦਰ ਮਕਸੂਦਪੁਰੀ**
**ਪੰਨੇ-128, ਮੁੱਲ-180 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




"ਮਿੰਨੀ ਕਹਾਣੀ ਗਲਪ ਦੇ ਲਘੂਤਮੀ ਰੂਪ ਦੀ ਉਹ ਵਿਧਾ-ਵੰਨਗੀ ਹੈ, ਜੋ ਇੱਕ ਡੇਢ ਸਫ਼ੇ ਦੇ ਸੀਮਤ ਦਾਇਰੇ ਵਿੱਚ ਰਹਿ ਕੇ ਗਾਗਰ ਵਿੱਚ ਸਾਗਰ ਭਰ ਕੇ, ਕਹਾਣੀ ਕਲਾ ਦੀਆਂ ਕਸਵੱਟੀਆਂ 'ਤੇ ਪੂਰੀ ਉਤਰਦੀ, ਵਿਅੰਗ-ਵਿਰੋਧ ਸਿਰਜਦੀ, ਇਕਦਮ ਪਾਠਕ ਦੇ ਜਗਿਆਸੂ ਮਨ ਨੂੰ ਝੰਜੋੜਦੀ, ਉਸਾਰੂ ਸੰਦੇਸ਼ ਦਿੰਦੀ ਕੁਝ ਸੋਚਣ ਲਈ ਮਜਬੂਰ ਕਰ ਜਾਂਦੀ ਹੈ।"

-ਭੂਮਿਕਾ 'ਚੋਂ

## ਸਫਲਤਾ ਦੀਆਂ ਪੌੜੀਆਂ

**ਨੈਪੋਲੀਅਨ ਹਿੱਲ**
**ਪੰਨੇ : 152, ਮੁੱਲ : 220 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

'ਸਫਲਤਾ ਦੀਆਂ ਪੌੜੀਆਂ' ਜਿਵੇਂ ਕਿ ਕਿਤਾਬ ਦੇ ਨਾਂਅ ਤੋਂ ਹੀ ਸਪੱਸ਼ਟ ਹੁੰਦਾ ਹੈ ਇਹ ਕਿਤਾਬ ਜ਼ਿੰਦਗੀ ਵਿੱਚ ਔਖਿਆਈਆਂ ਨੂੰ ਚੀਰਦੇ ਹੋਏ ਅੱਗੇ ਵਧਣ ਦਾ ਗੁਰ ਦਿੰਦੀ ਹੈ।




ਨੈਪੋਲੀਅਨ ਹਿੱਲ ਦੇ ਵਿਚਾਰਾਂ ਨੂੰ ਜਾਨਣ ਦੇ ਲਈ, ਨਵੇਂ ਆਉਣ ਵਾਲੇ ਲੋਕਾਂ ਲਈ, ਇਹ ਸਾਰ ਇੱਕ ਅਧਾਰਭੂਤ ਢਾਂਚਾ ਪੈਦਾ ਕਰੇਗਾ, ਜੋ ਅਧਿਆਇ ਦੇ ਅੱਗੇ ਵਧਣ ਦੇ ਨਾਲ ਭਰਦਾ ਜਾਵੇਗਾ। ਜੋ ਪਾਠਕ ਡਾ. ਹਿੱਲ ਦੇ ਵਿਚਾਰਾਂ ਤੋਂ ਜਾਣੂ ਹਨ, ਇਨ੍ਹਾਂ ਸਾਰਿਆਂ ਨੂੰ ਛੱਡ ਕੇ ਅੱਗੇ ਵਧਣ ਲਈ ਲਲਚਾਉਣਗੇ, ਪਰ ਅਸੀਂ ਤੁਹਾਨੂੰ ਇਸ ਦੇ ਵਿਰੁੱਧ ਚੇਤਾਵਨੀ ਦਿੰਦੇ ਹਾਂ। ਮਹੱਤਵਪੂਰਨ ਵਿਸ਼ੇ ਰੇਖਾਂਕਿਤ ਕੀਤੇ ਜਾਣਗੇ ਅਤੇ ਸੋਚਣ ਦੇ ਤਰੀਕੇ ਉੱਨਤੀ ਨੂੰ ਪ੍ਰਾਪਤ ਕਰਨਗੇ ਅਤੇ ਇਹੀ ਤੁਹਾਨੂੰ ਉਹਨਾਂ ਤਰੀਕਿਆਂ ਤੋਂ ਸਤਾਰਾਂ ਸਿਧਾਂਤਾਂ ਨੂੰ ਇਸ ਪ੍ਰਕਾਰ ਲਾਗੂ ਕਰਨਾ ਸਿਖਾਉਣਗੇ ਜਿਵੇਂ ਤੁਸੀਂ ਹੁਣ ਤੱਕ ਨਹੀਂ ਕੀਤਾ ਹੈ। ਕਾਹਲ ਨਾਲ ਕੁੱਝ ਵੀ ਪ੍ਰਾਪਤ ਨਹੀਂ ਹੋਵੇਗਾ। ਕਦੇ-ਕਦੇ, ਅਸੀਂ ਕਿਸੇ ਬਿੰਦੂ ਨੂੰ ਗਤੀ ਦੇਣ ਜਾਂ ਕਿਸੇ ਮੁੱਦੇ ਨੂੰ ਚੁੱਕਣ ਦੇ ਲਈ ਨੈਪੋਲੀਅਨ ਹਿੱਲ ਦੇ ਬਾਕੀ ਲੇਖਾਂ ਤੋਂ ਅੰਸ਼ ਪੇਸ਼ ਕਰਾਂਗੇ, ਜੋ ਡਾ. ਹਿੱਲ ਨੇ 'ਸਫਲਤਾ ਦੀਆਂ ਪੌੜੀਆਂ' ਦੇ ਮੂਲ ਰੂਪ 'ਚ ਸੰਬੰਧਤ ਨਹੀਂ ਕੀਤੇ ਹਨ।

-ਕਿਤਾਬ 'ਚੋਂ



# ਪੁਸਤਕ ਰੀਵਿਊ



## ਗ਼ਮਾਂ ਵਿੰਨ੍ਹੇ ਹਰਫ਼

**ਮਾਲਵਿੰਦਰ ਸ਼ਾਇਰ**
**ਪੰਨੇ : 112, ਮੁੱਲ : 150 ਰੁਪਏ**
**ਤਾਲਿਫ਼ ਪ੍ਰਕਾਸ਼ਨ, ਬਰਨਾਲਾ**

'ਗ਼ਮਾਂ ਵਿੰਨ੍ਹੇ ਹਰਫ਼' ਮਾਲਵਿੰਦਰ ਸ਼ਾਇਰ ਦਾ ਰੁਬਾਈ/ ਤੁਰਿਆਈ ਕਾਵਿ ਰੂਪਾਕਾਰ ਦਾ ਸੰਗ੍ਰਹਿ ਹੈ। ਉਸ ਦੀ ਬਹੁਦਿਸ਼ਾਵੀ ਸੋਚਣੀ ਅਤੇ ਬਹੁ-ਵਿਧਾਵੀ ਲੇਖਣੀ ਉਸ ਦੀ ਪਛਾਣ ਦਾ ਅਧਾਰ ਬਿੰਦੂ ਬਣਦੀ ਹੈ।

ਹਥਲੀ ਪੁਸਤਕ, ਜੋ ਸਨਾਤਨੀ ਅਰਬੀ/ਫ਼ਾਰਸੀ ਬਹਿਰਾਂ ਅਤੇ ਭਾਰਤੀ ਪਿੰਗਲ ਅਨੁਸਾਰ ਛੰਦ ਵਰਤ ਕੇ ਲਿਖੀਆਂ ਰੁਬਾਈਆਂ ਦੀ ਪੁਸਤਕ ਹੈ, ਵਿੱਚ ਵੀ ਮਾਲਵਿੰਦਰ ਸ਼ਾਇਰ ਰੁਬਾਈ ਕਾਵਿ-ਰੂਪਾਕਾਰ ਨੂੰ ਆਪਣੇ ਰੁਮਾਂਸਵਾਦੀ ਵਲਵਲਿਆਂ ਨੂੰ ਪ੍ਰਗਟਾਉਣ ਲਈ ਨਵਾਂ ਪ੍ਰਯੋਗ ਕਰ ਰਿਹਾ ਹੈ। ਨਵਾਂ ਇਸ ਲਈ ਕਿ ਅੱਜ ਤੱਕ ਪੰਜਾਬੀ ਵਿੱਚ ਲਿਖੀਆਂ ਗਈਆਂ ਜ਼ਿਆਦਾਤਰ ਰੁਬਾਈਆਂ ਦੇ ਵਿਸ਼ੇ ਦਾਰਸ਼ਨਿਕ, ਧਾਰਮਿਕ, ਨੈਤਿਕਵਾਦੀ, ਸਮਾਜਿਕ ਸੁਧਾਰਵਾਦੀ ਹੀ ਰਹੇ ਹਨ। ਮਾਲਵਿੰਦਰ ਸ਼ਾਇਰ ਆਪਣੇ ਇਸ ਪ੍ਰਯੋਗਿਕ ਕਾਰਜ ਵਿੱਚ ਇੱਕ ਪ੍ਰੋਜੈਕਟ ਦੀ ਤਰ੍ਹਾਂ ਰੁਬਾਈ ਰਚਨਾ ਕਰਦਾ ਹੈ।

ਆਰੂਜ਼ੀ ਬਹਿਰਾਂ ਅਤੇ ਭਾਰਤੀ ਪਿੰਗਲ ਦੇ ਛੰਦ ਵਿਧਾਨ ਅਨੁਸਾਰ ਲਿਖੀ ਮਾਲਵਿੰਦਰ ਸ਼ਾਇਰ ਦੀ ਇਹ ਪੁਸਤਕ 'ਗ਼ਮਾਂ ਵਿੰਨ੍ਹੇ ਹਰਫ਼' ਨਾ ਸਿਰਫ਼ ਰੁਮਾਂਸਵਾਦੀ ਵਲਵਲਿਆਂ ਨੂੰ ਹੀ ਬਿਆਨਦੀ ਹੈ, ਸਗੋਂ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨਾਲ ਸੰਵਾਦ ਰਚਾਉਂਦੀ ਹੋਈ ਸਮਕਾਲ ਦੇ ਮਸਲੇ ਅਤੇ ਭਵਿੱਖ ਵਿੱਚ ਘਟਿਤ ਹੋ ਸਕਦੇ ਸੰਭਾਵਿਤ ਵਰਤਾਰਿਆਂ ਨੂੰ ਵੀ ਅੱਖਾਂ ਅੱਗੇ ਫ਼ਿਲਮਾਉਂਦੀ ਹੈ। ਇੱਕ ਪ੍ਰਾਜੈਕਟ ਦੀ ਤਰ੍ਹਾਂ ਤਿਆਰ ਕੀਤੀ ਇਸ ਪੁਸਤਕ ਵਿੱਚ ਮਾਲਵਿੰਦਰ ਸ਼ਾਇਰ ਦੀ ਸੰਵੇਦਨਾ ਦੇ ਨਾਲ-ਨਾਲ ਸੂਝ ਵੀ ਹਾਜ਼ਰ ਹੈ।

ਇਹ ਪੁਸਤਕ ਜਿੱਥੇ ਕਾਵਿ-ਰਸ ਦਾ ਸੰਚਾਰ ਪਾਠਕਾਂ ਵਿੱਚ ਕਰੇਗੀ, ਉੱਥੇ ਹੀ ਇੱਕ ਖੋਜ ਕਾਰਜ ਦਾ ਆਭਾਸ ਵੀ ਕਰਵਾਏਗੀ ਅਤੇ ਰੁਬਾਈ ਕਾਵਿ ਰੂਪਕਾਰ ਸੰਬੰਧੀ ਖੋਜ ਕਰਨ ਵਾਲੇ ਖੋਜਾਰਥੀਆਂ ਲਈ ਵੀ ਮਦਦਗਾਰ ਸਾਬਤ ਹੋਵੇਗੀ।

**- ਡਾ. ਰਾਮਪਾਲ ਸਿੰਘ**

## ਲਾ-ਪਤਾ

(ਕਹਾਣੀ ਸੰਗ੍ਰਹਿ)
**ਮਨਜੀਤ ਕੌਰ ਮੀਤ**
**ਕੁਲ ਪੰਨੇ-111, ਮੁੱਲ-200 ਰੁਪਏ**
**ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ**

ਲਾ-ਪਤਾ ਕਹਾਣੀ ਸੰਗ੍ਰਹਿ ਮਨਜੀਤ ਕੌਰ 'ਮੀਤ' ਦੇ ਜੀਵਨ-ਸੱਚ ਨੂੰ ਪੇਸ਼ ਕਰਦੀਆਂ ਕਹਾਣੀਆਂ ਹਨ। ਜਦੋਂ ਕੋਈ ਫੌਜਣ ਹੁੰਦੀ ਹੈ, ਮੋਹ ਦੀਆਂ ਤੰਦਾਂ, ਦਰਦ ਪਰਿੰਦੇ ਦਾ, ਜਦੋਂ ਕੋਈ ਫੌਜਨ ਹੁੰਦੀ ਹੈ (ਹਿੰਦੀ ਅਨੁਵਾਦ), ਬਾਬਲ ਮੇਰੀਆਂ ਗੁੱਡੀਆਂ ਤੇਰੇ ਘਰ ਰਹਿ ਗਈਆਂ ਤੋਂ ਬਾਅਦ ਇਹ ਕਹਾਣੀਕਾਰਾ ਮਨਮੀਤ ਦੀ ਛੇਵੀਂ ਪੁਸਤਕ ਹੈ। ਖੂਬਸੂਰਤ ਸਰਵਰਕ ਵਾਲੀ ਇਹ ਪੁਸਤਕ ਤਰਲੋਚਨ ਪਬਲਿਸ਼ਰਜ਼ ਦੁਆਰਾ ਪ੍ਰਕਾਸ਼ਤ ਹੈ। ਪੁਸਤਕ ਵਿੱਚ ਕੁੱਲ 18 ਕਹਾਣੀਆਂ ਹਨ। ਕਹਾਣੀਕਾਰਾ ਦੀਆਂ ਕਹਾਣੀਆਂ ਪੜ੍ਹ ਕੇ ਇਹ ਅਹਿਸਾਸ ਹੁੰਦਾ ਹੈ ਕਿ ਜਿਵੇਂ ਉਹ ਇੱਕ ਫੌਜਣ ਦੇ ਦਰਦ ਭਰੇ ਜੀਵਨ ਨੂੰ ਬਾਖੂਬੀ ਜਾਣਦੀ ਹੈ, ਜਿਸ ਨੂੰ ਉਸ ਨੇ ਇਸ ਕਿਤਾਬ ਦੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਉਸ ਦੀਆਂ ਕਹਾਣੀਆਂ ਲਾ-ਪਤਾ, ਮਾਂ ਦੀ ਛਤਰੀ, ਫੌਜਣ ਮੇਮ ਸਾਹਿਬ ਤੇ ਫੌਜਣ ਦੀ ਹੂਕ ਫੌਜੀਆਂ ਦੇ ਜੀਵਨ ਤੇ ਉਹਨਾਂ ਦੇ ਦਰਦ ਨੂੰ ਬਿਆਨ ਕਰਦੀਆਂ ਹਨ। 'ਲਾ-ਪਤਾ' ਕਹਾਣੀ ਲਾਪਤਾ ਫੌਜੀ ਦੇ ਪਰਵਾਰ ਦੀ ਤੜਪ ਨੂੰ ਬਿਆਨ ਕਰਦੀ ਹੈ। ਲਾਪਤਾ ਦੇ ਘਰ ਆਉਣ 'ਤੇ ਪਰਵਾਰ ਵਿੱਚ ਆਈ ਰੌਣਕ ਨੂੰ ਪੇਸ਼ ਕੀਤਾ ਗਿਆ ਹੈ। 'ਮਾਂ ਦੀ ਛਤਰੀ' ਫੌਜੀਆਂ ਦੇ ਜੀਵਨ ਵਿੱਚ ਫੌਜ ਦੌਰਾਨ ਆਪਣੇ ਪਰਵਾਰ ਪ੍ਰਤੀ ਚਿੰਤਾ ਨੂੰ ਦਰਸਾਉਂਦੀ ਹੈ ਤੇ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਲੜਾਈ ਵਿੱਚ ਉਨ੍ਹਾਂ ਦੀ ਰੱਖਿਆ ਮਾਂ ਦੀ ਅਸੀਸ ਹੀ ਕਰਦੀ ਹੈ। ਇਸੇ ਤਰ੍ਹਾਂ 'ਫੌਜਣ ਮੇਮ ਸਾਹਿਬ' ਰੀਆ ਤੋਂ ਫੌਜਣ ਮੇਮ ਸਾਹਿਬ ਬਣਨ ਦੀ ਕਹਾਣੀ ਹੈ। ਕਹਾਣੀ ਦੱਸਦੀ ਹੈ ਕਿ ਖੁਸ਼ੀ ਤੇ ਗਮੀ ਦੋ ਭੈਣਾਂ ਹਨ। ਗਮੀ ਵੱਡੀ ਤੇ ਖੁਸ਼ੀ ਛੋਟੀ। ਇਸ ਨੂੰ ਫੌਜੀਆਂ ਦੇ ਜੀਵਨ ਵਿੱਚ ਜ਼ਿਆਦਾ ਗਮੀ ਤੇ ਖੁਸ਼ੀ ਦੇ ਘੱਟ ਹੋਣ ਨੂੰ ਦਰਸਾਇਆ ਗਿਆ ਹੈ। ਇਸੇ ਤਰ੍ਹਾਂ 'ਫੌਜਣ ਦੀ ਹੂਕ' ਕਹਾਣੀ ਦੱਸਦੀ ਹੈ ਕਿ ਫੌਜਣ ਦੇ ਦਿਲੋਂ ਨਿਕਲੀ ਹੂਕ ਨੂੰ ਕੋਈ ਨਹੀਂ ਸਮਝ ਸਕਦਾ। ਬਜ਼ੁਰਗ ਬਾਬੇ ਦੇ ਪਾਤਰ ਰਾਹੀਂ ਸਰਕਾਰਾਂ 'ਤੇ ਵਿਅੰਗ ਵੀ ਕੀਤਾ ਹੈ, ਕਿਹੜਾ ਦੇਸ਼ ਓਏ! ਉਹ ਦੇਸ਼, ਜਿਨ੍ਹਾਂ ਦੀ ਵਾਗਡੋਰ ਤੁਹਾਡੇ ਵਰਗੇ ਚੋਰਾਂ ਦੇ ਹੱਥ ਵਿੱਚ ਹੈ? ਜੇ ਇਹ ਲੀਡਰ ਚਾਹੁੰਣ ਤਾਂ ਬੈਠ ਕੇ ਗੱਲਬਾਤ ਨਾਲ ਮਾਮਲੇ ਨਿਬੇੜ ਕਿਉਂ ਨਹੀਂ ਲੈਂਦੇ। ਇਹ ਤਾਂ ਇਹਨਾਂ ਦੀਆਂ ਮੜ੍ਹੀਆਂ 'ਤੇ ਬੈਠ ਕੇ ਰਾਜਨੀਤੀ ਚਮਕਾ ਰਹੇ ਨੇ। ਵਿਚਾਰੇ ਫੌਜੀ ਨਿੱਤ ਦਿਨ ਆਪਣੇ ਦੇਸ਼-ਪ੍ਰੇਮ ਸਦਕੇ ਸ਼ਹੀਦੀਆਂ ਪਾ ਰਹੇ ਨੇ। 'ਬਦਕਿਸਮਤੀ' ਜੀਤੋ ਦੀ ਬਦਕਿਸਮਤੀ ਨੂੰ ਦਰਸਾਉਂਦੀ ਕਹਾਣੀ ਹੈ। 'ਅਧੂਰੀ' ਤੇ 'ਅਧਵਾਟੇ' ਕਹਾਣੀਆਂ ਔਰਤ ਦੀ ਅਧੂਰੀ ਤੇ ਅਧਵਾਟੇ ਰਹੀ ਜ਼ਿੰਦਗੀ ਦੀ ਬਾਤ ਪਾਉਂਦੀਆਂ ਹਨ।'ਦੁੱਖਾਂ ਦਾ ਅੰਤ' ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਔਰਤ ਦੇ ਦੁੱਖਾਂ ਦਾ ਅੰਤ ਉਸ ਸਮੇਂ ਹੁੰਦਾ ਹੈ, ਜਦੋਂ ਕੋਈ ਹਮਦਰਦ ਜੀਵਨ ਸਾਥੀ ਉਸ ਦੀ ਬਾਂਹ ਫੜ ਲੈਂਦਾ ਹੈ। ਕਹਾਣੀਆਂ ਰਿਸ਼ਤਿਆਂ ਦੀ ਵੀ ਗੱਲ ਕਰਦੀਆਂ ਹਨ, ਜਿਵੇਂ ਕਹਾਣੀ 'ਧੁੰਦਲਾ ਰਿਸ਼ਤਾ' ਉਸ ਰਿਸ਼ਤੇ ਦੀ ਗੱਲ ਕਰਦੀ ਹੈ, ਜਦੋਂ ਕੋਈ ਪਾਤਰ ਆਪਣੀ ਸਾਰੀ ਜ਼ਿੰਦਗੀ ਆਪਣੇ ਭੈਣ-ਭਰਾਵਾਂ ਦੇ ਉੱਤੇ ਲਗਾ ਦਿੰਦਾ ਹੈ ਤੇ ਜਦੋਂ ਸਾਰੇ ਵਧੀਆ ਸੈੱਟ ਹੋ ਜਾਂਦੇ ਹਨ ਤਾਂ ਉਹੀ ਆਪਣੀ ਭੈਣ ਦੇ ਉੱਤੇ ਸ਼ੱਕ ਕਰਨ ਲੱਗਦੇ ਹਨ। 'ਰਿਸ਼ਤਿਆਂ ਦੀ ਲੋਅ' ਕਹਾਣੀ ਪਤਨੀ ਤੇ ਪ੍ਰੇਮਿਕਾ ਦੇ ਰਿਸ਼ਤੇ ਦੀ ਗੱਲ ਕਰਦੀ ਹੈ।

ਪ੍ਰੇਮਿਕਾ ਕਦੀ ਵੀ ਪਤਨੀ ਨਹੀਂ ਬਣ ਸਕਦੀ, ਉਹ ਹਮੇਸ਼ਾ ਰਖੇਲ ਹੀ ਬਣੀ ਰਹਿੰਦੀ ਹੈ। ਇਹੀ ਕਾਰਨ ਹੈ ਕਿ ਬਿਮਾਰੀ ਦੀ ਹਾਲਤ ਵਿੱਚ ਪਤੀ ਕੋਲ ਬੈਠੀ ਪ੍ਰੇਮਿਕਾ ਨੂੰ ਯਾਦ ਕਰਨ ਦੀ ਬਜਾਏ ਆਪਣੀ ਪਤਨੀ ਨੂੰ ਹੀ ਯਾਦ ਕਰਦਾ ਹੈ। 'ਅਤੀਤ ਦੇ ਪਰਛਾਵੇਂ' ਕਹਾਣੀ ਦੱਸਦੀ ਹੈ ਕਿ ਕਦੀ ਵੀ ਅਤੀਤ ਦੇ ਪਰਛਾਵੇਂ ਸਾਡੀ ਜ਼ਿੰਦਗੀ ਵਿੱਚੋਂ ਮਿਟ ਨਹੀਂ ਸਕਦੇ। 'ਕਰਨੀ ਦਾ ਫਲ' ਕਹਾਣੀ ਹੋਰਨਾਂ ਦੀਆਂ ਧੀਆਂ, ਭੈਣਾਂ ਤੋਂ ਗਲਤ ਕਰਾਉਣ ਵਾਲੇ ਦਾ ਕੀ ਹਸ਼ਰ ਹੁੰਦਾ ਹੈ, ਮਾਸੀ ਵਰਗੇ ਪਾਤਰ ਰਾਹੀਂ ਪੇਸ਼ ਕੀਤਾ ਗਿਆ ਹੈ।'ਨਿੰਮ ਵਾਲਾ ਵਿਹੜਾ' ਕਹਾਣੀ ਦੱਸਦੀ ਹੈ ਕਿ ਔਰਤ ਕਦੇ ਵੀ ਆਪਣੇ ਪੇਕਿਆਂ ਦਾ ਮੋਹ ਨਹੀਂ ਛੱਡਦੀ, ਭਾਵੇਂ ਉਹ ਕਿਸੇ ਵੀ ਉਮਰ ਦੀ ਹੋਵੇ। ਸੋ ਸਾਰੀਆਂ ਹੀ ਕਹਾਣੀਆਂ ਭਾਵੇਂ ਉਹ ਫੌਜੀ ਦੇ ਜੀਵਨ ਬਾਰੇ ਹੋਵੇ, ਭਾਵੇਂ ਉਹ ਇੱਕ ਔਰਤ ਦੇ ਜੀਵਨ ਬਾਰੇ ਜ਼ਿੰਦਗੀ ਦੇ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਹਨ। ਕਹਾਣੀਆਂ ਪੜ੍ਹ ਕੇ ਇੰਜ ਜਾਪਦਾ ਹੈ, ਜਿਵੇਂ ਕਹਾਣੀਕਾਰਾ ਛੋਟੀਆਂ-ਛੋਟੀਆਂ ਬਾਤਾਂ ਨੂੰ, ਛੋਟੇ-ਛੋਟੇ ਦਰਦਾਂ ਨੂੰ ਬਿਆਨ ਕਰ ਰਹੀ ਹੋਵੇ। ਸਾਰੀਆਂ ਹੀ ਕਹਾਣੀਆਂ ਅਨਯ ਪੁਰਖੀ ਕਹਾਣੀਆਂ ਹਨ। ਅਜੇ ਕਹਾਣੀਕਾਰਾ ਦੀਆਂ ਕਹਾਣੀਆਂ ਨੇ ਕਲਾਤਮਕ ਪੱਖੋਂ ਹੋਰ ਵੀ ਵਿਕਾਸ ਕਰਨਾ ਹੈ। ਸੋ ਇਸ ਪੁਸਤਕ ਨੂੰ ਪੰਜਾਬੀ ਸਾਹਿਤ ਜਗਤ ਵਿੱਚ ਜੀ ਆਇਆਂ।

**— ਡਾ. ਭੁਪਿੰਦਰ ਕੌਰ**

# ਨਾ ਸ਼ੁਰੂ ਸਾਂ, ਨਾ ਅੰਤ ਸਾਂ : ਮੋਹਨਜੀਤ



ਮੋਹਨਜੀਤ ਮੋਹਨਜੀਤ ਸੀ। ਉਸ ਵਰਗਾ ਕਿਸੇ ਨਹੀਂ ਹੋਣਾ। ਦੋਸਤੀ ਦਾ ਭਰ ਵਹਿੰਦਾ ਦਰਿਆ, ਸ਼ਬਦਾਂ ਦੇ ਸੁਹੱਪਣ ਪਿੱਛੇ ਸ਼ੈਦਾਈ, ਉਹ ਸੰਘਰਸ਼ ਭਰੀ ਜ਼ਿੰਦਗੀ ਜੀਵਿਆ। ਪੰਜਾਬੀ ਦਾ ਇਹ ਮਾਣਮੱਤਾ ਸ਼ਾਇਰ 20 ਅਪ੍ਰੈਲ ਨੂੰ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ।

1938 ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਅਦਲੀਵਾਲ ਪਿੰਡ ਵਿੱਚ ਜਨਮੇ ਇਸ ਮੁੰਡੇ ਦਾ ਦਿੱਲੀ ਯੂਨੀਵਰਸਿਟੀ ਅਤੇ ਪੰਜਾਬੀ ਸਾਹਿਤ ਦੀ ਸਿਖਰ ਤੱਕ ਪਹੁੰਚਣ ਦਾ ਸਫ਼ਰ ਅਨੂਠਾ ਹੈ, ਮਿੱਠਾ, ਕੁੜੱਤਣ ਭਰਿਆ, ਜਿੱਤਾਂ ਤੇ ਹਾਰਾਂ ਨਾਲ ਦਸਤ-ਪੰਜਾ ਲੈਂਦਾ ਪਰ ਕਦੇ ਵੀ ਹਾਰ ਨਾ ਮੰਨਦਾ ਹੋਇਆ। ਮੈਂ ਉਸ ਨੂੰ ਪਹਿਲੀ ਵਾਰ 1985 ਵਿੱਚ ਮਿਲਿਆ ਸਾਂ, ਬੜੇ ਉਦਾਸ ਦਿਨਾਂ ਵਿੱਚ, ਜਦੋਂ ਪੰਜਾਬ ਦੀ ਆਤਮਾ ਵਲੂੰਧਰੀ ਜਾ ਰਹੀ ਸੀ। ਮੋਹਨਜੀਤ ਉਦਾਸ ਸੀ ਤੇ ਉਹ 1980ਵਿਆਂ ਦੇ ਅੰਮ੍ਰਿਤਸਰ 'ਚੋਂ ਆਪਣਾ ਪੁਰਾਣਾ ਅੰਮ੍ਰਿਤਸਰ ਲੱਭ ਰਿਹਾ ਸੀ, ਜਿਸ ਦੀ ਕਾਫ਼ਕਾਮਈ ਤਸਵੀਰਕਸ਼ੀ ਉਸ ਨੇ ਆਪਣੀ ਪਹਿਲੀ ਕਿਤਾਬ 'ਸਹਿਕਦਾ ਸ਼ਹਿਰ' ਵਿੱਚ ਕੀਤੀ ਸੀ। 1985 ਵਿੱਚ ਉਹ ਦਿੱਲੀ ਰਹਿ ਰਿਹਾ ਸੀ ਤੇ ਉਸ ਨੇ ਨਵੰਬਰ 1984 ਦਾ ਕਹਿਰ ਪਿੰਡੇ 'ਤੇ ਹੰਢਾਇਆ ਸੀ। ਕੇਸਧਾਰੀ ਪੁੱਤਰਾਂ ਦੇ ਫਿਕਰ ਨੂੰ ਸਾਂਭਦੀ ਉਸ ਦੀ ਨਜ਼ਮ ਨੇ ਮੈਨੂੰ ਵੀ ਡੂੰਘਾ ਉਦਾਸ ਕੀਤਾ ਸੀ।

ਉਸ ਦੇ ਘਰ ਦੇ ਬੂਹੇ ਪੰਜਾਬੀ ਤੇ ਹੋਰ ਬੋਲੀਆਂ ਦੇ ਸਾਹਿਤਕਾਰਾਂ ਲਈ ਹਮੇਸ਼ਾ ਖੁੱਲ੍ਹੇ ਰਹੇ। ਦਿੱਲੀ ਵਿੱਚ ਵੀਹਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਵਿੱਚ ਜਿੰਨੀਆਂ ਸਾਹਿਤਕ ਮਹਿਫ਼ਲਾਂ ਮੋਹਨਜੀਤ ਦੇ ਘਰ ਜੁੜੀਆਂ, ਓਨੀਆਂ ਅੰਮ੍ਰਿਤਾ ਪ੍ਰੀਤਮ ਦੇ ਘਰ ਨੂੰ ਛੱਡ ਕੇ ਕਿਸੇ ਹੋਰ ਦੇ ਘਰ ਨਹੀਂ ਲੱਗੀਆਂ; ਛੋਟਾ ਘਰ ਤੇ ਵੱਡਾ ਦਿਲ ਤੇ ਉਸ ਵਿੱਚ ਵਸਦੀ ਉਸ ਦੀ ਸਖੀ ਪਤਨੀ ਕੁਲਦੀਪ ਤੇ ਪੁੱਤਰ ਨੀਲੀ ਤੇ ਸੰਨੀ।

ਜਿੱਥੇ ਮੋਹਨਜੀਤ ਦੀ ਸ਼ਾਇਰੀ ਪੰਜਾਬੀ ਕਵਿਤਾ ਦੇ ਵਿਰਸੇ 'ਚੋਂ ਸੁਹਜ ਤਲਾਸ਼ਣ ਦੀ ਸ਼ਾਇਰੀ ਹੈ, ਉੱਥੇ ਉਹ ਪੰਜਾਬ ਦੀ ਵੰਡ ਤੋਂ ਬਾਅਦ ਆਰਥਿਕਤਾ ਦੀ ਮਾਰ ਝੱਲਦੇ ਹੋਏ ਅਜਿਹੇ ਮਨੁੱਖ ਦੀ ਸ਼ਾਇਰੀ ਵੀ ਹੈ, ਜਿਸ ਨੂੰ ਨਾ ਤਾਂ ਵਿਰਸਾ ਸਹਾਰਾ ਦਿੰਦਾ ਹੈ ਅਤੇ ਨਾ ਹੀ ਹੋ ਰਿਹਾ ਵਿਕਾਸ। ਉਸ ਦੀਆਂ ਸ਼ੁਰੂ ਦੀਆਂ ਨਜ਼ਮਾਂ ਵਿੱਚ ਪੰਜਾਬੀ ਬੰਦਾ ਵੇਲੇ ਦੀ ਉਪਰਾਮਤਾ ਤੇ ਬੇਗਾਨਗੀ ਨਾਲ ਘੁਲਦਾ ਨਜ਼ਰ ਆਉਂਦਾ ਹੈ; ਇਕ ਪਾਸੇ ਇਨਕਲਾਬ ਦੇ ਐਲਾਨ ਹਨ ਤੇ ਦੂਜੇ ਪਾਸੇ ਮਨੁੱਖ ਦਾ ਇਕਲਾਪਾ। ਉਨ੍ਹਾਂ ਦਿਨਾਂ ਵਿੱਚ ਉਸ ਦੀ ਕਵਿਤਾ ਵਿੱਚ 'ਮਸਖਰਾ', 'ਬੇਲਾ', 'ਜੰਗਲ' , 'ਮਜਮਾ' ਆਦਿ ਜਿਹੇ ਬਿੰਬ ਉੱਭਰੇ ਜਿਹੜੇ ਸ਼ਹਿਰ, ਭੀੜ ਤੇ ਸੱਭਿਅਤਾ ਤੋਂ ਕਾਫ਼ੀ ਵਿੱਥ 'ਤੇ ਖੜੇ ਹੋਣਾ ਚਾਹੁੰਦੇ ਸਨ। ਆਪਣੇ ਸਮਿਆਂ ਦੇ ਇਤਿਹਾਸ ਵਿਚਲੇ ਬਿੰਬਾਂ, ਖੱਪਿਆਂ ਅਤੇ ਵਿਰੋਧਾਭਾਸਾਂ ਨੂੰ ਵੇਂਹਦਿਆਂ ਉਸ ਨੇ ਲਿਖਿਆ :

ਜੰਗਲ ਜਾਣਦਾ ਹੈ; ਨਗਰ ਦੀ ਫਬਤ, ਮੁਕਟਾਂ ਦੇ ਸਹਾਰੇ ਵਿਗਸਦੀ ਹੈ

ਜੰਗਲ: ਵਗ ਰਿਹਾ ਦਰਿਆ; ਨਗਰ: ਸੁੱਤਾ ਸਰੋਵਰ
ਸ਼ੇਰ ਅਣਖੀ ਦਾਅਵਤਾਂ ਪਰਵਾਨਦੇ ਨੇ
ਪਵਿੱਤਰ ਪੋਥੀਆਂ ਦੀ ਇਜ਼ਤ ਲਈ
ਇੱਕ ਵਾਰ ਫਿਰ ਇਹ ਸ਼ੇਰ ਜੂਹਾਂ ਰੋਂਦੀਆਂ ਨੂੰ ਛੱਡ ਆਏ ਨੇ
ਕਿ, ਸਰੋਵਰ ਹੁਣ ਵੀ ਦਰਿਆ ਦੀ ਜ਼ਿੰਦਾ-ਦਿਲੀ ਨੂੰ ਸ਼ਾਬਾਸ਼ ਦਏ
ਮੁਕਟ ਪਰ ਕਦੋਂ ਨੰਗਾ ਜਿਸਮ ਬਾਹਾਂ 'ਚ ਲਏ ?

*ਮੋਹਨਜੀਤ ਦੀ ਔਰਤ-ਮਨ ਨੂੰ ਚਿਤਰਦੀ ਸ਼ਾਇਰੀ ਦੀ ਆਪਣੀ ਨੁਹਾਰ ਹੈ। ਉਸ ਨੇ ਸੁੰਦਰਾਂ, ਬੇਗਮ, ਅਖ਼ਤਰ, ਅੰਮ੍ਰਿਤਾ ਸ਼ੇਰਗਿੱਲ, ਕ੍ਰਿਸ਼ਨਾ ਸੋਬਤੀ, ਸਾਰਾ ਸਗੁਫ਼ਤਾ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਦੇ ਰੇਖਾ ਚਿੱਤਰ ਲਿਖੇ। ਹਰ ਰੇਖਾ ਚਿੱਤਰ ਵਿਲੱਖਣ ਹੈ। ਅੰਮ੍ਰਿਤਾ ਸ਼ੇਰਗਿੱਲ ਦੇ ਰੇਖਾ-ਚਿੱਤਰ ਵਿੱਚ ਉਸ ਨੇ ਲਿਖਿਆ :*

*ਬੜਾ ਖਪਦੀ ਜਦੋਂ ਸੁਣਦੀ*
*ਲੋਕ ਉਹਦੀ ਕਥਾ ਦੇ ਇਸ ਲਈ ਉਪਾਸ਼ਕ ਨੇ*
*ਕਿ ਉਹ ਕਾਮਣੀ ਹੈ, ਜਗੀਰੂ ਹੈ*
*ਖਾਣ-ਪਹਿਨਣ ਦੀ ਸ਼ੌਕੀਨ*

*ਉਹ ਧੁਰ ਅੰਦਰ ਕਿਤੇ ਉਦਾਸ ਸੀ*
*ਤੇ ਜੋ ਉਲਾਸਮਈ ਹੈ*
*ਉਹ ਉਹਦੇ ਚਿਤਰਾਂ ਦਾ ਸ਼ੋਖ ਰੰਗ ਹੈ*
*ਜ਼ਿੰਦਗੀ ਗੂੜ੍ਹੀ ਵੀ ਹੈ ਬਹੁਤ ਫਿੱਕੀ ਵੀ*
*ਜ਼ਿੰਦਗੀ ਵਿਰਲਾਪ ਹੈ*
*ਤੇ ਉਮਾਹ ਦਾ ਸੀਤ ਚਸ਼ਮਾ*
*ਜ਼ਿੰਦਗੀ ਬਹੁਤ ਕੁਝ ਹੋ ਕੇ ਵੀ ਅਧੂਰੀ ਹੈ*
*ਸ਼ਾਂਤ ਲਹਿਰਾਂ ਦੇ ਨਾਲ ਕਿਤੇ ਭਉਜਲ ਵੀ ਹੈ*
*ਬਹੁਤ ਕੁਝ ਅਭੁਲ ਤੇ ਗਹੱਸਮਈ ਹੈ*
*ਅੰਮ੍ਰਿਤਾ ਦੇ ਰੰਗਾਂ ਦੀ ਕਹਾਣੀ ਬਹੁਤ ਸਿਰਲੱਥ ਹੈ।*

*ਕਈ ਵਾਰ ਡੂੰਘੀਆਂ ਰਾਤਾਂ ਨੂੰ ਅੰਬਰ ਨੂੰ ਵੇਂਹਦਾ ਸੋਚਦਾਂ*
*ਕਿਸ ਅਕਾਸ਼-ਗੰਗਾ 'ਚ ਹੋਵੇਗਾ ਅੰਮ੍ਰਿਤਾ ਦਾ ਘਰ*
*ਫਿਰ ਸੋਚਦਾਂ*
*ਦੰਦ ਕਥਾਵਾਂ ਤਾਰਿਆਂ 'ਚ ਨਹੀਂ*
*ਲੋਕ ਮਨ 'ਚ ਸੁੰਹਦੀਆਂ ਹਨ।*

*ਕਿਤਾਬ 'ਉਹਲਾ ਤੇ ਉਜਿਆਰਾ' ਦੀ ਮੁੱਖ ਕਵਿਤਾ 'ਲੀਲਾਵਤੀ' ਰੇਖਾ ਚਿੱਤਰ ਨਹੀਂ : ਨਜ਼ਮ ਹੈ ਨਾਰੀ ਦੇ ਸਿਦਕ, ਸਬਰ, ਪੀੜ ਤੇ ਵੇਦਨਾ ਦੀ। ਮੋਹਨਜੀਤ ਦੀ ਕਵਿਤਾ ਔਰਤ-ਮਨ ਦੀ ਵੇਦਨਾ ਨਾਲ ਡੂੰਘੀ ਸਾਂਝ ਪਾਉਂਦੀ ਹੈ।*

ਵਲਗਣ ਦੇ ਸੁਆਮੀ ਨੇ ਆਪਣੇ ਹੀ ਦਸਖਤਾਂ ਦੀ ਪੱਤ ਲੁੱਟੀ ਹੈ
ਤੇ ਮੌਤ ਦਾ ਐਲਾਨ ਜੰਗਲ ਲਈ

ਉਹਨਾਂ ਸਮਿਆਂ ਵਿੱਚ ਮੋਹਨਜੀਤ ਨੇ ਇਤਿਹਾਸ ਨੂੰ ਵੱਖਰੀ ਨਜ਼ਰ ਨਾਲ ਵੇਖਿਆ ਤੇ ਵਿਰਾਸਤ 'ਚ ਮਿਲੇ ਢਕੌਂਸਲਿਆਂ ਦਾ ਪਰਦਾ ਫਾਸ਼ ਕੀਤਾ :

ਗਜ਼ਬ ਹੈ ਅਜੇ ਤਾਈਂ ਮਰਦ ਦੇ ਪੁੱਤ ਨੇ ਇਤਿਹਾਸ ਨਹੀਂ ਲਿਖਿਆ
ਬਸ ਕੁਝ ਕੀਤਾ-ਤਾਂ ਵਰ੍ਹਿਆਂ ਨੂੰ ਮਨਫ਼ੀ ਜਮ੍ਹਾਂ ਕੀਤਾ
ਜਾਂ ਤਿਕੋਨਾਂ ਦੇ ਮਿਲਾਏ ਜ਼ਾਵੀਏ
ਸੱਚ ਨੂੰ ਸਾਖੀ ਬਣਾ ਕੇ ਧੂਫ਼ ਦਿੱਤੀ; ਨਕਲੀ ਸ਼ਸਤਰਾਂ ਦਾ ਸੰਨ ਮਿੱਥਿਆ
ਸ਼ਬਦ ਸ਼ਤਰੰਜ ਦੇ ਮੋਹਰੇ ਅਰਥ ਆਵਾਜ਼ ਦੇ ਗੋਲੇ ਬਣੇ
ਮਜ਼ਹਬ ਦੇ ਸਿੰਗਾਂ 'ਤੇ ਘਟਨਾਵਾਂ ਬੈਠਾਈਆਂ
ਦੂਜਿਆਂ ਦੀ ਮੌਤ 'ਤੇ ਨੌਬਤ ਵਜਾਈ
ਆਪਣੇ ਮੋਏ, ਸ਼ਹੀਦ-ਮੀਨਾਰ ਬਣਵਾਏ-ਚੌਰਾਹਿਆਂ ਦੇ ਨਾਮ ਬਦਲੇ
ਆਉਂਦੀ ਨਸਲ ਨੂੰ ਬੁੱਤਾਂ ਦੀ ਪੂਜਾ ਵਿਰਾਸਤ ਵਿੱਚ ਦਿੱਤੀ
ਸੁਲਗਦੀ ਜੀਭ ਬੇਗਾਰੀ ਕੈਂਪ ਦੀ ਕੰਧ 'ਤੇ ਜੜੀ
ਕਿੱਤੂ ਨੂੰ ਪਿਆਲਾ ਵਿਸ਼ ਦਾ ਦਿੱਤਾ

ਪਤਾ ਨਹੀਂ ਮਸੀਹੇ ਕੌਣ ਸਨ, ਯਾਰ ਕੌਣ :
ਅਸੀਂ ਤਾਂ ਅੱਥਰੇ ਘੋੜੇ ਸਾਂ
ਮਸਖ਼ਰੇ ਦੀ ਸੇਜਲ ਅੱਖ ਦੇ ਠਹਾਕੇ ਸਾਂ
ਮੱਥੇ ਦੀ ਰੁੱਸੀ ਲੀਕ ਦੇ ਕੱਚੇ ਪੜੁੱਲ ਸਾਂ
ਜਿਸ ਦਰਿਆ ਨੂੰ ਲੱਕੋਂ ਫੜ ਕੇ ਗਤਕਾ ਖੇਡਦੇ ਰਹੇ
ਉਸੇ ਦੇ ਟੁੱਟੇ ਪੁਲ ਦੇ ਖੰਭੇ ਹੇਠਾਂ ਮੋਢਾ ਬਣ ਕੇ ਖੜੇ ਸਾਂ
ਅਸੀਂ ਨਾ ਸ਼ੁਰੂ ਸਾਂ ਨਾ ਅੰਤ ਸਾਂ
ਅਸੀਂ ਤਾਂ ਸਾਗਰ 'ਚੋਂ ਉੱਠੀ ਲਹਿਰ ਦੀ ਬਣੀ ਕੰਧ ਤੋਂ ਉਡੇ ਪਰਿੰਦੇ ਸਾਂ
ਅਸੀਂ ਤਾਂ ਝੂਮਦੀ ਘਾਹ ਪੱਤੀ 'ਤੇ ਅਟਕੇ ਪਾਣੀ ਦੇ ਤੁਪਕੇ ਸਾਂ
ਹਜ਼ੂਰ, ਅਸੀਂ ਤਾਂ ਆਪਣੀ ਹੀ ਅੱਡੀ ਦੇ ਜ਼ਖ਼ਮ ਸਾਂ

ਅਜਿਹੀ ਤਲਖ਼ ਬਿਆਨੀ ਤੋਂ ਸ਼ੁਰੂ ਹੋਈ ਕਵਿਤਾ ਨੇ ਕਈ ਪੜਾਅ ਵੇਖੇ। ਕਈ ਵਾਰ ਮੈਨੂੰ ਲੱਗਦਾ ਹੈ ਕਿ ਹਰ ਕਿਤਾਬ 'ਚ ਇਕ ਵੱਖਰਾ ਮੋਹਨਜੀਤ ਹੈ ਜਾਂ ਮੋਹਨਜੀਤ ਦਾ ਇਕ ਹਿੱਸਾ ਇਕ ਕਿਤਾਬ ਵਿੱਚ ਹੈ, ਦੂਸਰਾ ਦੂਸਰੀ ਕਿਤਾਬ ਵਿੱਚ, ਤੀਸਰਾ ਤੀਸਰੀ ਕਿਤਾਬ ਵਿੱਚ, ਖੰਡਿਤ, ਵੰਡਿਆ ਹੋਇਆ ਬੰਦਾ ਤੇ ਕਦੇ ਲੱਗਦਾ ਹੈ ਕਿ ਨਹੀਂ ਸਾਰੀਆਂ ਕਿਤਾਬਾਂ ਇੱਕੋ ਮਹਾਂ-ਕਾਵਿ ਦਾ ਹਿੱਸਾ ਨੇ, ਜੋ ਮੈਨੂੰ ਪੜ੍ਹਨਾ ਨਹੀਂ ਆਇਆ।

**ਸਵਰਾਜਬੀਰ**

ਮੋਹਨਜੀਤ ਨੂੰ ਬਹੁਤੀ ਮਸ਼ਹੂਰੀ ਉਸ ਦੇ ਲਿਖੇ ਰੇਖਾ ਚਿੱਤਰਾਂ ਨੇ ਦਿੱਤੀ। ਜਿੱਥੇ ਬਾਅਦ ਵਿੱਚ ਲਿਖੇ ਗਏ ਰੇਖਾ ਚਿੱਤਰਾਂ ਵਿੱਚ ਸੁਹਜ ਹਾਵੀ ਹੁੰਦਾ ਗਿਆ, ਉੱਥੇ ਪਹਿਲਾਂ ਲਿਖੇ ਗਏ ਰੇਖਾ ਚਿੱਤਰਾਂ ਵਿੱਚ ਖਰ੍ਹਵੀ ਤੇ ਤਲਖ ਭਾਸ਼ਾ ਹੈ, ਅਜੀਬ ਬਿੰਬ ਹਨ, ਸਾਹਿਤਕਾਰੀ ਦੇ ਮਨ-ਸੰਸਾਰਾਂ ਦੇ ਵਿਰੋਧਭਾਸਾਂ ਨੂੰ ਫੜਨ ਦੀ ਛਟਪਟਾਹਟ ਹੈ ਜਿਵੇਂ ਉਸ ਨੇ ਮੋਹਨ ਸਿੰਘ ਬਾਰੇ ਲਿਖਿਆ :

ਦਫ਼ਤਰੀ ਫਾਈਲ ਉਹਦੇ ਲਈ ਭੈਰੋਂ ਦਾ ਚਿਹਰਾ ਹੈ
ਤੇ ਕਵਿਤਾ ਬੀਆਬਾਨ 'ਚ ਜਗਦਾ ਦੀਵਾ
ਗੀਤ ਗਾਉਂਦਾ ਆਦਿਵਾਸੀ ਲੱਗਦਾ ਹੈ
ਮੋਈ ਸ਼ੀਰੀ ਦੀਆਂ ਮੀਢੀਆਂ ਲੱਭਦਾ ਹੈ
ਤੇਸੇ ਦੇ ਮੁੜੇ ਘੁੰਡ 'ਚੋਂ
ਤੇ ਫਿਰ ਚੁੱਪ ਹੋ ਜਾਂਦਾ ਹੈ ਖਲਾਅ ਦੀ ਸੁੰਨ ਵਾਂਗ
ਮੈਂ ਉਹਨੂੰ ਸ਼ਤਰੰਜ ਖੇਡਦੇ ਤਾਂ ਨਹੀਂ ਵੇਖਿਆ
ਪਰ ਉਹਦੀ ਕਵਿਤਾ ਵਿੱਚ
ਪਿਆਦਿਆਂ ਤੇ ਵਜ਼ੀਰਾਂ ਨੂੰ ਇੱਕੋ ਸਫ਼ 'ਤੇ
ਤਾੜੀ ਪੀਂਦਿਆਂ ਜ਼ਰੂਰ ਤੱਕਿਆ ਹੈ

ਪੰਜਾਬੀ ਕਵਿਤਾ ਵਿੱਚ ਅਜਿਹੇ ਬਿੰਬ, ਪ੍ਰਤੀਕ ਕਿਸ ਨੇ ਸਿਰਜਣੇ ਸਨ ? ਇਹ ਮੋਹਨਜੀਤ ਦੇ ਹਿੱਸੇ ਆਏ। ਉਸ ਨੇ ਪੂਰਨ ਸਿੰਘ ਨੂੰ ਅੰਬਰ ਜੇਡਾ ਕਾਫ਼ੀਆ ਕਿਹਾ ਤੇ ਨਾਨਕ ਸਿੰਘ ਨੂੰ ਸ਼ੱਕਰ ਦਾ ਸ਼ਰਬਤ, ਗੁਰਸ਼ਰਨ ਸਿੰਘ ਨੂੰ ਅੱਗ ਦਾ ਅਸਪਾਤੀ ਪਹੀਆ ਕਿਹਾ ਤੇ ਜਗਤਾਰ ਨੂੰ ਬਉਲੀ 'ਚ ਜਗਦਾ ਚਿਰਾਗ। ਸੰਤ ਸਿੰਘ ਸੇਖੋਂ ਉਸ ਲਈ 'ਕੋਹਾਂ ਦਾ ਸਫ਼ਰ' ਸੀ ।

ਮੋਹਨਜੀਤ ਦੀ ਕਾਵਿ-ਭਾਸ਼ਾ ਨੇ ਲੰਬਾ ਸਫ਼ਰ ਕੀਤਾ, ਜਿੱਥੇ ਪਹਿਲੀਆਂ ਕਿਤਾਬਾਂ ਵਿਚਲੀ ਕਵਿਤਾ ਦੀ ਭਾਸ਼ਾ 'ਚੋਂ ਅੰਮ੍ਰਿਤਸਰ ਦੀਆਂ ਗਲੀਆਂ, ਕਟੜਿਆਂ, ਕਿੱਤਿਆਂ (ਆਬਾਦੀਆਂ), ਰੇੜ੍ਹੀਆਂ, ਸੜਕਾਂ, ਅਹਾਤਿਆਂ ਤੇ ਰਾਹਾਂ 'ਚ ਉਡਦੀ ਧੂੜ ਵਿਚਲੀਆਂ ਬੋਆਂ ਤੇ ਖੁਸ਼ਬੋਆਂ ਆਉਂਦੀਆਂ ਨੇ, ਉੱਥੇ ਬਾਅਦ ਦੀਆਂ ਕਵਿਤਾਵਾਂ ਵਿਚਲੀ ਕਵਿਤਾ ਜ਼ਿਆਦਾ ਸੁਹਜਮਈ ਤੇ ਪ੍ਰਗੀਤਕ ਹੈ, ਜਿਸ ਵਿੱਚੋਂ ਅਜਿਹੇ ਗੀਤ ਜਨਮੇ :

ਆ ਨੀ ਸਖੀਏ
ਵੇਖ ਨੀ ਸਖੀਏ
ਕੌਣ ਪਰਾਹੁਣਾ ਆਇਆ
ਨਾਲੇ ਸਾਡਾ ਚਿੱਤ ਲੈ ਗਿਆ
ਨਾਲੇ ਲੈ ਗਿਆ ਕਾਇਆ

ਇੱਕ ਤਾਂ ਸਾਡੇ ਵਿਹੜੇ ਸਖੀਏ
ਖਿੜਿਆ ਫੁੱਲ ਉਨਾਬੀ
ਦੂਜਾ ਸਾਡੇ ਨਾਲ ਤੁਰ ਪਿਆ
ਜਗਦਾ ਰੂਪ ਮਤਾਬੀ
ਏਸ ਰੂਪ ਨੇ ਸਖੀਏ
ਅੱਥਰਾ ਮਨ ਭਰਮਾਇਆ

ਇੱਕ ਅੱਖਾਂ ਵਿੱਚ ਗੂੜ੍ਹ ਉਨੀਂਦਾ
ਦੂਜੇ ਵਾਟ ਲੰਮੇਰੀ
ਇੱਕ ਨਾ ਨਦੀਏ ਪੱਤਣ ਪੈਂਦਾ
ਦੂਜੇ ਚੜ੍ਹੀ ਹਨੇਰੀ
ਇਸ ਰੁੱਤੇ ਇੱਕ ਚੇਤਾ ਜਾਗੇ
ਜਾਂ ਸੁਪਨੇ ਦੀ ਛਾਇਆ

ਜੇ ਤੁਸੀਂ ਉਹਦੇ ਗੀਤ ਪੜ੍ਹਨ ਲੱਗ ਪਵੋ ਤਾਂ ਜੀਅ ਕਰਦਾ ਹੈ ਕਿ ਗੀਤ ਖ਼ਤਮ ਨਾ ਹੋਏ, ਤੁਰਦਾ ਜਾਏ, ਤੁਰਦਾ ਜਾਏ, ਜਿਵੇਂ:

ਜਿਉਂ ਜਿਉਂ ਦਿਨ ਇਹ ਢਲੇ
ਮੇਰਿਆ ਮਹਿਰਮਾ....
ਤਿਉਂ ਤਿਉਂ ਤਨ ਇਹ ਤਪੇ
ਤਪੇ ਵੇ ਮੇਰਿਆ ਮਹਿਰਮਾ....

ਦੀਵਾ ਇਕ ਬਾਲ ਕੇ
ਬਨੇਰੇ ਉਤੇ ਰੱਖਦੀ ਆਂ
ਇੱਕ ਧੁਰ ਅੰਦਰ ਬਲ਼ੇ
ਬਲ਼ੇ ਵੇ ਮੇਰਿਆ ਮਹਿਰਮਾ....

ਸੁਬਹ ਲੰਘ ਜਾਂਦੀ ਆ
ਦੁਪਹਿਰ ਢਲ ਜਾਂਦੀ ਆ
ਚੰਦਰੀ ਇਹ ਸ਼ਾਮ ਨਾ ਢਲੇ
ਢਲੇ ਵੇ ਮੇਰਿਆ ਮਹਿਰਮਾ....

ਇਉਂ ਲੱਗਦਾ ਹੈ, ਜਿਵੇਂ ਪੰਜਾਬ ਦੀ ਲੋਕ-ਵਾਣੀ ਮੋਹਨਜੀਤ ਦੀ ਕਲਮ ਵਿੱਚ ਸੁਹਜਮਈ ਘਰ ਬਣਾ ਕੇ ਬੈਠ ਗਈ ਹੋਵੇ। ਉੜੀਸਾ ਦੇ ਕੋਨਾਰਕ ਮੰਦਰ 'ਤੇ ਮਹਾਂ-ਕਾਵਿ 'ਕੋਨੇ ਦਾ ਸੂਰਜ' ਲਿਖਦਿਆਂ ਪੰਜਾਬੀ ਸ਼ਾਇਰੀ ਤੇ ਬੰਦੇ ਦੀ ਵੇਦਨਾ ਵੀ ਉਸ ਦੀ ਕਵਿਤਾ ਵਿੱਚ ਹਾਜ਼ਰ ਰਹੀ :

ਨਦੀਏ ਨੀ ਤੇਰਾ ਨੀਰ ਡੋਲਦਾ
ਅੱਖੀਏ ਨੀ ਤੇਰਾ ਪਾਣੀ
ਰੂਹੇ ਨੀ ਤੇਰੀ ਵੇਦਨ ਜਾਗੇ
ਮਨ ਦੀਆਂ ਵਿਰਲਾਂ ਥਾਣੀਂ
ਨਦੀਏ ਨੀ ਤੇਰਾ ਨੀਰ ਡੋਲਦਾ....

ਤੇ ਮੋਹਨਜੀਤ ਦੀ ਗਜ਼ਲ 'ਨਟਖਟ ਵਗਣ ਹਵਾਵਾਂ ਦੀਵੇ ਡੋਲ ਰਹੇ/ਬੱਦਲ ਤੇ ਪ੍ਰਛਾਵੇਂ ਕਿਸ ਦੇ ਕੋਲ ਰਹੇ/ਸੁਣਿਆ ਸਾਡੇ ਯਾਰ ਉਲਾਮ੍ਹਾ ਦਿੰਦੇ ਸੀ, ਕਿੰਨਾ ਮੂਰਖ ਦਿਲ ਦੇ ਏਨਾ ਕੋਲ ਰਹੇ/ਸਾਡਾ ਕੰਮ ਸੀ ਯਾਰਾਂ ਖਾਤਰ ਕੱਖ ਬਣਨਾ/ਉਨ੍ਹਾਂ ਦਾ ਕੰਮ ਕੱਖੋਂ ਸਾਵਾਂ ਤੋਲ ਗਏ।'

ਮੋਹਨਜੀਤ ਗਜ਼ਲ ਨਹੀਂ, ਖੁੱਲ੍ਹੀ ਕਵਿਤਾ ਦਾ ਸ਼ਾਇਰ ਹੋ ਨਿੱਬੜਿਆ। 'ਸਹਿਕਦਾ ਸ਼ਹਿਰ', 'ਤੁਰਦੇ ਫਿਰਦੇ ਮਸਖਰੇ', 'ਵਰਵਰੀਕ', 'ਗੂੜ੍ਹੀ ਲਿਖਤ ਵਾਲਾ ਵਰਕਾ', 'ਡਾਟਾਂ ਵਾਲੇ ਬੂਹੇ', 'ਕੀ ਨਾਰੀ ਕੀ ਨਦੀ', 'ਉਹਲੇ ਵਿੱਚ ਉਜਿਆਰਾ', 'ਹਵਾ ਪਿਆਜ਼ੀ' ਤੇ 'ਕੋਨੇ ਦਾ ਸੂਰਜ' ਇਸ ਕਾਵਿ-ਯਾਤਰਾ ਦੀਆਂ ਉਹ ਪ੍ਰਾਪਤੀਆਂ ਹਨ, ਜਿਨ੍ਹਾਂ ਦੀ ਪੰਜਾਬੀ ਭਾਸ਼ਾ ਦਾ ਜਲੌਅ ਉਜਾਗਰ ਹੋਇਆ ਸੀ। ਉਸ ਦੀ ਕਿਤਾਬ 'ਕੋਨੇ ਦਾ ਸੂਰਜ' ਬਾਰੇ ਸਾਡੇ ਦੋਸਤ ਤੇ ਸ਼ਾਇਰ-ਨਾਟਕਕਾਰ ਸੰਤੋਖ ਸਿੰਘ ਸ਼ਹਿਰਯਾਰ ਨੇ ਕਿਹਾ ਸੀ, 'ਮੋਹਨਜੀਤ ਦੀ ਕਵਿਤਾ ਨੂੰ ਇਸ ਕਥਾ (ਕੋਨਾਰਕ ਮੰਦਰ ਦੇ ਨਿਰਮਾਣ ਦੀ ਕਥਾ) ਵਿੱਚ ਉਹ ਜ਼ਮੀਨ ਮਿਲਦੀ ਹੈ, ਜਿੱਥੇ ਉਹ ਹੱਸਦਾ ਏ, ਨੱਚਦਾ ਏ, ਗਾਉਂਦਾ ਏ ਤੇ ਪੂਰੀ ਹਯਾਤੀ ਨੂੰ ਆਪਣੀ ਬੁੱਕਲ ਵਿੱਚ ਲਪੇਟ ਕੇ ਆਪਣੀ ਕਵਿਤਾ ਨੂੰ ਉਸ ਮੁਕਾਮ 'ਤੇ ਲੈ ਜਾਂਦਾ ਏ, ਜਿੱਥੇ ਉਸ ਨੇ ਪਹੁੰਚਣਾ ਸੀ।' ਇਸ ਕਿਤਾਬ ਦੇ ਅੰਤ ਵਿੱਚ ਉਸ ਨੇ ਕਲਾਕਾਰ ਦੀ ਹੋਣੀ ਨੂੰ ਏਦਾਂ ਚਿਤਵਿਆ:

ਪਰ ਉਹ ਕੀ ਹੈ ?
ਜੋ ਸਭ ਮਾਣ-ਸਨਮਾਨਾਂ ਦੇ ਹੁੰਦਿਆਂ ਵੀ ਨਹੀਂ ਹੁੰਦਾ ?
ਆਖਿਰ ਕੀ ਹੁੰਦਾ ਹੈ ?
ਕੀ ਦਰਦ ਦਾ ਰਿਸ਼ਤਾ ਹੈ ?
ਪੀੜ ਹੌਲੀ ਹੌਲੀ ਜੀਰਦੀ ਹੈ ਰੋਮ ਰੋਮ ਵਿੱਚ
ਕਪਾਲ ਤੋਂ ਲੈ ਕੇ ਪੈਰਾਂ ਦੇ ਨਖਾਂ ਤੀਕ
ਬੰਦਾ ਸੋਚਦਾ ਹੈ :
ਇਹੋ ਜ਼ਿੰਦਗੀ ਹੈ ?
ਇਸੇ ਲਈ ਜੂਝਿਆ ਹਾਂ ?
ਧਰਤ ਅੰਬਰ ਇੱਕ ਕੀਤੇ ?
ਗਾਹੇ ਅਸਗਾਹ ਸਾਗਰ ?
ਮਾਰੀਆਂ ਚੰਦ-ਸੂਰਜਾਂ ਨੂੰ ਸੈਨਤਾਂ ?

ਕੀ ਜ਼ਿੰਦਗੀ ਦਾ ਦੂਜਾ ਨਾਂ ਪੀੜਾ ਹੈ ?
ਕੀ ਸੰਘਰਸ਼ ਦਰਦ ਦੀ ਗਲੀ 'ਚੋਂ ਲੰਘਦਾ ਹੈ ?
ਜ਼ਰੂਰੀ ਨਹੀਂ, ਜੋ ਮਨ 'ਚ ਹੈ
ਮਿਲ ਹੀ ਜਾਏ
ਨਾ ਮਿਲੇ ਦਾ ਨਾਮ ਵੀ ਤਾਂ ਜ਼ਿੰਦਗੀ ਹੈ

ਉਸ ਨੇ ਕਰਮ, ਸਾਧਨਾਂ ਤੇ ਸੰਘਰਸ਼ ਦੀਆਂ ਜੂਹਾਂ ਗਾਹੀਆਂ ਤੇ ਲਿਖਿਆ, 'ਪੀੜਾ ਉਮਰ ਜੇਡੀ ਵੀ ਹੁੰਦੀ ਹੈ/ਦਰਦ ਭਾਵੀ ਬਣ ਜਾਂਦਾ/ਚੁੱਪ ਬਿਰਹਾ ਤੋਂ ਵਿਰਾਟ ਹੈ/ਵਿਅਥਾ ਸਾਗਰ ਤੋਂ ਡੂੰਘੀ/' ਸਾਧਨਾ ਤੇ ਸੰਘਰਸ਼ ਦੀਆਂ ਜੂਹਾਂ ਗਾਹੁਣ ਵਾਲਾ ਸ਼ਾਇਰ ਤੁਰ ਗਿਆ ਏ ਤੇ ਉਸ ਜਿਹਾ ਕਿਸੇ ਨੇ ਨਹੀਂ ਹੋਣਾ। ਉਸ ਨੇ ਪੰਜਾਬੀ ਕਵੀਆਂ ਤੇ ਪਾਠਕਾਂ ਦੇ ਦਿਲਾਂ ਵਿੱਚ ਬਹੁਤ ਨਿੱਘੇ ਆਲ੍ਹਣੇ ਪਾਏ ਹਨ ਅਤੇ ਉਸ ਨੇ ਬਹੁਤ ਯਾਦ ਆਉਣਾ ਏ।

# ਚਮਕੀਲਾ : ਦੋਗਲੇਪਣ ਦਾ ਸਟਾਰ ਤੇ ਸ਼ਿਕਾਰ

ਜਤਿੰਦਰ ਮਹੌਰ ਦੀ ਫ਼ਿਲਮ 'ਮੌੜ' ਤੋਂ ਬਾਅਦ ਇਮਤਿਆਜ਼ ਅਲੀ ਦੀ 'ਅਮਰ ਸਿੰਘ ਚਮਕੀਲਾ' ਸੋਸ਼ਲ ਮੀਡੀਆ 'ਤੇ ਛਾਈ ਰਹੀ ਹੈ। ਕਿਸੇ ਨਾਇਕ ਜਾਂ ਵਿਵਾਦਤ ਕਿਰਦਾਰ ਦੀ ਬਾਇਓਪਿੱਕ ਦਾ ਚਰਚਿਤ ਹੋਣਾ ਸੁਭਾਵਕ ਹੈ। ਜਿਉਣਾ ਮੌੜ ਪੰਜਾਬ ਦੀ ਨਾਬਰੀ ਦਾ ਕਿਰਦਾਰ ਹੈ, ਜਿਸ ਨੇ ਦਰਸ਼ਕ ਦੇ ਧੁਰ ਅੰਦਰਲੀਆਂ ਤਰਬਾਂ ਛੇੜੀਆਂ ਸਨ। ਸਾਡੇ ਸਾਹਾਂ 'ਚ ਸਮਾਈ ਨਾਬਰੀ ਨਵੇਂ ਯੁੱਗ ਦੇ ਨਾਕਾਬਲ-ਏ-ਬਰਦਾਸ਼ਤ ਹਾਲਾਤ ਨੇ ਦਬਾ ਦਿੱਤੀ ਹੈ।ਅਸੀਂ 'ਮੌੜ' ਵੇਖਦੇ ਹੋਏ ਨਾਬਰੀ ਦਾ ਜੀਵਨ ਜੀਣ ਦੀ ਤਮੰਨਾ ਪੂਰੀ ਕਰ ਰਹੇ ਸਾਂ।ਇਹ ਤਮੰਨਾ ਅਮਲ ਵਿੱਚ ਵੀ ਢਲ ਸਕਦੀ ਹੈ; ਜੇ ਨਾਬਰੀ ਸਮੂਹਿਕ ਕਰਮ ਬਣ ਜਾਵੇ। ਇਹ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਕਾਲੇ ਕਾਨੂੰਨਾਂ ਖ਼ਿਲਾਫ਼ ਲੜੇ ਕਿਸਾਨ ਅੰਦੋਲਨ 'ਚ ਏਦਾਂ ਹੀ ਹੋਇਆ ਸੀ। ਉਸ ਸੱਤਾ ਦੀ ਨੀਤੀ ਤੇ ਨੀਅਤ ਨਹੀਂ ਬਦਲੀ, ਇਤਿਹਾਸ ਦੀ ਕਨਸੋਅ ਦੱਸਦੀ ਹੈ।ਅਸੀਂ ਇਤਿਹਾਸ ਦੇ ਖ਼ਤਰਨਾਕ ਮੋੜ 'ਤੇ ਖੜ੍ਹੇ ਹਾਂ। ਇਸ ਕਨਸੋਅ ਦੀ ਹਾਕ ਸੁਣ ਰਹੇ ਹਾਂ ਜਾਂ ਅਣਸੁਣੀ ਹੀ ਰਹਿ ਜਾਵੇਗੀ; ਸਮਾਂ ਚੇਤਾਵਨੀ ਦੇ ਰਿਹਾ ਹੈ।

ਫ਼ਿਲਮਾਂ ਦੀ ਗੱਲ ਵਿੱਚ ਸਿਆਸਤ..? ਹਾਂ ਹੈ; ਤੇ ਇਸ ਵਿੱਚ ਹੋਰ ਵੀ ਬੜਾ ਕੁਝ ਆ ਸਕਦਾ ਹੈ।

ਅਮਰ ਸਿੰਘ ਚਮਕੀਲਾ ਜਿਸਮਾਨੀ ਭੁੱਖ ਦੀਆਂ ਅਤ੍ਰਿਪਤ ਭਾਵਨਾਵਾਂ ਦੀ ਕਮਜ਼ੋਰੀ ਤ੍ਰਿਪਤ ਕਰਦਾ ਗਾਇਕ ਸੀ। ਉਹਦੇ ਮਾਨਵ ਦੀ ਕੁਦਰਤੀ, ਪਰ ਸਮਾਜੀ ਜੀਵਨ ਦੀ ਵਿਵਰਜਿਤ ਭੁੱਖ ਜਗਾਉਂਦੇ ਸਨ ਤੇ ਉਸ ਦਾ ਕਥਾਰਸਿਸ ਪਰਵਾਰਾਂ ਤੋਂ ਬਾਹਰ, ਟਰੱਕਾਂ ਜਾਂ ਬਹਿਕ ਦੀਆਂ ਮੋਟਰਾਂ 'ਤੇ ਹੀ ਹੋਣਾ ਸੀ। ਉਹ ਸਪੀਕਰਾਂ ਦਾ ਜ਼ਮਾਨਾ ਸੀ ਤੇ ਕਾਲੇ ਤਵੇ ਘਰਾਂ ਵਿੱਚ ਹੀ ਵੱਜਣੇ ਸਨ। ਉਹ ਗੀਤ ਪੇਂਡੂ ਔਰਤਾਂ (ਸ਼ਹਿਰੀ ਨਾ ਸਹੀ) ਦੇ ਕੰਨੀਂ ਵੀ ਪੈਣੇ ਸਨ। ਇਮਤਿਆਜ਼ ਅਲੀ ਨੇ ਸਮਾਜੀ ਸੱਚ ਨੂੰ ਚੋਰੀ-ਚੋਰੀ ਸੁਣਦੀਆਂ ਕੁੜੀਆਂ ਦੀ ਕਸ਼ਿਸ਼ ਵਜੋਂ ਪੇਸ਼ ਕੀਤਾ ਹੈ।

ਉਸ ਵੇਲ਼ੇ 'ਗੰਦੇ ਗੀਤ' ਚਮਕੀਲਾ-ਅਮਰਜੀਤ ਜੋੜੀ ਤੱਕ ਸੀਮਤ ਨਹੀਂ ਸਨ। ਇਸ 'ਸੱਭਿਆਚਾਰਕ ਦੇਣ' ਵਿੱਚ ਸੁਰਿੰਦਰ ਛਿੰਦਾ, ਕਰਤਾਰ ਸਿੰਘ ਰਮਲਾ ਤੇ ਦੀਦਾਰ ਸੰਧੂ ਸਮੇਤ ਕਈ ਗਾਇਕ ਭਾਈਵਾਲ ਸਨ। ਸਾਡਾ 'ਕਲੀਆਂ ਦਾ ਬਾਦਸ਼ਾਹ' ਕੁਲਦੀਪ ਮਾਣਕ ਤੇ 'ਪੰਜਾਬ ਦੀ ਕੋਇਲ' ਸੁਰਿੰਦਰ ਕੌਰ ਵੀ ਬਰੀ ਨਹੀਂ ਹੈ। ਲੋਕ ਗੀਤਾਂ ਦੀ ਗਾਇਕਾ ਗੁਰਮੀਤ ਬਾਵਾ 'ਘੰਟੀ ਰੋਜ਼ ਰਾਤ ਨੂੰ ਖੜਕੇ' ਜਿਹੇ ਗੀਤ ਵੀ ਗਾ

**ਮਨ-ਮੰਚਨ**

**ਸ਼ਬਦੀਸ਼**

ਰਹੀ ਸੀ। ਇਸ ਨੂੰ ਅਖਾੜਾ ਕਲਚਰ ਦੇ ਖਾਤੇ ਪਾ ਦੇਣਾ ਸਰਲ ਤਰਕ-ਵਿਤਰਕ ਹੋਵੇਗਾ।

ਇਨ੍ਹਾਂ ਗਾਇਕ/ਗਾਇਕਾਵਾਂ ਦੀ ਸਭ ਕੁਝ ਗਾ ਕੇ ਵੀ ਵੱਖਰੀ ਪਛਾਣ ਬਰਕਰਾਰ ਰਹਿੰਦੀ ਹੈ। ਚਮਕੀਲਾ ਧਾਰਮਿਕ ਗੀਤ ਗਾ ਕੇ ਵੀ ਬਣ ਚੁੱਕੀ ਪਛਾਣ ਧੁੰਦਲੀ ਕਰਨ 'ਚ ਅਸਫ਼ਲ ਰਹਿੰਦਾ ਹੈ। ਇਹ ਪਛਾਣ ਹੀ ਕਤਲ ਦੀ ਵਜ੍ਹਾ ਬਣਦੀ ਹੈ, ਹਾਲਾਂਕਿ ਧਾਰਮਿਕ ਗੀਤ ਵਪਾਰਕ ਪੱਖ ਤੋਂ 'ਗੰਦੇ ਗੀਤਾਂ' ਨੂੰ ਵੀ ਪਛਾੜ ਗਏ ਸਨ। ਘਰਾਂ ਤੋਂ ਬਾਹਰ ਦਾ ਗਾਇਕ ਗੁਰਦੁਆਰਿਆਂ 'ਚ ਵੱਜਣ ਲੱਗਿਆ ਸੀ। ਉਸ ਦੀ ਪ੍ਰਤਿਭਾ ਸਾਹਮਣੇ ਦਹਿਸ਼ਤਗਰਦਾਂ ਦੀਆਂ ਧਮਕੀਆਂ ਬੇਅਸਰ ਹੋ ਜਾਂਦੀਆਂ ਹਨ। ਉਹਦੀ ਵਿਸਫੋਟਕ ਪ੍ਰਤਿਭਾ ਮਰ ਕੇ ਵੀ ਮਰੀ ਨਹੀਂ।

ਅਮਰ ਸਿੰਘ ਚਮਕੀਲਾ ਦੀ ਪ੍ਰਤਿਭਾ 'ਸਤਿਅਮ-ਸ਼ਿਵਮ-ਸੁੰਦਰਮ' ਦੇ ਅਸੂਲਾਂ 'ਤੇ ਖਰੀ ਨਹੀਂ ਉਤਰਦੀ। ਉਹਦੇ ਵਿੱਚ ਸੱਚ (ਸਤਿਅਮ) ਹੈ, ਕਲਾਤਮਕ ਪੇਸ਼ਕਾਰੀ (ਸੁੰਦਰਮ) ਹੈ, ਪਰ ਲੋਕ ਕਲਿਆਣ (ਸ਼ਿਵਮ) ਦੀ ਭਾਵਨਾ ਨਹੀਂ ਹੈ। ਅਸ਼ਲੀਲਤਾ ਦਾ ਇਲਜ਼ਾਮ 'ਹੋਰ ਗਾਇਕ ਵੀ ਤਾਂ ਗਾਉਂਦੇ ਸਨ' ਆਖ ਕੇ ਧੋਇਆ ਨਹੀਂ ਕੀਤਾ ਜਾ ਸਕਦਾ। ਇਮਤਿਆਜ਼ ਅਲੀ ਦੀ ਫ਼ਿਲਮ ਵੀ ਉਸ ਨੂੰ ਬਰੀ ਨਹੀਂ ਕਰਦੀ। ਇਹ ਅਖਾੜਿਆਂ ਵਿੱਚ 'ਲੋਕਾਂ ਦੀ ਮੰਗ' ਦਾ ਕੁਦਰਤੀ ਜਾਲ ਬੁਣਦੀ ਹੈ। ਕਈ ਸਿਆਣੇ ਵੀ ਇਸ ਸੰਘਣੇ ਜਾਲ 'ਚ ਫਸ ਗਏ ਹਨ।

ਅਮਰ ਸਿੰਘ ਚਮਕੀਲਾ ਪ੍ਰਤਿਭਾ ਨੂੰ ਘਰ ਦੀ ਗਰੀਬੀ ਵਗਾਹ ਮਾਰਨ ਦਾ ਹੀਲਾ ਮੰਨਦਾ ਸੀ। ਇਹ ਥੁੜਾਂ ਮਾਰੇ ਦਲਿਤ ਨੌਜਵਾਨ ਦੀ ਸੁਭਾਵਕ ਭਟਕਣ ਸੀ।ਜੇ ਉਹ ਸਿਆਸੀ-ਸਮਾਜੀ ਤਬਦੀਲੀ ਦੇ ਵਿਚਾਰਾਂ ਦਾ ਕਾਇਲ ਹੁੰਦਾ, ਤਾਂ ਉਸ ਨੇ ਚਮਕੀਲਾ ਨਹੀਂ ਸੀ ਬਣਨਾ ਤੇ ਨਾ ਹੀ ਇਸ ਮੌਤੇ ਮਰਨਾ ਸੀ। ਉਹ ਖਲੋਤੇ ਵਕਤਾਂ 'ਚ ਜੀਅ ਰਿਹਾ ਹੈ। ਜਿਉਣਾ ਮੌੜ ਤੇ ਸੁੱਚਾ ਸੂਰਮਾ ਵੀ ਖਲੋਤੇ ਵਕਤਾਂ ਦੀ ਨਾਬਰੀ ਦੇ ਨਾਇਕ ਹਨ।

ਚਮਕੀਲਾ ਜਿਸ ਭੁੱਖ ਦੀ ਪੂਰਤੀ ਕਰਦਾ ਸੀ, ਉਸ ਭੁੱਖ ਦੇ ਹੁੰਦਿਆਂ ਕਦੇ ਵੀ ਮਰ ਨਹੀਂ ਸਕਦਾ। ਬੋਧਰਾਜ ਦੀ ਆਮਦ ਨੇ ਬਿਰਤੀ ਭੰਗ ਕਰ ਦਿੱਤੀ। ਫ਼ਿਰ ਉਸ ਨੇ ਅੰਬਰਦੀਪ ਸਿੰਘ ਦੀ 'ਜੋੜੀ' ਦਾ ਕਿੱਸਾ ਛੋਹ ਲਿਆ। ਇਹ ਦੋਵੇਂ ਇੱਕ ਹੀ ਖ਼ੋਜ 'ਤੇ ਆਧਾਰਤ ਫ਼ਿਲਮਾਂ ਹਨ। ਇਮਤਿਆਜ਼ ਅਲੀ ਕੋਲ ਖੋਜ ਆਧਾਰਤ ਫ਼ਿਲਮ ਬਣਾਏ ਜਾਣ ਦੇ ਕਾਨੂੰਨੀ ਅਧਿਕਾਰ ਸਨ। ਇਸ ਹੱਕ ਨੇ ਦਸਤਾਵੇਜ਼ੀ ਫ਼ਿਲਮ ਸੰਗ ਸਾਂਝ ਦੇ ਅੰਸ਼ ਬਖਸ਼ੇ ਹਨ। 'ਜੋੜੀ' ਫ਼ਿਲਮ ਦੀ ਟੀਮ ਕੋਲ ਖ਼ੋਜ ਵਰਤਣ ਦਾ ਹੱਕ ਨਹੀਂ ਸੀ। ਇਹ ਅਣਹੋਂਦ ਕਲਪਨਾ ਦੇ ਖੰਭ ਫੈਲਾਅ ਸਕਣ ਵਿੱਚ ਸਹਾਈ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸਮਕਾਲ

## ਸੁਰਤਿ : ਬਸੰਤ, 2024 ਪ੍ਰਥਮ ਅੰਕ

'ਸੁਰਤਿ' ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ ਮੈਟਰ ਅਤੇ ਦਿੱਖ ਪੱਖੋਂ ਹਲਚਲ ਪੈਦਾ ਕਰ ਰਿਹਾ ਹੈ। ਸੰਪਾਦਕੀ 'ਚ 'ਸੁਰਤਿ ਨਵ ਪੰਜਾਬ ਸਿਰਜਣ ਸੰਗਤ ਦੇ ਰੂਪ ਵਿੱਚ ਇਕ



ਧੜਕਦੇ ਪੰਜਾਬੀ ਸਮਾਜ ਦਾ ਸੁਪਨਾ ਸਾਕਾਰ ਹੁੰਦਾ ਵੇਖਣ ਲਈ ਉਤਸੁਕ ਹੈ।' ਜਿੰਦਰ ਵੱਲੋਂ ਲਿਖਿਆ 'ਸਨਕੀ ਬੁੜ੍ਹਾ-ਪ੍ਰੇਮ ਪ੍ਰਕਾਸ਼' ਸ਼ਬਦ ਚਿੱਤਰ ਤੇ ਗੁਰਬਚਨ ਨਾਲ ਡਾ. ਗੁਰਮੁਖ ਸਿੰਘ ਵੱਲੋਂ ਪਰਵਾਸ ਬਾਰੇ ਕੀਤੀਆਂ ਗੱਲਾਂ ਰੌਚਿਕ ਹਨ। ਸੁਰਜੀਤ ਪਾਤਰ, ਅਮਰਜੀਤ ਸਿੰਘ ਗਰੇਵਾਲ, ਵਰਿਆਮ ਸਿੰਘ ਸੰਧੂ, ਨਰਿੰਦਰ ਸਿੰਘ ਕਪੂਰ ਦੀ ਚਿੰਤਨੀ ਸੁਰ ਖਿੱਚ ਭਰਪੂਰ ਹੈ। ਬਲਦੇਵ ਸਿੰਘ ਸੜਕਨਾਮਾ (ਕੈਂਡਲ ਲਾਈਟ ਡਿਨਰ), ਪਰਗਟ ਸਿੰਘ ਸਤੌਜ (ਐਪੀਲੈਪਸੀ ਵਾਰਡ), ਜਤਿੰਦਰ ਸਿੰਘ ਹਾਂਸ (ਮਾਂ ਵਰਗੀ), ਇਲਿਆਸ ਘੁੰਮਣ (ਮੂੰਹ ਤਰਫ਼ ਕਾਅਬੇ ਦੇ), ਸ਼ਹਿਜ਼ਾਦ ਅਸਲਮ (ਮਿੱਟੀ ਦੇ ਭਾਂਢੇ), ਅੰਬਰੀ ਹੁਸੈਨੀ (ਅਵੱਲੇ ਨਸ਼ੇ), ਉਦੇ ਪ੍ਰਕਾਸ਼ (ਸੁਤੰਤਰਤਾ ਸੰਗਰਾਮੀ) ਕਹਾਣੀਆਂ ਨਵੀਂ ਕਥਾ ਦਾ ਮੁਹਾਂਦਰਾ ਘੜਨ ਵਾਲੀਆਂ ਹਨ। ਜਸਬੀਰ ਮੰਡ (ਚੁਰਾਸੀ ਲੱਖ ਯਾਦਾਂ) ਤੇ ਜਸਵੀਰ ਰਾਣਾ (70% ਪ੍ਰੇਮ-ਕਥਾ) ਦੋ ਨਾਵਲ ਅੰਸ਼ ਛਪੇ ਹਨ। ਅੰਬਰੀਸ਼ ਦਾ ਸਫ਼ਰਨਾਮਾ 'ਤੁਰਨਾ ਇਕ ਨਿੱਕੀ ਨਦੀ ਕਿਨਾਰੇ', ਸੁਖਪਾਲ 'ਛੁੱਟੜ-ਲਾਣਾ', ਪੂਨਮ 'ਪ੍ਰੀਤਲੜੀ ਪਰਿਵਾਰ ਦੀਆਂ ਧੀਆਂ' ਵੱਖਰੀ ਵਿਧਾ ਦਾ ਸੁਹਜ ਦਿੰਦੀਆਂ ਹਨ। ਜੰਗ ਬਹਾਦੁਰ ਗੋਇਲ 'ਦਾ ਇੰਗਲਿਸ਼ ਪੇਸ਼ੈਂਟ', ਤੇ ਡਾ. ਮਹਿਲ ਸਿੰਘ ਨੇ 'ਪੂਰਨਮਾਸ਼ੀ' ਤੇ ਨਿੱਠ ਕੇ ਲਿਖਿਆ ਹੈ। ਯਾਦਵਿੰਦਰ ਸਿੰਘ ਵੱਲੋਂ 'ਚੰਦਨ ਦੀ ਕਵਿਤਾ' ਤੇ ਡਾ. ਪਰਮਜੀਤ ਸਿੰਘ ਮੀਸ਼ਾ ਵੱਲੋਂ 'ਵੰਡ ਦੀ ਪੰਜਾਬੀ ਕਹਾਣੀ' ਬਾਰੇ ਖੋਜ ਭਰਪੂਰ ਲਿਖਤਾਂ ਹਨ। 'ਮੌਲਿਕਤਾ ਬਾਰੇ ਕੁਝ' ਤਹਿਤ ਅਸ਼ੋਕ ਵਾਜਪਾਈ, ਮ੍ਰਿਦੁਲਾ ਗਰਗ, ਸਤਪਾਲ ਭੀਖੀ, ਗੁਰਪ੍ਰੀਤ ਧੁੱਗਾ, ਡਾ. ਮਨਮੋਹਨ, ਡਾ. ਜੇ. ਬੀ. ਸੇਖੋਂ, ਪਰਮਜੀਤ ਢੀਂਗਰਾ ਦੇ ਵਿਚਾਰ ਹਨ। 'ਪਾਪੂਲਰ ਸੰਗੀਤ' 'ਤੇ ਪਰਮਜੀਤ ਸਿੰਘ ਜੱਜ , 'ਸਿਨੇਮਾ' 'ਤੇ ਦੀਪ ਜਗਦੀਪ ਸਿੰਘ ਤੇ 'ਪੰਜਾਬੀਆਂ ਦੇ ਨਾਇਕ' ਬਾਰੇ ਰਾਜਿੰਦਰ ਪਾਲ ਸਿੰਘ ਬਰਾੜ ਦੀਆਂ ਲਿਖਤਾਂ ਗੰਭੀਰ ਮੁੱਦੇ ਉਭਾਰਦੀਆਂ ਹਨ। ਹਰਜੀਤ ਅਟਵਾਲ, ਕੇਵਲ ਧਾਲੀਵਾਲ, ਬਲਬੀਰ ਮਾਧੋਪੁਰੀ, ਸਵਰਨਜੀਤ ਸਵੀ ਨੇ ਆਪਣੀ ਸਿਰਜਣਾ ਦੀ ਜ਼ਮੀਨ ਬਾਰੇ ਲਿਖਿਆ ਹੈ। ਹਰਮਹਿੰਦਰ ਚਹਿਲ ਨੇ ਆਪਣੇ ਰੋਮੀ ਬਾਰੇ ਤੇ ਬੂਟਾ ਸਿੰਘ ਚੌਹਾਨ ਨੇ ਮੋਹਣ ਧੋਬੀ ਬਾਰੇ ਲਿਖਿਆ ਹੈ। ਦੀਪ ਦੇਵਿੰਦਰ ਸਿੰਘ, ਨਕਸ਼ਦੀਪ ਪੰਜਕੋਹਾ, ਨਵਚੇਤਨ, ਪਾਲੀ ਭੁਪਿੰਦਰ ਸਿੰਘ, ਗੁਰਪ੍ਰੀਤ, ਨਿੰਦਰ ਘੁਗਿਆਣਵੀ, ਪਰਮਿੰਦਰ ਸੋਢੀ, ਪਰਮਜੀਤ ਸਿੰਘ ਢੀਂਗਰਾ, ਬਲਵਿੰਦਰ ਗਰੇਵਾਲ ਆਦਿ ਦੀਆਂ ਭਿੰਨ ਭਿੰਨ ਵਿਸ਼ਿਆ ਵਾਲੀਆਂ ਲਿਖਤਾਂ ਨਾਲ 'ਸੁਰਤਿ' ਅਮੀਰ ਹੁੰਦਾ ਹੈ। ਸੁਖਵਿੰਦਰ ਅੰਮ੍ਰਿਤ, ਗੁਰਭਜਨ ਗਿੱਲ, ਅਜਾਇਬ ਸਿੰਘ ਹੁੰਦਲ, ਸੁਰਿੰਦਰ ਸੀਰਤ, ਵਨੀਤਾ, ਪਾਲ ਕੌਰ, ਜਸਵੰਤ ਜ਼ਫ਼ਰ, ਡਾ. ਰਵਿੰਦਰ, ਜਸਵਿੰਦਰ, ਕੁਲਵਿੰਦਰ, ਵਿਜੇ ਵਿਵੇਕ, ਗੁਲ ਚੌਹਾਨ, ਜਗਦੀਪ ਸਿੱਧੂ, ਨਰਿੰਦਰਪਾਲ ਕੰਗ, ਵਾਹਿਦ, ਦਲਵੀਰ ਕੌਰ, ਅਜੈ ਤਨਵੀਰ, ਰਮਨ ਸੰਧੂ, ਕੁਲਜੀਤ ਜੰਜੂਆ, ਗੁਰਜੰਟ ਰਾਜੇਆਣਾ, ਜਸਪ੍ਰੀਤ ਬੈਂਸ, ਮਨਦੀਪ ਔਲਖ, ਸਿਮਰਨ ਅਕਸ, ਕਿਰਤ, ਤਾਹਿਰਾ ਸਰਾ, ਤਜਮੱਲ ਕਲੀਮ ਆਦਿ ਦੀਆਂ ਗ਼ਜ਼ਲਾਂ ਤੇ ਕਵਿਤਾਵਾਂ ਵੀ ਛਪੀਆ ਹਨ। ਪਰਚਾ ਆਰਟ ਪੇਪਰ ਤੇ ਖ਼ੂਬਸੂਰਤ ਦਿੱਖ ਨਾਲ ਛਪਿਆ ਹੈ। ਪਰਚੇ ਦੇ ਪੰਨੇ : 256, ਮੁੱਲ : 250 ਰੁਪਏ ਹੈ। ਸੰਪਰਕ ਪਤਾ : ਸੰਪਾਦਕ: ਗੁਰਬੀਰ ਸਿੰਘ ਬਰਾੜ, 113, ਕਬੀਰ ਪਾਰਕ, ਅੰਮ੍ਰਿਤਸਰ, ਮੁਬਾਇਲ : 98150-73801

## ਤਾਸਮਨ : ਅਪ੍ਰੈਲ-ਜੂਨ, 2024

ਇਸ ਅੰਕ ਵਿੱਚ ਅਜੈ ਤਨਵੀਰ ਦਾ ਜਾਵੇਦ ਅਖ਼ਤਰ ਬਾਰੇ ਅਲੇਖ 'ਜਾਦੂ ਨਗਰੀ ਦਾ ਜਾਦੂਗਰ' ਰੌਚਿਕ ਹੈ।



ਇਮਰੋਜ਼ ਬਾਰੇ ਵਿਸ਼ੇਸ਼ ਸਮੱਗਰੀ ਛਾਪੀ ਗਈ ਹੈ। ਮੱਖਣ ਮਾਨ ਵੱਲੋਂ ਕਾਲੀ ਦੇ ਸ਼ਬਦ ਚਿੱਤਰ ਦੀ ਦੂਜੀ ਕਿਸ਼ਤ ਛਪੀ ਹੈ। ਜਗਤਾਰਜੀਤ ਸਿੰਘ ਵੱਲੋਂ ਚਿੱਤਰਕਾਰ ਕਿਰਪਾਲ ਸਿੰਘ ਬਾਰੇ, ਰਮਨ ਮਿਸ਼ਰਾ ਵੱਲੋਂ ਰਾਹੀ ਮਾਸੂਮ ਰਜ਼ਾ ਬਾਰੇ, ਡਾ. ਸੁਰਜੀਤ ਵੱਲੋਂ ਲਾਲ ਸਿੰਘ ਦਿਲ ਬਾਰੇ ਲੇਖ ਛਪੇ ਹਨ। ਧਨਵੰਤ ਕੌਰ ਨੇ 'ਦ ਸੈਕਿੰਡ ਸੈਕਸ' , ਰਾਜਪਾਲ ਸਿੰਘ ਨੇ 'ਗਿਆਨ ਪ੍ਰਸਾਰ ਲਹਿਰ ਅਤੇ ਮੌਜੂਦਾ ਦੌਰ ਅਤੇ ਦੇਵ ਕੁਰਾਈਵਾਲਾ ਦਾ ਯਾਤਰਾ ਪ੍ਰਸੰਗ ਦੇ ਨਾਲ ਪ੍ਰਸਿੱਧ ਕਥਾਕਾਰ ਖ਼ਾਲਿਦ ਹੁਸੈਨ ਦੀ ਮੁਲਾਕਾਤ ਵੀ ਛਾਪੀ ਗਈ ਹੈ। ਰਜਨੀ ਗੰਧਾ (ਜਗਵਿੰਦਰ ਜੋਧਾ), ਪਾਸਕੂ (ਆਗਾਜ਼ਬੀਰ) ਤੇ ਅਜੰਤਾ ਵੱਲ ਜਾਂਦਿਆਂ (ਖ਼ਵਾਜਾ ਅਹਿਮਦ ਅੱਬਾਸ), ਲਾਲੀਪਾੱਪ (ਨਸੀਰ ਅਹਿਮਦ) ਚਾਰ ਕਹਾਣੀਆਂ ਤੋਂ ਇਲਾਵਾ 'ਸੁਰ ਵਾਹਗਿਉਂ ਪਾਰ ਦੀ' ਸਲੀਮ ਸ਼ਹਿਜ਼ਾਦ ਦੀਆਂ ਨਜ਼ਮਾਂ ਛਾਪੀਆਂ ਗਈਆਂ ਹਨ। ਇਸ ਅੰਕ ਦਾ ਵਿਸ਼ੇਸ਼ ਕਵੀ ਸੁਖਵਿੰਦਰ ਅੰਮ੍ਰਿਤ ਹੈ। ਕੰਵਲਜੀਤ ਭੁੱਲਰ, ਪ੍ਰਭਜੋਤ ਸੋਹੀ, ਬਲਕਾਰ ਔਲਖ, ਰਿਸ਼ੀ ਹਿਰਦੇਪਾਲ, ਸੁਰਿੰਦਰ ਗਿੱਲ ਜੈਪਾਲ, ਬਲਵੰਤ ਫਰਵਾਲ਼ੀ, ਕੰਵਰਜੀਤ ਸਿੰਘ ਸੰਧੂ, ਹਰਪਾਲ ਸੰਧਾਵਾਲੀਆ, ਮਨੀਸ਼ ਕੁਮਾਰ ਤੇ ਬਲਵਿੰਦਰ ਬੁਲਟ ਦੀਆਂ ਕਵਿਤਾਵਾਂ ਵੀ ਛਪੀਆਂ ਹਨ। ਅੰਤ ਵਿੱਚ ਕੁਝ ਪੁਸਤਕਾਂ ਦੀ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਪਰਚੇ ਦੇ ਪੰਨੇ : 248, ਮੁੱਲ : 150 ਰੁਪਏ ਹੈ। ਸੰਪਰਕ ਪਤਾ : ਸੰਪਾਦਕ: ਸਤਪਾਲ ਭੀਖੀ, ਐਮ. ਆਈ. ਜੀ. 590, ਫੇਜ਼-1, ਅਰਬਨ ਅਸਟੇਟ, ਪਟਿਆਲਾ, ਮੁਬਾਇਲ : 98761-55530

## ਆਪਣੀ ਆਵਾਜ਼ : ਅਪ੍ਰੈਲ, 2024

ਨਵੇਂ ਅੰਕ ਵਿੱਚ ਪਰਮਜੀਤ ਢੀਂਗਰਾ ਦੀ 'ਓਰਿਆਨਾ ਫਲਾਚੀ' ਅਹਿਮ ਲਿਖਤ ਹੈ। ਕਹਾਣੀ ਗਣੇਸ਼ (ਮਨਜੀਤ ਮਝੈਲ) ਦੀ ਛਪੀ ਹੈ।




ਗੁਰਮੀਤ ਕੜਿਆਲਵੀ, ਸਿਮਰਨਜੀਤ ਸਿੰਘ, ਪਰਵਿੰਦਰ ਗੋਗੀ, ਬਲਜਿੰਦਰ ਬੱਲ, ਸੰਜੀਵ ਸੈਣੀ, ਅਜੀਤਪਾਲ ਸਿੰਘ, ਸੁਰਜੀਤ, ਅਮਰਜੀਤ ਨਿੱਝਰ, ਦਾਦਰ ਪੰਡੋਰਵੀ, ਅੰਬਰੀਸ਼, , ਹਰਪ੍ਰੀਤ ਸੰਧੂ, ਡਾ. ਦੀਪਤੀ ਆਦਿ ਦੇ ਲੇਖ ਹਨ। ਨਵ ਸੰਗੀਤ ਸਿੰਘ, ਅਮਰਜੀਤ ਕੌਂਕੇ, ਸਵਰਨ ਕਵਿਤਾ, ਕਰਮਜੀਤ ਕੌਰ ਰਾਣਾ, ਹਰਪਾਲ ਸਿੰਘ ਨਾਗਰਾ, ਗੁਰਭਜਨ ਗਿੱਲ, ਅਮਰਪ੍ਰੀਤ ਸਿੰਘ ਝੀਤਾ, ਜੋਗੇ ਭੰਗਲ, ਮਨਜੀਤ ਕੌਰ ਧੀਮਾਨ, ਹਰਬੰਸ ਕੌਰ ਗਿੱਲ, ਗਗਨਦੀਪ ਕੌਰ ਧਾਲੀਵਾਲ, ਰਣਜੀਤ ਕਲੇਰ, ਸੁਰਿੰਦਰ ਢਿੱਲੋਂ, ਮੋਹਨ ਗਿੱਲ, ਮਲਕੀਤ ਜੌੜਾ, ਜਤਿੰਦਰ ਪਾਲ ਕੌਰ ਭਿੰਡਰ, ਜਸਵੰਤ ਗਿੱਲ, ਇਕਵਿੰਦਰ ਸਿੰਘ, ਕੁਲਵਿੰਦਰ ਚਾਵਲਾ, ਕਸ਼ਮੀਰੀ ਲਾਲ ਚਾਵਲਾ, ਬਲਜੀਤ ਪਾਲ ਸਿੰਘ, ਅਰਤਿੰਦਰ ਸੰਧੂ, ਜੋਤੀ ਜੌਹਲ ਬੈਂਸ, ਲਖਵਿੰਦਰ ਸਿੰਘ ਬਾਜਵਾ, ਸੁਹਿੰਦਰ ਬੀਰ ਦੀਆਂ ਕਵਿਤਾਵਾਂ ਤੋਂ ਇਲਾਵਾ ਕੁਝ ਮਿੰਨੀ ਕਹਾਣੀਆਂ ਵੀ ਛਪੀਆਂ ਹਨ। ਪਰਚੇ ਦੇ ਪੰਨੇ : 66, ਮੁੱਲ : 50 ਰੁਪਏ ਹੈ। ਸੰਪਰਕ ਪਤਾ : ਸੰਪਾਦਕ: ਲਖਵਿੰਦਰ ਸਿੰਘ ਜੌਹਲ, 20 ਪ੍ਰੋਫੈਸਰ ਕਲੋਨੀ, ਵਡਾਲਾ ਚੌਂਕ, ਜਲੰਧਰ, ਮੁਬਾਇਲ : 98725-49506

*- ਭਗਵੰਤ ਰਸੂਲਪੁਰੀ*

# ਪਾਠਕਾਂ ਦੇ ਝਰੋਖੇ 'ਚੋਂ

## 'ਖਾਲਸਾ ਸੋਇ ਨਿਰਧਨ ਕੋ ਪਾਲੈ'

14 ਅਪ੍ਰੈਲ ਦੇ 'ਐਤਵਾਰਤਾ' ਵਿੱਚ ਡਾ. ਸਵਰਾਜਬੀਰ ਦਾ ਖਾਲਸਾ ਪੰਥ ਦੀ ਸਾਜਨਾ, ਉਸ ਦੀ ਮਹੱਤਤਾ ਤੇ ਨਿਭਾਈ ਗਈ ਇਤਿਹਾਸਕ ਭੂਮਿਕਾ ਦਰਸਾਉਂਦਾ ਲੇਖ 'ਖਾਲਸਾ ਸੋਇ ਨਿਰਧਨ ਕੋ ਪਾਲੈ' ਪੜ੍ਹਿਆ। ਇਹ ਲੇਖ ਪੜ੍ਹ ਕੇ ਇੰਜ ਲੱਗਾ, ਜਿਵੇਂ ਖਾਲਸਾ ਸਿਰਜਣਾ ਬਾਰੇ ਕਈ ਕਿਤਾਬਾਂ ਪੜ੍ਹ ਲਈਆਂ ਹੋਣ। ਖਾਲਸੇ ਦੀ ਇਤਿਹਾਸ-ਮੁਖੀ ਸਿਰਜਣਾ ਦੇ ਸੰਬੰਧ ਵਿੱਚ ਲੇਖਕ ਨੇ ਗੁਰੂ ਨਾਨਕ ਦੇਵ ਤੋਂ ਲੈ ਕੇ ਭਗਤ ਸਿੰਘ ਦੇ ਸਾਥੀਆਂ ਦੀਆਂ ਲਹਿਰਾਂ ਤੱਕ ਦਾ ਬਾ-ਕਮਾਲ ਵਰਣਨ ਕੀਤਾ ਹੈ।

ਲੇਖ ਵਿੱਚ ਇੱਕ ਠੋਸ ਹਕੀਕਤ ਦਾ ਵਰਣਨ ਕਿ ਸਿੱਖ ਮਿਸਲਾਂ 'ਤੇ ਰਾਜਾਂ ਦਾ ਹੋਂਦ ਵਿੱਚ ਆਉਣਾ ਖ਼ਾਲਸੇ ਦੀ ਸਿਰਜਣਾ ਸਦਕਾ ਹੀ ਸੰਭਵ ਹੋਇਆ, ਬੜਾ ਮਹੱਤਵਪੂਰਨ ਹੈ। ਇਹ ਵੀ ਦੱਸਿਆ ਗਿਆ ਹੈ ਕਿ 18ਵੀਂ ਅਤੇ ਉਨ੍ਹੀਵੀਂ ਸਦੀ ਵਿੱਚ ਖਾਲਸਾ ਇੱਕ ਅਜਿਹੀ ਸ਼ਕਤੀ ਦੇ ਰੂਪ ਵਿੱਚ ਸਾਹਮਣੇ ਆਇਆ, ਜਿਸ ਦੀ ਅਗਵਾਈ ਪੰਜਾਬ ਦੇ ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਸਵੀਕਾਰ ਕੀਤੀ। ਇਸ ਨੂੰ ਪੰਜਾਬੀ ਸਮਾਜ ਦੀ ਏਕਾਮਈ, ਵੇਗਵਾਨ ਅਤੇ ਇਤਿਹਾਸਕ ਤਾਕਤ ਵਜੋਂ ਸਵੀਕਾਰਿਆ। ਇਸ ਏਕਾਮਈ ਵਰਤਾਰੇ ਨੇ ਇਹ ਸੱਚ ਸਾਬਤ ਕਰ ਦਿੱਤਾ ਕਿ ਕਿਸੇ ਵੀ ਖਿੱਤੇ ਦੇ ਲੋਕਾਂ ਨੂੰ ਇਤਿਹਾਸਕ ਤਾਕਤ ਬਣਾਉਣ ਲਈ ਉਨ੍ਹਾਂ ਵਿੱਚ ਏਕਤਾ ਬਣਾਉਣੀ ਲਾਜ਼ਮੀ ਹੁੰਦੀ ਹੈ।

ਡਾ. ਸਵਰਾਜਬੀਰ ਨੇ ਭਾਈ ਨੰਦ ਲਾਲ ਗੋਯਾ ਦੇ ਤਨਖਾਹਨਾਮੇ ਦੇ ਹਵਾਲੇ ਨਾਲ ਦੱਸਿਆ ਹੈ ਕਿ ਖਾਲਸੇ ਦਾ ਕਿਰਦਾਰ ਇਹੋ ਜਿਹਾ ਹੋਣਾ ਚਾਹੀਦਾ ਹੈ। ਅਰਥਾਤ ਖਾਲਸਾ ਉਹੋ ਹੀ ਹੈ, ਜੋ ਭਰਮ ਨੂੰ ਤਿਆਗਦਾ ਤੇ ਨਿਰਧਨਾ ਦਾ ਰਖਵਾਲਾ ਬਣਦਾ ਹੋਇਆ ਦੁਸ਼ਟਾਂ ਨਾਲ ਜੰਗ ਕਰਦਾ ਹੈ।

ਇਹ ਤੱਥ ਵੀ ਨੋਟ ਕਰਨਯੋਗ ਹੈ ਕਿ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਖਾਲਸਾ ਰਾਜ ਦੀ ਸਥਾਪਨਾ ਨਾਲ ਜਗੀਰਦਾਰੀ ਢਾਂਚੇ ਨੂੰ ਵੱਡੀ ਸੱਟ ਵੱਜੀ। ਇਸ ਤੋਂ ਬਾਅਦ ਖਾਲਸੇ ਦੀ ਤਾਕਤ ਸਿੱਖ ਮਿਸਲਾਂ ਦੇ ਰੂਪ ਵਿੱਚ ਸੰਗਠਿਤ ਹੋਈ, ਜਿਨ੍ਹਾ ਵਿੱਚ ਜਿੱਥੇ ਕਾਰੀਗਰ, ਵਪਾਰੀ ਤੇ ਦਲਿਤ ਜਾਤਾਂ ਤੇ ਜਮਾਤਾਂ ਇਤਿਹਾਸਕ ਤਾਕਤ ਬਣੀਆਂ, ਉੱਥੇ ਮੁੱਖ ਭੂਮਿਕਾ ਕਿਸਾਨੀ ਨੇ ਨਿਭਾਈ, ਜਿਸ ਦੇ ਨੁਮਾਇੰਦਿਆਂ ਨੂੰ ਸੱਤਾ ਵੀ ਮਿਲੀ, ਸਮਾਜਿਕ ਮਾਣ-ਸਨਮਾਨ ਵੀ। ਇਸ ਮਾਣ-ਸਨਮਾਨ ਨੇ ਕਈ ਵਾਰ ਜਾਤੀ ਅਭਿਮਾਨ ਵੀ ਉਭਾਰਿਆ, ਪਰ ਸਿੱਖ ਗੁਰੂਆਂ ਦਾ ਸਾਂਝੀਵਾਲਤਾ ਅਤੇ ਸਮਾਜਿਕ ਬਰਾਬਰੀ ਦਾ ਸੰਦੇਸ਼ ਮਿਸਲਾਂ ਨੂੰ ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਅਤੇ ਮੁਗਲ ਹਾਕਮਾਂ ਵਿਰੁੱਧ ਇਕੱਠੇ ਹੋ ਕੇ ਲੜਨ ਦਾ ਵਾਹਕ ਬਣਦਾ ਰਿਹਾ।

ਡਾ. ਸੁਰਜੀਤ ਸਿੰਘ ਭੱਟੀ, ਜਤਿੰਦਰ ਪੰਨੂੰ ਅਤੇ ਡਾ. ਸ਼ਿਆਮ ਸੁੰਦਰ ਦੀਪਤੀ ਦੇ ਲੇਖ ਵੀ 14 ਅਪ੍ਰੈਲ ਦੇ ਐਤਵਾਰਤਾ ਦਾ ਹਾਸਲ ਹਨ।

**—ਗਿਆਨ ਸੈਦਪੁਰੀ**

## ਕਿਲ੍ਹੇ ਬਨਾਮ ਵਾਰਾਂ

ਬੀਤੇ ਦਿਨੀਂ ਐਤਵਾਰਤਾ ਵਿੱਚ ਮਲਕੀਤ ਰਾਸੀ ਦਾ ਲਘੂ ਲੇਖ 'ਕਿਲ੍ਹੇ ਬਨਾਮ ਵਾਰਾਂ' ਪੜ੍ਹਿਆ। ਲੇਖ ਬਹੁਤ ਹੀ ਸ਼ਾਨਦਾਰ ਸੀ। ਲੇਖਕ ਨੇ ਹਾਕਮੀ ਜ਼ੁਲਮ ਅਤੇ ਜੁਝਾਰੂ ਯੋਧਿਆਂ ਦੀ ਤਬੀਅਤ, ਟੱਕਰ ਅਤੇ ਨਤੀਜਿਆਂ ਨੂੰ ਏਨੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ ਕਿ ਮਨ ਅਸ਼-ਅਸ਼ ਕਰ ਉੱਠਿਆ। ਲੇਖਕ ਮਲਕੀਤ ਰਾਸੀ ਵੱਲੋਂ ਇਸ ਲੇਖ ਨੂੰ ਏਨੀ ਰਸਮਈ ਅਤੇ ਪ੍ਰਤੀਕਮਈ ਸ਼ੈਲੀ ਵਿੱਚ ਲਿਖਿਆ ਹੈ ਕਿ ਪਾਠਕ ਲੇਖਕ ਦੇ ਆਸ਼ੇ ਨੂੰ ਵੀ ਅਸਾਨੀ ਨਾਲ ਸਮਝ ਲੈਂਦਾ ਹੈ ਅਤੇ ਸਾਹਿਤਕ ਰਸ ਦੀ ਭੁੱਖ ਦੀ ਤ੍ਰਿਪਤੀ ਵੀ ਕਰ ਲੈਂਦਾ ਹੈ। ਲੇਖਕ ਵੱਲੋਂ ਵਰਤੀ ਸ਼ਬਦਾਵਲੀ ਏਨੀ ਪ੍ਰਭਾਵਸ਼ਾਲੀ ਹੈ ਕਿ ਪਾਠਕ ਇਸ ਲੇਖ ਦੇ ਰਾਹੀਂ ਹੀ ਆਪਣੇ ਸ਼ਬਦ ਭੰਡਾਰ ਨੂੰ ਬਹੁਤ ਅਮੀਰ ਕਰ ਲੈਂਦਾ ਹੈ। ਇਸ ਕਿਸਮ ਦੇ ਵਿਸ਼ੇ ਅਤੇ ਉੱਤਮ ਸ਼ੈਲੀ ਦੇ ਲੇਖ ਪਾਠਕਾਂ ਸਨਮੁੱਖ ਕਰਕੇ ਅਦਾਰਾ ਨਵਾਂ ਜ਼ਮਾਨਾ ਆਪਣੀ ਪੰਜਾਬੀ ਸਾਹਿਤ ਪ੍ਰਤੀ ਪ੍ਰਤੀਬੱਧਤਾ ਅਤੇ ਪੰਜਾਬੀ ਜਨ-ਸਮੂਹ ਪ੍ਰਤੀ ਵਫ਼ਾਦਾਰੀ ਦੀ ਸ੍ਰੇਸ਼ਠ ਉਦਾਹਰਨ ਪੇਸ਼ ਕਰਦਾ ਹੈ। ਨਵਾਂ ਜ਼ਮਾਨਾ ਅਖ਼ਬਾਰ, ਐਤਵਾਰਤਾ ਰਸਾਲੇ ਅਤੇ ਸੰਪਾਦਕ ਇਸ ਲਈ ਸ਼ਲਾਘਾ ਦੇ ਪਾਤਰ ਹਨ ।

**- ਰੂਪ ਕਮਲ ਕੌਰ**

(2)

ਚੰਗੀ ਵਾਰਤਕ ਦਾ ਪਹਿਲਾ ਅਤੇ ਮੂਲ ਲੱਛਣ ਇਹ ਹੈ ਕਿ ਉਹ ਸਪੱਸ਼ਟ ਹੋਵੇ ਅਤੇ ਲੇਖਕ ਆਪਣੇ ਮੰਤਵ ਨੂੰ ਪੂਰੀ ਤਰ੍ਹਾਂ ਨਿਖਾਰ ਸਕੇ। 14 ਅਪ੍ਰੈਲ ਦੇ 'ਐਤਵਾਰਤਾ' ਵਿੱਚ ਛਪਿਆ ਮਲਕੀਤ ਰਾਸੀ ਦਾ ਮਿਡਲ 'ਕਿਲ੍ਹੇ ਬਨਾਮ ਵਾਰਾਂ' ਅਜਿਹਾ ਹੀ ਸਪੱਸ਼ਟ ਅਤੇ ਮੰਤਵ ਪੂਰਤੀ ਵਾਲਾ ਮਿਡਲ ਸੀ। ਸੰਖੇਪਤਾ ਇਸ ਮਿਡਲ ਦਾ ਮਿਆਰੀ ਗੁਣ ਸੀ। ਲੇਖਕ ਨੇ ਕਿਲ੍ਹਿਆਂ ਨੂੰ ਹਕੂਮਤੀ ਪ੍ਰਤੀਕ ਵਜੋਂ ਵਰਤ ਕੇ ਬਾਖੂਬੀ ਇਹ ਦਰਸਾਇਆ ਕਿ ਜ਼ਾਲਮ ਹਾਕਮ ਕਿਵੇਂ ਅਤੇ ਕਿਹੜੇ ਹਥਕੰਡੇ ਵਰਤ ਕੇ ਰਈਅਤ ਉੱਪਰ ਤਸ਼ੱਦਦ ਕਰਦੇ ਹਨ ਅਤੇ ਲੋਕ-ਪੀੜ ਨੂੰ ਨਿੱਜ-ਪੀੜ ਬਣਾਉਣ ਵਾਲੇ ਲੋਕ-ਨਾਇਕ ਕਿਵੇਂ ਅਤੇ ਕਿਹੜੀਆਂ ਵਿਧੀਆਂ ਨਾਲ ਉਹਨਾਂ ਦਾ ਟਾਕਰਾ ਕਰਦੇ ਹਨ। ਇਸ ਮਿਡਲ ਦਾ ਵਿਸ਼ਾ ਬਹੁਤ ਰੌਚਕ ਅਤੇ ਗਿਆਨਵਰਧਕ ਸੀ। ਵਾਰਤਕਕਾਰ ਵੱਲੋਂ ਵਰਤੇ ਗਏ ਸ਼ਬਦ ਬਹੁਤ ਢੁਕਵੇਂ, ਫੱਬਵੇਂ ਅ

ਤੇ ਅਰਥ ਭਰਪੂਰ ਸਨ । ਮੈਂ ਨਿਰੰਤਰ ਐਤਵਾਰਤਾ ਦਾ ਪਾਠਕ ਹਾਂ। ਐਤਵਾਰਤਾ ਦੀ ਵਿਸ਼ੇਸ਼ਤਾ ਹੀ ਇਹੀ ਹੈ ਕਿ ਇਸ ਅੰਦਰ ਛਪਣ ਵਾਲੀ ਹਫ਼ਤਾਵਾਰੀ ਸਮੱਗਰੀ ਗੁਣਵੱਤਾ ਪੱਖੋਂ ਉੱਚ ਪਾਇ ਦੀ ਹੁੰਦੀ ਹੈ। ਇਹ ਮਿਡਲ ਐਤਵਾਰਤਾ ਦੇ ਏਸੇ ਗੁਣਾਤਮਕ ਪੈਮਾਨੇ ਦਾ ਲਖਾਇਕ ਹੈ। ਇਸ ਮਿਡਲ ਵਿੱਚੋਂ ਲੇਖਕ ਦੀ ਗਿਆਨਵਾਨ ਅਤੇ ਨਿਸ਼ਠਾਵਾਨ ਲੇਖਕ ਬਿਰਤੀ 'ਤੇ ਅਮੀਰ ਸ਼ਬਦ ਭੰਡਾਰ, ਪ੍ਰਪੱਕ ਲੇਖਣੀ ਸ਼ੈਲੀ ਦੀ ਝਲਕ ਸਾਫ਼ ਨਜ਼ਰ ਆਉਂਦੀ ਹੈ।

**— ਮਨਜੀਤ ਸਿੰਘ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਕਾਰਲ ਮਾਰਕਸ ਅਦਭੁੱਤ ਗਾਥਾ : ਸੁਰਜਨ ਜ਼ੀਰਵੀ**

**ਕਸ਼ਮੀਰ ਗ੍ਰੇਟ ਲੇਕ ਟਰੈਕ-2 : ਦੇਵ ਕੁਰਾਈਵਾਲਾ**

**'ਕੁਇਨਜ਼ ਲੈਂਡ' : ਆਗਾਜ਼ਬੀਰ, (ਫੋਕਸ) : ਡਾ. ਜਸਵਿੰਦਰ ਕੌਰ ਬਿੰਦਰਾ**

**ਹੀਰਾ ਸਿੰਘ ਤੂਤ ਦੀਆਂ ਨਵੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

28-April-Sunday.qxd 4/27/2024 9:19 PM Page 3



*ਮਿੰਨੀ ਕਹਾਣੀ ਵਿਧਾ ਬਾਰੇ ਅਕਾਰ ਵਿਚ ਛੋਟੀ ਹੋਣ ਕਾਰਨ ਕਈ ਵਾਰ ਕਿਹਾ ਜਾਂਦਾ ਹੈ ਕਿ ਇਸ ਵਿਚ ਵਿਸ਼ਵੀਕਰਨ ਤੇ ਹੋਰ ਨਵੇਂ ਪ੍ਰਚਲਨਾਂ ਦਾ ਨਿਭਾਅ ਕਰਨਾ ਔਖਾ ਕਾਰਜ ਹੈ, ਪਰ ਇਹ ਸਭ ਲੇਖਕ ਦੀ ਸਮਰੱਥਾ 'ਤੇ ਨਿਰਭਰ ਕਰਦਾ ਹੈ। ਅਜੋਕੇ ਦੌਰ ਵਿਚ ਜਦੋਂ ਗਲੋਬਲ ਵਿਲੇਜ਼, ਮਸ਼ੀਨੀ ਬੁੱਧੀਮਾਨਤਾ ਆਦਿ ਦੀ ਗੱਲ ਚੱਲ ਰਹੀ ਹੈ ਤਾਂ ਅਜਿਹੇ ਸਾਰੇ ਨਵੇਂ ਵਰਤਾਰਿਆਂ ਨੂੰ ਮਿੰਨੀ ਕਹਾਣੀ ਦੇ ਕਲੇਵਰ ਵਿਚ ਮੰਗਤ ਕੁਲਜਿੰਦ ਨੇ ਸਮੇਟਿਆ ਹੈ।* **- ਜਗਦੀਸ਼ ਰਾਏ ਕੁਲਰੀਆਂ**

# ਮੰਗਤ ਕੁਲਜਿੰਦ ਦੀਆਂ ਨਵੀਂਆਂ ਮਿੰਨੀ ਕਹਾਣੀਆਂ

## ਘੁਣ

ਐਡਵਾਂਸ ਮਾਨਸਿਕ ਰੋਗ ਹਸਪਤਾਲ ਬਠਿੰਡਾ ਦੇ ਸਪੈਸ਼ਲ ਵਾਰਡ ਵਿੱਚ ਦਾਖਲ ਗਿਰਧਾਰੀ ਲਾਲ ਦੇ ਚਿਹਰੇ ਉਪਰ ਡਰ ਦੀਆਂ ਭਾਵਨਾਵਾਂ ਪ੍ਰਤੱਖ ਸਨ।

"ਬਾਈ ਜੀ ਤੁਸੀਂ ਤਾਂ ਕਦੇ ਮਨ 'ਤੇ ਏਨਾ ਬੋਝ ਪਾਇਆ ਨ੍ਹੀਂ ਸੀ, ਹੁਣ ਥੋਨੂੰ ਕੀ ਹੋ ਗਿਐ?" ਗੁੜਗਾਓਂ ਵਿਖੇ ਕਿਸੇ ਮਲਟੀਨੈਸ਼ਨਲ ਕੰਪਨੀ ਵਿੱਚ ਇੰਜੀਨੀਅਰ ਲੱਗਿਆ ਬੇਟਾ ਸੰਦੀਪ ਪਿਉ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਕੋਲ ਬੈਠਾ ਗਿਰਧਾਰੀ ਦਾ ਜਿਗਰੀ ਦੋਸਤ ਕਰਤਾਰਾ ਵੀ ਹੈਰਾਨ ਸੀ, "ਬੇਟਾ, ਇਹ ਤਾਂ ਸਾਰੀ ਉਮਰ ਰੱਬ ਤੋਂ ਵੀ ਨਹੀਂ ਡਰਿਆ।" ਕਹਿੰਦਾ ਰਿਹੈ, 'ਕਰਤਾਰਿਆ ਹੁਣ ਤਾਂ ਆਪਾਂ ਮੌਤ ਤੋਂ ਵੀ ਨਹੀਂ ਡਰਦੇ, ਜਦੋਂ ਮਰਜ਼ੀ ਆ ਜੇ, ਬੱਚੇ ਸਭ ਸੈੱਟ ਕਰ ਲੇ, ਆਪਾਂ ਜ਼ਿੰਦਗੀ ਤੋਂ ਬੜੇ ਸੰਤੁਸ਼ਟ ਹਾਂ।'

"ਚਾਚਾ ਜੀ ਮੈਨੂੰ ਤਾਂ ਆਪ ਕੁਝ ਸਮਝ ਨਹੀਂ ਆ ਰਿਹਾ ਕਿ ਇਹਨਾਂ ਨੂੰ ਹੋ ਕੀ ਗਿਆ ਹੈ? ਮੰਮੀ ਦੇ ਹੁੰਦਿਆਂ ਤੇ ਮੰਮੀ ਦੇ ਚਲੇ ਜਾਣ ਤੋਂ ਬਾਅਦ ਵੀ ਇਨ੍ਹਾਂ ਨੇ ਸਾਹਸੀ-ਯਾਤਰਾਵਾਂ 'ਤੇ ਜਾਣਾ ਨਹੀਂ ਛੱਡਿਆ- ਉਹ ਵੀ 'ਕੱਲਿਆਂ।"

"ਮੈਨੂੰ ਵੀ ਯਾਦ ਜਾਅ ਆਉਂਦੈ ਜਦੋਂ ਦਸ-ਕੁ ਮਹੀਨੇ ਪਹਿਲਾਂ ਹਿਮਾਲਿਆ ਦੇ ਟੂਰ 'ਤੇ ਤੁਰਿਆ ਸੀ, ਉਦੋਂ ਕਹਿੰਦਾ ਸੀ, ਭਰਾਵਾ ਇਸ ਵਾਰ ਮੈਂ ਸੱਤ ਕੁ ਹਜ਼ਾਰ ਫੁੱਟ ਦੀ ਉਚਾਈ 'ਤੇ ਕਿਸੇ ਝੀਲ ਕੋਲ ਪਹੁੰਚਣਾ ਹੈ, ਉਥੋਂ ਮੈਨੂੰ ਕੋਈ ਅੱਗੇ ਲੈ ਜਾਵੇਗਾ। 'ਕਿਤੇ ਚੱਕਰਾਂ 'ਚ ਨਾ ਪੈ ਜਈਂ' ਮੇਰੇ ਖਦਸ਼ਾ ਜ਼ਾਹਿਰ ਕਰਕੇ ਪੁੱਛਣ 'ਤੇ ਇੰਨਾ ਹੀ ਕਿਹਾ ਸੀ, ਯਾਰ ਟੈਸਟ-ਟੂਸਟ ਕਰਵਾਉਣੇ ਨੇ।"

ਉਦੋਂ ਹੀ ਸੰਦੀਪ ਦੇ ਮਨ ਵਿਚ ਖਿਲਰੀਆਂ ਕੜੀਆਂ ਜੁੜ ਚੱਲੀਆਂ ਕਿ ਨਵੇਂ ਲਿਆਂਦੇ ਲੈਪਟਾਪ ਬਾਰੇ ਡੈਡੀ ਜੀ ਕਹਿੰਦੇ ਸੀ ਕਿ ਮੈਂ ਹੁਣ ਵਿਗਿਆਨ ਦੀਆਂ ਨਵੀਆਂ ਖੋਜਾਂ ਨਾਲ ਅੱਪ-ਟੂ-ਡੇਟ ਹੁੰਦਾ ਰਹਿੰਦਾ ਹਾਂ। ਕਿਸੇ ਵੇਲੇ ਇਹ ਵੀ ਕਹਿੰਦੇ ਸੀ ਕਿ 'ਆਰਟੀਫੀਸ਼ੀਅਲ ਇੰਟੈਲੀਜੈਂਸੀ' ਦੇ ਨਵੇਂ ਆਏ ਟੂਲ 'ਲਾਈਫ 2 ਵੈਕ' ਵਿੱਚ ਮੇਰੀ ਬੜੀ ਦਿਲਚਸਪੀ ਹੈ।

"ਕਿਤੇ ਡੈਡੀ ਜੀ ਮੌਤ-ਤਾਰੀਖ ਦੇ ਚੱਕਰਾਂ 'ਚ ਤਾਂ ਨਹੀਂ ਪੈ'ਗੇ? ਪਰ ਇਹ ਸੰਭਵ ਨਹੀਂ ਲੱਗਦਾ, ਕਿਉਂਕਿ ਪਿਛਲੇ ਕਈ ਸਾਲਾਂ ਤੋਂ ਵਿਦਵਾਨ ਸਾਧਾਂ-ਸੰਤਾਂ ਦੇ ਪ੍ਰਵਚਨ ਸੁਣ-ਸੁਣ ਕੇ ਮੌਤ ਤੋਂ ਇਹ ਨਿਰਭੈਅ ਹੋ ਚੁੱਕੇ ਨੇ।"

"ਪੁੱਤਰਾ ਬੰਦਾ ਕਿੰਨਾ ਵੀ ਦਲੇਰ ਹੋ ਜੇ, ਮੌਤ ਨਾਲੋਂ ਮੌਤ ਦਾ ਡਰ ਕਦੇ ਨਾ ਕਦੇ ਢਾਹ ਹੀ ਲੈਂਦੈ।" ਇੰਨਾ ਸੁਣਦਿਆਂ ਹੀ ਗਿਰਧਾਰੀ ਦੀਆਂ ਅੱਖਾਂ ਦੀਆਂ ਪੁਤਲੀਆਂ ਫੈਲੀਆਂ ਤੇ ਸਾਹਮਣੇ ਲੱਗੇ ਕੈਲੰਡਰ ਵੱਲ ਵੇਂਹਦਿਆਂ ਉਹਦੇ ਮੂੰਹੋਂ ਨਿਕਲਿਆ, "ਓਏ ਸੰਦੀਪ, ਆਹ ਉਨੱਤੀ ਦਾ ਕੈਲੰਡਰ ਆ ਵੀ ਗਿਆ!"

"ਸਮਝ ਲਈਂ ਰਮਜ਼ ਸੰਦੀਪ, ਇਹਨੂੰ ਕੀ ਹੋਇਐ, ਜਦੋਂ ਇਹ ਟੂਰ ਤੋਂ ਵਾਪਸ ਆਇਆ ਸੀ ਮੈਨੂੰ ਇਸ ਨੇ ਬੜੇ ਉਤਸ਼ਾਹ ਨਾਲ ਦੱਸਿਆ ਸੀ, ਲੈ ਵੀ ਵੀਰ ਆਪਾਂ ਤਾਂ ਦੇ ਆਏ ਮੌਤ ਨੂੰ ਨਿਉਤਾ-ਜੁਲਾਈ 31,2029 ਉਦੋਂ ਮੈਂ ਤਾਂ ਗੱਲ ਹਾਸੇ 'ਚ ਪਾ ਲਈ, ਪਰ ਇਹਨੇ ਤਾਂ ਸਾਰਾ ਖਾਕਾ ਹੀ ਖਿੱਚ ਤਾ ਕਿ ਝੀਲ ਦੇ ਉਸ ਪਾਰ 'ਉਚ-ਤਕਨੀਕੀ ਡੈਥ ਡੇਟ ਅਸੈਸਿੰਗ ਲਬਾਰਟਰੀ' ਵਿੱਚ ਮੇਰੇ ਤਨ ਮਨ ਦੇ ਅਨੇਕਾਂ ਟੈਸਟ ਕੀਤੇ, ਮੇਰੇ ਭੂਤਕਾਲ, ਵਰਤਮਾਨ ਅਤੇ ਜ਼ਿੰਦਗੀ ਨਾਲ ਸੰਬੰਧਤ ਵਰਤਾਰਿਆਂ ਦੇ ਰਿਕਾਰਡ 'ਚੋਂ ਕਰੋੜਾਂ ਕਿਸਮ ਦਾ ਡਾਟਾ ਇਕੱਠਾ ਕਰ ਵਿਸ਼ਲੇਸ਼ਣ ਕੀਤਾ ਤੇ ਆਹ ਨਤੀਜਾ ਕੱਢ ਕੇ ਹੱਥ ਪਕੜਾ'ਤਾ ਅਤੇ ਨਾਲ ਹੀ ਜਾਣਕਾਰੀ ਦੇ ਤੀ ਬਈ ਸਾਡੀ ਇਸ ਲੈਬ ਦੇ ਤਜਰਬੇ ਭਾਵੇਂ ਅਜੇ ਮੁਢਲੇ ਦੌਰ ਦੇ ਹਨ, ਪਰ ਫਿਰ ਵੀ ਇਹਨਾਂ ਦਾ ਕਾਮਯਾਬੀ ਰੇਟ ਪਜੰਤਰ ਪਰਸੈਂਟ ਆ ਰਿਹਾ ਹੈ। ਤੇ ਬੱਸ ਇਹੀ ਘੁਣ ਲੱਗ ਗਿਆ ਇਹਦੇ ਦਿਮਾਗ ਨੂੰ।"

## ਆਵਾਜ਼

ਮੋਬਾਇਲ ਦੀ ਥਰਥਰਾਹਟ ਨੇ ਦਫਤਰ ਵਿੱਚ ਬੈਠੇ ਸੁਮਿਸਤ ਸੈਨ ਦਾ ਧਿਆਨ ਖਿੱਚਿਆ, ਗਲੇ ਦੇ ਸੁਪਰ ਸਪੈਸ਼ਲਿਸਟ ਡਾਕਟਰ ਚਿੰਗ ਸੂਨ ਦਾ ਸੁਨੇਹਾ ਸੀ, 'ਸਰ ਜੀ, ਓਪਰੇਸ਼ਨ ਕਾਮਯਾਬ ਰਿਹਾ ਹੈ। ਸਾਰੀਆਂ ਉਲਝਣਾਂ ਕੰਟਰੋਲ ਕਰਕੇ ਸਮਾਰਟ ਫੋਨ ਨਾਲ, ਇਸ ਨੂੰ ਰਿਮੋਟ ਰਾਹੀਂ ਜੋੜ ਦਿੱਤਾ ਹੈ-ਤੁਸੀਂ ਜਿੰਨੀ ਚਾਹੋ ਆਵਾਜ਼ ਉੱਚੀ-ਨੀਵੀਂ ਕਰ ਸਕਦੇ ਹੋ।' ਸੁਮਿਸਤ ਸੈਨ ਦੇ ਚਿਹਰੇ ਉਪਰ ਸੰਤੋਸ਼ ਝਲਕ ਰਿਹਾ ਸੀ। ਨਾਲ ਦੇ ਕੈਬਿਨ ਵਿਚ ਬੈਠੀ ਆਪਣੀ ਪਤਨੀ ਲੀਰਾ ਨੂੰ ਖੁਸ਼ੀ ਦਾ ਸੁਨੇਹਾ ਮੋਬਾਇਲ ਰਾਹੀਂ ਭੇਜਿਆ।

'ਬਹੁਤ ਵਧੀਆ! ਪ੍ਰਮਾਤਮਾ ਦਾ ਸ਼ੁਕਰ ਹੈ।' ਵਾਪਸ ਮੈਸੇਜ਼ ਵੀ ਆ ਗਿਆ ਸੀ।

ਦੇਸ਼ ਦੇ ਇੱਜ਼ਤਦਾਰ ਉਦਯੋਗਪਤੀਆਂ ਵਿੱਚੋਂ ਇਕ ਸੁਮਿਸਤ ਸੈਨ ਅਤੇ ਲੀਰਾ ਦੇ ਘਰ ਜਦ ਬੱਚੇ ਨੇ ਜਨਮ ਲਿਆ, ਉਸ ਦੀ ਪਹਿਲੀ ਰੋਣ ਦੀ ਆਵਾਜ਼ ਸੁਣ ਕੇ ਉਹਨਾਂ ਨੂੰ ਖਿਝ ਆਈ, ਕਿਉਂਕਿ ਉਹਨਾਂ ਨੂੰ ਉਹ ਲੋੜ ਤੋਂ ਵੱਧ ਉੱਚੀ ਲੱਗੀ। ਪਿਛਲੇ ਕਾਫ਼ੀ ਸਾਲਾਂ ਤੋਂ ਉਹ ਨਾ ਆਪ ਉੱਚੀ ਬੋਲੇ ਸਨ ਅਤੇ ਨਾ ਹੀ ਉੱਚੀ ਆਵਾਜ਼ ਸੁਣਨ ਦੇ ਆਦੀ ਸਨ। ਜਦੋਂ ਦੀ ਆਵਾਜ਼ ਦੀ ਦੁਨੀਆ 'ਚ ਕ੍ਰਾਂਤੀ ਆਈ ਹੈ, ਨਵੇਂ ਤੋਂ ਨਵੇਂ ਔਜ਼ਾਰ ਸਭ ਤੋਂ ਪਹਿਲਾਂ ਇਸ ਪਰਵਾਰ ਦੇ ਮੈਂਬਰਾਂ ਦੇ ਹੱਥ 'ਚ ਹੀ ਆਉਂਦੇ। ਸਿਰੇ ਦੀ ਉੱਚ-ਤਕਨੀਕ ਵਾਲੇ ਸਮਾਰਟ ਫੋਨ ਚੌਵੀ ਘੰਟੇ ਉਹਨਾਂ ਦੇ ਅੰਗ-ਸੰਗ ਸਨ। ਭੁੱਲ-ਭੁਲੇਖੇ ਹੀ ਕਦੇ ਇਕੋ ਕਮਰੇ ਵਿੱਚ ਇਕੱਠਿਆਂ ਬੈਠਿਆਂ ਉਹਨਾਂ ਦੀ ਗੱਲਬਾਤ ਜੀਭਾਂ ਦੀ ਬਜਾਇ ਉਂਗਲਾਂ ਨਾਲ ਹੀ ਹੁੰਦੀ ਸੀ। ਕਈ ਦਹਾਕਿਆਂ ਤੱਕ ਬਿਲਕੁੱਲ ਹੌਲੀ ਬੋਲਣ ਜਾਂ ਨਾ ਬੋਲਣ ਕਰਕੇ ਉਹਨਾਂ ਦੇ ਵੋਕਲ-ਤੰਤਰ ਦੇ ਤੰਤੂ ਸੁੰਗੜ ਗਏ ਅਤੇ ਸੁਰ ਤੰਤਰੀਆਂ 'ਚੋਂ ਨਿਕਲਦੀ ਆਵਾਜ਼ ਮਸਾਂ ਹੀ ਮੇਜ਼ ਦੁਆਲੇ ਬੈਠੇ ਲੋਕਾਂ ਨੂੰ ਸੁਣਾਈ ਦਿੰਦੀ।

ਬੱਚੇ ਦੀ ਸੇਵਾ-ਸੰਭਾਲ 'ਤੇ ਰੱਖੀਆਂ ਨਰਸਾਂ ਵੀ ਹਦਾਇਤਾਂ ਮੁਤਾਬਿਕ ਰੋਂਦੇ ਬੱਚੇ ਨੂੰ ਚੁੱਪ ਕਰਾਉਣ ਲਈ ਸਮਾਰਟ ਫੋਨ ਦੀਆਂ ਗ੍ਰਾਫਿਕਸ ਵਿਖਾਉਂਦੀਆਂ। ਬੱਚੇ ਦਾ ਖਾਣਾ-ਪੀਣਾ, ਹੱਗਣਾ-ਮੂਤਨਾ, ਸੌਣਾ-ਜਾਗਣਾ, ਰੋਣਾ ਅਤੇ ਵੱਡੇ ਹੁੰਦੇ ਦਾ ਪੜ੍ਹਨਾ-ਪੜ੍ਹਾਉਣਾ ਫੋਨ ਦੇ ਗ੍ਰਾਫਿਕਸ ਰਾਹੀਂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ। ਇਸੇ ਲਈ ਉਸ ਦੇ ਬੋਲਣ-ਤੰਤਰ ਦੇ ਤੰਤੂ ਸਕੂਲ ਜਾਣ ਵੇਲੇ ਤੱਕ ਉਸ ਦੀ ਵਧਦੀ ਉਮਰ ਦੇ ਬਰਾਬਰ ਕਾਰਜਸ਼ੀਲ ਨਾ ਹੋ ਸਕੇ। ਉਹਨਾਂ ਦੀ ਸ਼ਕਤੀ ਦਿਨੋ-ਦਿਨ ਮੱਧਮ ਪੈਂਦੀ ਗਈ।

ਬੱਚੇ ਦੀਆਂ ਸਰੀਰਕ ਕ੍ਰਿਆਵਾਂ, ਚਿਹਰੇ ਦੇ ਹਾਵਾਂ-ਭਾਵਾਂ ਨੇ ਮਾਂ-ਪਿਉ ਨੂੰ ਉਸ ਨੂੰ ਕੋਈ ਮਾਨਸਿਕ ਬਿਮਾਰੀ ਹੋਣ ਦਾ ਸ਼ੱਕ ਪਾ ਦਿੱਤਾ। ਦੇਸ਼ ਦੁਨੀਆ ਦੇ ਡਾਕਟਰ ਹਾਜ਼ਰ ਸਨ। 'ਹਾਈਟੈਕ ਡਾਇਗਨੌਸਟਿਕ ਅਤੇ ਟਰੀਟਮੈਂਟ ਸੈਂਟਰ' ਵਿੱਚ ਕੰਮ ਕਰਦੇ ਦੁਨੀਆ ਦੇ ਮੰਨੇ-ਪ੍ਰਮੰਨੇ ਗਲਾ ਸੁਪਰ ਸਪੈਸ਼ਲਿਸਟ ਡਾ. ਚਿੰਗ ਸੂਨ ਨੇ ਜਾਂਚ ਪੜਤਾਲ ਤੋਂ ਬਾਅਦ ਸੈਨ ਨੂੰ ਸੁਨੇਹਾ ਭੇਜਿਆ, 'ਬੱਚੇ ਦੇ ਵੋਕਲ ਕਾਰਡ ਦੀ ਲੋੜ ਮੁਤਾਬਿਕ ਵਰਤੋਂ ਨਾ ਹੋਣ ਕਰਕੇ ਉਸ ਦੇ ਕੰਮ ਦੀ ਗਤੀ ਬਹੁਤ ਹੀ ਧੀਮੀ ਹੋ ਗਈ ਹੈ। ਨਿਕਲਦੀ ਆਵਾਜ਼ ਦੀ ਸੁਰ ਵਧਾਉਣ ਲਈ ਕੇਵਲ ਇਕੋ ਹੀ ਹੱਲ ਹੈ ਕਿ ਉਸ ਦੇ ਵੋਕਲ ਸਿਸਟਮ ਵਿੱਚ ਨੈਨੋ-ਸਪੀਕਰ ਫਿੱਟ ਕਰ ਦਿੱਤਾ ਜਾਵੇ।'

## ਐਮਬਾਮਿੰਗ

"ਵੇ ਪੁੱਤ, ਪੈਸੇ ਜਿੰਨੇ ਮਰਜ਼ੀ ਲੱਗ ਜਾਣ, ਹੁਣੇ ਕਹਿ ਦਿੰਦੀ ਆਂ ਜਲੌਰੇ ਨੂੰ, ਤੈਨੂੰ ਦੇ ਦੇਵੇ, ਮੇਰਾ ਕੰਮ ਜ਼ਰੂਰ ਕਰਵਾ ਦੇ।"

"ਹਾਂ ਮਾਂਜੀ ਦੱਸੋ ਕਿਹੜਾ ਕੰਮ?"

"ਮੈਂ ਚਾਹੁੰਦੀ ਹਾਂ ਇਸ ਘਰ ਦੇ ਚਿਰਾਗ, ਮੇਰੇ ਪੋਤੇ ਦੇ ਮੈਂ ਮੱਥੇ ਲੱਗ ਕੇ ਮਰਾਂ, ਭਾਵੇਂ ਮੇਰਾ ਆਹ ਮਰੀਅਲ ਚਿਹਰਾ ਈ ਉਹਦੇ ਮੱਥੇ ਲੱਗ ਜੇ।"

"ਮਾਂ ਜੀ ਤੁਸੀਂ ਤਾਂ ਬਾਹਲਾ ਈ ਦਿਲ ਸਿਟੀ ਬੈਠਿਓਂ, ਦੇਖ ਲਿਉ ਰੱਬ ਥੋਨੂੰ ਪੋਤਾ ਦੇਣ ਤੋਂ ਬਾਦ ਈ ਲਿਜਾਊ।"

"ਪਰ ਪੁੱਤ ਮੇਰਾ ਇਹ ਕੰਮ ਜ਼ਰੂਰ ਉਸੇ ਤਰ੍ਹਾਂ ਕਰਾਦੇ ਜਿਵੇਂ ਕੱਲ੍ਹ ਤੂੰ ਜੁਵਾਕਾਂ ਨੂੰ ਦੱਸਿਐ।"

"ਕੱਲ!" ਕੁਝ ਸੋਚਦਿਆਂ ਉਸ ਕਿਹਾ, "ਅੱਛਾ, ਅੱਛਾ, ਉਹ ਤਾਂ ਮਾਂ ਜੀ ਆਪਣੇ ਬਾਹਰਲੇ ਗੁਵਾੜ ਰਹਿੰਦੇ ਬੰਜਰਾ ਆਲੇ ਸਰਦਾਰਾਂ ਦਾ ਮੁਖਤਿਆਰਾ ਗਿਆ ਸੀ ਕੈਨੇਡਾ, ਉਥੇ ਮਰ ਗਿਆ ਸੀ, ਪੱਚੀ ਦਿਨਾਂ ਬਾਅਦ ਕੱਲ੍ਹ ਉਹਦਾ ਇੱਥੇ ਲਿਆ ਕੇ ਸਸਕਾਰ ਕੀਤੈ, ਉਹਦਾ ਚਿਹਰਾ ਉਹੋ ਜਿਹਾ ਹੀ ਪਿਆ ਸੀ- ਸਾਇੰਸ ਦੀ ਕਮਾਲ...।"

ਅਸਲ ਵਿੱਚ ਪ੍ਰਤਿੰਨ ਕੌਰ ਸਰਦਾਰਨੀ ਸੈਂਕੜੇ ਕਿੱਲਿਆਂ ਦੀ ਮਾਲਕ ਪਿੰਡ ਦੀ ਚੌਧਰਾਨੀ ਸੀ। ਉਸ ਦਾ ਪਤੀ, ਪਤਾ ਨਹੀਂ ਕਿਉਂ, 40 ਸਾਲ ਪਹਿਲਾਂ ਸਾਧਾਂ ਨਾਲ ਰਲ ਕੇ ਘਰ-ਬਾਰ ਛੱਡ ਚਲਾ ਗਿਆ ਤੇ ਮੁੜ ਉਹਦਾ ਪਤਾ ਹੀ ਨਹੀਂ ਲੱਗਿਆ ਕਿੱਥੇ ਮਰ-ਖਪ ਗਿਆ, ਕੋਈ ਉੱਘ-ਸੁੱਘ ਹੀ ਨਹੀਂ ਨਿਕਲੀ। ਆਪਣੇ ਦੋ ਬੱਚਿਆਂ ਅਤੇ ਸੱਸ ਨਾਲ ਰਹਿੰਦਿਆਂ ਪ੍ਰਤਿੰਨ ਕੌਰ ਨੇ ਬੱਚੇ ਪਾਲੇ ਤੇ ਘਰ ਨੂੰ ਵੀ ਸੰਭਾਲਿਆ। ਆਪਣੀ ਮਰਦੀ ਸੱਸ ਨੂੰ ਵਾਅਦਾ ਦੇ ਬੈਠੀ, "ਮੈਂ ਇਸ ਘਰ ਦੇ ਚਿਰਾਗ ਨੂੰ ਜਗਦਿਆਂ ਰੱਖ ਕੇ ਉਹਨੂੰ ਵੇਖ ਕੇ ਹੀ ਮਰਾਂਗੀ। ਪੁੱਤ ਜਲੌਰੇ ਦੇ ਘਰ ਔਲਾਦ ਨਹੀਂ ਸੀ ਹੋ ਰਹੀ। ਓਹੜ-ਪੋਹੜ, ਟੋਟਕੇ, ਜਾਦੂ-ਮੰਤਰ, ਪਾਠ-ਪੂਜਾ, ਡਾਕਟਰੀ ਇਲਾਜ ਸਭ ਕਰਾ ਲਿਆ । ਡਾਕਟਰਾਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਹੁਣ ਰੱਬ ਦਾ ਕੋਈ ਕ੍ਰਿਸ਼ਮਾ ਹੀ ਤੇਰੀ ਨੂੰਹ ਦੀ ਕੁੱਖ ਹਰੀ ਕਰ ਸਕਦੈ। ਰੱਬ 'ਤੇ ਡੋਰੀਆਂ ਸੁੱਟੀ ਬੈਠੀ ਦਾ ਸਰੀਰ ਦਿਨੋਂ-ਦਿਨ ਘਟਦਾ ਜਾ ਰਿਹਾ ਸੀ। ਜਦੋਂ ਕੱਲ੍ਹ ਸੀਰੀ ਦੀ ਕੁੜੀ ਮਿੰਦੋ ਨੇ ਆ ਕੇ ਸਰਦਾਰਨੀ ਨੂੰ ਦੱਸਿਆ ਤਾਂ ਉਸ ਨੇ ਮਾਸਟਰ ਮੋਹਨ ਨੂੰ ਕੁੜੀ ਹੱਥ ਸੁਨੇਹਾ ਭੇਜ ਕੇ ਘਰੇ ਸੱਦ ਲਿਆ।"

"ਮਾਂ ਜੀ, ਐਮਬਾਮਿੰਗ ਕੋਈ ਨਵੀਂ ਤਕਨੀਕ ਐ, ਜੀਹਦੇ ਨਾਲ ਬੰਦੇ ਦਾ ਸਾਰਾ ਖ਼ੂਨ ਕੱਢ ਕੇ ਉਸ ਵਿੱਚ ਕੈਮੀਕਲ ਭਰ ਦਿੰਦੇ ਨੇ, ਇਸ ਨਾਲ ਉਸ ਦਾ ਸਰੀਰ ਛੇਤੀ ਕੀਤਿਆਂ ਨਾ ਹੀ ਗਲੇ ਤੇ ਨਾ ਹੀ ਉਹਦੀ ਦਿੱਖ ਬਦਲੇ। ਕਾਫੀ ਸਮੇਂ ਤੱਕ ਸੁਰੱਖਿਅਤ ਰੱਖਿਆ ਜਾ ਸਕਦਾ ਹੈ।"

"ਬੱਸ ਇਹੀ ਤਾਂ ਪੁੱਤ ਮੈਂ ਕਹਿਨੀ ਆਂ, ਕਿਸੇ ਵੀ ਹਸਪਤਾਲ 'ਚ ਲੈ ਚੱਲ, ਮੇਰਾ ਸਾਰਾ ਖ਼ੂਨ ਕਢਵਾ ਕੇ ਦਵਾਈਆਂ ਭਰਵਾ ਦੇ, ਜਦੋਂ ਹੀ ਸਾਡੇ ਘਰ ਇਸ ਘਰ ਦਾ ਚਿਰਾਗ ਜਨਮ ਲਵੇ, ਮੇਰੇ 'ਚ ਖ਼ੂਨ ਪਾ ਕੇ ਮੈਨੂੰ ਮੇਰੇ ਖ਼ੂਨ ਦੇ ਮੱਥੇ ਲਿਵਾ ਦੀਂ ਤਾਂ ਕਿ ਮੈਂ ਮਰਦੀ ਸੱਸ ਨੂੰ ਦਿੱਤਾ ਬਚਨ ਪੁਗਾ ਸਕਾਂ।"

## ਵਾਸਤਾ

ਅਫ਼ਵਾਹ ਤਾਂ ਕਾਫੀ ਦਿਨਾਂ ਤੋਂ ਸੀ ਕਿ ਅਮਰੀਕਾ ਦਾ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਸਟੋਰ 'ਐਡਵਾਂਸ ਟੈਕਨਾਲੋਜੀ ਨੂੰ ਅਪਨਾ ਕੇ' ਨਵੇਂ ਯੁੱਗ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਅਜਿਹਾ ਸਾਫਟਵੇਅਰ ਤਿਆਰ ਕੀਤਾ ਜਾ ਰਿਹਾ ਹੈ, ਜਿਸ ਦੀ ਵਰਤੋਂ ਨਾਲ ਸਟੋਰਾਂ ਵਿੱਚ ਆਦਮ-ਸ਼ਕਤੀ ਨੂੰ ਸਿਫ਼ਰ ਪੱਧਰ 'ਤੇ ਲਿਆ ਕੇ ਕੰਮ ਦੀ ਰਫ਼ਤਾਰ ਅਤੇ ਗੁਣਵੱਤਾ ਨੂੰ ਵਧਾਇਆ ਜਾਵੇਗਾ। ਅਫ਼ਵਾਹ ਨੂੰ ਹਕੀਕਤ ਵਿੱਚ ਬਦਲਦਿਆਂ ਵੀ ਦੇਰ ਨਾ ਲੱਗੀ ਜਦੋਂ ਵਾਸ਼ਿੰਗਟਨ ਸ਼ਹਿਰ ਦੇ ਸਟੋਰ ਦੇ ਦਰਵਾਜ਼ੇ ਮੂਹਰੇ ਮੁਲਾਜ਼ਮਾਂ ਨੂੰ ਫਲੈਸ਼ ਹੋ ਰਿਹਾ ਬੋਰਡ ਦਿਖਾਈ ਦਿੱਤਾ, ਜਿਸ 'ਤੇ ਲਿਖਿਆ ਸੀ, 'ਸਾਨੂੰ ਖੇਦ ਹੈ ਕਿ ਅਸੀਂ ਤੁਹਾਡੀਆਂ ਸੇਵਾਵਾਂ ਕ੍ਰਿਸਮਿਸ ਤੋਂ ਬਾਅਦ ਨਹੀਂ ਲੈ ਸਕਾਂਗੇ, ਕਿਉਂਕਿ ਕੰਪਨੀ ਆਪਣੇ ਖਰਚੇ ਘਟਾਉਣ ਅਤੇ ਕੰਮਕਾਰ 'ਚ ਗੁਣਵੱਤਾ ਨੂੰ ਵਧਾਉਣ ਲਈ ਨਵੀਂ ਅਤੇ ਅਗੇਤੀ ਤਕਨਾਲੋਜੀ ਦਾ ਸਹਾਰਾ ਲੈ ਰਹੀ ਹੈ।'

ਕ੍ਰਿਸਮਿਸ ਤੋਂ ਬਾਅਦ ਹਰ ਇਕ ਦੇ ਮੋਬਾਈਲ ਉਪਰ ਸੁਨੇਹਾ ਆ ਚੁੱਕਿਆ ਸੀ, 'ਤੁਹਾਡਾ ਰਹਿੰਦਾ ਬਕਾਇਆ ਤੁਹਾਡੇ ਖਾਤੇ ਵਿੱਚ ਭੇਜਿਆ ਜਾ ਰਿਹਾ ਹੈ। ਸਾਨੂੰ ਅਤਿਅੰਤ ਦੁੱਖ ਹੈ ਕਿ ਕੱਲ੍ਹ ਤੋਂ ਤੁਹਾਡੀਆਂ ਸੇਵਾਵਾਂ ਦੀ ਇਸ ਸਟੋਰ ਨੂੰ ਜ਼ਰੂਰਤ ਨਹੀਂ।' ਮੁਲਾਜ਼ਮਾਂ ਨੂੰ ਮਹਿਸੂਸ ਤਾਂ ਬਹੁਤ ਹੋਇਆ ਕਿ ਬਹੁਤ ਹੀ ਲੰਬੇ ਸਮੇਂ ਤੋਂ ਤਨਦੇਹੀ ਨਾਲ ਦਿੱਤੀਆਂ ਸੇਵਾਵਾਂ ਦਾ ਕੰਪਨੀ ਨੇ ਇਹ ਮੁੱਲ ਪਾਇਆ? ਕੰਜਰ ਦਿਆਂ ਨੇ ਇਕ ਝਟਕੇ 'ਚ ਹੀ ਬੇਰੁਜ਼ਗਾਰ ਕਰ ਦਿੱਤਾ। ਕਰ ਵੀ ਕੀ ਸਕਦੇ ਸੀ, ਕਾਨੂੰਨ ਤਾਂ ਕੰਪਨੀ ਦੇ ਪੱਖ ਵਿੱਚ ਸੀ।

ਨਵੇਂ ਸਾਲ ਦੀ ਸ਼ੁਰੂਆਤ 'ਚ ਜਦ ਸਟੋਰ ਖੁੱਲ੍ਹਿਆ ਤਾਂ ਉਸ ਦੀ ਦਿੱਖ ਹੀ ਬਦਲ ਚੁੱਕੀ ਸੀ। ਖ਼ੀਦ ਕਰਨ ਆਏ ਲੋਕਾਂ ਨੇ ਘੁਸਰ-ਮੁਸਰ ਤਾਂ ਸੁਣੀ ਸੀ, ਪਰ ਬਹੁਤਾ ਧਿਆਨ ਦੇਣ ਲਈ ਕਿਸੇ ਕੋਲ ਸਮਾਂ ਹੀ ਨਹੀਂ ਸੀ। ਅੱਜ ਸਟੋਰ ਦੇ ਬੂਹੇ ਅੱਗੇ ਲੱਗੇ ਵਿਸ਼ਾਲ ਬੋਰਡ ਉਪਰ ਲਿਖਿਆ ਦਿਖਾਈ ਦੇ ਰਿਹਾ ਸੀ,

'ਨਵੀਂ ਦੁਨੀਆ ਵਿੱਚ ਤੁਹਾਡਾ ਸਵਾਗਤ ਹੈ।' ਨਾਲ ਹੀ ਹਦਾਇਤਾਂ ਸਨ ਕਿ ਸਟੋਰ 'ਚ ਵੜਨ ਤੋਂ ਪਹਿਲਾਂ ਆਪਣਾ ਖ਼ੀਦ-ਕਾਰਡ ਸਾਹਮਣੇ ਲੱਗੀ ਮਸ਼ੀਨ ਨੂੰ ਵਿਖਾਓ, ਆਪਣਾ ਫੋਨ ਨੰ. ਅਤੇ ਈਮੇਲ ਐਡਰੈਸ ਭਰੋ ਤਾਂ ਕਿ ਨਵੀਂ ਬਣਾਈ ਗਈ 'ਐਪ' ਨੂੰ ਤੁਹਾਡੇ ਮੋਬਾਈਲ 'ਤੇ ਅਪਲੋਡ ਕੀਤਾ ਜਾ ਸਕੇ। ਅੰਦਰ ਗਏ ਤਾਂ ਲੋਕ ਹੋਰ ਵੀ ਹੈਰਾਨ ਸਨ ਕਿ ਅੰਦਰ ਆਦਮੀ ਨਾਂਅ ਦਾ ਕੋਈ ਵੀ ਜੀਵ ਹਾਜ਼ਰ ਨਹੀਂ ਸੀ, ਕੇਵਲ ਚਾਰੇ ਪਾਸੇ ਹਦਾਇਤਾਂ ਹੀ ਫਲੈਸ਼ ਹੋ ਰਹੀਆਂ ਸਨ, 'ਕਿਸੇ ਵੀ ਸੈਲਫ ਤੋਂ ਕੋਈ ਵੀ ਸਾਮਾਨ ਲਓ, ਵੇਖੋ, ਪਸੰਦ ਹੈ ਤਾਂ ਆਪਣੇ ਕੋਲ ਫੜੀ ਟਰਾਲੀ ਵਿੱਚ ਰੱਖੋ, ਨਹੀਂ ਪਸੰਦ ਤਾਂ ਵਾਪਸ ਕਿਤੇ ਵੀ ਰੱਖ ਦਿਓ, ਖ਼ੀਦਦਾਰੀ ਕਰਕੇ ਬਾਹਰ ਨਿਕਲਣ ਵਾਲੇ ਗੇਟ ਦੇ ਪਹਿਲਾਂ ਬਣੇ ਕਮਰੇ ਵਿੱਚ ਜਾਓ, ਆਪਣਾ ਸਾਮਾਨ ਲਿਫਾਫਿਆਂ ਵਿੱਚ ਪਾਓ ਅਤੇ ਤੁਰ ਜਾਓ ਆਪਣੇ ਵਾਹਨ ਕੋਲ। ਬਿੱਲ ਕਟਵਾਉਣ ਦੀ ਕੋਈ ਜ਼ਰੂਰਤ ਨਹੀਂ। ਬਿੱਲ ਆਪਣੇ-ਆਪ ਤੁਹਾਡੇ ਘਰ ਆ ਜਾਵੇਗਾ। ਤੁਹਾਡੇ ਖਾਤੇ 'ਚੋਂ ਪੈਸੇ ਆਪਣੇ-ਆਪ ਕੱਟੇ ਜਾਣਗੇ। ਲੋਕਾਂ ਲਈ ਅਚੰਭਾ ਸੀ, ਖੁਸ਼ ਵੀ ਸਨ ਕਿ ਬਿੱਲ ਕਟਵਾਉਣ ਦੇ ਝੰਜਟ ਤੋਂ ਖਹਿੜਾ ਛੁੱਟਿਆ। ਕੁਝ ਲੋਕਾਂ ਨੂੰ ਵਧੀਆ ਲੱਗਿਆ, ਪਰ ਕੁਝ ਲੋਕਾਂ ਨੂੰ...........।

ਕੰਪਨੀ ਦੇ ਖਰਚੇ ਘਟ ਗਏ, ਮੁਨਾਫਾ ਵਧ ਗਿਆ। ਕੰਪਨੀ ਨੇ ਧੜਾਧੜ ਦੂਸਰੇ ਸ਼ਹਿਰਾਂ ਵਿੱਚ ਵੀ ਇਹ ਸਿਸਟਮ ਲਾਗੂ ਕਰ ਦਿੱਤਾ। ਕੁਝ ਮਹੀਨਿਆਂ ਬਾਅਦ ਹੀ ਕੰਪਨੀ ਦੀ ਸੇਲ ਵਿੱਚ ਘਾਟਾ ਦਰਜ ਹੋਣਾ ਸ਼ੁਰੂ ਹੋ ਗਿਆ। ਸਾਲ ਦੇ ਅਖੀਰ ਵਿੱਚ ਜਦ ਵਿਸ਼ਲੇਸ਼ਣ ਕੀਤਾ ਗਿਆ ਤਾਂ ਕੰਪਨੀ ਦਾ ਕੁਲ ਮੁਨਾਫਾ ਪਹਿਲੇ ਸਾਲਾਂ ਤੋਂ ਵੱਧ ਨਹੀਂ, ਬਲਕਿ ਘੱਟ ਸੀ, ਕਿਉਂਕਿ ਰੁਜ਼ਗਾਰ ਬੰਦਿਆਂ ਕੋਲ ਨਹੀਂ, ਮਸ਼ੀਨਾਂ ਕੋਲ ਸੀ ਤੇ ਮਸ਼ੀਨਾਂ ਦਾ ਭੁੱਖ ਨਾਲ ਕੀ ਵਾਸਤਾ?

ਸ.ਫ਼ਾ 4 ਦੀ ਬਾਕੀ

## ਚਮਕੀਲਾ : ਦੋਗਲੇਪਣ ਦਾ ਸਟਾਰ ਤੇ ਸ਼ਿਕਾਰ...

ਹੋਈ ਹੈ; ਤੇ ਇਮੋਸ਼ਨਜ਼ ਦੀ ਪਕੜ ਵਧ ਗਈ ਹੈ।

ਇਨ੍ਹਾਂ ਦੀ ਸਮੀਖਿਅਕ ਤੁਲਨਾ ਦੀ ਝੋਲ ਕਿਸੇ ਪਾਸੇ ਵੀ ਜਾਵੇ, ਇਹ ਦੋਵੇਂ ਸਿਨੇ ਇਤਿਹਾਸ ਦੀਆਂ ਕਾਬਲ-ਏ-ਗੌਰ ਫ਼ਿਲਮਾਂ ਬਣੀਆਂ ਰਹਿਣਗੀਆਂ। ਇਨ੍ਹਾਂ ਦੀ ਸਾਂਝੀ ਤੰਦ ਇੱਕੋ ਹੈ।ਇਨ੍ਹਾਂ ਨੇ ਪੰਜਾਬੀਆਂ ਦੇ ਦੋਹਰੇ ਕਿਰਦਾਰ ਤੋਂ ਪਰਦਾ ਉਠਾਇਆ ਹੈ। ਚਮਕੀਲਾ ਸਾਡੇ ਦੋਗਲੇਪਣ ਦਾ ਸਟਾਰ ਹੈ ਤੇ ਇਸੇ ਦਾ ਸ਼ਿਕਾਰ ਵੀ ਹੈ।

ਤੂੰ '...ਚਮਕੀਲਾ' ਫ਼ਿਲਮ ਵਿੱਚ ਮਨਜੀਤ ਕੌਰ ਔਲਖ ਦੇ ਲੋਕ ਗੀਤਾਂ ਵਾਲੇ ਸੀਨ ਨੂੰ ਕਿਵੇਂ ਵੇਖਦਾਂ..?

ਬੋਧਰਾਜ ਦਾ ਸਵਾਲ ਸਮਝ ਤੋਂ ਬਾਹਰਾ ਜਾਪਦਾ ਹੈ। ਉਹ ਥੋੜ੍ਹਾ ਇੰਤਜ਼ਾਰ ਕਰਨ ਬਾਅਦ ਖ਼ੁਦ ਜਵਾਬ ਦਿੰਦਾ ਹੈ, ਉਹ ਸੀਨ ਕਿਸੇ ਆਮ ਜਿਹੀ ਕਾਮਰੇਡ ਅਦਾਕਾਰਾ ਨੇ ਕੀਤਾ ਹੁੰਦਾ, ਤਾਂ ਪਤਾ ਨਹੀਂ ਕੀ ਵਾਪਰ ਸਕਦਾ ਸੀ..?

ਮੈਂ ਉਹਦੀ ਮੁਸਕਾਨ ਤੱਕਦਾ ਰਹਿੰਦਾ ਹਾਂ।

ਉਸ ਵਿਚਾਰੀ ਨਾਲ ਉਹੀ ਬੀਤਣੀ ਸੀ, ਜਿਹੜੀ ਚਮਕੀਲੇ ਦੀ ਪਹਿਲੀ ਪਤਨੀ ਦੀ ਭੂਮਿਕਾ ਨਿਭਾਅ ਰਹੀ ਕੁਲ ਸਿੱਧੂ ਨਾਲ ਵਾਪਰੀ ਹੈ।

ਇਹ ਕੁੜੀ ਕੱਲ੍ਹ ਤੱਕ ਬੜੇ ਮਾਣ ਨਾਲ ਦੀਪ ਸਿੱਧੂ ਨੂੰ ਆਪਣਾ ਭਰਾ ਦੱਸ ਰਹੀ ਸੀ। ਉਸ ਦੀ ਵਿਰਾਸਤ ਦੇ ਵਾਰਸ 'ਸ਼ਹੀਦ ਦੀ ਭੈਣ' ਪ੍ਰਤੀ ਕੀ ਨਜ਼ਰੀਆ ਰੱਖਦੀ ਹੈ; ਇਹਦੇ ਦਰਸ਼ਨ ਸੋਸ਼ਲ ਮੀਡੀਆ 'ਤੇ ਕੀਤੇ ਜਾ ਸਕਦੇ ਹਨ। ਮੈਨੂੰ ਫ਼ਿਲਮ ਦਾ ਪੂਰਾ ਸੀਨ ਚੇਤੇ ਆ ਰਿਹਾ ਸੀ, ਜਿਸ ਵੱਲ ਬੋਧਰਾਜ ਨੇ ਹੁਣੇ ਸੰਕੇਤ ਕੀਤਾ ਸੀ :

ਬੀਬੀ ਤੂੰ ਵੀ ਸੁਣਦੀ ਏਂ, ਉਸ ਦੇ ਗਾਣੇ..?<br>
ਹਾਂ, ਪਰ ਲੁਕ ਕੇ...ਬਹੁਤ ਸਾਰੇ ਕੰਮ ਲੁਕ ਕੇ ਹੀ ਕੀਤੇ ਜਾਂਦੇ ਨੇ।<br>
ਆਪਾਂ ਵੀ ਤਾਂ ਲੁਕ-ਲੁਕ ਕੇ ਇਹੋ-ਜਿਹੇ ਗੀਤ ਗਾਈਦੇ ਨੇ।<br>
ਇਸ ਤੋਂ ਅਗਾਂਹ ਪੰਜਾਬਣਾਂ ਦੇ ਗਿੱਧੇ ਦੀਆਂ ਬੋਲੀਆਂ ਹਨ :<br>
ਰਾਤੀਂ ਕੀ ਗੁਜ਼ਰੀ, ਦੱਸ ਪਤਲੋ ਦੇ ਯਾਰਾ..<br>
ਟੱਪ ਜਾ ਕੰਧ ਕੁੜੀਏ, ਜ਼ੋਰ ਲਾ ਕੇ ਪੱਟਾਂ ਦਾ ਸਾਰਾ<br>
ਮੁੰਡਾ ਤੇਰਾ ਤੇ ਮੜ੍ਹੰਗਾ ਪੈਂਦਾ ਮੇਰਾ, ਰਾਹੇ-ਰਾਹੇ ਜਾਣ ਵਾਲੀਏ..

ਬੋਧਰਾਜ ਦੀ ਮੁਸਕਾਨ ਮੇਰੀ ਮੱਤ ਦਾ ਜਾਇਜ਼ਾ ਲੈ ਰਹੀ ਸੀ, ਕੀ ਗਿੱਧੇ ਦੀਆਂ ਬੋਲੀਆਂ ਦੀ ਬਿਨਾਹ 'ਤੇ ਚਮਕੀਲੇ ਦੀ ਅਸ਼ਲੀਲਤਾ ਵਾਜਿਬ ਮੰਨੀ ਜਾ ਸਕਦੀ ਹੈ..?

ਮੈਂ 'ਨਾਂਹ' ਵਿੱਚ ਸਿਰ ਫੇਰਦਾ ਹਾਂ। ਉਹ ਗੱਲ ਖੋਲ੍ਹ ਕੇ ਕਰਨ ਦਾ ਇਸ਼ਾਰਾ ਕਰਦਾ ਹੈ।

ਔਰਤਾਂ ਦਾ ਗਿੱਧਾ ਸਪੀਕਰਾਂ 'ਤੇ ਵੱਜਦਾ ਰਿਕਾਰਡ ਨਹੀਂ ਹੁੰਦਾ। ਉਹ ਬੋਲੀਆਂ ਮਰਦਾਂ ਦੀ ਗੈਰਹਾਜ਼ਰੀ ਵਿੱਚ ਪੈਂਦੀਆਂ ਸਨ। ਉਹ ਬੀਤੇ ਵਕਤਾਂ ਵਿੱਚ ਚਰਖਾ ਕੱਤਦੀਆਂ ਕੁੜੀਆਂ-ਬੁੜ੍ਹੀਆਂ ਦਾ ਤ੍ਰਿੰਝਣ ਹੁੰਦਾ ਸੀ ਜਾਂ ਮਰਦਾਂ ਦੇ ਬਾਰਾਤ ਜਾਣ ਬਾਅਦ ਗਿੱਧੇ ਦਾ ਪਿੜ ਬੱਝਦਾ ਸੀ। ਉਹ ਬੋਲੀਆਂ ਪਾਉਣ ਤੋਂ ਪਹਿਲਾਂ ਪੱਕਾ ਕਰ ਲੈਂਦੀਆਂ ਸਨ ਕਿ ਕੋਈ ਛੋਟੀ ਉਮਰ ਦਾ ਬੱਚਾ ਵੀ ਨਾ ਸੁਣ ਰਿਹਾ ਹੋਵੇ। ਚਮਕੀਲੇ ਦੇ ਗੰਦੇ ਗੀਤ ਸ਼ਰੇਆਮ ਵੱਜਦੇ ਸਨ। ਇਹ ਵਪਾਰਕ ਧੰਦੇ ਦੇ ਗੀਤ ਹਨ। ਗਿੱਧੇ ਦੀਆਂ ਬੋਲੀਆਂ ਮਨ ਦੀ ਭੜਾਸ ਕੱਢਣ ਲਈ ਪੈਂਦੀਆਂ ਸਨ।

ਇਹ ਸਾਰੀ ਫ਼ਿਲਮ ਜਿਸ ਤਰਕ ਦੁਆਲੇ ਉਸਾਰੀ ਗਈ ਹੈ। ਸੋਸ਼ਲ ਮੀਡੀਆ ਦੇ ਭਲਵਾਨ ਕਾਣ ਪਛਾਣੇ ਬਿਨ ਸਿੰਗ ਫਸਾਈ ਬੈਠੇ ਹਨ। ਬੋਧਰਾਜ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਸੀ, ਕਈ ਤਾਂ ਸਮਝ ਲੈ, ਪੈਟਰੋਲ ਦਾ ਫੰਬਾ ਲੈ ਕੇ ਬੈਠੇ ਆ ਸਾਰੇ। ਤੇਰੇ-ਮੇਰੇ ਵਰਗੇ ਐਵੀਂ ਮੱਚੇ ਫਿਰਦੇ ਆ ਵਿਚਾਰੇ। ਬੋਧਰਾਜ ਕੁਝ ਜ਼ਿਆਦਾ ਹੀ ਤੱਤਾ ਹੋ ਗਿਆ ਸੀ।

ਫ਼ਿਰ ਆਪ ਹੀ ਪਰਦੇ ਦੇ ਓਹਲੇ ਹੋ ਗਿਆ, ਜਿਵੇਂ ਕੋਈ ਕਲਾਕਾਰ ਨਾਟਕ ਦਾ ਸੀਨ ਮੁਕਾ ਕੇ ਅਗਲੇ ਸੀਨ ਦੇ ਇੰਤਜ਼ਾਰ ਵਿੱਚ ਬੈਕ ਸਟੇਜ ਚਲਾ ਜਾਂਦਾ ਹੈ।

ਮੈਂ ਬੌਧਿਕਤਾ ਦਾ ਕਾਇਲ ਹਾਂ, ਪਰ ਲੀਹੋ ਲਹਿ ਲੱਥੀ ਤੇ ਤੱਤੀ ਬੌਧਿਕਤਾ ਦਾ ਹਾਮੀ ਨਹੀਂ ਹਾਂ। ਕਈ 'ਸਿਆਣੇ' ਇਸ ਸਦਾਚਾਰੀ ਆਦਰਸ਼ਵਾਦ 'ਤੇ ਹੱਸ ਸਕਦੇ ਹਨ।

'...ਚਮਕੀਲਾ' ਫ਼ਿਲਮ ਨੇ ਪੰਜਾਬੀ ਸਮਾਜ ਦੇ ਦੋਹਰੇ ਕਿਰਦਾਰ ਨੂੰ ਖੁੱਲ੍ਹ ਕੇ ਖੋਲ੍ਹਿਆ ਹੈ।ਇਹ ਵਿਸ਼ਵਵਿਆਪੀ ਵਰਤਾਰਾ ਹੈ, ਪਰ ਫਾਸਿਸਟਾਂ ਨੂੰ ਨਾਇਕ ਦੱਸਣ ਵਾਲੇ ਸਿੱਖ ਭਾਈਚਾਰੇ ਖ਼ਿਲਾਫ਼ ਸਾਜ਼ਿਸ਼ ਕਰਾਰ ਦੇ ਰਹੇ ਹਨ। ਕਈਆਂ ਦਾ ਕੂੜ-ਤੂਫ਼ਾਨ ਦੱਸਦਾ ਹੈ, ਕਾਮਰੇਡਾਂ ਨੂੰ ਚਮਕੀਲੇ ਦੇ ਰੂਪ ਵਿੱਚ ਨਵਾਂ ਨਾਇਕ ਮਿਲ ਗਿਆ ਹੈ।

ਗੱਲ ਕੀ, ਸੋਸ਼ਲ ਮੀਡੀਆ ਨੇ ਫ਼ਿਲਮ ਤੋਂ ਬਾਹਰੇ ਕਿਰਦਾਰਾਂ ਦਾ ਦੋਗਲਾਪਣ ਵੀ ਜ਼ਾਹਰ ਕਰ ਦਿੱਤਾ ਹੈ।

ਜਿਨ੍ਹਾਂ ਨੇ ਅੱਖਾਂ ਖੋਲ੍ਹ ਕੇ ਫ਼ਿਲਮ ਵੇਖੀ ਹੈ, ਉਹ ਸਮਝ ਸਕਦੇ ਹਨ; ਇਹ ਫ਼ਿਲਮ ਚਮਕੀਲੇ ਨੂੰ ਨਾਇਕ ਨਹੀਂ ਬਣਾ ਰਹੀ। ਇਹ ਸਾਡੇ ਦੋਗਲੇਪਣ ਨੂੰ ਦਰਸਾਅ ਰਹੀ ਹੈ। ਇਸ ਵਿੱਚ ਚਮਕੀਲੇ ਦਾ ਦੋਗਲਾਪਣ ਵੀ ਸ਼ਾਮਲ ਹੈ। ਉਹਦਾ ਕਿਰਦਾਰ ਥੁੜਾਂ ਮਾਰੇ ਬੰਦੇ ਦੀਆਂ ਚਾਹਤਾਂ ਦੀ ਝਲਕ ਦਿੰਦਾ ਹੈ। ਉਹ ਅਮਰਜੋਤ ਨਾਲ ਅਣ-ਵਿਆਹੇ ਹੋਣ ਦਾ ਝੂਠ ਬੋਲ ਕੇ ਵਪਾਰਕ ਫ਼ਰੇਬ ਕਰਦਾ ਹੈ, ਤਾਂ ਕਿ ਹਿੱਟ ਜੋੜੀ ਬਣੀ ਰਹਿ ਸਕੇ। ਉਸ ਦੇ ਕਤਲ ਕੇਸ ਦੀ ਪੜਤਾਲ ਕਰਨ ਵਾਲਾ ਡੀ ਐੱਸ ਪੀ ਮਰ ਚੁੱਕੇ ਅਸ਼ਲੀਲ ਗਾਇਕ ਦਾ ਬੇ-ਲਿਹਾਜ਼ ਵਿਰੋਧੀ ਜਾਪਦਾ ਹੈ, ਪਰ ਪੁਲਸ ਦੀ ਗੱਡੀ ਵਿੱਚ ਚਮਕੀਲੇ ਦੀਆਂ ਕੈਸਿਟਾਂ ਹਨ।ਉਸ ਦਾ ਬੱਚਾ ਵੀ ਕੈਸਿਟ ਲੁਕਾ ਕੇ ਪੜ੍ਹਨ ਦਾ ਡਰਾਮਾ ਕਰਦਾ ਹੈ। ਇਹ ਅਗਲੀ ਨਸਲ ਵੱਲੋਂ ਵੀ ਚਮਕੀਲਾ ਸੁਣਨ ਵੱਲ ਸੰਕੇਤ ਕਰਦਾ ਸੀਨ ਵੀ ਹੈ।

ਇਹ ਫ਼ਿਲਮ ਖ਼ੂਬਸੂਰਤ ਸੰਕੇਤਾਂ ਲਈ ਜਾਣੀ ਜਾਏਗੀ। ਇਹ ਇਮੋਸ਼ਨਜ਼ ਦੇ ਪੱਖ ਤੋਂ 'ਜੋੜੀ' ਦਾ ਬਦਲ ਨਹੀਂ ਹੈ, ਜਿਵੇਂ ਬੌਧਿਕਤਾ ਦੇ ਪੱਖ ਤੋਂ '..ਚਮਕੀਲਾ' ਅੱਗੇ ਚਲੇ ਗਈ ਹੈ। ਇਹ ਇਮੋਸ਼ਨਜ਼ ਨੂੰ ਛੇੜੇ ਬਿਨਾਂ ਦਰਸ਼ਕ ਨੂੰ ਬੰਨ੍ਹੀ ਰੱਖਣ ਵਾਲੀ ਸਕ੍ਰਿਪਟ ਲਈ ਵੀ ਜਾਣੀ ਜਾਏਗੀ। ਇਮਤਿਆਜ਼ ਅਲੀ ਨਸ਼ੇ ਤੇ ਹਿੰਸਾ ਦੀ ਹਾਜ਼ਰੀ ਵਿੱਚ ਵੀ ਇਨ੍ਹਾਂ ਦਾ ਪ੍ਰਮੋਟਰ ਨਹੀਂ ਹੈ; ਇਸ ਫ਼ਿਲਮ ਨੇ ਫ਼ਿਰ ਤੋਂ ਸਾਬਿਤ ਕੀਤਾ ਹੈ।

ਬੋਧਰਾਜ ਅਚਾਨਕ ਪਰਦੇ ਤੋਂ ਬਾਹਰ ਆ ਗਿਆ।

ਮੇਰਾ ਇੱਕ ਸਵਾਲ ਹੈ।

ਕਰ ਲੈ, ਪਰ ਮੈਂ ਜਵਾਬ ਦੇਣ ਲਈ ਪਾਬੰਦ ਨਹੀਂ ਹਾਂ।

ਜਿਸ ਸਾਜ਼ਿਸ਼ ਤਹਿਤ ਲੋਕ ਇਮਤਿਆਜ਼ ਅਲੀ ਦੀ ਫ਼ਿਲਮ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਰਹੇ ਹਨ, ਉਨ੍ਹਾਂ ਦੀ ਅਕਲ 'ਜੋੜੀ' ਵੇਲ਼ੇ ਸੁੱਤੀ ਕਿਉਂ ਪਈ ਸੀ..?

ਇਹ ਸਵਾਲ ਬੋਧਰਾਜ ਦਾ ਹੀ ਨਹੀਂ, ਮੇਰਾ ਵੀ ਹੈ। ਕਈ ਵਾਰ ਅਧੂਰੇ ਸਵਾਲ ਪੂਰੇ ਜਵਾਬ ਵੀ ਹੁੰਦੇ ਹਨ।

ਸ.ਫ਼ਾ 3 ਦੀ ਬਾਕੀ

## ਮਾਤ ਲੋਕੀ ਵਰਤਾਰਿਆਂ 'ਚ ਉਲਝੇ ਮਾਨਵ ਦੀ ਗਾਥਾ...

ਫਸਿਆ ਹੈ ਹਰੀਪਾਲ ਵਰਗਾ, ਜੋ ਸਾਵੀਂ ਪੱਧਰੀ ਜ਼ਿੰਦਗੀ ਜੀਊਣ ਦੀ ਹਾਮੀ ਭਰਦਾ ਹੈ, ਪਰ ਜੀਊ ਨਹੀਂ ਸਕਦਾ।

ਨਾਵਲ ਦੇ ਅੰਤਲੇ ਭਾਗ ਵਿੱਚ ਆ ਕੇ ਨਾਵਲਕਾਰ ਪੰਜਾਬ ਦੇ ਇੱਕ ਖਾਸ ਖਿੱਤੇ ਨੂੰ ਚਿਤਰਦਿਆਂ ਸਮੁੱਚੇ ਪੰਜਾਬ ਦੀ ਹੀ ਤਸਵੀਰ ਪੇਸ਼ ਕਰਦਾ ਨਜ਼ਰ ਆਉਂਦਾ ਹੈ। ਮਹਿਤਪੁਰ ਨੂੰ ਇੱਥੇ ਇੱਕ ਪਿੰਡ ਜਾਂ ਕਸਬੇ ਦੇ ਰੂਪ ਵਿੱਚ ਨਹੀਂ ਦੇਖਿਆ ਜਾ ਸਕਦਾ, ਸਗੋਂ ਉਹ ਸਾਡੇ ਪੇਂਡੂ ਵਰਤਾਰੇ ਦੀ ਸਮੁੱਚੀ ਤਸਵੀਰ ਹੀ ਬਣ ਰਹੀ ਹੈ। ਕੁਝ ਸਤਰਾਂ ਉਦਾਹਰਣ ਵਜੋਂ ਪੇਸ਼ ਹਨ:

"ਬੇਥਵ੍ਹੇ ਵਿਕਾਸ ਨਾਲ ਆਫ਼ਰੇ ਮਹਿਤਪੁਰ..."<br>
ਸ਼ਾਮਲਾਟੇ ਬੋਹੜ ਨਾ ਦਿਸਿਆ

ਇਹ ਬਿਰਤਾਂਤ ਸਿਰਜਣਾ ਪਹਿਲੀ ਨਜ਼ਰੇ ਪਾਠਕ ਨੂੰ ਨਾਵਲੀ ਵੱਥ 'ਤੇ ਭਾਰ ਜਾਪੇਗੀ, ਪਰ ਨਾਵਲਕਾਰ ਅਸਲ ਵਿੱਚ ਆਪਣੀ ਗੱਲ ਮੁਕੰਮਲ ਰੂਪ ਵਿੱਚ ਕਹਿਣੀ, ਸਮਝਾਉਣੀ ਅਤੇ ਮਨਾਉਣੀ ਵੀ ਚਾਹੁੰਦਾ ਹੈ ਕਿ ਜਿਸ ਤਰ੍ਹਾਂ ਦੇ ਪੰਜਾਬ ਦਾ ਨਕਸ਼ਾ ਅਸੀਂ ਕਿਆਸੀ ਬੈਠੇ ਹਾਂ, ਉਹ ਰਿਹਾ ਹੀ ਨਹੀਂ। ਅਫ਼ਰੇਵੇਂ ਵਾਲਾ ਵਿਕਾਸ, ਬੋਹੜਾਂ ਨੂੰ ਗਾਇਬ ਕਰਨਾ, ਖੇਤੀ ਕਿਸਾਨੀ ਨਾਲ ਜੁੜੇ ਘਰਾਂ ਵਿੱਚ ਵੀ ਆਪਣੀ ਵਰਤੋਂ ਲਈ ਦੁੱਧਾਰੂ ਪਸ਼ੂਆਂ ਦਾ ਨਾ ਹੋਣਾ, ਕਿਸੇ ਦਾ ਵੀਜ਼ਾ ਨਾ ਲੱਗਣ ਕਰਕੇ ਆਤਮ ਹੱਤਿਆ ਕਰਨਾ ਜਾਂ ਅਜਿਹਾ ਹੋਰ ਬਹੁਤ ਕੁਝ ਵਾਪਰਦਾ ਜਾ ਰਿਹਾ ਹੈ ਜਿਸ ਨਾਲ ਇਸ ਅਸਾਵੇਂ ਵਿਕਾਸ ਦਾ ਮਾਰੂ ਅਸਰ ਦੇਖਣ ਨੂੰ ਮਿਲ ਰਿਹਾ ਹੈ। ਹਰੀਪਾਲ ਦੀ ਭੈਣ ਰਮਨ ਤੇ ਉਸ ਦੇ ਪਤੀ ਸੁੱਖ ਨੇ ਆਪਣਾ ਸਕੂਲ ਖੋਲ੍ਹ ਕੇ ਵਧੀਆ ਕੰਮ ਚਲਾ ਲਿਆ ਸੀ, ਪਰ ਸੁੱਖ ਦੇ ਭਰਾ ਨੇ ਜ਼ਮੀਨ ਦੀ ਵੰਡ-ਵੰਡਾਈ ਦਾ ਅਜਿਹਾ ਰੱਫੜ ਪਾਇਆ ਕਿ ਸੁੱਖ ਦੇ ਠਾਣੇ ਜਾਂਦਿਆਂ ਹੀ ਉਨ੍ਹਾਂ ਦੇ ਪਿਉ ਦੀ ਮੌਤ ਹੋ ਜਾਂਦੀ ਹੈ। 18ਵੀਂ ਸਦੀ ਵਿੱਚ ਵਾਰਿਸ ਸ਼ਾਹ ਵੱਲੋਂ ਲਿਖੀ ਗੱਲ ਨੂੰ ਅਸੀਂ ਪੰਜਾਬੀ ਅੱਜ ਵੀ ਸਾਂਭੀ ਬੈਠੇ ਹਾਂ। ਇਸ ਸਾਰੇ ਬਿਰਤਾਂਤ ਨੂੰ ਸਿਰਜਦਿਆਂ ਜਸਵਿੰਦਰ ਇਹ ਗੱਲ ਪੱਕ ਕਰਦਾ ਜਾ ਰਿਹਾ ਹੈ ਕਿ ਦੁਨੀਆ ਦੇ ਕਿਸੇ ਇੱਕ ਖਿੱਤੇ ਵਿੱਚ ਹੀ ਨਹੀਂ, ਸਗੋਂ ਆਲਮੀ ਪੱਧਰ 'ਤੇ ਹੀ ਅਸੀਂ ਸਾਰੇ ਸਮਕਾਲੀ ਵਰਤਾਰਿਆਂ 'ਚ ਐਸ ਹੱਦ ਤੱਕ ਉਲਝਦੇ ਜਾ ਰਹੇ, ਉਲਝ ਚੁੱਕੇ ਹਾਂ ਕਿ ਜ਼ਿੰਦਗੀ ਜੀਊਣ ਦਾ ਮੁੱਢਲਾ ਸਬਕ ਹੀ ਭੁੱਲ ਬੈਠੇ ਹਾਂ। ਮਾਸਟਰ ਦਰਬਾਰਾ ਸਿੰਘ ਵਰਗਿਆਂ ਆਸਰੇ ਸਾਡਾ ਸਕੂਲ ਪ੍ਰਬੰਧ ਹੈ, ਜੋ ਸਕੂਲ ਤਾਂ ਵੜਦੇ ਨਹੀਂ, ਦੁਖੀ ਜਨਤਾ ਸੁਆਮੀਆਂ ਦੇ ਚੁੰਗਲ ਵਿੱਚ ਫਸਦੀ ਜਾ ਰਹੀ ਹੈ, ਸੁਆਮੀ, ਸੰਤ, ਬਾਬੇ ਆਦਿ ਦਿਨੋ-ਦਿਨ ਭੋਲੇ-ਭਾਲੇ ਲੋਕਾਂ ਨੂੰ ਲੁੱਟਦੇ ਜਾ ਰਹੇ ਹਨ। ਇਸ ਸਾਰੇ ਕੁਝ ਦੀ ਬਿਰਤਾਂਤਕਾਰੀ ਬਹੁਤ ਹੀ ਢੁਕਵੇਂ ਢੰਗ ਨਾਲ ਇਸ ਨਾਵਲ ਵਿੱਚ ਹੋਈ ਹੈ, ਹਰ ਮਨੁੱਖ ਕਿਸੇ ਨਾ ਕਿਸੇ ਵਰਤਾਰੇ ਵਿੱਚ ਉਲਝਦਾ ਜਾ ਰਿਹਾ ਹੈ, ਉਲਝਿਆ ਪਿਆ ਹੈ।

ਅਸੀਂ ਪਹਿਲੇ ਹਿੱਸੇ ਵਿੱਚ ਜ਼ਿਕਰ ਕੀਤਾ ਸੀ ਕਿ ਜਸਵਿੰਦਰ ਬਹੁ-ਵਿਧਾਈ ਲੇਖਕ ਹੈ ਅਤੇ ਉਸ ਦੀ ਵਿਲੱਖਣਤਾ ਵੀ ਇਹ ਹੈ ਕਿ ਉਹ ਹਰ ਤਰ੍ਹਾਂ ਦੇ ਸਾਹਿਤ ਰੂਪ ਨਾਲ ਹਰ ਪੱਧਰ 'ਤੇ ਨਿਭਦਾ ਆ ਰਿਹਾ ਹੈ। ਪਾਤਰਾਂ, ਘਟਨਾਵਾਂ ਦੀ ਚੋਣ, ਉਨ੍ਹਾਂ ਦੀ ਤਰਤੀਬ ਆਦਿ ਵਿੱਚ ਤਾਂ ਉਹ ਸਲੀਕਾ ਵਰਤਦਾ ਹੀ ਹੈ, ਪਰ ਇਸ ਨਾਵਲ 'ਚ ਕੁਝ ਸ਼ਬਦ ਅਜਿਹੇ ਹਨ ਜੋ ਸਾਨੂੰ ਪਹਿਲਾਂ ਕਿਸੇ ਹੋਰ ਗਲਪ ਰਚਨਾ ਵਿੱਚ ਵਰਤੇ ਨਹੀਂ ਮਿਲੇ। ਆਮ ਬੋਲਚਾਲ ਦੀ ਬੋਲੀ ਵਿੱਚ ਬਹੁਤੀ ਵਾਰ ਅਸੀਂ ਉਨ੍ਹਾਂ ਦੀ ਥਾਂ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਕਰਦੇ ਆ ਰਹੇ ਹਾਂ ਅਤੇ ਲਿਖਤ ਵਿੱਚ ਵੀ ਪਰ ਇਸ ਨਾਵਲ ਵਿੱਚ ਕੁਝ ਅਜਿਹੇ ਸ਼ਬਦ ਮਿਲਣਗੇ, ਜੋ ਨਿਰੋਲ ਪੰਜਾਬੀ ਸੁਭਾਅ ਦੇ ਅਨੁਸਾਰੀ ਹਨ, ਜਿਵੇਂ-

ਸਤਾਅ ਇੰਤਜ਼ਾਰ, ਧੱਕਾ ਸਾਥ, ਠੇਕਾ ਸ਼ਾਦੀ,<br>
ਮਹੈਣ, ਫੈਮਿਲੀ ਸੱਥ, ਮੌਤਾਂ ਦੇ ਛੰਡੇ<br>
ਲੋਕ, ਬੇੜ ਵਰਗੀ ਸੋਨੇ ਦੀ ਚੇਨ,<br>
ਪਟਾ ਟੁੱਟੇ ਪੀਟਰ ਇੰਜਣ ਵਾਂਗ ਸਪੀਡਾਂ<br>
ਛੱਡ ਭੱਜੇ, ਤੂੰ ਮੈਨੂੰ ਰਾਮੂੰ ਸਮਝਦਾਂ .... ਆਦਿ।

ਸਮੁੱਚੇ ਰੂਪ ਵਿੱਚ 'ਸੁਰਖ ਸਾਜ਼' ਸਾਡੇ ਸਮਿਆਂ ਦੀ ਉਹ ਰਚਨਾ ਹੈ, ਜਿਸ ਨੂੰ ਸਾਡੇ ਸਮਿਆਂ ਦੇ ਲੋਕ ਲੰਮੇ ਸਮੇਂ ਤੋਂ ਉਡੀਕ ਰਹੇ ਸੀ ਕਿ ਕੋਈ ਤਾਂ ਸਾਡੀ ਗੱਲ ਕਰੇ, ਨਹੀਂ ਤਾਂ ਆਪਣੇ ਮਨ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਟੱਕਰਦੇ ਆ ਰਹੇ ਸਨ।

**ਮੋਬਾ. 98721-73475**

ਆਖਰੀ ਸਫ਼ਾ ਦੀ ਬਾਕੀ

## ਕਸ਼ਮੀਰ ਗ੍ਰੇਟ ਲੇਕ ਟਰੈਕ...

ਜ਼ਿਆਦਾ ਠੰਢਾ ਸੀ ਕਿ ਅਸੀਂ ਚਾਹ ਕੇ ਵੀ ਉਸ ਵਿੱਚ ਆਪਣੇ ਪੂਰੇ ਹੱਥ ਨਹੀਂ ਡੁਬੋ ਸਕਦੇ ਸੀ, ਪਰ ਹੈਰਾਨੀ ਹੋਈ ਕਿ ਜਦ ਅਸੀਂ ਥੋੜ੍ਹੀ ਦੂਰ ਪਹਾੜ ਤੋਂ ਡਿੱਗਦੇ ਝਰਨੇ ਥੱਲੇ ਜ਼ਮੀਲਾ ਨੂੰ ਨਹਾਉਂਦੇ ਹੋਏ ਦੇਖਿਆ।ਜੋ ਕੁੜੀ ਥੋੜ੍ਹਾ ਸਮਾਂ ਪਹਿਲਾਂ ਬੇਹੋਸ਼ ਸੀ, ਉਹ ਸਭ ਤੋਂ ਵੱਧ ਇਸ ਕੁਦਰਤੀ ਨਜ਼ਾਰੇ ਦਾ ਆਨੰਦ ਲੈ ਰਹੀ ਸੀ।ਝੀਲ ਦੇ ਪਾਣੀ ਵਿੱਚ ਉੱਤੇ ਪੈਂਦੇ ਬੱਦਲਾਂ ਅਤੇ ਪਹਾੜਾਂ ਦੇ ਪਰਛਾਵੇਂ ਇਹਨੂੰ ਹੋਰ ਖ਼ੂਬਸੂਰਤ ਬਣਾ ਰਹੇ ਸਨ।ਦਿਨ ਢਲਣਾ ਸ਼ੁਰੂ ਹੋ ਗਿਆ ਸੀ ।ਅਸੀਂ ਕਾਫੀ ਉਚਾਈ 'ਤੇ ਸੀ, ਜਿਸ ਕਾਰਨ ਇੱਥੇ ਸਰਦੀ ਬਹੁਤ ਵਧ ਰਹੀ ਸੀ ।ਅਸੀਂ ਸਵੇਰੇ ਚੱਲਣ ਵੇਲੇ ਨਾ ਤਾਂ ਕੋਈ ਮੋਟੀ ਜੈਕਟ ਲੈ ਕੇ ਆਏ ਅਤੇ ਨਾ ਹੀ ਖਾਣ ਲਈ ਕੋਈ ਸਾਮਾਨ, ਅਸਲ 'ਚ ਸਾਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਝੀਲ ਤੱਕ ਪਹੁੰਚਣ ਲਈ ਏਨਾ ਸਮਾਂ ਲੱਗ ਜਾਵੇਗਾ।ਵਧਦੀ ਠੰਢ ਕਾਰਨ ਅਸੀਂ ਵਾਪਸ ਥੱਲੇ ਉਤਰਨਾ ਸ਼ੁਰੂ ਕਰ ਦਿੱਤਾ ।ਅਸੀਂ ਏਨੇ ਉੱਪਰ ਤੱਕ ਪਹੁੰਚ ਗਏ ਸੀ ਕਿ ਸਾਨੂੰ ਸਾਡੇ ਟੈਂਟ ਵੀ ਨਹੀਂ ਦਿਸ ਰਹੇ ਸਨ, ਜੋ ਥੱਲੇ ਪੱਧਰੇ ਮੈਦਾਨ ਵਿੱਚ ਲੱਗੇ ਹੋਏ ਸਨ।

ਸਵੇਰੇ ਅਸੀਂ ਘੋੜੇ ਵਾਲਿਆਂ ਕਾਰਨ ਪਰੇਸ਼ਾਨ ਸੀ, ਪਰ ਹੁਣ ਅਸੀਂ ਇਹ ਸੋਚ ਕੇ ਖ਼ੁਸ਼ ਹੋ ਰਹੇ ਸੀ ਕਿ ਜੇਕਰ ਸਾਮਾਨ ਨਾ ਟੁੱਟਦਾ, ਨਘੋੜਿਆਂ ਵਾਲੇ ਵਾਪਸ ਨਾ ਜਾਂਦੇ ਤਾਂ ਅਸੀਂ ਇਹ ਖ਼ੂਬਸੂਰਤ ਨਜ਼ਾਰਾ ਦੇਖਣ ਤੋਂ ਵਾਂਝੇ ਰਹਿ ਜਾਂਦੇ ।ਇਹ ਝੀਲ ਮੁੱਖ ਰਸਤੇ ਤੋਂ ਹਟ ਕੇ ਹੈ, ਉਚਾਈ ਵੀ ਕਾਫੀ ਹੈ ਤਾਂ ਗਾਇਡ ਟਰੈਕਰਾਂ ਨੂੰ ਥੱਲੇ ਖੜ੍ਹੇ ਹੀ ਦੱਸ ਦਿੰਦੇ ਹਨ ਕਿ ਉੱਪਰ ਇੱਕ ਝੀਲ ਹੈ, ਪਰ ਉਸ ਝੀਲ ਤੱਕ ਲੈ ਕੇ ਨਹੀਂ ਜਾਂਦੇ।ਝੀਲ ਤੱਕ ਪਹੁੰਚਣ ਲਈ ਇੱਕ ਦਿਨ ਵੱਧ ਲੱਗਦਾ, ਜਿਸ ਨਾਲ ਖਰਚਾ ਕਾਫੀ ਵਧ ਜਾਂਦਾ ਹੈ ।ਕੰਪਨੀਆਂ ਆਪਣਾ ਪੈਸਾ ਬਚਾਉਣ ਲਈ ਦੂਰ ਤੋਂ ਹੀ ਇਸ ਝੀਲ ਦਾ ਕੰਮ ਨਿਪਟਾ ਦਿੰਦੀਆਂ ਹਨ।

ਇਹ ਰਸਤਾ ਚੜ੍ਹਨ ਵੇਲੇ ਜਿੰਨਾ ਖ਼ਤਰਨਾਕ ਲੱਗ ਰਿਹਾ ਸੀ, ਉਤਰਨ ਵੇਲੇ ਉਸ ਤੋਂ ਵੀ ਜ਼ਿਆਦਾ ਡਰ ਲੱਗ ਰਿਹਾ ਸੀ।

ਮੈਂ ਅਤੇ ਮੇਰਾ ਦੋਸਤ ਅੰਮ੍ਰਿਤਪਾਲ ਸਿੰਘ ਘੁੱਦਾ ਜਿਸ ਰਸਤਿਓਂ ਆਏ ਸੀ, ਓਸੇ 'ਤੇ ਹੀ ਵਾਪਸ ਹੋ ਗਏ, ਪਰ ਇਜ਼ਰਾਇਲ ਵਾਲਿਆਂ ਨੇ ਉੱਤਰਨ ਵੇਲੇ ਨਵਾਂ ਰਸਤਾ ਚੁਣ ਲਿਆ, ਜੋ ਦੂਰ ਤੋਂ ਥੋੜ੍ਹਾ ਵਲ ਪਾ ਕੇ ਆਉਂਦਾ ਸੀ, ਪਰ ਸੁਰੱਖਿਅਤ ਸੀ।ਪੱਥਰਾਂ ਦੀਆਂ ਖੋੜਾਂ ਅਤੇ ਤਿਲਕਣ ਤੋਂ ਬਚਦੇ-ਬਚਾਉਂਦੇ ਅਸੀਂ ਥੱਲੇ ਆਪਣੇ ਟੈਂਟਾਂ ਕੋਲ ਪਹੁੰਚ ਚੁੱਕੇ ਸੀ ।ਜ਼ਮੀਲਾ ਅਤੇ ਉਹਨਾਂ ਦਾ ਦੂਜਾ ਗਰੁੱਪ ਸਾਡੇ ਤੋਂ ਕਾਫੀ ਲੇਟ ਥੱਲੇ ਪਹੁੰਚਿਆ।

ਥੱਲੇ ਆਉਂਦਿਆਂ ਹੀ ਜ਼ਮੀਲਾ ਨੇ ਸਭ ਤੋਂ ਪਹਿਲਾਂ ਆਪਣੇ ਬੁਆਏ ਫਰੈਂਡ ਨੂੰ ਮੇਰੇ ਬਾਰੇ ਦੱਸਿਆ ਕਿ ਮੈਂ ਅੱਜ ਕਿਸ ਤਰ੍ਹਾਂ ਉਹਦੀ ਮਦਦ ਕੀਤੀ।ਜ਼ਮੀਲਾ ਦਾ ਬੁਆਏ ਫਰੈਂਡ ਸਾਡੇ ਨਾਲ ਹੀ ਟਰੈਕ ਕਰ ਰਿਹਾ ਸੀ, ਪਰ ਅੱਜ ਨਿਚਨੇ ਝੀਲ 'ਤੇ ਨਹੀਂ ਗਿਆ ਸੀ।

ਦੋਵਾਂ ਨੇ ਸਾਡਾ ਧੰਨਵਾਦ ਕੀਤਾ। ਹੁਣ ਸਾਡੇ ਦੋਹਾਂ ਗਰੁੱਪਾਂ 'ਚ ਬਹੁਤ ਵਧੀਆ ਦੋਸਤੀ ਹੋ ਚੁੱਕੀ ਸੀ। ਅਸੀਂ ਇੱਕ-ਦੂਜੇ ਨਾਲ ਆਪਣੇ ਦੇਸ਼, ਧਰਮ ਅਤੇ ਸੱਭਿਆਚਾਰ ਬਾਰੇ ਖ਼ੂਬ ਗੱਲਾਂ ਕਰ ਰਹੇ ਸੀ। ਸਫ਼ਰਾਂ ਦੀ ਇੱਕ ਖ਼ੂਬਸੂਰਤੀ ਇਹ ਵੀ ਹੁੰਦੀ ਹੈ ਕਿ ਹਰੇਕ ਸਫ਼ਰ ਤੋਂ ਤੁਸੀਂ ਕੁਝ ਖ਼ੂਬਸੂਰਤ ਰਿਸ਼ਤੇ ਜ਼ਰੂਰ ਕਮਾ ਕੇ ਲਿਆਉਂਦੇ ਹੋ, ਜ਼ਮੀਲਾ ਨਾਲ ਟਰੈਕ 'ਤੇ ਬਣਿਆ ਇਹ ਰਿਸ਼ਤਾ ਅਜੇ ਤੱਕ ਵੀ ਨਿਭ ਰਿਹਾ ਹੈ।ਇਹ ਯਾਤਰਾ ਬਿਰਤਾਂਤ ਲਿਖਣ ਤੋਂ ਕੁਝ ਦਿਨ ਪਹਿਲਾਂ ਹੀ ਮੇਰੀ ਜ਼ਮੀਲਾ ਨਾਲ ਗੱਲ ਹੋ ਰਹੀ ਸੀ ਤਾਂ ਪਤਾ ਲੱਗਾ ਕਿ ਇਜ਼ਰਾਇਲ-ਫਲਸਤੀਨ ਦੀ ਜੰਗ ਵਿੱਚ ਜ਼ਮੀਲਾ ਦਾ ਜੇਠ ਇੱਕ ਬੰਬ ਧਮਾਕੇ ਵਿੱਚ ਮਾਰਿਆ ਗਿਆ, ਜੋ ਕਿੱਤੇ ਵਜੋਂ ਡਾਕਟਰ ਸੀ ਅਤੇ ਜੰਗ 'ਚ ਜ਼ਖ਼ਮੀ ਹੋਏ ਲੋਕਾਂ ਦਾ ਇਲਾਜ ਕਰ ਰਿਹਾ ਸੀ।

ਸਾਡੇ ਵਾਪਸ ਆਉਣ ਤੱਕ ਸਾਰੇ ਘੋੜਿਆਂ ਵਾਲੇ ਲੋੜੀਂਦਾ ਸਾਮਾਨ ਲੈ ਕੇ ਸਾਡੇ ਟੈਂਟਾਂ ਤੱਕ ਪਹੁੰਚ ਗਏ ਸਨ। ਅਸੀਂ ਉਹਨਾਂ ਦਾ ਧੰਨਵਾਦ ਕੀਤਾ। ਪੀਣ ਲਈ ਚਾਹ ਬਣਾਈ ਅਤੇ ਆਉਣ ਵਾਲੇ ਰਸਤੇ ਬਾਰੇ ਗਾਇਡ ਨਾਲ ਗੱਲਬਾਤ ਕਰਨ ਲੱਗੇ ।ਕੱਲ੍ਹ ਸਵੇਰੇ ਸਾਡਾ ਸਫ਼ਰ ਤਾਂ ਬਾਰਾਂ-ਤੇਰਾਂ ਕਿਲੋਮੀਟਰ ਸੀ, ਪਰ ਕੱਲ੍ਹ ਦੇ ਸਫ਼ਰ ਵਿੱਚ ਅਸੀਂ ਨਿਚਨੇ ਪਾਸ ਪਾਰ ਪਰਨਾ ਸੀ, ਜੋ ਇਸ ਟਰੈਕ ਦੀ ਸਭ ਤੋਂ ਠੰਢੀ ਜਗ੍ਹਾ ਸੀ ।ਪਾਸ, ਜੋਤ ਜਾਂ ਦੱਰਾ ਉਸ ਜਗ੍ਹਾ ਨੂੰ ਕਿਹਾ ਜਾਂਦਾ ਹੈ, ਜਿੱਥੋਂ ਕਿਸੇ ਉੱਚੇ ਪਹਾੜ ਨੂੰ ਪਾਰ ਕੀਤਾ ਜਾਂਦਾ ਹੈ।ਇਹ ਪਹਾੜ ਦੀ ਸਭ ਤੋਂ ਨੀਵੀਂ ਜਗ੍ਹਾ ਹੁੰਦੀ ਹੈ। ਪਹਾੜਾਂ ਦੀਆਂ ਵੀ ਸਪੀਡ ਬਰੇਕਰਾਂ ਦੀ ਤਰ੍ਹਾਂ ਲਾਇਨਾਂ ਹੁੰਦੀਆਂ ਹਨ। ਕੁਝ ਸਮਾਂ ਉਤਰਾਈ-ਚੜ੍ਹਾਈ ਅਤੇ ਪੱਧਰੇ ਤੁਰਨ ਤੋਂ ਬਾਅਦ ਹਰੇਕ ਪਹਾੜੀ ਚੋਟੀ ਨੂੰ ਪਾਰ ਕਰਨਾ ਪੈਂਦਾ ਹੈ। ਪਾਸ ਨੂੰ ਲਦਾਖ ਦੇ ਇਲਾਕੇ 'ਚ 'ਲਾ' ਕਿਹਾ ਜਾਂਦਾ ਹੈ, ਜਿਵੇਂ ਖ਼ਰਦੂੰਗ-ਲਾ[ਖ਼ਰਦੂੰਗਲਾ] ਜੁਜੀ-ਲਾ[ਜੁਜੀਲਾ] ਆਦਿ।

ਅਲੱਗ-ਅਲੱਗ ਇਲਾਕਿਆਂ ਵਿੱਚ ਇਸ ਨੂੰ ਜੋਤ, ਘਾਟੀ, ਖਾਂਗੋ, ਖਾਲ, ਧੁਰਾ ਆਦਿ ਅਲੱਗ-ਅਲੱਗ ਨਾਵਾਂ ਨਾਲ ਬੁਲਾਇਆ ਜਾਂਦਾ ਹੈ।

ਗੱਲਾਂਬਾਤਾਂ ਕਰਦਿਆਂ ਸੂਰਜ ਆਪਣੇ ਅਸਤ ਹੋਣ ਦੇ ਸਮੇਂ 'ਤੇ ਪਹੁੰਚ ਗਿਆ। ਅਸੀਂ ਮੈਗੀ ਬਣਾਈ, ਖਾਧੀ ਅਤੇ ਸਵੇਰ ਦੇ ਸਫ਼ਰ ਦੀ ਉਤਸੁਕਤਾ ਆਪਣੇ ਮਨ 'ਚ ਲੈ ਕੇ ਸੌਂ ਗਏ। ਹੁਣ ਤੱਕ ਮੇਰੇ ਫੋਨ ਟੁੱਟਣ ਦਾ ਅਤੇ ਹੋਰ ਨੁਕਸਾਨ ਦਾ ਦਰਦ ਕੁਝ ਘੱਟ ਹੋ ਚੁੱਕਾ ਸੀ।ਕੱਲ੍ਹ ਲਈ ਸਾਰਾ ਸਾਮਾਨ ਤਿਆਰ ਸੀ ।ਘੋੜੇ ਸਹੀ-ਸਲਾਮਤ ਸਾਡੇ ਕੋਲ ਪਹੁੰਚ ਚੁੱਕੇ ਸਨ।ਘੋੜਿਆਂ ਵਾਲੇ ਆਪਣੀ ਗਲਤੀ 'ਤੇ ਸ਼ਰਮਿੰਦਾ ਸਨ, ਪਰ ਅਸੀਂ ਉਹਨਾਂ ਨਾਲ ਗੱਲਾਂ ਕਰਕੇ ਉਹਨਾਂ ਦੀ ਮਾਨਸਿਕ ਹਾਲਤ ਸਥਿਰ ਕਰ ਰਹੇ ਸੀ, ਜਿਸ 'ਚ ਅਸੀਂ ਕਾਮਯਾਬ ਵੀ ਹੋਏ।

ਅਸੀਂ ਅਗਲੇ ਦਿਨ ਸਵੇਰੇ ਸੱਤ ਵਜੇ ਉੱਠ ਕੇ ਆਵਦੀ ਚਾਹ ਧਰ ਲਈ। ਅਸੀਂ ਦੇਖਿਆ ਕਿ ਨਾ ਤਾਂ ਕੋਈ ਇਜ਼ਰਾਇਲੀ ਪਹਾੜੀ ਯਾਤਰੀ, ਨਾ ਕੋਈ ਘੋੜੇ ਵਾਲਾ ਅਤੇ ਨਾ ਹੀ ਕੋਈ ਗਾਇਡ ਅਜੇ ਤੱਕ ਸੁੱਤਾ ਉੱਠਿਆ ਸੀ, ਪਰ ਰਾਤ ਇਹ ਕਹਿ ਕੇ ਸੁੱਤੇ ਸਨ ਕਿ ਸਵੇਰੇ ਸਾਢੇ ਸੱਤ ਵਜੇ ਤੱਕ ਸਭ ਨੇ ਸਫ਼ਰ ਲਈ ਤਿਆਰ ਰਹਿਣਾ ਹੈ।ਅਸੀਂ ਉਹਨਾਂ ਦੇ ਬੰਦ ਪਏ ਟੈਂਟਾਂ ਵੱਲ ਹੈਰਾਨੀ ਨਾਲ ਵੇਖਿਆ ਕਿ ਕਿਸੇ ਦੀ ਕੋਈ ਆਵਾਜ਼ ਤੱਕ ਨਹੀਂ ਆ ਰਹੀ ਸੀ ।ਇਸ ਹਿਸਾਬ ਨਾਲ ਤਾਂ ਲੱਗਦਾ ਸੀ, ਉਹ ਨੌਂ ਵਜੇ ਤੋਂ ਪਹਿਲਾਂ ਨਹੀਂ ਤੁਰ ਸਕਣਗੇ।

ਸਾਡੇ ਚਾਹ ਪੀਂਦਿਆਂ ਸਾਡਾ ਗਾਇਡ ਇਮਤਿਆਜ਼ ਉੱਠ ਕੇ ਸਾਡੇ ਵੱਲ ਆਇਆ। ਅਸੀਂ ਉਸ ਨੂੰ ਚਾਹ ਪਿਆਈ ਅਤੇ ਸਭ ਨੂੰ ਉਠਾਉਣ ਲਈ ਕਿਹਾ। ਇੱਕ-ਇੱਕ ਕਰਕੇ ਇਜ਼ਰਾਇਲੀ ਵਾਲੇ ਸੱਜਣ ਆਪਣੇ ਟੈਂਟਾਂ 'ਚ ਨਿਕਲਣੇ ਸ਼ੁਰੂ ਹੋ ਗਏ।ਕਿਸੇ ਦੇ ਹੱਥ ਬੁਰਸ਼ ਸੀ, ਕਿਸੇ ਕੋਲ ਪੇਸਟ, ਕਿਸੇ ਕੋਲ ਫੇਸ ਵਾਸ਼ ਤੇ ਕਿਸੇ ਕੋਲ ਸਾਬਣ। ਜਿਵੇਂ-ਜਿਵੇਂ ਉਹ ਆਪਣੇ ਟੈਂਟ 'ਚ ਨਿਕਲ ਰਹੇ ਸੀ, ਨਾਲ ਵਗਦੇ ਪਾਣੀ ਦੇ ਨਾਲੇ ਵੱਲ ਵਧ ਰਹੇ ਸੀ। ਉਹਨਾਂ ਨੂੰ ਦੇਖ ਕੇ ਯਾਦ ਆਇਆ ਕਿ ਅਸੀਂ ਬੁਰਸ਼ ਕਰਨਾ ਤਾਂ ਭੁੱਲੇ ਹੀ ਬੈਠੇ ਸੀ। ਅਸੀਂ ਆਪਣਾ ਬੁਰਸ਼ ਪੇਸਟ ਚੁੱਕਿਆ ਤੇ ਪਾਣੀ ਦੀਆਂ ਖਾਲੀ ਬੋਤਲਾਂ ਭਰ ਕੇ ਸਵੇਰ ਦੀ ਕਿਰਿਆ ਸੋਧਣ ਲਈ ਦੂਰ ਪਹਾੜਾਂ ਵੱਲ ਨਿਕਲ ਗਏ। ਵਾਪਸ ਆ ਕੇ ਅਸੀਂ ਪੇਪਰ ਸੌਪ ਨਾਲ ਹੱਥ ਧੋਤੇ, ਬੁਰਸ਼ ਕੀਤਾ ਤੇ ਤਾਜ਼ੇ ਹੋ ਕੇ ਵਾਪਸ ਆਪਣੇ ਟੈਂਟਾਂ ਵੱਲ ਆ ਗਏ । ਇਜ਼ਰਾਇਲੀ ਸੱਜਣ ਆਪਣੇ ਮੂੰਹ 'ਤੇ ਫੇਸ ਵਾਸ਼ ਮਲ ਕੇ ਝੱਗੋ-ਝੱਗ ਹੋਏ ਬੈਠੇ ਸਨ। ਅਸੀਂ ਪਾਣੀ ਦੀਆਂ ਬੋਤਲਾਂ 'ਚ ਆਪਣੀਆਂ ਉਂਗਲਾਂ ਗਿੱਲੀਆਂ ਅਤੇ ਅੱਖਾਂ 'ਤੇ ਫੇਰ ਕੇ ਰਾਤ ਦੀਆਂ ਜੰਮੀਆਂ ਗਿੱਡਾਂ ਲਾਹ ਕੇ ਆਪਣਾ ਨਹਾਉਣ-ਧੋਣ ਵਾਲਾ ਸਾਰਾ ਕੰਮ ਸਮੇਟੀ ਬੈਠੇ ਸੀ। ਹੁਣ ਅਸੀਂ ਕੁਝ ਮੈਗੀ ਅਤੇ ਸੂਪ ਬਣਾ ਕੇ ਪੇਟ-ਪੂਜਾ ਕੀਤੀ। ਕੁਝ ਅਸੀਂ ਸਵੇਰ ਦੀ ਚਾਹ ਨਾਲ ਪਿੰਨੀਆਂ ਖਾ ਲਈਆਂ ਸਨ।ਲੱਗਭੱਗ ਇੱਕ ਘੰਟੇ ਵਿੱਚ ਸਾਰੇ ਜਣੇ ਤੁਰਨ ਲਈ ਤਿਆਰ ਸਨ। ਸਾਡੇ ਸਾਰਿਆਂ ਨਾਲ ਅੱਗੇ ਇਮਤਿਆਜ਼ ਜਾਵੇਗਾ ।ਘੋੜਿਆਂ ਵਾਲੇ ਸਾਡੇ ਟੈਂਟ ਪੁੱਟ ਕੇ ਅਤੇ ਹੋਰ ਸਾਮਾਨ ਲੱਦ ਕੇ ਸਾਡੇ ਤੋਂ ਮਗਰੋਂ ਤੁਰਨੇ ਸਨ, ਉਹਨਾਂ ਦੇ ਨਾਲ ਇਜ਼ਰਾਇਲ ਵਾਲਿਆਂ ਦਾ ਗਾਇਡ ਹੋਵੇਗਾ, ਜਿਸ ਦਾ ਨਾਂਅ ਮੈਂ ਹੁਣ ਭੁੱਲ ਗਿਆ ਹਾਂ, ਅੱਗੇ ਯਾਦ ਆਇਆ ਤਾਂ ਜ਼ਰੂਰ ਲਿਖਾਂਗਾ।

ਇਜ਼ਰਾਇਲ ਵਾਲਿਆਂ ਦਾ ਗਾਇਡ ਸਾਨੂੰ ਵਾਰ-ਵਾਰ ਇਗਨੋਰ ਕਰ ਰਿਹਾ ਸੀ, ਇਸ ਦਾ ਅਸਲ ਕਾਰਨ ਇਹ ਸੀ ਕਿ ਉਹ ਸਾਡੇ ਦੇਸੀ ਪਰਬਤ ਯਾਤਰੀਆਂ ਨੂੰ ਨਜ਼ਰ-ਅੰਦਾਜ਼ ਕਰਕੇ ਵਿਦੇਸ਼ੀਆਂ 'ਤੇ ਆਪਣਾ ਪ੍ਰਭਾਵ ਪਾ ਰਿਹਾ ਸੀ। ਸਾਨੂੰ ਵੀ ਇਸ ਗੱਲ ਦਾ ਅੰਦਾਜ਼ਾ ਹੋ ਗਿਆ ਸੀ। ਅਸੀਂ ਵੀ ਇਹ ਸਲਾਹ ਕਰ ਲਈ ਸੀ ਕਿ ਇਸ ਟਰੈਕ 'ਤੇ ਇਹਨੂੰ ਦੱਸਾਂਗੇ ਕਿ ਅਸੀਂ ਵੀ ਸ਼ਲਾਰੂ ਸੈਲਾਨੀ ਨਹੀਂ ਹਾਂ ।ਸਾਨੂੰ ਵੀ ਸਾਈਕਲ ਦੇ ਕੀਤੇ ਸਾਰੇ ਭਾਰਤ ਸਫ਼ਰ ਦਾ ਮਾਣ ਹੋ ਰਿਹਾ ਸੀ । ਇਹ ਗਾਇਡ ਇਮਤਿਆਜ਼ ਨੂੰ ਵੀ ਹਰ ਗੱਲ 'ਤੇ ਨੀਵਾਂ ਦਿਖਾ ਰਿਹਾ ਸੀ ਤੇ ਵਾਰ-ਵਾਰ ਕਹਿ ਰਿਹਾ ਸੀ ਕਿ ਇਮਤਿਆਜ਼ ਵਿੱਚ ਪ੍ਰੋਫੈਸ਼ਨਲਿਜ਼ਮ ਨਹੀਂ ਹੈ ।ਸਾਨੂੰ ਇਹ ਗੱਲ ਬਹੁਤ ਖਟਕ ਰਹੀ ਸੀ, ਜਦ ਕਿ ਇਮਤਿਆਜ਼ ਬਹੁਤ ਪਿਆਰਾ ਮੁੰਡਾ ਸੀ, ਜੋ ਆਪਣੇ ਕੰਮ ਵਿੱਚ ਪੂਰੀ ਮੁਹਾਰਤ ਰੱਖਦਾ ਸੀ, ਉਹ ਇਸ ਸੀਜ਼ਨ ਵਿੱਚ ਸਾਡੇ ਨਾਲ ਅੱਠਵੀਂ ਵਾਰ ਇਹ ਟਰੈਕ ਕਰ ਰਿਹਾ ਸੀ।

ਅਸੀਂ ਨਿਚਨੇ ਪਾਸ ਵੱਲ ਤੁਰਨਾ ਸ਼ੁਰੂ ਕਰ ਦਿੱਤਾ।ਅੱਜ ਅਸੀਂ ਉੱਚ ਉਚਾਈ (high altitude) ਵੱਲ ਵਧ ਰਹੇ ਸੀ। ਪਹਾੜਾਂ ਦੇ ਖੇਤਰ ਨੂੰ ਚੜ੍ਹਾਈ ਵਜੋਂ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਸਭ ਤੋਂ ਪਹਿਲਾਂ ਸਾਧਾਰਨ ਖੇਤਰ ਜਿੱਥੇ ਆਮ ਜਨਜੀਵਨ ਵਸਦਾ ਹੈ, ਉਸ ਤੋਂ ਬਾਅਦ ਸ਼ੁਰੂ ਹੁੰਦੀ ਹੈ 'ਟਰੀ ਲਾਇਨ' ਜਿੱਥੇ ਆਬਾਦੀ ਘਟ ਜਾਂਦੀ ਹੈ, ਪਰ ਹਰੇ ਦਰੱਖਤ ਤੇ ਘਾਹ ਆਮ ਹੁੰਦਾ ਹੈ। ਇਸ ਤੋਂ ਬਾਅਦ ਜਿਵੇਂ ਚੜ੍ਹਾਈ ਵਧਦੀ ਹੈ। ਬਨਸਪਤੀ ਘਟਣੀ ਸ਼ੁਰੂ ਹੋ ਜਾਂਦੀ ਹੈ ।ਆਮ ਕਰਕੇ ਸਮੁੰਦਰ ਤਲ ਤੋਂ ਲੱਗਭੱਗ ਅੱਠ ਹਜ਼ਾਰ ਫੁੱਟ ਦੀ ਉਚਾਈ ਤੋਂ ਉੱਪਰ ਹਾਈ ਐਟੀਟਿਊਡ ਦੀ ਸ਼ੁਰੂਆਤ ਮੰਨੀ ਜਾਂਦੀ ਹੈ।ਜਿਵੇਂ-ਜਿਵੇਂ ਅਸੀਂ ਹਾਈ ਐਟੀਟਿਊਡ ਵੱਲ ਵਧਦੇ ਹਾਂ, ਆਕਸੀਜਨ ਦੀ ਕਮੀ ਆਉਣੀ ਸ਼ੁਰੂ ਹੋ ਜਾਂਦੀ ਹੈ।

ਦੋ ਘੰਟੇ ਤੁਰਨ ਤੋਂ ਬਾਅਦ ਅਜੇ ਤੱਕ ਮੌਸਮ ਬਿਲਕੁਲ ਸਾਫ਼ ਸੀ ।ਅਸੀਂ ਇਮਤਿਆਜ਼ ਨੂੰ ਕਿਹਾ ਕਿ ਮੌਸਮ ਦੇ ਹਿਸਾਬ ਨਾਲ ਆਪਾ ਪਾਸ ਜਲਦੀ ਪਾਰ ਕਰ ਜਾਵਾਂਗੇ, ਪਰ ਇਮਤਿਆਜ਼ ਆਪਣੇ ਤਜਰਬੇ ਮੁਤਾਬਕ ਬੋਲਿਆ ਕਿ ਮੌਸਮ ਥੱਲੇ ਸਾਫ਼ ਹੈ, ਪਰ ਪਾਸ ਦੇ ਉੱਪਰ ਮੌਸਮ ਸਾਫ਼ ਨਹੀਂ, ਏਸੇ ਲਈ ਸਾਵਧਾਨੀ ਨਾਲ ਅਤੇ ਜਲਦੀ ਪਾਸ ਪਾਰ ਕਰਨਾ ਹੋਵੇਗਾ ।ਇਮਤਿਆਜ਼ ਨੇ ਸਾਨੂੰ ਕਿਹਾ ਕਿ 'ਬੰਬਈ ਦੇ ਫੈਸ਼ਨ ਦਾ, ਪਹਾੜ ਕਿ ਮੌਸਮ ਦਾ ਅਤੇ ਬੀਬੀ ਦੇ ਮੂਢ ਦਾ, ਕਦੇ ਭਰੋਸਾ ਨਹੀਂ ਕਰਨਾ ਚਾਹੀਦਾ।'

ਇਮਤਿਆਜ਼ ਦਾ ਤਜਰਬਾ ਸੱਚ ਹੋਣ ਵੱਲ ਵਧ ਰਿਹਾ ਸੀ, ਅਚਾਨਕ ਪਹਾੜਾਂ ਦੇ ਉੱਪਰ ਇੱਕ ਬੱਦਲੀ ਬਣੀ ਅਤੇ ਵਿਰਲੀਆਂ-ਵਿਰਲੀਆਂ ਕਣੀਆਂ ਡਿੱਗਣੀਆਂ ਸ਼ੁਰੂ ਹੋ ਗਈਆਂ। ਅਸੀਂ ਲਗਾਤਾਰ ਤੁਰ ਰਹੇ ਸੀ, ਪਰ ਮੌਸਮ ਹੋਰ ਖ਼ਰਾਬ ਹੋ ਰਿਹਾ, ਸਾਡੇ ਚਾਰ-ਚੁਫੇਰੇ ਧੁੰਦ ਫੈਲ ਚੁੱਕੀ ਸੀ, ਜਿਸ ਨਾਲ ਆਲੇ-ਦੁਆਲੇ ਦਾ ਨਜ਼ਾਰਾ ਸਾਡੀਆਂ ਅੱਖਾਂ ਦੀ ਪਹੁੰਚ ਤੋਂ ਦੂਰ ਹੋ ਗਿਆ ।ਜੇਕਰ ਪਹਾੜਾਂ ਦਾ ਸਹੀ ਨਜ਼ਾਰਾ ਦੇਖਣਾ ਹੋਵੇ ਤਾਂ ਮੌਸਮ ਸਾਫ਼ ਹੋਣਾ ਬਹੁਤ ਜ਼ਰੂਰੀ ਹੈ। ਸਾਡੇ ਕੋਲ ਜੋ ਵਾਟਰ ਪਰੂਫ਼ ਕੱਪੜੇ ਸਨ, ਉਹ ਸਭ ਨੇ ਪਾ ਲਏ ਸਨ। ਮੀਂਹ ਥੋੜ੍ਹਾ ਤੇਜ਼ ਹੋਇਆ, ਪਾਣੀ ਦੀਆਂ ਬਰਫ਼ 'ਚ ਬਦਲੀਆਂ ਸ਼ੁਰੂ ਹੋ ਗਈਆਂ ।ਜਿਵੇਂ ਕੋਈ ਸਾਡੇ 'ਤੇ ਮੋਟੇ ਦਾਣੇ ਵਾਲੀ ਯੂਰੀਆ ਖਾਦ ਦਾ ਸਿੱਟਾ ਦੇ ਰਿਹਾ ਹੋਵੇ ।ਅਸੀਂ ਜਿਵੇਂ-ਜਿਵੇਂ ਉਚਾਈ ਵੱਲ ਵਧ ਰਹੇ ਸੀ, ਠੰਢ ਵਧ ਰਹੀ ਸੀ। ਸਾਨੂੰ ਰਸਤੇ 'ਚ ਕਈ ਥਾਵਾਂ 'ਤੇ ਘੋੜਿਆਂ ਦੇ ਪਿੰਜਰ ਦਿਖਾਈ ਦਿੱਤੇ।ਇਮਤਿਆਜ਼ ਨੇ ਸਾਨੂੰ ਦੱਸਿਆ ਕਿ ਪਹਾੜੀ ਰਸਤਿਆਂ ਤੋਂ ਤਿਲਕਣ ਕਾਰਨ ਅਕਸਰ ਘੋੜੇ ਮਰਦੇ ਰਹਿੰਦੇ ਹਨ।ਪਰਬਤ ਯਾਤਰੀਆਂ ਦੀ ਯਾਤਰਾ ਨੂੰ ਸਫ਼ਲ ਬਣਾਉਣ ਵਿੱਚ ਇਹਨਾਂ ਘੋੜਿਆਂ ਦਾ ਬਹੁਤ ਵੱਡਾ ਯੋਗਦਾਨ ਹੈ।ਜੇਕਰ ਇਹ ਘੋੜੇ ਨਾ ਹੋਣ ਤਾਂ ਬਹੁਤ ਯਾਤਰੀ ਕਦੇ ਵੀ ਇਹਨਾਂ ਪਹਾੜਾਂ ਨੂੰ ਪਾਰ ਨਾ ਕਰ ਸਕਣ।ਮੈਨੂੰ ਇਹ ਮਰੇ ਹੋਏ ਘੋੜੇ ਪਰਬਤਾਂ ਦੇ ਸ਼ਹੀਦ ਲੱਗੇ।

ਅਸੀਂ ਜਿਸ ਰਸਤੇ 'ਤੇ ਤੁਰ ਰਹੇ ਸੀ, ਇਸ ਦੇ ਇੱਕ ਪਾਸੇ ਉੱਚੀ ਪਹਾੜੀ ਅਤੇ ਦੂਜੇ ਪਾਸੇ ਲੰਬੀ ਢਲਾਣ ਸੀ, ਜਿਸ ਕਰਕੇ ਪੈਰ ਤਿਲਕਣ ਦਾ ਡਰ ਬਣਿਆ ਹੋਇਆ ਸੀ ।ਬਰਫ਼ ਨੇ ਹੋਰ ਜ਼ੋਰ ਦੀ ਡਿੱਗਣਾ ਸ਼ੁਰੂ ਕਰ ਦਿੱਤਾ। ਸਾਡਾ ਸਾਰਾ ਰਾਹ ਅਤੇ ਦੁਆਲਾ ਚਿੱਟੇ ਰੰਗ ਦੀ ਰੂੰ ਵਿੱਚ ਵਲੇਟਿਆ ਗਿਆ। ਅਸੀਂ ਸਾਰੇ ਜਣੇ ਇਕੋ ਲਾਇਨ ਵਿੱਚ ਤੁਰ ਰਹੇ ਸੀ, ਇਮਤਿਆਜ਼ ਕਦੇ ਸਾਡੇ ਅੱਗੇ ਤੁਰਦਾ ਅਤੇ ਕਦੇ ਪਿੱਛੇ ਹੋ ਕੇ ਮੌਕੇ ਮੁਤਾਬਕ ਸਾਨੂੰ ਦਿਸ਼ਾ-ਨਿਰਦੇਸ਼ ਦੇ ਰਿਹਾ ਸੀ। ਬਰਫ਼ਬਾਰੀ ਹੋਰ ਤੇਜ਼ ਹੋ ਚੁੱਕੀ ਸੀ। ਇਮਤਿਆਜ਼ ਨੇ ਸਾਨੂੰ ਦੱਸਿਆ ਕਿ ਨਿਚਨੇ ਪਾਸ ਦੇ ਉੱਪਰ ਇੱਕ ਹੋਰ ਮੈਗੀ ਪੁਆਇੰਟ ਹੈ, ਸਾਨੂੰ ਉੱਥੇ ਰੁਕਣ ਲਈ ਛੱਤ ਮਿਲ ਸਕਦੀ ਹੈ।ਸਾਨੂੰ ਆਲੇ-ਦੁਆਲੇ ਕੁਝ ਨਹੀਂ ਦਿਸ ਰਿਹਾ ਸੀ, ਇਸ ਲਈ ਸਾਰੇ ਜਣੇ ਨੀਵੀਂ ਪਾ ਕੇ ਅੱਗੇ ਵੱਲ ਨੂੰ ਤੁਰ ਰਹੇ ਸਨ। ਅਸੀਂ ਸਾਰੇ ਜਣੇ ਨਿਚਨੇ ਪਾਸ 'ਤੇ ਪਹੁੰਚ ਗਏ ਸੀ, ਪਰ ਉਥੋਂ ਵਾਲਾ ਮੈਗੀ ਪੁਆਇੰਟ ਬੰਦ ਹੋ ਚੁੱਕਾ ਸੀ। ਬੱਕਰਵਾਲ ਇੱਥੋਂ ਥੱਲੇ ਉੱਤਰ ਗਏ ਸਨ, ਜਿਵੇਂ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਸਾਡਾ ਇਹ ਗਰੁੱਪ ਇਸ ਸਾਲ ਦਾ ਅਖ਼ੀਰਲਾ ਗਰੁੱਪ ਸੀ ।ਅੱਜ ਇਸ ਸੀਜ਼ਨ ਦੀ ਪਹਿਲੀ ਬਰਫ਼ਬਾਰੀ ਸੀ, ਜਿਸ ਕਾਰਨ ਲੱਗਦਾ ਹੈ ਕਿ ਹੁਣ ਨਵੇਂ ਪਰਬਤ ਯਾਤਰੀਆਂ ਨੂੰ ਟਰੈਕ ਕਰਨ ਦੀ ਇਜਾਜ਼ਤ ਨਹੀਂ ਮਿਲੇਗੀ। ਨਿਚਨੇ ਪਾਸ ਤੇ ਸਾਨੂੰ ਆਪਣੇ ਇੱਜੜ ਤੋਂ ਵਿੱਛੜਿਆਂ ਇੱਕ ਮੇਮਨਾ ਮਿਲਿਆ, ਜਿਸ ਦੀ ਆਪਣੀ ਹੀ ਇੱਕ ਲੰਬੀ ਕਹਾਣੀ ਬਣ ਗਈ, ਜਿਸ ਦਾ ਅੱਗੇ ਸਮੇਂ-ਸਮੇਂ ਸਿਰ ਜ਼ਿਕਰ ਹੁੰਦਾ ਰਹੇਗਾ।

ਅਸੀਂ ਸਭ ਨਿਚਨੇ ਪਾਸ 'ਤੇ ਘੋੜੇ ਵਾਲਿਆਂ ਦੀ ਉਡੀਕ ਕਰਨ ਲੱਗੇ ।ਇਮਤਿਆਜ਼ ਨੇ ਸਾਨੂੰ ਸਭ ਨੂੰ ਕਿਹਾ ਕਿ ਜ਼ਿਆਦਾ ਬਰਫ਼ਬਾਰੀ ਕਾਰਨ ਘੋੜਿਆਂ ਦਾ ਤੁਰਨਾ ਔਖਾ ਹੋ ਜਾਂਦਾ ਹੈ ।ਹੁਣ ਅਸੀਂ ਇੱਥੇ ਖੜ੍ਹ ਕਿ ਘੋੜਿਆਂ ਦੀ ਉਡੀਕ ਕਰਾਂਗੇ, ਜੇਕਰ ਘੋੜੇ ਅੱਗੇ ਆਏ ਤਾਂ ਅਸੀਂ ਅੱਗੇ ਜਾਵਾਂਗੇ, ਨਹੀਂ ਸਾਨੂੰ ਵਾਪਸ ਥੱਲੇ ਜਾਣਾ ਪਵੇਗਾ।

ਬਰਫ਼ਬਾਰੀ ਰੁਕ-ਰੁਕ ਕੇ ਜਾਰੀ ਸੀ ।ਕੁਝ ਸਮਾਂ ਉਡੀਕ ਤੋਂ ਬਾਅਦ ਇਮਤਿਆਜ਼ ਨੇ ਫੈਸਲਾ ਕੀਤਾ ਕਿ ਉਹ ਵਾਪਸ ਜਾ ਕੇ ਆਪਣੇ ਸਾਥੀਆਂ ਨੂੰ ਦੇਖ ਕੇ ਆਵੇਗਾ ਅਤੇ ਅਸੀਂ ਸਾਰੇ ਇੱਥੇ ਹੀ ਰੁਕਾਂਗੇ। ਇਮਤਿਆਜ਼ ਵਾਪਸ ਚਲਾ ਗਿਆ ਤਾਂ ਇਜ਼ਰਾਇਲ ਵਾਲੇ ਸੱਜਣ ਖੜ੍ਹੇ-ਖੜ੍ਹੇ ਨੱਚਣ ਲੱਗ ਪਏ ।ਸਾਨੂੰ ਪਹਿਲਾਂ ਲੱਗਾ ਕਿ ਇਹ ਕੋਈ ਖੇਡ ਖੇਡਦੇ ਹਨ, ਪਰ ਜਦ ਉਹਨਾਂ ਨੇ ਸਾਨੂੰ ਵੀ ਆਪਣੇ ਵਿੱਚ ਆਉਣ ਲਈ ਕਿਹਾ ਤਾਂ ਪਤਾ ਲੱਗਾ ਕਿ ਉਹ ਇਜ਼ਰਾਇਲੀ ਡਾਂਸ ਕਰ ਰਹੇ ਸਨ।

ਇਹ ਠੰਢ ਲਾਹੁਣ ਦਾ ਅਤੇ ਸਮਾਂ ਲੰਘਾਉਣ ਦਾ ਸੋਹਣਾ ਤਰੀਕਾ ਸੀ। ਮੈਂ ਅਤੇ ਮੇਰੇ ਦੋਸਤ ਨੇ ਵੀ ਉਹਨਾਂ ਵਿੱਚ ਲੱਤਾਂ-ਬਾਹਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।ਪੰਦਰਾਂ-ਵੀਹ ਮਿੰਟ ਬਾਅਦ ਇਮਤਿਆਜ਼ ਵਾਪਸ ਆਇਆ, ਪਰ ਉਹ ਜਿੰਨੀ ਦੂਰ ਤੱਕ ਜਾ ਕੇ ਆਇਆ ਸੀ, ਉਹਨੂੰ ਕਿਤੇ ਵੀ ਘੋੜਿਆਂ ਵਾਲੇ ਨਹੀਂ ਦਿਸੇ ਸਨ।

ਇਮਤਿਆਜ਼ ਦੇ ਬੈਗ ਵਿੱਚ ਇਕ ਬੁਟੇਨ ਗੈਸ ਵਾਲਾ ਚੁੱਲ੍ਹਾ ਸੀ ।ਅਸੀਂ ਚੁੱਲ੍ਹਾ ਚਲਾਇਆ ਅਤੇ ਅੱਗ ਸੇਕਣੀ ਸ਼ੁਰੂ ਕਰ ਦਿੱਤੀ ।ਹੁਣ ਬਰਫ਼ਬਾਰੀ ਥੋੜ੍ਹੀ ਰੁਕ ਗਈ ਸੀ ਤਾਂ ਇਮਤਿਆਜ਼ ਫਿਰ ਵਾਪਸ ਘੋੜੇ ਵਾਲਿਆਂ ਨੂੰ ਦੇਖਣ ਚਲਾ ਗਿਆ। ਖ਼ਰਾਬ ਮੌਸਮ ਤੇ ਭੀੜੀ ਜਿਹੀ ਪਗਡੰਡੀ ਕਾਰਨ ਇਮਤਿਆਜ਼ ਨੂੰ ਡਰ ਸੀ ਕਿ ਕਿਤੇ ਉਹਨਾਂ ਦਾ ਕੋਈ ਘੋੜਾ ਵੀ ਮਗਰ ਪਰੇ ਘੋੜੇ ਵਾਂਗ ਪਿੰਜਰ ਨਾ ਬਣ ਜਾਵੇ ।

ਪਰ ਇਸ ਵਾਰ ਇਮਤਿਆਜ਼ ਛੇਤੀ ਵਾਪਸ ਆਇਆ ਅਤੇ ਸਾਨੂੰ ਅੱਗੇ ਚੱਲਣ ਲਈ ਕਿਹਾ, ਉਹਨੂੰ ਘੋੜਿਆਂ ਵਾਲੇ ਆਉਂਦੇ ਦਿਸ ਗਏ ਸਨ।ਅਸੀਂ ਜਿਵੇਂ-ਜਿਵੇਂ ਪਾਸ ਤੋਂ ਥੱਲੇ ਉਤਰਨ ਲੱਗੇ, ਮੌਸਮ ਸਾਫ਼ ਹੋਣਾ ਸ਼ੁਰੂ ਹੋ ਗਿਆ ਅਤੇ ਠੰਢ ਵੀ ਘਟ ਰਹੀ ਸੀ।ਮੌਸਮ ਸਾਫ਼ ਹੋ ਚੁੱਕਾ ਸੀ ਤਾਂ ਅਸੀਂ ਆਪਣੇ ਰੇਨ ਕੋਟ ਅਤੇ ਹੋਰ ਜ਼ਿਆਦਾ ਗਰਮ ਕੱਪੜੇ ਉਤਾਰ ਦਿੱਤੇ। ਮੇਰੇ ਨਾਲ ਔਲਾ ਤੁਰ ਰਹੀ ਸੀ।ਔਲਾ ਨੇ ਦੱਸਿਆ ਕਿ ਉਸ ਦਾ ਜਨਮ ਰਸ਼ੀਆ ਦਾ ਹੈ, ਹੁਣ ਉਹ ਆਪਣੀ ਪੜ੍ਹਾਈ ਅਲੱਗ-ਅਲੱਗ ਵਿਸ਼ੇ ਫ਼ਿਲਾਸਫ਼ੀ, ਇਕਨਾਮਿਕਸ, ਪੁਲੀਟੀਕਲ ਸਾਇੰਸ ਅਤੇ ਲਾਅ ਪੜ੍ਹ ਰਹੀ ਸੀ ।ਹੋਰ ਅੱਗੇ ਗੱਲਾਂ ਤੁਰੀਆਂ ਤਾਂ ਉਸ ਨੇ ਦੱਸਿਆ ਕਿ ਉਹ ਨੀਤਸ਼ੇ ਨੂੰ ਬਹੁਤ ਪਸੰਦ ਕਰਦੀ ਹੈ। ਫਿਰ ਸਾਡੇ ਵਿੱਚ ਕਈ ਗੱਲਾਂ ਸਾਹਿਤ, ਫ਼ਿਲਾਸਫ਼ੀ ਅਤੇ ਅਧਿਆਤਮਕਵਾਦ ਨੂੰ ਲੈ ਕੇ ਹੋਈਆਂ। ਜਦ ਵੀ ਕਾਲਜ ਛੁੱਟੀਆਂ ਹੁੰਦੀਆਂ ਹਨ ਤਾਂ ਔਲਾ ਕਿਸੇ ਨਾ ਕਿਸੇ ਦੇਸ਼ ਘੁੰਮਣ ਨਿਕਲ ਜਾਂਦੀ ਹੈ। ਇਜ਼ਰਾਇਲ ਵਾਲੇ ਸਾਰੇ ਹੀ ਟਰੈਕਰ ਅਲੱਗ-ਅਲੱਗ ਆਏ ਸਨ, ਪਰ ਉਹ ਭਾਰਤ ਆ ਕੇ ਇਕੱਠੇ ਹੋ ਗਏ ਸਨ। ਇਹ ਪਹਿਲਾਂ ਇੱਕ-ਦੂਜੇ ਨੂੰ ਜਾਣਦੇ ਤੱਕ ਨਹੀਂ ਸਨ।

ਸਾਡਾ ਅੱਜ ਦਾ ਟਿਕਾਣਾ ਵਿਸ਼ਨਸਰ ਝੀਲ 'ਤੇ ਸੀ, ਜੋ ਸਾਡੇ ਤੋਂ ਥੋੜ੍ਹੀ ਹੀ ਦੂਰੀ 'ਤੇ ਸੀ। ਇਸ ਟਰੈਕ ਦੀ ਖ਼ੂਬਸੂਰਤੀ ਹੀ ਇਹ ਹੈ ਕਿ ਹਰ ਰੋਜ਼ ਸਾਨੂੰ ਕਿਸੇ ਖ਼ੂਬਸੂਰਤ ਝੀਲ ਨੂੰ ਬਿਲਕੁਲ ਕੋਲ ਤੋਂ ਨਿਹਾਰਨ ਦਾ ਮੌਕਾ ਮਿਲਦਾ ਹੈ।

ਮੌਸਮ ਬਿਲਕੁਲ ਸਾਫ਼ ਹੋ ਚੁੱਕਾ ਸੀ। ਦਿਨ ਢਲਣਾ ਸ਼ੁਰੂ ਹੋ ਚੁੱਕਾ ਸੀ ਪਰ ਮੌਸਮ ਸਾਫ਼ ਹੋਣ ਕਾਰਨ ਹੁਣ ਅਸੀਂ ਦੂਰ ਤੱਕ ਦੇਖ ਸਕਦੇ ਸੀ। ਪਹਾੜਾਂ ਦੀਆਂ ਚੋਟੀਆਂ 'ਤੇ ਬਰਫ਼ ਚਮਕ ਰਹੀ ਸੀ।ਪਾਸ ਤੇ ਬਰਫ਼ ਪੈਣ ਨਾਲ ਸਾਡਾ ਅੱਜ ਦਾ ਦਿਨ ਵੀ ਰੋਮਾਂਚ ਭਰਿਆ ਰਿਹਾ ਸੀ ।

ਸਫ਼ਰ ਜ਼ਿੰਦਗੀ ਦਾ ਹੋਵੇ, ਕਿਸੇ ਰਾਹ ਸੜਕ ਦਾ ਜਾਂ ਪਹਾੜਾਂ ਦਾ, ਸਫ਼ਰ 'ਚ ਘਟਦੀਆਂ ਘਟਨਾਵਾਂ ਸਫ਼ਰ ਨੂੰ ਯਾਦਗਾਰ ਅਤੇ ਰੋਮਾਂਚਿਕ ਬਣਾਉਂਦੀਆਂ ਹਨ। ਸਿੱਧ ਪੱਧਰੀ ਜਿਹੀ ਚੱਲਦੀ ਜ਼ਿੰਦਗੀ ਮੈਨੂੰ ਬੋਗਸ ਲੱਗਦੀ ਹੈ।

CMYK

28-April-Sunday.qxd 4/27/2024 9:19 PM Page 2



ਯਾਤਰਾ ਬਿਰਤਾਂਤ

ਦੇਵ ਕੁਰਾਈਵਾਲਾ

# ਕਸ਼ਮੀਰ ਗ੍ਰੇਟ ਲੇਕ ਟਰੈਕ



ਤਿੰਨ ਸਾਲ ਪਹਿਲਾਂ ਮੈਂ ਤੇ ਮੇਰੇ ਦੋਸਤ ਅੰਮ੍ਰਿਤਪਾਲ ਸਿੰਘ ਘੁੱਦਾ ਨੇ ਸ੍ਰੀਨਗਰ ਤੋਂ ਲੇਹ ਹੁੰਦੇ ਹੋਏ ਸ੍ਰੀ ਆਨੰਦਪੁਰ ਸਾਹਿਬ ਤੱਕ ਸਾਈਕਲ 'ਤੇ ਲੇਹ ਲੱਦਾਖ ਦਾ ਇਲਾਕਾ ਘੁੰਮਿਆ ਸੀ।ਸ੍ਰੀਨਗਰ ਤੋਂ ਲਦਾਖ ਵਾਲੀ ਸੜਕ 'ਤੇ ਕੰਗਨ ਤੋਂ ਥੋੜ੍ਹਾ ਅੱਗੇ ਛਿਤਕੜੀ ਅਸੀਂ ਕੁਝ ਟੈਂਟ ਲੱਗੇ ਦੇਖੇ, ਛਿਤਕੜੀ ਨੈਸ਼ਨਲ ਹਾਈਵੇ ਉੱਤੇ ਸਿੰਧ ਨਦੀ ਦੇ ਕੰਢੇ ਵੱਸਿਆ ਖ਼ੂਬਸੂਰਤ ਪਿੰਡ ਹੈ।ਕੁਝ ਜਾਣਕਾਰੀ ਲੈਣ 'ਤੇ ਸਾਨੂੰ ਪਤਾ ਲੱਗਾ ਕਿ ਇੱਥੋਂ ਇੱਕ ਅੱਠ-ਦਸ ਦਿਨ ਦਾ ਪੈਦਲ ਰਸਤਾ (ਟਰੈਕ) ਨਿਕਲਦਾ ਹੈ।ਜੋ ਬਹੁਤ ਖ਼ੂਬਸੂਰਤ ਝੀਲਾਂ ਵਿੱਚ ਦੀ ਹੋ ਕੇ 'ਨਾਰਾ ਨਾਗ' ਪਹੁੰਚਦਾ ਹੈ।ਇਹ ਟੈਂਟ ਉਹ ਟਰੈਕ ਕਰਵਾਉਣ ਵਾਲੀ ਕਿਸੇ ਪ੍ਰਾਈਵੇਟ ਕੰਪਨੀ ਵੱਲੋਂ ਲਾਏ ਹੋਏ ਹਨ।

ਉਦੋਂ ਸਾਨੂੰ ਟਰੈਕਿੰਗ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਤੇ ਨਾ ਹੀ ਸਾਡੇ ਕੋਲ ਟਰੈਕਿੰਗ ਦਾ ਸਾਮਾਨ ਸੀ, ਪਰ ਇਹ ਟਰੈਕ ਕਰਨ ਦੀ ਇੱਛਾ ਨੇ ਉਸੇ ਦਿਨ ਹੀ ਸਾਡੇ ਅੰਦਰ ਜਨਮ ਲੈ ਲਿਆ ਸੀ।

ਅੱਜ ਤਿੰਨ ਸਾਲਾਂ ਬਾਅਦ ਸਬੱਬ ਬਣਦਾ ਹੈ ਕਿ ਅਸੀਂ ਉਹ ਟਰੈਕ ਕਰਨ ਲਈ ਘਰੋਂ ਨਿਕਲਦੇ ਹਾਂ।ਇੰਟਰਨੈੱਟ ਤੋਂ ਥੋੜ੍ਹੀ ਜਾਣਕਾਰੀ ਲੈ ਕੇ ਅਤੇ ਇੱਕ ਗਾਇਡ ਨਾਲ ਸੰਪਰਕ ਕਰਕੇ ਮੈਂ ਤੇ ਅੰਮ੍ਰਿਤ ਸੋਨਮਰਗ ਪਹੁੰਚ ਜਾਂਦੇ ਹਾਂ। ਅਸੀਂ ਪਿੰਡ ਤੋਂ ਸ੍ਰੀ ਅੰਮ੍ਰਿਤਸਰ ਪਹੁੰਚਦੇ ਹਾਂ, ਉੱਥੋਂ ਬੱਸ ਲੈ ਕੇ ਅਸੀਂ ਜੰਮੂ ਹੁੰਦੇ ਹੋਏ ਸ੍ਰੀਨਗਰ ਡੱਲ ਝੀਲ ਵਿੱਚ ਰਾਤ ਗੁਜ਼ਾਰਦੇ ਹਾਂ।

ਇਹ ਟਰੈਕ ਕਰਨ ਦੇ ਲਈ ਸੈਰ ਸਪਾਟਾ ਵਿਭਾਗ ਨੇ ਕੁਝ ਕਾਨੂੰਨ ਬਣਾਏ ਹਨ, ਜਿਸ 'ਚ ਕੁਝ ਕਾਗਜ਼ੀ ਕਾਰਵਾਈ ਕਰਨੀ ਜ਼ਰੂਰੀ ਹੁੰਦੀ ਹੈ।ਇਹਦੇ ਲਈ ਸਭ ਤੋਂ ਪਹਿਲੀ ਸ਼ਰਤ ਸਫ਼ਰ ਦੇ ਲਈ ਸਿਹਤ ਬੀਮਾ ਜ਼ਰੂਰੀ ਹੈ, ਜਿਸ 'ਚ ਕੋਈ ਵੀ ਵੱਡੀ-ਛੋਟੀ ਸੱਟ ਲੱਗਣ 'ਤੇ ਚਾਰ ਲੱਖ ਤੱਕ ਦਾ ਡਾਕਟਰੀ ਇਲਾਜ ਮੁਫ਼ਤ ਹੁੰਦਾ ਹੈ। ਅਸੀਂ ਇਹ ਬੀਮਾ ਕਰਵਾਉਣ ਤੋਂ ਬਾਅਦ ਸੋਨਮਰਗ ਸੈਰ ਸਪਾਟਾ ਵਿਭਾਗ ਦੇ ਦਫ਼ਤਰ ਪਹੁੰਚਦੇ ਹਾਂ, ਜਿੱਥੋਂ ਇਹ ਟਰੈਕ ਕਰਨ ਦੀ ਆਗਿਆ ਮਿਲਦੀ ਹੈ। ਸਾਨੂੰ ਸਾਡੇ ਗਾਇਡ ਨੇ ਵੀ ਇੱਥੇ ਹੀ ਮਿਲਣਾ ਸੀ।

ਅਸੀਂ ਦੁਪਹਿਰ ਤੱਕ ਸੋਨਮਰਗ ਸੈਰ-ਸਪਾਟਾ ਦਫ਼ਤਰ ਪਹੁੰਚ ਜਾਂਦੇ ਹਾਂ, ਪਰ ਏਥੇ ਪਹੁੰਚਣ 'ਤੇ ਪਤਾ ਲਗਦਾ ਹੈ ਕਿ ਜਿਸ ਅਫ਼ਸਰ ਨੇ ਸਾਨੂੰ ਟਰੈਕ ਕਰਨ ਦੀ ਆਗਿਆ ਦੇਣੀ ਸੀ, ਉਹ ਅਫਸਰ ਛੁੱਟੀ 'ਤੇ ਹੈ, ਪਰ ਉੱਥੇ ਬੈਠਾ ਇਕ ਹੋਰ ਮੁਲਾਜ਼ਮ ਸਾਨੂੰ ਦੱਸਦਾ ਹੈ ਕਿ ਤੁਸੀਂ ਸਾਹਮਣੇ ਹਸਪਤਾਲ ਤੋਂ ਆਪਣਾ ਮੈਡੀਕਲ ਚੈੱਕਅੱਪ ਕਰਵਾ ਲਵੋ ਤੇ ਕੱਲ੍ਹ ਸਵੇਰੇ ਦਸ ਵਜੇ ਤੱਕ ਤੁਹਾਨੂੰ ਟਰੈਕ ਕਰਨ ਦੀ ਆਗਿਆ ਮਿਲ ਜਾਵੇਗੀ, ਪਰ ਇਸ ਦੇ ਲਈ ਇੱਕ ਗਾਇਡ ਅਤੇ ਇੱਕ ਤੁਹਾਡੀ ਦੇਖਭਾਲ ਵਾਲਾ ਬੰਦਾ ਥੋਡੇ ਨਾਲ ਹੋਣੇ ਲਾਜ਼ਮੀ ਹਨ।

ਅਫ਼ਸਰ ਦੀ ਛੁੱਟੀ ਕਾਰਨ ਸਾਡਾ ਇੱਕ ਦਿਨ ਖ਼ਰਾਬ ਹੋ ਗਿਆ, ਜਿਸ ਨਾਲ ਸਾਨੂੰ ਖਰਚਾ ਵਧਣ ਦਾ ਅਫਸੋਸ ਸੀ, ਪਰ ਇਸ ਤੋਂ ਵੀ ਵੱਡੀ ਸਮੱਸਿਆ ਇਹ ਬਣ ਗਈ ਕਿ ਅਸੀਂ ਜਿਸ ਗਾਇਡ ਨਾਲ ਗੱਲ ਕਰਕੇ ਟਰੈਕ ਕਰਨ ਲਈ ਗਏ ਸੀ, ਉਹ ਸਾਡਾ ਫੋਨ ਹੀ ਨਹੀਂ ਚੁੱਕ ਰਿਹਾ ਸੀ।ਗਾਇਡ ਤੋਂ ਬਿਨਾਂ ਸਾਨੂੰ ਇਹ ਟਰੈਕ ਕਰਨ ਦੀ ਆਗਿਆ ਨਹੀਂ ਮਿਲਣੀ ਸੀ।ਸ਼ਾਮ ਤੱਕ ਸਾਨੂੰ ਇਹ ਪਤਾ ਲੱਗ ਗਿਆ ਸੀ ਕਿ ਟਰੈਕ ਲਈ ਸਾਨੂੰ ਹੁਣ ਕੋਈ ਹੋਰ ਗਾਇਡ ਲੱਭਣਾ ਪੈਣਾ ਹੈ।

ਅਸੀਂ ਮੈਡੀਕਲ ਕਰਵਾਉਣ ਤੋਂ ਬਾਅਦ ਸਾਰਾ ਦਿਨ ਵਿਹਲੇ ਸੀ ਤਾਂ ਅਸੀਂ ਨਵਾਂ ਗਾਇਡ ਲੱਭਣਾ ਸ਼ੁਰੂ ਕਰ ਦਿੱਤਾ।ਸ਼ਾਮ ਦੇ ਚਾਰ ਵਜੇ ਤੱਕ ਅਸੀਂ ਸੋਨਮਰਗ ਫਿਰਦਿਆਂ ਨੇ ਦੋ ਵਾਰ ਗਾਇਡ ਲੱਭੇ, ਪਰ ਦੋਨੋਂ ਹੀ ਜਵਾਬ ਦੇ ਗਏ। ਗਾਇਡ ਦੀ ਬੇਈਮਾਨੀ ਨਾਲ ਸਾਡਾ ਸਮਾਂ ਅਤੇ ਪੈਸੇ ਦੋਨੋਂ ਬਰਬਾਦ ਹੋ ਰਹੇ ਸਨ। ਗਾਇਡਾਂ ਦੇ ਵਿਵਹਾਰ ਤੋਂ ਪਰੇਸ਼ਾਨ ਹੋਣ ਕਰਕੇ ਅਸੀਂ ਵਾਪਸ ਘਰ ਆਉਣ ਦਾ ਮਨ ਬਣਾ ਲਿਆ, ਪਰ ਫਿਰ ਸੋਚਿਆ ਕਿ ਇੱਕ ਵਾਰ ਹੋਰ ਕੋਸ਼ਿਸ਼ ਕੀਤੀ ਜਾਵੇ।ਅੱਧ ਸਤੰਬਰ ਦਾ ਸਮਾਂ ਸੀ ਕੋਈ ਵਿਰਲਾ-ਵਿਰਲਾ ਟੂਰਿਸਟ ਸੋਨਮਰਗ ਦੇ ਬਜ਼ਾਰ 'ਚ ਦਿਸ ਰਿਹਾ ਸੀ। ਸ਼ਾਮ ਨੂੰ ਤੁਰਦਿਆਂ-ਫਿਰਦਿਆਂ ਸਾਨੂੰ ਇੱਕ ਗਾਇਡ ਮਿਲ ਗਿਆ, ਜਿਸ ਦਾ ਇੱਕ ਹੋਰ ਗਰੁੱਪ ਇਹ ਟਰੈਕ ਕਰਨ ਜਾ ਰਿਹਾ ਸੀ।ਅਸੀਂ ਆਪਣੇ ਗਾਇਡ ਨਾਲ ਫੋਨ 'ਤੇ ਗੱਲ ਕੀਤੀ ਅਤੇ ਸੋਨਮਰਗ 'ਚ ਬਣੇ ਸੈਰ-ਸਪਾਟਾ ਦੇ ਯਾਤਰੀ ਨਿਵਾਸ ਵਿੱਚ ਰਾਤ ਕੱਟੀ, ਇਸ ਦਾ ਇਕ ਰਾਤ ਕਿਰਾਇਆ ਇੱਕ ਹਜ਼ਾਰ ਰੁਪਈਆ ਸੀ।

ਸਾਡੇ ਇਸ ਨਵੇਂ ਗਾਇਡ ਦਾ ਨਾਂਅ ਫਿਆਜ਼ ਅਹਿਮਦ ਸ਼ੇਖ ਸੀ, ਜੋ ਸਾਨੂੰ ਸਵੇਰੇ ਅੱਠ ਵਜੇ ਸੋਨਮਰਗ ਵਿੱਚ ਮਿਲਿਆ। ਫਿਆਜ਼ ਕਾਫੀ ਤੇਜ਼-ਤਰਾਰ ਅਤੇ ਖੁਸ਼ ਦਿਲ ਸੁਭਾਅ ਦਾ 26-27 ਸਾਲ ਦਾ ਨੌਜਵਾਨ ਸੀ, ਜੋ ਸੋਨਮਰਗ ਵਿੱਚ ਆਪਣੀ ਇੱਕ ਟਰੈਕਿੰਗ ਕੰਪਨੀ ਚਲਾ ਰਹਾ ਸੀ।

ਫਿਆਜ਼ ਨਾਲ ਸਾਡੇ ਇਸ ਟਰੈਕ ਦਾ ਸਾਡੇ ਦੋ ਜਣਿਆਂ ਦਾ ਸਾਰਾ ਲੈਣ-ਦੇਣ ਪੱਚੀ ਹਜ਼ਾਰ ਰੁਪਏ ਵਿੱਚ ਹੋਇਆ, ਜਿਸ ਵਿੱਚ ਇੱਕ ਸਾਮਾਨ ਚੱਕਣ ਲਈ ਘੋੜਾ, ਘੋੜੇ ਦਾ ਮਾਲਕ ਅਤੇ ਇੱਕ ਗਾਇਡ ਸ਼ਾਮਲ ਹਨ। ਇਸ ਟਰੈਕ 'ਤੇ ਜੋ ਖਾਣ-ਪੀਣ ਦਾ ਖਰਚਾ ਆਵੇਗਾ, ਉਹ ਇਸ ਤੋਂ ਅਲੱਗ ਹੋਵੇਗਾ ਅਤੇ ਰਾਤ ਰੁਕਣ ਲਈ ਟੈਂਟ ਅਤੇ ਸਲੀਪਿੰਗ ਬੈਗ ਵੀ ਸਾਡੇ ਆਪਣੇ ਹੋਣਗੇ, ਜੋ ਅਸੀਂ ਪਹਿਲਾਂ ਤੋਂ ਹੀ ਘਰੋਂ ਲੈ ਕੇ ਗਏ ਸੀ।

ਪਹਾੜਾਂ 'ਚ ਟਰੈਕਿੰਗ ਕਰਨੀ ਇੱਕ ਬਹੁਤ ਵੱਡਾ ਕਾਰੋਬਾਰ ਹੈ।ਖਾਸ ਕਰ ਵਿਦੇਸ਼ੀ ਸੈਲਾਨੀ ਕਸ਼ਮੀਰੀ ਲੋਕਾਂ ਦੀ ਆਮਦਨ ਦਾ ਵੱਡਾ ਜ਼ਰੀਆ ਹਨ। ਹਿਮਾਲਿਆ ਦੇ ਸਾਰੇ ਟਰੈਕ ਜੇਕਰ ਕੰਪਨੀ ਠੇਕੇ (ਪੈਕਜ) ਵਿੱਚ ਕਰੀਏ ਤਾਂ ਬਹੁਤ ਮਹਿੰਗੇ ਪੈਂਦੇ ਹਨ, ਪਰ ਠੇਕੇ ਵਿੱਚ ਤੁਹਾਡਾ ਗਾਇਡ ਖਾਣ-ਪੀਣ ਅਤੇ ਰਹਿਣ ਦਾ ਸਾਰਾ ਪ੍ਰਬੰਧ ਕੰਪਨੀ ਕਰਦੀ ਹੈ। ਇਹ ਠੇਕੇ ਜਾਂ ਤਾਂ ਵੱਡੇ ਅਫਸਰਾਂ ਦੇ ਫਿੱਟ ਬੈਠਦੇ ਹਨ ਜਾਂ ਫਿਰ ਵਿਦੇਸ਼ੀ ਸੈਲਾਨੀ ਇਹਦਾ ਆਨੰਦ ਮਾਣਦੇ ਹਨ। ਸਾਡੇ ਵਰਗੇ ਘੁਮੱਕੜਾਂ ਦੀ ਤਾਂ ਪਹਿਲੀ ਕੋਸ਼ਿਸ਼ ਹੀ ਇਹ ਹੁੰਦੀ ਹੈ ਕਿ ਘੱਟ ਤੋਂ ਘੱਟ ਖ਼ਰਚ ਅਤੇ ਵੱਧ ਤੋਂ ਵੱਧ ਘੁੰਮਣਾ।ਇੱਕ ਸੈਲਾਨੀ ਅਤੇ ਘੁਮੱਕੜ ਨੂੰ ਅਲੱਗ ਕਰਨ ਵਾਲੀ ਪਹਿਲੀ ਸ਼ਰਤ ਹੀ ਇਹ ਹੈ ਕਿ ਸੈਲਾਨੀ ਵੱਧ ਪੈਸੇ ਖ਼ਰਚ ਕਰਕੇ ਵੱਧ ਸਹੂਲਤਾਂ ਲੈ ਕੇ ਘੱਟ ਘੁੰਮਦਾ ਹੈ ਅਤੇ ਇੱਕ ਘੁਮੱਕੜ ਘੱਟ ਖ਼ਰਚੇ ਵਿੱਚ ਵੱਧ ਘੁੰਮਦਾ ਹੈ।

ਆਮ ਟਰੈਕਿੰਗ ਵਿੱਚ ਇਹ ਨਿਯਮ ਹੁੰਦਾ ਹੈ ਕਿ ਤੁਹਾਡੇ ਗਾਇਡ ਦੇ ਨਾਲ ਜੋ ਦੂਸਰਾ ਇਨਸਾਨ ਹੁੰਦਾ ਹੈ, ਜਿਸ ਨੂੰ ਹੈਲਪਰ (ਗਾਇਡ ਦੀ ਮਦਦ ਕਰਨ ਵਾਲਾ) ਕਿਹਾ ਜਾਂਦਾ ਹੈ, ਉਸ ਨੇ ਤੁਹਾਡੇ ਰਾਤ ਰੁਕਣ ਵਾਲੇ ਟਿਕਾਣੇ 'ਤੇ ਥੋਡੇ ਤੋਂ ਪਹਿਲਾਂ ਪਹੁੰਚ ਕੇ ਟੈਂਟ ਗੱਡਣੇ ਹੁੰਦੇ ਹਨ ਅਤੇ ਖਾਣਾ ਤਿਆਰ ਕਰਨਾ ਹੁੰਦਾ ਹੈ। ਵੱਡੀਆਂ ਕੰਪਨੀਆਂ ਤਾਂ ਇਹ ਕੰਮ ਵੱਡੀਆਂ ਟੀਮਾਂ ਵਿੱਚ ਕਰਦੀਆਂ ਹਨ।ਜਿਸ ਜਗ੍ਹਾ ਟਰੈਕਰ ਰਾਤ ਕੱਟਦੇ ਹਨ, ਉੱਥੇ ਪੱਕੇ ਤੌਰ 'ਤੇ ਇਕ ਟੀਮ ਠਹਿਰੀ ਹੁੰਦੀ ਹੈ, ਜਿਸ ਦਾ ਕੰਮ ਖਾਣਾ ਬਣਾਉਣਾ, ਪਾਣੀ ਗਰਮ ਕਰਨਾ, ਟੈਂਟ ਲਾਉਣਾ ਆਦਿ ਹੁੰਦਾ ਹੈ। ਕੰਪਨੀ ਇਸ ਟਰੈਕ ਦੀ ਫੀਸ ਵੀਹ ਤੋਂ ਪੱਚੀ ਹਜ਼ਾਰ ਰੁਪਈਆ ਪ੍ਰਤੀ ਵਿਅਕਤੀ ਵਸੂਲਦੀ ਹੈ, ਜਿਸ ਵਿੱਚ ਸ੍ਰੀਨਗਰ ਤੋਂ ਸ੍ਰੀਨਗਰ ਤੱਕ ਆਉਣ-ਜਾਣ ਦਾ ਟਰਾਂਸਪੋਰਟ ਖ਼ਰਚਾ, ਗਾਇਡ, ਰਹਿਣ ਅਤੇ ਖਾਣੇ ਦਾ ਸਾਰਾ ਪ੍ਰਬੰਧ ਕੰਪਨੀ ਕਰਦੀ ਹੈ।

ਪਰ ਅਸੀਂ ਆਵਦਾ ਖਾਣ-ਪੀਣ ਦਾ ਪ੍ਰਬੰਧ ਆਪ ਕਰਨਾ ਸੀ। ਟੈਂਟ, ਸਲੀਪਿੰਗ ਬੈਗ ਅਤੇ ਹੋਰ ਲੋੜੀਂਦਾ ਸਾਰਾ ਸਾਮਾਨ ਸਾਡਾ ਆਪਣਾ ਸੀ, ਇਸੇ ਲਈ ਅਸੀਂ ਪੱਚੀ ਹਜ਼ਾਰ ਵਿੱਚ ਦੋ ਜਣੇ ਇਹ ਟਰੈਕ ਕਰ ਰਹੇ ਸੀ।

ਫਿਆਜ਼ ਨੇ ਸਵੇਰੇ ਦਫ਼ਤਰ ਖੁੱਲ੍ਹਣ 'ਤੇ ਸਾਡੀ ਦੋਨਾਂ ਦੀ ਟਰੈਕ ਕਰਨ ਦੀ ਮਨਜ਼ੂਰੀ ਲੈ ਲਈ। ਅਸੀਂ ਸੋਨਮਰਗ ਬਜ਼ਾਰ ਵਿੱਚੋਂ ਛੇ ਛੋਟੇ ਬੁਟੇਨ ਗੈਸ ਸਿਲੰਡਰ, ਇੱਕ ਚੁੱਲ੍ਹਾ, ਕੁਝ ਭਾਂਡੇ, ਚੌਲ, ਮੈਗੀ, ਚੌਕਲੇਟ ਅਤੇ ਕੁਝ ਹੋਰ ਖਾਣ ਵਾਲੇ ਸਾਮਾਨ ਦੀ ਖ਼ਰੀਦ ਕਰ ਲਈ, ਹੁਣ ਅਸੀਂ ਟਰੈਕ ਸ਼ੁਰੂ ਕਰਨ ਲਈ ਬਿਲਕੁਲ ਤਿਆਰ ਸੀ। ਅਸੀਂ ਜ਼ਰੂਰਤ ਵਾਲਾ ਸਾਰਾ ਸਾਮਾਨ ਲੈ ਕੇ ਛਿਤਕੜੀ ਪਹੁੰਚ ਗਏ (ਸੋਨਮਰਗ ਤੋਂ ਕੁਝ ਕੁ ਕਿਲੋਮੀਟਰ ਪਿੱਛੇ ਸ੍ਰੀਨਗਰ ਵਾਲੇ ਪਾਸੇ)।

ਫਿਆਜ਼ ਸਾਨੂੰ ਛਿਤਕੜੀ ਤੱਕ ਛੱਡ ਕੇ ਆਪ ਵਾਪਸ ਕਿਸੇ ਹੋਰ ਗਰੁੱਪ ਨਾਲ ਚਲਾ ਗਿਆ ਤੇ ਸਾਡੇ ਇਸ ਸਫ਼ਰ ਦਾ ਸਾਡਾ ਅਗਲਾ ਸਾਥੀ ਸੀ ਦਸ ਕਲਾਸਾਂ ਪਾਸ ਅਠਾਰਾਂ ਉੱਨੀ ਸਾਲ ਦਾ ਕਸ਼ਮੀਰੀ ਨੌਜਵਾਨ ਇਮਤਿਆਜ਼ ਹਮੀਰ। ਸਮੁੰਦਰੀ ਤਲ ਤੋਂ ਲੱਗਭੱਗ ਛੱਬੀ ਸੌ ਮੀਟਰ ਦੀ ਉਚਾਈ 'ਤੇ ਛਿਤਕੜੀ ਪਿੰਡ ਸਿੰਧ ਨਦੀ ਦੇ ਕੰਢੇ 'ਤੇ ਇਸ ਟਰੈਕ ਦਾ ਬੇਸ ਕੈਂਪ ਹੈ। ਇੱਥੇ ਧਿਆਨ ਦੇਣਯੋਗ ਹੈ ਕਿ ਇਹ ਉਹ ਸਿੰਧ ਦਰਿਆ ਨਹੀਂ, ਜਿਸ 'ਚ ਸਾਡੇ ਦੂਜੇ ਪੰਜ ਦਰਿਆ ਰਲਦੇ ਹਨ, ਬਲਕਿ ਇਹ ਸਿੰਧ ਜਿਹਲਮ ਦੀ ਇੱਕ ਸਹਾਇਕ ਨਦੀ ਹੈ।

ਬੇਸ ਕੈਂਪ ਪਹੁੰਚਣ 'ਤੇ ਇਮਤਿਆਜ਼ ਸਾਡਾ ਸਵਾਗਤ ਕਰਦਾ ਹੈ।ਸਾਡੇ ਨਾਲ ਛੇ ਜਣਿਆਂ ਦਾ ਇਕ ਹੋਰ ਗਰੁੱਪ ਹੈ, ਜੋ ਇਜ਼ਰਾਇਲੀ ਟਰੈਕਰਾਂ ਦਾ ਹੈ। ਇਜ਼ਰਾਇਲ ਵਾਲਿਆਂ ਦਾ ਸਾਰਾ ਰਹਿਣ-ਸਹਿਣ, ਖਾਣ-ਪੀਣ ਅਤੇ ਗਾਇਡ ਸਾਡੇ ਤੋਂ ਅਲੱਗ ਹੈ, ਪਰ ਅਸੀਂ ਫਿਰ ਵੀ ਇਸ ਸਫ਼ਰ ਦੇ ਸਾਥੀ ਹਾਂ।ਸਾਡਾ ਇਹ ਟਰੈਕ ਲੱਗਭੱਗ ਸੱਤਰ ਕਿਲੋਮੀਟਰ ਲੰਬਾ ਹੈ।ਇਸ ਸੱਤਰ ਕਿਲੋਮੀਟਰ ਵਿੱਚ ਨਾ ਤਾਂ ਕੁਝ ਖਾਣ-ਪੀਣ ਲਈ ਮਿਲਣਾ ਹੈ, ਨਾ ਰਹਿਣ ਲਈ ਕੋਈ ਪੱਕਾ ਪ੍ਰਬੰਧ ਹੈ ਅਤੇ ਨਾ ਹੀ ਫੋਨ ਦਾ ਕੋਈ ਨੈੱਟਵਰਕ ਹੈ।ਟਰੈਕਿੰਗ ਦੀ ਇਹੀ ਖ਼ੂਬਸੂਰਤੀ ਹੁੰਦੀ ਹੈ ਕਿ ਟਰੈਕ ਕਰਦੇ-ਕਰਦੇ ਅਸੀਂ ਸਭ ਕਾਸੇ ਤੋਂ ਟੁੱਟ ਨਿਰੋਲ ਕੁਦਰਤ ਦੀ ਝੋਲੀ ਪੈ ਜਾਂਦੇ ਹਾਂ।ਕਸ਼ਮੀਰ ਗ੍ਰੇਟ ਲੇਕ ਟਰੈਕ ਦੇ ਨਾਂਅ ਤੋਂ ਹੀ ਪਤਾ ਲਗਦਾ ਹੈ ਕਿ ਇਸ ਟਰੈਕ ਵਿੱਚ ਝੀਲਾਂ ਦੀ ਖ਼ੂਬਸੂਰਤੀ ਦੇਖਣ ਵਾਲੀ ਹੋਵੇਗੀ।

ਅਸੀਂ ਘੋੜਿਆਂ 'ਤੇ ਆਪਣਾ ਸਾਮਾਨ ਬੰਨ੍ਹ ਕੇ ਆਪਣਾ ਸਫ਼ਰ ਸ਼ੁਰੂ ਕਰ ਦਿੰਦੇ ਹਾਂ। ਅੱਜ ਅਸੀਂ ਇੱਥੋਂ ਬਾਰਾਂ-ਪੰਦਰਾਂ ਕਿਲੋਮੀਟਰ ਅੱਗੇ ਨਿਚਨੇ ਨਾਂਅ ਦੀ ਜਗ੍ਹਾ 'ਤੇ ਪਹੁੰਚਣਾ ਹੈ। ਕੋਈ ਵੀ ਟਰੈਕ ਹੋਵੇ, ਉਸ ਵਿੱਚ ਪਹਿਲਾ ਦਿਨ ਜ਼ਿਆਦਾ ਥਕਾਉਣ ਵਾਲਾ ਨਹੀਂ ਹੁੰਦਾ।ਅਸੀਂ ਹੌਲੀ-ਹੌਲੀ ਪਹਾੜਾਂ ਵੱਲ ਤੁਰਨਾ ਸ਼ੁਰੂ ਕਰ ਦਿੱਤਾ। ਹਰੇ-ਭਰੇ ਘਾਹ ਦੇ ਮੈਦਾਨਾਂ ਨੇ ਸਾਡੇ ਪੈਰਾਂ ਨੂੰ ਧੰਨਭਾਗ ਕਿਹਾ।ਥੋੜ੍ਹਾ ਅੱਗੇ ਜਾ ਕੇ ਫੌਜ ਦੀ ਚੈੱਕ ਪੋਸਟ ਹੈ, ਜਿੱਥੇ ਉਹਨਾਂ ਸਾਡੇ ਪਾਸ ਅਤੇ ਹੋਰ ਕਾਗਜ਼ੀ ਕਾਰਵਾਈ ਚੈੱਕ ਕੀਤੀ। ਫੌਜ ਨੂੰ ਆਪਣੇ ਕਾਗਜ਼ ਚੈੱਕ ਕਰਵਾਉਣ ਤੋਂ ਬਾਅਦ ਅਸੀਂ ਲਗਾਤਾਰ ਗੋਲਾਕਾਰ ਕੱਚੇ ਪਹਾੜਾਂ ਉਤੇ ਚੜ੍ਹਾਈ ਚੜ੍ਹਨੀ ਸ਼ੁਰੂ ਕੀਤੀ।ਇਮਤਿਆਜ਼ ਅੱਗੇ ਕਿਸੇ ਮੈਗੀ ਪੁਆਇੰਟ ਦੀ ਗੱਲ ਕਰ ਰਿਹਾ ਸੀ ਜਿੱਥੇ ਅਸੀਂ ਦੁਪਹਿਰ ਤੱਕ ਪਹੁੰਚਣਾ ਹੈ। ਇਹ ਮੈਗੀ ਪੁਆਇੰਟ ਸਾਰੇ ਟਰੈਕਰਾਂ ਦਾ ਅਰਾਮ ਘਰ ਹੈ।

ਘਾਹ ਦੇ ਹਰੇ ਮੈਦਾਨਾਂ ਵਿੱਚ ਕਈ ਲੋਕ ਬੱਕਰੀਆਂ ਅਤੇ ਭੇਡਾਂ ਚਾਰ ਰਹੇ ਸਨ। ਇਹਨਾਂ ਬੱਕਰੀ ਪਾਲਕਾਂ ਨੂੰ ਬੱਕਰਵਾਲ ਕਿਹਾ ਜਾਂਦਾ ਹੈ।ਜਿਵੇਂ ਸਰਦੀ ਵਧ ਰਹੀ ਹੈ, ਇਹ ਬੱਕਰਵਾਲ ਪਹਾੜਾਂ ਤੋਂ ਥੱਲੇ ਆ ਰਹੇ ਹਨ। ਇਹ ਟਰੈਕ ਕਰਨ ਵਾਲਾ ਸਾਡਾ ਇਸ ਰੁੱਤ ਦਾ ਆਖ਼ਰੀ ਗਰੁੱਪ ਹੈ।ਇਸ ਤੋਂ ਬਾਅਦ ਠੰਢ ਵਧਣ ਕਾਰਨ ਟਰੈਕ ਅਗਲੇ ਸਾਲ ਤੱਕ ਬੰਦ ਹੋ ਜਾਵੇਗਾ। ਸਰਦੀਆਂ ਵਧਣ ਕਾਰਨ ਬਹੁਤ ਸਾਰੇ ਬੱਕਰਵਾਲ ਵਾਪਸ ਜਾ ਚੁੱਕੇ ਹਨ ਅਤੇ ਰਹਿੰਦੇ ਕੁਝ ਵਾਪਸ ਜਾਣ ਦੀ ਤਿਆਰੀ ਕਰ ਰਹੇ ਹਨ।ਇਹ ਬੱਕਰਵਾਲ ਜ਼ਿਆਦਾਤਰ ਜੰਮੂ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਤੋਂ ਹਨ।

ਢਲੀ ਦੁਪਹਿਰ ਤੱਕ ਅਸੀਂ ਮੈਗੀ ਪੁਆਇੰਟ 'ਤੇ ਪਹੁੰਚ ਜਾਂਦੇ ਹਾਂ।ਕੱਚੀਆਂ ਕੰਧਾਂ 'ਤੇ ਧਰੀਆਂ ਅਨਗੜਤ ਸ਼ਤੀਰਾਂ ਤੇ ਪਲਾਸਟਿਕ ਦੇ ਕਾਗਜ਼ ਸਹਾਰੇ ਪਾਈ ਛੱਤ ਨਾਲ ਬਣਿਆ ਇਹ ਮੈਗੀ ਪੁਆਇੰਟ ਹਰੇਕ ਟਰੈਕਰ ਦਾ ਆਰਾਮ ਘਰ ਹੈ। ਇਹ ਮੈਗੀ ਪੁਆਇੰਟ ਵੀ ਬੱਕਰਵਾਲ ਪਰਵਾਰ ਵੱਲੋਂ ਹੀ ਚਲਾਇਆ ਜਾ ਰਿਹਾ ਸੀ।ਟਰੈਕਿੰਗ ਵਾਲੇ ਰਾਹਾਂ 'ਤੇ ਅਕਸਰ ਬੱਕਰਵਾਲ ਛੋਟੀਆਂ-ਛੋਟੀਆਂ ਦੁਕਾਨਾਂ ਖੋਲ੍ਹ ਲੈਂਦੇ ਹਨ, ਜਿੱਥੇ ਚਾਹ, ਮੈਗੀ ਅਤੇ ਹੋਰ ਥੋੜ੍ਹਾ ਖਾਣ-ਪੀਣ ਦਾ ਸਾਮਾਨ ਮਿਲ ਜਾਂਦਾ ਹੈ।ਇਹ ਟਿਕਾਣੇ ਖ਼ਰਾਬ ਮੌਸਮ ਵਿੱਚ ਠਹਿਰ ਦਾ ਕੰਮ ਵੀ ਦਿੰਦੇ ਹਨ।

ਇੱਕ-ਇੱਕ ਕੱਪ ਚਾਹ ਪੀ ਕੇ ਅਤੇ ਮੈਗੀ ਖਾ ਕੇ ਅਸੀਂ ਅੱਗੇ ਤੁਰਨ ਦੀ ਤਿਆਰੀ ਵਿੱਚ ਸੀ। ਸਾਨੂੰ ਗਾਇਡ ਨੇ ਕਿਹਾ ਕਿ ਜੇਕਰ ਕਿਸੇ ਨੇ ਆਪਣੇ ਘਰ ਕੋਈ ਸੁਨੇਹਾ ਦੇਣਾ ਹੈ, ਕੋਈ ਫੋਨ ਕਰਨਾ ਹੈ ਤਾਂ ਇੱਥੇ ਕਰ ਸਕਦਾ ਹੈ, ਇਸ ਤੋਂ ਅੱਗੇ ਸੱਤ ਦਿਨ ਸਾਨੂੰ ਕਿਤੇ ਵੀ ਨੈੱਟਵਰਕ ਨਹੀਂ ਮਿਲੇਗਾ।

ਅਸੀਂ ਬੋਤਲਾਂ 'ਚ ਪਾਣੀ ਭਰਿਆ ਅਤੇ ਅੱਗੇ ਤੁਰਨਾ ਸ਼ੁਰੂ ਕਰ ਦਿੱਤਾ। ਸਾਨੂੰ ਸਾਹਮਣੇ ਦਰੱਖਤਾਂ ਦਾ ਇੱਕ ਜੰਗਲ ਦਿਸ ਰਿਹਾ ਸੀ, ਜਿਸ ਨੂੰ ਅਸੀਂ ਅੱਜ ਪਾਰ ਕਰਨਾ ਸੀ।ਅਸੀਂ ਤੁਰਦੇ-ਤੁਰਦੇ ਇਸ ਜੰਗਲ ਵਿੱਚ ਪਹੁੰਚ ਗਏ।ਇਹ ਸਾਰੇ ਰੁੱਖ ਭੋਜ ਪੱਤਰ ਦੇ ਸਨ।ਪੁਰਾਣੇ ਸਮੇਂ ਜਦ ਕਾਗਜ਼ ਦੀ ਖੋਜ ਨਹੀਂ ਹੋਈ ਸੀ ਤਾਂ ਇਹਨਾਂ ਦਰੱਖਤਾਂ ਦੇ ਛਿੱਲੜ ਲਿਖਣ ਲਈ ਕਾਗਜ਼ ਦੇ ਰੂਪ ਵਜੋਂ ਵਰਤੇ ਜਾਂਦੇ ਸਨ।

ਇਸ ਜੰਗਲ ਦੇ ਵਿਚਕਾਰ ਇੱਕ ਪਗਡੰਡੀ ਸੀ, ਜੋ ਸਾਡੇ ਟਰੈਕ ਦਾ ਰਸਤਾ ਸੀ, ਇਸ ਦੇ ਨਾਲ ਇਕ ਪਾਣੀ ਦਾ ਛੋਟਾ ਜਿਹਾ ਨਾਲਾ ਵਗ ਰਿਹਾ ਸੀ।ਥੋੜ੍ਹੇ ਹੀ ਸਮੇਂ ਵਿੱਚ ਪੂਰਾ ਆਲਾ-ਦੁਆਲਾ ਬਦਲਣਾ ਸ਼ੁਰੂ ਹੋ ਗਿਆ। ਦਰੱਖਤਾਂ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ।ਕੱਚੇ ਪਹਾੜ ਪਥਰੀਲੇ ਪਹਾੜਾਂ ਵਿੱਚ ਬਦਲਣ ਲੱਗੇ। ਦੂਰ ਦਿਸਦੀਆਂ ਉੱਚੀਆਂ ਚੋਟੀਆਂ 'ਤੇ ਬਰਫ਼ ਚਮਕਣੀ ਸ਼ੁਰੂ ਹੋ ਗਈ।

ਸਾਡੇ ਸਾਮਾਨ ਵਾਲੇ ਘੋੜਿਆਂ ਨੇ ਸਾਡੇ ਸਮਾਨਾਂਤਰ ਹੀ ਇੱਕ ਹੋਰ ਰਸਤਾ ਲਿਆ ਹੋਇਆ ਸੀ, ਜਿਸ 'ਤੇ ਉਹ ਨਿਰੰਤਰ ਤੁਰ ਰਹੇ ਸਨ, ਪਰ ਹੁਣ ਉਹ ਸਾਨੂੰ ਦਿਸਣੋਂ ਹਟ ਗਏ ਸਨ।

ਅਸੀਂ ਉੱਚੇ ਪਹਾੜਾਂ ਦੇ ਜਿਉਂ ਜਿਉਂ ਅੰਦਰ ਨੂੰ ਜਾ ਰਹੇ ਸੀ ਟਰੈਕ ਆਪਣੀ ਖ਼ੂਬਸੂਰਤੀ ਵੱਲ ਵਧ ਰਿਹਾ ਸੀ।ਪੱਥਰਾਂ ਨਾਲ ਵੱਜ ਕੇ ਪਾਣੀ ਦੇ ਝਰਨੇ ਕਿਸੇ ਸੂਫ਼ੀ ਗਾਇਕ ਵਾਂਗ ਸੁਰ ਤਾਲ 'ਚ ਗਾ ਰਹੇ ਸਨ।

ਵਗਦੇ ਪਾਣੀਆਂ ਦੀ ਕਲਲ-ਕਲਲ ਦੀ ਆਵਾਜ਼ ਚੁਗਿਰਦੇ ਵਿੱਚ ਤਾਜ਼ਗੀ ਭਰ ਰਹੀ ਸੀ।

ਮੂੰਹ ਹਨੇਰੇ ਤੱਕ ਅਸੀਂ ਨਿਚਨੇ ਪਹੁੰਚ ਚੁੱਕੇ ਸੀ। ਅੱਜ ਨਾ ਤਾਂ ਬਹੁਤਾ ਲੰਬਾ ਸਫ਼ਰ ਸੀ ਅਤੇ ਨਾ ਹੀ ਬਹੁਤ ਔਖਾ।



ਲੇਖਕ ਦੇ ਨਾਲ ਅੰਮ੍ਰਿਤਪਾਲ ਸਿੰਘ ਘੁੱਦਾ

ਅਸੀਂ ਸਾਰੇ ਜਣੇ ਆਪਣੇ ਸਾਮਾਨ ਵਾਲੇ ਘੋੜਿਆਂ ਨੂੰ ਉਡੀਕਣ ਲੱਗੇ, ਜੋ ਸਾਡੇ ਤੋਂ ਪਹਿਲਾਂ ਪਹੁੰਚਣੇ ਚਾਹੀਦੇ ਸੀ, ਪਰ ਅਜੇ ਤੱਕ ਪਹੁੰਚੇ ਨਹੀਂ ਸੀ।

ਸਾਡਾ ਖਾਣ-ਪੀਣ ਦਾ ਸਾਮਾਨ ਅਤੇ ਟੈਂਟ ਸਾਰਾ ਕੁਝ ਘੋੜਿਆਂ 'ਤੇ ਹੀ ਲੱਦਿਆ ਹੋਇਆ ਸੀ।

ਥੋੜ੍ਹੇ ਸਮੇਂ ਬਾਅਦ ਘੋੜੇ ਸਾਡੇ ਕੋਲ ਪਹੁੰਚ ਗਏ, ਪਰ ਘੋੜੇ 'ਤੇ ਟੰਗੇ ਸਾਡੇ ਬੈਗ ਫਟੇ ਹੋਏ ਸਨ।

ਜਦ ਅਸੀਂ ਬੈਗ ਖੋਲ੍ਹ ਕੇ ਦੇਖੇ ਤਾਂ ਮੇਰੇ ਸਲੀਪਿੰਗ ਬੈਗ ਦਾ ਕਵਰ ਪੂਰੀ ਤਰ੍ਹਾਂ ਪਾਟ ਚੁੱਕਾ ਸੀ। ਬੈਗਾਂ ਦੀਆਂ ਤਣੀਆਂ ਵੀ ਟੁੱਟੀਆਂ ਹੋਈਆਂ ਸਨ। ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਕਿ ਮੈਂ ਆਪਣਾ ਇੱਕ ਫੋਨ ਬੈਗ ਵਿੱਚ ਪਾਇਆ ਹੋਇਆ ਸੀ, ਜੋ ਪੂਰੀ ਤਰ੍ਹਾਂ ਟੁੱਟ ਗਿਆ ਸੀ। ਸਾਰਾ ਖਰਚਾ ਮਿਲਾ ਕੇ ਮੇਰਾ ਪੰਜਾਹ ਹਜ਼ਾਰ ਦੇ ਕਰੀਬ ਨੁਕਸਾਨ ਹੋ ਗਿਆ ਸੀ।ਸਾਡੇ ਨਾਲ ਦੂਜੇ ਗਰੁੱਪ ਦੀ ਵੱਡੀ ਸਮੱਸਿਆ ਇਹ ਬਣੀ ਕਿ ਉਹਨਾਂ ਦਾ ਗੈਸ ਚੁੱਲ੍ਹਾ ਟੁੱਟ ਚੁੱਕਾ ਸੀ। ਘੋੜੇ ਵਾਲਿਆਂ ਤੋਂ ਇਸ ਦਾ ਕਾਰਨ ਪੁੱਛਿਆ ਤਾਂ ਉਹਨਾਂ ਦੱਸਿਆ ਕਿ ਉਹਨਾਂ ਦੇ ਦੋ ਘੋੜੇ ਉਹਨਾਂ ਦੇ ਕਾਬੂ ਤੋਂ ਬਾਹਰ ਹੋ ਕੇ ਭੱਜ ਗਏ ਸਨ ਅਤੇ ਪਹਾੜਾਂ ਨਾਲ ਵੱਜ-ਵੱਜ ਕੇ ਬੈਗ ਅਤੇ ਹੋਰ ਸਾਮਾਨ ਦਾ ਨੁਕਸਾਨ ਹੋ ਗਿਆ ਸੀ।

ਸਾਡੀ ਟਰੈਕ ਕਰਨ ਦੀ ਖੁਸ਼ੀ ਉਦਾਸੀ ਵਿੱਚ ਬਦਲ ਚੁੱਕੀ ਸੀ।ਦੋਨਾਂ ਗਰੁੱਪਾਂ ਦਾ ਹੀ ਕਾਫੀ ਨੁਕਸਾਨ ਹੋ ਗਿਆ ਸੀ, ਪਰ ਅਸੀਂ ਘੋੜੇ ਵਾਲਿਆਂ ਨੂੰ ਕੁਝ ਕਹਿ ਵੀ ਨਹੀਂ ਸੀ ਸਕਦੇ।

ਸਾਡੇ ਕੋਲ ਖਾਣ ਦਾ ਸਾਮਾਨ ਅਤੇ ਚੁੱਲ੍ਹਾ ਸੁਰੱਖਿਅਤ ਸੀ, ਪਰ ਦੂਜੇ ਗਰੁੱਪ ਲਈ ਖ਼ਰਾਬ ਚੁੱਲ੍ਹਾ ਵੱਡੀ ਸਮੱਸਿਆ ਬਣਿਆ ਹੋਇਆ ਸੀ।ਕਾਫੀ ਸਮਾਂ ਹੱਥ-ਪੈਰ ਮਾਰਨ ਤੋਂ ਬਾਅਦ ਉਹਨਾਂ ਨੇ ਇੱਕ ਵਾਰ ਆਵਦਾ ਚੁੱਲ੍ਹਾ ਬਲਦਾ ਕਰ ਲਿਆ ਅਤੇ ਖਾਣਾ ਬਣਾ ਲਿਆ।

ਸਾਡੇ ਦੋਹਾਂ ਗਰੁੱਪਾਂ 'ਤੇ ਆਈ ਇਸ ਸਾਂਝੀ ਸਮੱਸਿਆ ਦਾ ਸੋਹਣਾ ਪੱਖ ਇਹ ਨਿਕਲਿਆ ਕਿ ਹੁਣ ਤੱਕ ਇੱਕ-ਦੂਜੇ ਤੋਂ ਅਣਜਾਣ ਅਸੀਂ ਆਪਸ ਵਿੱਚ ਗੱਲਾਂ ਕਰਨ ਲੱਗੇ, ਇਜ਼ਰਾਇਲੀ ਟਰੈਕਟਰ ਅਤੇ ਸਾਡੇ ਵਿੱਚ ਇਹ ਪਹਿਲੀ ਵਾਰਤਾਲਾਪ ਸੀ।ਅਸੀਂ ਘਰੋਂ ਚੌਲਾਂ ਦੇ ਆਟੇ ਦੀਆਂ ਪਿੰਨੀਆਂ ਬਣਾ ਕੇ ਆਵਦੇ ਨਾਲ ਲੈ ਗਏ ਸੀ, ਜੋ ਅਸੀਂ ਉਹਨਾਂ ਨੂੰ ਵੀ ਖਾਣ ਲਈ ਦਿੱਤੀਆਂ। ਉਹਨਾਂ ਸਾਨੂੰ ਕੁਝ ਚੌਕਲੇਟ ਖਾਣ ਲਈ ਦਿੱਤੀਆਂ।ਅਸੀਂ ਇੱਕ-ਦੂਜੇ ਦਾ ਲੂਣ ਖਾਣ ਤੋਂ ਪਹਿਲਾਂ ਖੰਡ ਖਾ ਲਈ ਸੀ।

ਸ਼ਾਮ ਦਾ ਖਾਣਾ ਖਾਣ ਤੋਂ ਬਾਅਦ ਇਹ ਫੈਸਲਾ ਹੋਇਆ ਕਿ ਘੋੜਿਆਂ ਵਾਲੇ ਵਾਪਸ ਜਾਣਗੇ ਅਤੇ ਸਵੇਰ ਤੱਕ ਨਵਾਂ ਚੁੱਲ੍ਹਾ ਲੈ ਕੇ ਮੁੜਨਗੇ, ਕਿਉਂਕਿ ਟੁੱਟੇ ਹੋਏ ਚੁੱਲ੍ਹੇ ਨਾਲ ਸਾਰਾ ਸਫ਼ਰ ਨਹੀਂ ਕੀਤਾ ਜਾ ਸਕਦਾ ਸੀ।

ਅਸੀਂ ਆਪਣੇ ਟੈਂਟ ਲਾਏ, ਮੈਗੀ ਬਣਾ ਕੇ ਖਾਧੀ ਅਤੇ ਸੌਣ ਦੀ ਤਿਆਰੀ ਕੀਤੀ।ਦੂਜੇ ਗਰੁੱਪ ਵਾਲੇ ਵੀ ਸਾਡੇ ਤੋਂ ਥੋੜ੍ਹੀ ਦੂਰੀ 'ਤੇ ਟੈਂਟ ਲਾ ਕੇ ਸੌਂ ਗਏ।

ਸਵੇਰੇ ਦਿਨ ਚੜ੍ਹਿਆ ਤਾਂ ਘੋੜਿਆਂ ਵਾਲੇ ਅਜੇ ਤੱਕ ਸਾਡੇ ਕੋਲ ਨਹੀਂ ਪਹੁੰਚੇ ਸਨ। ਸਭ ਨੇ ਚਾਹ ਬਣਾ ਕੇ ਪੀਤੀ ਅਤੇ ਉਹਨਾਂ ਦੀ ਉਡੀਕ ਕਰਨ ਲੱਗੇ। ਕੁਝ ਸਮਾਂ ਉਡੀਕਣ ਤੋਂ ਬਾਅਦ ਅਸੀਂ ਇਮਤਿਆਜ਼ ਨੂੰ ਵਾਪਸ ਛਿਤਕੜੀ ਭੇਜਿਆ, ਜਿੱਥੋਂ ਘੋੜੇ ਵਾਲਿਆਂ ਨੇ ਨਵਾਂ ਗੈਸ ਚੁੱਲ੍ਹਾ ਲੈ ਕੇ ਆਉਣਾ ਸੀ। ਸਵੇਰੇ ਦਿਨ ਪੂਰੀ ਤਰ੍ਹਾਂ ਸਾਫ਼ ਸੀ।ਹਲਕੀ-ਹਲਕੀ ਹਵਾ ਰੁਮਕ ਰਹੀ। ਨਾਲ ਵਗਦੇ ਨਾਲੇ 'ਚੋਂ ਪਾਣੀ ਦੀ ਪੈੜਚਾਲ ਦੀ ਆਵਾਜ਼ ਸਾਡੇ ਤੱਕ ਪਹੁੰਚ ਰਹੀ ਸੀ।ਅਸੀਂ ਕੁਝ ਸਮਾਂ ਧੁੱਪ ਸੇਕੀ ਅਤੇ ਘੋੜੇ ਵਾਲਿਆਂ ਨੂੰ ਉਡੀਕਦੇ ਆਸੇ-ਪਾਸੇ ਟਹਿਲਣ ਲੱਗੇ।ਥੋੜ੍ਹੀ ਦੂਰ ਗਏ ਤਾਂ ਸਾਨੂੰ ਪਹਾੜੀ ਚੂਹੇ ਦੇਖਣ ਨੂੰ ਮਿਲੇ, ਜੋ ਅਸੀਂ ਅੱਜ ਤੋਂ ਪਹਿਲਾਂ ਲਦਾਖ ਦੇ ਇੱਕ ਇਲਾਕੇ 'ਚ ਦੇਖੇ ਸਨ, ਲਦਾਖ ਦੀ ਇਹ ਥਾਂ ਚੂਹਾ ਗਰਾਊਂਡ ਦੇ ਨਾਂਅ ਨਾਲ ਮਸ਼ਹੂਰ ਹੈ।ਇਹ ਚੂਹੇ ਨਾਂਅ ਦੇ ਚੂਹੇ ਹਨ, ਪਰ ਕੱਦ-ਕਾਠ ਵਜੋਂ ਇਹ ਖਰਗੋਸ਼ਾਂ ਤੋਂ ਵੱਡੇ ਹਨ।ਅਸੀਂ ਚੂਹਿਆਂ ਦੀਆਂ ਫ਼ੋਟੋ ਖਿੱਚਣ ਲੱਗੇ ਅਤੇ ਮੋਬਾਇਲ 'ਤੇ ਵੀਡੀਓ ਵੀ ਬਣਾਉਣ ਲੱਗੇ।ਇਹ ਚੂਹੇ ਵੱਡੇ-ਵੱਡੇ ਪੱਥਰਾਂ ਦੇ ਥੱਲੇ ਰਹਿੰਦੇ ਹਨ।ਇਹਨਾਂ ਦਾ ਆਮ ਖਾਣਾ ਘਾਹ ਹੈ ਜਾਂ ਫਿਰ ਲੰਘਦੇ-ਟੱਪਦੇ ਟਰੈਕਰ ਇਹਨਾਂ ਨੂੰ ਖਾਣ ਲਈ ਕੁਝ ਨਾ ਕੁਝ ਪਾਉਂਦੇ ਰਹਿੰਦੇ ਹਨ।ਕੁਝ ਸਮੇਂ ਲਈ ਅਸੀਂ ਵਗਦੇ ਪਾਣੀ ਦੇ ਕੋਲ ਬੈਠੇ ਘੋੜੇ ਵਾਲਿਆਂ ਦੀ ਉਡੀਕ ਕਰਦੇ ਰਹੇ ਪਰ ਸਾਨੂੰ ਦੂਰ-ਦੂਰ ਤੱਕ ਕੋਈ ਵੀ ਆਉਂਦਾ ਨਾ ਦਿਸਿਆ।

ਸਾਨੂੰ ਬੈਠੇ-ਬੈਠੇ ਪਤਾ ਲੱਗਾ ਕਿ ਸਾਡੇ ਸੱਜੇ ਹੱਥ ਪਹਾੜ ਦੀ ਟੀਸੀ ਦੇ ਜਵਾਂ ਥੱਲੇ ਖ਼ੂਬਸੂਰਤ ਨਿਚਨੇ ਝੀਲ ਹੈ।ਝੀਲ ਤੱਕ ਜਾਣ ਲਈ ਸਾਨੂੰ ਲੱਗਭੱਗ ਤਿੰਨ ਕਿਲੋਮੀਟਰ ਪਹਾੜ ਚੜ੍ਹਨਾ ਪੈਣਾ ਸੀ।ਰਸਤਾ ਬਹੁਤ ਖ਼ਤਰਨਾਕ ਸੀ, ਕਿਉਂਕਿ ਨਿੱਕੇ-ਵੱਡੇ ਪੱਥਰਾਂ ਦੇ ਟੋਟਿਆਂ ਉਪਰ ਤੁਰ ਕੇ ਹੀ ਝੀਲ ਤੱਕ ਪਹੁੰਚਿਆ ਜਾ ਸਕਦਾ ਸੀ ਤੇ ਇਹੋ ਜਿਹੇ ਰਾਹਾਂ ਵਿੱਚ ਪੈਰ ਮੁੜਨ ਜਾਂ ਪੱਥਰ ਦੀਆਂ ਖੋੜਾਂ 'ਚ ਪੈਰ ਫਸਣ ਦਾ ਡਰ ਬਹੁਤ ਰਹਿੰਦਾ ਹੈ।ਕਈ ਪੱਥਰ ਬਹੁਤ ਕੂਲੇ ਹੁੰਦੇ ਹਨ, ਜਿਨ੍ਹਾਂ ਤੋਂ ਤਿਲਕ ਕੇ ਵੱਡੀ ਸੱਟ ਵੀ ਲੱਗ ਸਕਦੀ ਹੈ।ਸਾਡੇ ਕੋਲ ਕਰਨ ਨੂੰ ਹੋਰ ਕੁਝ ਨਹੀਂ ਸੀ ਤਾਂ ਅਸੀਂ ਝੀਲ ਵੱਲ ਤੁਰਨਾ ਸ਼ੁਰੂ ਕਰ ਦਿੱਤਾ।

ਇਜ਼ਰਾਇਲ ਵਾਲੇ ਗਰੁੱਪ ਵਿੱਚੋਂ ਇੱਕ ਮੁੰਡਾ ਅਤੇ ਤਿੰਨ ਕੁੜੀਆਂ ਵੀ ਉਸੇ ਝੀਲ ਵੱਲ ਜਾ ਰਹੀਆਂ ਸਨ।ਇੱਕ ਕੁੜੀ ਅਤੇ ਮੁੰਡਾ ਸਾਡੇ ਤੋਂ ਕਾਫੀ ਅੱਗੇ ਸਨ, ਜੋ ਸਾਡੇ ਤੋਂ ਕਾਫੀ ਸਮਾਂ ਪਹਿਲਾਂ ਹੀ ਝੀਲ 'ਤੇ ਪਹੁੰਚ ਗਏ ਸਨ। ਦੋ ਕੁੜੀਆਂ ਓਲਾ ਅਤੇ ਜ਼ਮੀਲਾ ਸਾਡੇ ਤੋਂ ਪਿੱਛੇ ਸਨ। ਮੈਂ ਅਤੇ ਮੇਰਾ ਦੋਸਤ ਘੁੱਦਾ ਅਸੀਂ ਵਿਚਕਾਰ ਸੀ। ਚੜ੍ਹਾਈ ਚੜ੍ਹਦਿਆਂ ਘੁੱਦਾ ਮੇਰੇ ਤੋਂ ਕਾਫੀ ਅੱਗੇ ਲੰਘ ਗਿਆ। ਮੇਰਾ ਪਿੱਛੇ ਰਹਿਣ ਦਾ ਕਾਰਨ ਇਹੀ ਸੀ ਕਿ ਅੱਧ ਵਿਚਕਾਰ ਪਹੁੰਚ ਕੇ ਇਜ਼ਰਾਇਲ ਵਾਲੀ ਕੁੜੀ ਜ਼ਮੀਲਾ ਬਹੁਤ ਕਮਜ਼ੋਰ ਪੈ ਗਈ ਸੀ ਤੇ ਮੈਨੂੰ ਡਰ ਸੀ ਕਿ ਕਿਤੇ ਇਹ ਥੱਲੇ ਨਾ ਡਿੱਗ ਪਵੇ, ਮੈਂ ਉਹਦੇ ਨਾਲ-ਨਾਲ ਆ ਰਿਹਾ ਸੀ।

ਮੈਂ ਜ਼ਮੀਲਾ ਨੂੰ ਉਹਦਾ ਬੈਗ ਚੁੱਕਣ ਲਈ ਕਿਹਾ, ਪਰ ਉਹਨੇ ਮਨ੍ਹਾ ਕਰ ਦਿੱਤਾ। ਮੈਂ ਜ਼ਮੀਲਾ ਦੇ ਪਿੱਛੇ-ਪਿੱਛੇ ਜਾ ਰਿਹਾ ਸੀ। ਮੈਨੂੰ ਡਰ ਸੀ ਕਿ ਜੇਕਰ ਇਹਨੂੰ ਚੱਕਰ ਆਉਂਦਾ ਹੈ ਜਾਂ ਪੈਰ ਤਿਲਕਦਾ ਹੈ ਤਾਂ ਇਹ ਬਹੁਤ ਖ਼ਤਰਨਾਕ ਤਰੀਕੇ ਨਾਲ ਥੱਲੇ ਰੁੜ੍ਹ ਸਕਦੀ ਹੈ।ਅਸੀਂ ਅੱਧ ਤੋਂ ਜ਼ਿਆਦਾ ਉੱਪਰ ਆ ਗਏ ਸੀ, ਹੁਣ ਪਿੱਛੇ ਮੁੜਨ ਦੀ ਕੋਈ ਸੰਭਾਵਨਾ ਨਹੀਂ ਸੀ।ਥੋੜ੍ਹੇ ਸਮੇਂ ਬਾਅਦ ਜ਼ਮੀਲਾ ਕੋਲ ਬਚਿਆ ਪਾਣੀ ਵੀ ਖ਼ਤਮ ਹੋ ਗਿਆ।ਜਮੀਲਾ ਦੇ ਨਾਲ ਵਾਲੀ ਕੁੜੀ ਵੀ ਕਾਫੀ ਅੱਗੇ ਲੰਘ ਗਈ ਸੀ।

ਅਸੀਂ ਜੋ ਚੜ੍ਹਾਈ ਚੜ੍ਹ ਰਹੇ ਸੀ, ਇਹਦੇ ਨਾਲ ਇਕ ਪਾਣੀ ਦਾ ਝਰਨਾ ਵਗ ਰਿਹਾ ਸੀ, ਜੋ ਨਿਚਨੇ ਝੀਲ ਵਿੱਚੋਂ ਹੀ ਨਿਕਲਦਾ ਸੀ।ਜ਼ਮੀਲਾ ਨੇ ਮੈਨੂੰ ਪਾਣੀ ਭਰਨ ਲਈ ਕਿਹਾ ਤਾਂ ਮੈਂ ਉਹਦੀ ਥਰਮੋਸ ਲੈ ਕੇ ਝਰਨੇ 'ਚ ਪਾਣੀ ਭਰਨ ਲਈ ਚਲਾ ਗਿਆ।ਜਦ ਮੈਂ ਵਾਪਸ ਆਇਆ ਤਾਂ ਜ਼ਮੀਲਾ ਹਲਕੀ ਜਿਹੀ ਬੇਹੋਸ਼ੀ ਦੀ ਹਾਲਤ 'ਚ ਪਹੁੰਚ ਚੁੱਕੀ ਸੀ।ਜ਼ਮੀਲਾ ਨੇ ਬਹੁਤ ਹੌਲੀ ਬੋਲ ਕੇ ਮੈਨੂੰ ਕਿਹਾ ਕਿ 'ਸ਼ੂਗਰ ਇੰਨ ਮਾਈ ਬੈਗ'।ਪਹਾੜਾਂ 'ਚ ਚੌਕਲੇਟ ਜਾਂ ਹੋਰ ਮਿੱਠੀਆਂ ਚੀਜ਼ਾਂ ਸਰੀਰ ਨੂੰ ਬਹੁਤ ਤੇਜ਼ ਤਾਕਤ ਦਿੰਦੀਆਂ ਹਨ, ਇਸੇ ਲਈ ਹਰੇਕ ਟਰੈਕਰ ਕੋਲ ਖੰਡ ਜਾਂ ਕੁਝ ਨਾ ਕੁਝ ਮਿੱਠਾ ਜ਼ਰੂਰ ਹੁੰਦਾ ਹੈ।ਮੈਂ ਜ਼ਮੀਲਾ ਦੇ ਬੈਗ 'ਚੋਂ ਮਿੱਠੇ ਦੀਆਂ ਗੋਲੀਆਂ ਕੱਢ ਕੇ ਉਹਦੇ ਮੂੰਹ 'ਚ ਪਾਈਆਂ ਅਤੇ ਪੀਣ ਲਈ ਪਾਣੀ ਦਿੱਤਾ।ਕੁਝ ਦੇਰ ਆਰਾਮ ਕਰਨ ਤੋਂ ਬਾਅਦ ਜ਼ਮੀਲਾ 'ਚ ਤਾਕਤ ਵਾਪਸ ਆਈ ਅਤੇ ਉਹਨੇ ਅੱਗੇ ਤੁਰਨਾ ਸ਼ੁਰੂ ਕੀਤਾ।ਤੁਰਨ ਤੋਂ ਪਹਿਲਾਂ ਜ਼ਮੀਲਾ ਨੇ ਮੇਰੇ ਲਈ ਕਹੇ ਸ਼ਬਦ 'ਯੂ ਆਰ ਏਂਜ਼ਲ' ਮੇਰੇ ਅੱਜ ਵੀ ਯਾਦ ਹਨ।ਪਹਿਲਾਂ ਜ਼ਮੀਲਾ ਨੇ ਮੈਨੂੰ ਬੈਗ ਚੁੱਕਣ ਤੋਂ ਮਨ੍ਹਾ ਕਰ ਦਿੱਤਾ ਸੀ, ਪਰ ਹੁਣ ਉਹਦਾ ਸਰੀਰ ਏਨਾ ਕਮਜ਼ੋਰ ਪੈ ਚੁੱਕਾ ਸੀ, ਉਹਨੇ ਖ਼ੁਦ ਮੈਨੂੰ ਆਵਦਾ ਬੈਗ ਚੁੱਕਣ ਲਈ ਕਿਹਾ।ਮੈਂ ਜ਼ਮੀਲਾ ਦਾ ਬੈਗ ਚੁੱਕਿਆ ਅਤੇ ਇੱਕ ਹੱਥ ਫੜ ਕੇ ਉਹਦੇ ਨਾਲ ਤੁਰਨਾ ਸ਼ੁਰੂ ਕਰ ਦਿੱਤਾ।

ਜ਼ਮੀਲਾ ਦੀ ਇਸ ਹਾਲਤ ਦਾ ਕਾਰਨ ਉਹਦੇ ਵੱਲੋਂ ਕੀਤੀ ਗਈ ਉਹੀ ਵੱਡੀ ਗ਼ਲਤੀ ਸੀ, ਜਿਸ ਦਾ ਨੁਕਸਾਨ ਹਰੇਕ ਟਰੈਕਰ ਨੂੰ ਭੁਗਤਣਾ ਹੀ ਪੈਂਦਾ ਹੈ।ਹੋਇਆ ਇਹ ਕਿ ਔਲਾ ਜ਼ਮੀਲਾ ਤੋਂ ਕਾਫੀ ਅੱਗੇ ਲੰਘ ਗਈ ਸੀ। ਔਲਾ ਤੱਕ ਪਹੁੰਚਣ ਲਈ ਜ਼ਮੀਲਾ ਸ਼ੌਰਟ ਕੱਟ ਰਸਤੇ ਤੋਂ ਦੀ ਚੜ੍ਹਾਈ ਚੜ੍ਹਨ ਲੱਗੀ, ਜੋ ਬਿਲਕੁਲ ਹੀ ਸਿੱਧੀ ਚੜ੍ਹਾਈ ਸੀ, ਜਿਸ ਕਾਰਨ ਜ਼ਮੀਲਾ ਦਾ ਸਾਹ ਪੱਟਿਆ ਗਿਆ ਤੇ ਫਿਰ ਬੇਵੱਸ ਹੋ ਕੇ ਡਿੱਗ ਪਈ।

ਆਖ਼ਰ ਨੂੰ ਅਸੀਂ ਸਾਰੇ ਜਣੇ ਖ਼ੂਬਸੂਰਤ ਨਿਚਨੇ ਝੀਲ ਤੱਕ ਪਹੁੰਚ ਲਈ ਕਾਮਯਾਬ ਹੋ ਹੀ ਗਏ।ਸਾਨੂੰ ਇਹ ਤਾਂ ਪਤਾ ਸੀ ਕਿ ਉੱਪਰ ਝੀਲ ਹੈ, ਪਰ ਉਹ ਏਨੀ ਵੱਡੀ ਤੇ ਖ਼ੂਬਸੂਰਤ ਹੋਵੇਗੀ, ਸਾਨੂੰ ਇਸ ਦਾ ਅੰਦਾਜ਼ਾ ਬਿਲਕੁਲ ਵੀ ਨਹੀਂ ਸੀ।ਇਹ ਝੀਲ ਇੱਕ ਏਕੜ ਤੋਂ ਵੀ ਜ਼ਿਆਦਾ ਜਗ੍ਹਾ ਵਿੱਚ ਫੈਲੀ ਹੋਈ ਸੀ।ਖ਼ੂਬਸੂਰਤ ਪਾਰਦਰਸ਼ੀ ਪਾਣੀ ਨਾਲ ਝੀਲ ਵਿੱਚ ਪਿਆ ਕੱਲਾ-ਕੱਲਾ ਪੱਥਰ ਦਿਸ ਰਿਹਾ ਸੀ।

ਝੀਲ ਨੂੰ ਦੇਖ ਕੇ ਸਾਡੀ ਸਾਰੀ ਥਕਾਵਟ ਉੱਤਰ ਗਈ ਸੀ।ਅਸੀਂ ਝੀਲ ਦੇ ਕਿਨਾਰੇ ਬੈਠ ਕੇ ਇਹਦੀ ਖ਼ੂਬਸੂਰਤੀ ਨਿਹਾਰਨ ਲੱਗੇ।ਪਹਾੜਾਂ ਵਿੱਚ ਅਸੀਂ ਕੁਦਰਤ ਨੂੰ ਆਪਣੇ ਬਹੁਤ ਨਜ਼ਦੀਕ ਮਹਿਸੂਸ ਕਰਦੇ ਹਾਂ। ਇਹੀ ਕਾਰਨ ਹੈ ਕਿ ਘੁੰਮਣ-ਫਿਰਨ ਵਾਲੇ ਬੰਦੇ ਸੁਭਾਅ ਦੇ ਬਹੁਤ ਸ਼ਾਂਤ ਅਤੇ ਗੰਭੀਰ ਹੋ ਜਾਂਦੇ ਹਨ, ਬਿਲਕੁਲ ਕਾਦਰ ਦੀ ਕੁਦਰਤ ਵਾਂਗ।ਜੇਕਰ ਘੁੰਮਣ ਤੋਂ ਬਾਅਦ ਸਾਡੇ ਸੁਭਾਅ ਵਿੱਚ ਠਹਿਰਾਅ ਨਹੀਂ ਆਉਂਦਾ ਤਾਂ ਪਤਾ ਕਰੋ ਸਾਡੇ ਘੁੰਮਣ ਵਿੱਚ ਜ਼ਰੂਰ ਕੋਈ ਕਮੀ ਰਹੀ ਹੋਵੇਗੀ।

ਉੱਚੇ ਸੁਰਮਈ ਪਹਾੜਾਂ ਦੀ ਬੁੱਕਲ 'ਚ ਵਸਦੀ ਅੰਡਰਈ ਰੰਗੇ ਪਾਣੀ ਦੀ ਝੀਲ ਨੇ ਪਹਾੜ ਦੇਖਣ ਦੀ ਸਾਡੀ ਤ੍ਰਿਸ਼ਣਾ ਹੋਰ ਵਧਾ ਦਿੱਤੀ।ਪਹਾੜਾਂ ਦੀਆਂ ਟੀਸੀਆਂ 'ਤੇ ਬਰਫ਼ ਚਮਕ ਰਹੀ ਸੀ।ਪਾਣੀ ਏਨਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਬਾਲ ਕੋਨਾ









ਇਹ ਸਾਰੀਆਂ ਤਸਵੀਰਾਂ ਗੁਰਵਿੰਦਰ ਸਿੰਘ, ਗਿਆਰਵੀਂ, ਬਾਬਾ ਫ਼ਰੀਦ ਪਬਲਿਕ ਸਕੂਲ, ਫ਼ਰੀਦਕੋਟ ਦੀਆਂ ਹਨ।